ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

3-9 ਜੂਨ 2026

ਸਾਲ 17ਵਾਂ - ਅੰਕ 23
email : info@sadelok.com
510-706-1300

## ਅਜ਼ਰਬਾਈਜਾਨ ਸੰਸਦ 'ਚ 1984 ਸਿੱਖ ਨਸਲਕੁਸ਼ੀ ਤੇ ਅੰਤਰਰਾਸ਼ਟਰੀ ਦਮਨ ਵਿਰੁੱਧ ਇਤਿਹਾਸਕ ਮਤਾ ; ਦਿੱਲੀ ਤੱਕ ਮਚੀ ਹਲਚਲ !




(ਦੇਖੋ ਸਫ਼ਾ 34 'ਤੇ)

## ਅਸਾਈਲਮ ਧੋਖਾਧੜੀ ਰੋਕਣ ਲਈ ICE ਪ੍ਰੌਸੀਕਿਊਟਰਾਂ ਨੂੰ ਮਿਲੇ ਬੇਅੰਤ ਅਧਿਕਾਰ; ਟਰੰਪ ਪ੍ਰਸ਼ਾਸਨ ਦਾ ਵੱਡਾ ਫੈਸਲਾ



### ਝੂਠੇ ਕੇਸ ਅਤੇ ਗਲਤ ਸਲਾਹ ਦੇਣ ਵਾਲੇ ਵਕੀਲ ਆਏ ਸਿੱਧੇ ਨਿਸ਼ਾਨੇ 'ਤੇ; ਹੋਵੇਗੀ ਲੰਬੀ ਜੇਲ੍ਹ ਅਤੇ ਕਰੋੜਾਂ ਦਾ ਜੁਰਮਾਨਾ

ਵਾਸ਼ਿੰਗਟਨ/ਡੀ.ਸੀ., (ਸਾਡੇ ਲੋਕ) : ਅਮਰੀਕਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਜੜ੍ਹੋਂ ਬਦਲਣ ਦੇ ਮਕਸਦ ਨਾਲ ਟਰੰਪ ਪ੍ਰਸ਼ਾਸਨ ਨੇ ਅਸਾਈਲਮ (ਸਿਆਸੀ ਸ਼ਰਨ) ਦੇ ਨਾਂ 'ਤੇ ਹੋ ਰਹੀ ਧੋਖਾਧੜੀ ਨੂੰ ਨੱਥ ਪਾਉਣ ਲਈ ਹੁਣ ਤੱਕ ਦਾ ਸਭ ਤੋਂ ਵੱਡਾ ਅਤੇ ਸਖ਼ਤ ਕਦਮ ਚੁੱਕਿਆ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (DHS) ਨੇ 26 ਮਈ 2026 ਨੂੰ ਇੱਕ ਅਹਿਮ ਨੀਤੀ ਦਾ ਐਲਾਨ ਕਰਦਿਆਂ ਦੱਸਿਆ ਕਿ ਹੁਣ 'ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ' (ICE) ਦੇ ਸਰਕਾਰੀ ਵਕੀਲਾਂ (Prosecutors) ਨੂੰ ਅਸਾਈਲਮ ਕੇਸਾਂ ਵਿੱਚ ਧੋਖਾਧੜੀ ਦੀ ਸਿੱਧੀ ਜਾਂਚ ਕਰਨ

(ਦੇਖੋ ਸਫ਼ਾ 23 'ਤੇ)




## 42 ਵਰ੍ਹੇ ਹੋ ਗਏ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਨੂੰ ਨਾ ਪੀੜ ਮੁੱਕੀ-ਨਾ ਜ਼ਖਮ ਸੁੱਕੇ

ਅੱਜ 42 ਵਰ੍ਹੇ ਹੋ ਚੁੱਕੇ ਹਨ ਸ਼੍ਰੀ ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਨੂੰ। ਜੂਨ 1984 ਵਿਚ ਹੋਏ ਇਸ ਫ਼ੌਜੀ ਹਮਲੇ ਦੌਰਾਨ ਜਿੱਥੇ ਪਾਵਨ ਪਵਿੱਤਰ ਸ਼੍ਰੀ ਅਕਾਲ ਤਖ਼ਤ ਸਾਹਿਬ ਨੂੰ ਤਹਿਸ-ਨਹਿਸ ਕੀਤਾ ਗਿਆ, ਉੱਥੇ ਸ਼੍ਰੀ ਹਰਿਮੰਦਰ ਸਾਹਿਬ ਦੀ ਗੁਰੂ ਮਰਿਯਾਦਾ ਨੂੰ ਵੀ ਲੀਰੋ-ਲੀਰ ਕੀਤਾ ਗਿਆ, ਜਿੱਥੇ ਖਾੜਕੂ ਸਿੰਘਾਂ ਨੂੰ ਗੋਲੀਆਂ, ਤੋਪਾਂ ਤੇ ਟੈਂਕਾਂ ਨਾਲ ਉਡਾਇਆ ਗਿਆ, ਉੱਥੇ ਬੇਗੁਨਾਹ, ਨਿਹੱਥੇ ਅਤੇ ਸਾਧਾਰਨ ਸ਼ਰਧਾਲੂਆਂ ਨੂੰ ਵੀ ਪਿੱਛੇ ਹੱਥ ਬੰਨ੍ਹ ਕਤਾਰਾਂ 'ਚ ਖੜ੍ਹਾ ਗੋਲੀਆਂ ਮਾਰ ਦਿੱਤੀਆਂ ਗਈਆਂ। ਸਿੱਖ ਰੈਫ਼ਰੈਂਸ ਲਾਇਬਰੇਰੀ 'ਚੋਂ ਕਿੰਨਾ ਹੀ ਕੁਝ ਚੁੱਕ ਕੇ ਜ਼ਬਤ ਕਰ ਲਿਆ ਗਿਆ ਤੇ ਬਾਕੀ ਅੱਗ ਦੇ ਹਵਾਲੇ ਕਰ ਦਿੱਤਾ ਗਿਆ। ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਲੋਕਾਂ ਦੇ ਮਨਾਂ ਵਿਚ ਅੱਜ ਵੀ ਉਹ ਦਰਦ ਤਕਲੀਫ਼ ਦਿੰਦਾ ਹੈ। ਸਿੱਖ ਭਾਈਚਾਰੇ ਨੂੰ 42 ਵਰ੍ਹੇ ਪਹਿਲਾਂ ਜਿਹੜੇ ਇਹ ਜ਼ਖਮ ਦਿੱਤੇ ਗਏ ਇਹਨਾਂ ਜ਼ਖਮਾਂ

> **'ਭਾਰਤ ਸਰਕਾਰ ਅਤੇ ਭਾਰਤੀ ਫੌਜ ਨੇ 1999 ਵਿੱਚ ਕਾਰਗਿਲ ਦੀ ਜੰਗ ਦੌਰਾਨ ਆਪਣੇ ਤਕਰੀਬਨ 600 ਫੌਜੀ ਜਵਾਨ ਸ਼ਹੀਦ ਕਰਵਾ ਕੇ ਅਤੇ 1500 ਸਖ਼ਤ ਜ਼ਖਮੀ ਕਰਵਾ ਕੇ ਵੀ ਪਾਕਿਸਤਾਨੀ ਫੌਜ ਨੂੰ ਹਥਿਆਰਾਂ ਸਮੇਤ ਵਾਪਸ ਜਾਣ ਲਈ 5 ਦਿਨਾਂ ਦਾ ਸਮਾਂ ਦਿੱਤਾ। ਪਰ ਦੂਜੇ ਪਾਸੇ, ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ 'ਤੇ ਦਰਬਾਰ ਸਾਹਿਬ ਨਤਮਸਤਕ ਹੋਣ ਆਈਆਂ ਨਿਹੱਥੀਆਂ ਸੰਗਤਾਂ ਨੂੰ ਬਾਹਰ ਨਿਕਲਣ ਲਈ 5 ਘੰਟੇ ਦਾ ਸਮਾਂ ਵੀ ਨਾ ਦਿੱਤਾ ਗਿਆ। ਬੱਚਿਆਂ, ਬਜ਼ੁਰਗਾਂ ਅਤੇ ਔਰਤਾਂ ਸਮੇਤ ਹਜ਼ਾਰਾਂ ਬੇਗੁਨਾਹ ਸਿੱਖਾਂ ਨੂੰ ਦਰਬਾਰ ਸਾਹਿਬ ਅੰਦਰ ਬੇਦਰਦੀ ਨਾਲ ਸ਼ਹੀਦ ਕਰ ਦਿੱਤਾ ਗਿਆ।'**

ਦੀ ਅੱਜ ਤੱਕ ਨਾ ਪੀੜ ਮੁੱਕੀ ਹੈ ਨਾ ਇਹ ਜ਼ਖਮ ਸੁੱਕੇ ਹਨ। ਹਾਂ ਮੱਲ੍ਹਮਾਂ ਵੰਡਣ ਦਾ ਡਰਾਮਾ ਵੀ ਉਹੀ ਲੋਕ ਕਰਦੇ ਰਹੇ ਜਿਹੜੇ ਜ਼ਖਮ ਦੇਣ ਵਾਲਿਆਂ 'ਚ ਸ਼ਾਮਲ ਸਨ। ਇਸ ਤੋਂ ਵੀ ਅਗਾਂਹ ਸਿੱਖ ਕੌਮ ਨਾਲ ਧੋਖਾ ਤੇ ਧ੍ਰੋਹ ਇਹ ਹੋ ਰਿਹਾ ਹੈ ਕਿ ਅਸੀਂ ਇਨਸਾਫ਼ ਦੀ ਉਮੀਦ ਲੈ ਕੇ ਪਿਛਲੇ 42 ਵਰ੍ਹਿਆਂ ਤੋਂ ਅਦਾਲਤਾਂ 'ਚ ਚੱਕਰ ਕੱਟ ਰਹੇ ਹਾਂ, ਉੱਥੇ ਵੀ ਪੀੜਤਾਂ ਦੀ ਝੋਲੀ ਧੱਕੇ ਅਤੇ ਤਰੀਕਾਂ ਤੋਂ ਇਲਾਵਾ ਕੁਝ ਨਹੀਂ ਪਿਆ। ਫਿਰ ਉਸ ਵਾਹਿਗੁਰੂ ਦਾ ਆਸਰਾ ਹੈ ਕਿ ਸਿੱਖ ਕੌਮ ਚੜ੍ਹਦੀਕਲਾ ਵਿਚ ਹੈ।

- ਸਤਨਾਮ ਸਿੰਘ ਖਾਲਸਾ

**Bhatia & Co, Inc**
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
AICPA
Santa Clara-Pleasanton-Merced
(844) 4USTAX (209)-354-8696
info@bhatiaco.com,www.bhatiaco.com

**Bhatia Law Associates**
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM

Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas

Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services

Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

**Jaspreet Singh**
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

**Padam Builders**
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਾਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
**CJ Singh**
Realtor
License # 24012019
Real Estate Broker
CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https ://www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
**LAW OFFICES OF EMMANUEL ENYINWA**
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
ESQ, Abogado
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਪੰਜਾਬ ਦੇ ਬਰਨਾਲਾ ਜ਼ਿਲ੍ਹੇ ਦੇ ਪਿੰਡ ਗੰਡਾ ਸਿੰਘ ਵਾਲਾ ਦੇ ਜੰਮਪਲ ਸਿੱਖ ਨੌਜਵਾਨ ਗੁਰਇੱਕਪ੍ਰੀਤ ਸਿੰਘ ਨੇ ਅਮਰੀਕਾ 'ਚ ਰਚਿਆ ਇਤਿਹਾਸ

## ਇਕ ਲੱਖ ਡਾਲਰ ਦੀ ਪ੍ਰਾਪਤ ਕੀਤੀ ਸਕਾਲਰਸ਼ਿਪ

ਨਿਊਜਰਸੀ, (ਰਾਜ ਗੋਗਨਾ) : ਪੰਜਾਬ ਦੇ ਜ਼ਿਲ੍ਹਾ ਬਰਨਾਲਾ ਦੇ ਛੋਟੇ ਜਿਹੇ ਪਿੰਡ ਗੰਡਾ ਸਿੰਘ ਵਾਲਾ ਤੋਂ ਉੱਠੇ ਪਰਿਵਾਰ ਦੇ ਨੌਜਵਾਨ ਗੁਰਇੱਕਪ੍ਰੀਤ ਸਿੰਘ ਜੋ ਪਰਿਵਾਰ ਅਮਰੀਕਾ ਦੇ ਨਿਊਜਰਸੀ ਸੂਬੇ ਦੇ ਸ਼ਹਿਰ ਬਰਲਿੰਗਟਨ ਵਿੱਚ ਰਹਿੰਦਾ ਹੈ। ਜੋ ਇੱਥੇ ਅਕਾਦਮਿਕ, ਸਮਾਜਿਕ ਅਤੇ ਧਾਰਮਿਕ ਮੰਚਾਂ 'ਤੇ ਸਿੱਖ ਕੌਮ ਦਾ ਨਾਮ ਰੌਸ਼ਨ ਕਰ ਰਿਹਾ ਹੈ। ਜੋ ਸਿਰਫ਼ 20 ਸਾਲ ਦੀ ਉਮਰ ਵਿੱਚ ਗੁਰਇੱਕਪ੍ਰੀਤ ਸਿੰਘ (ਗੰਡਾ ਸਿੰਘ ਵਾਲਾ) ਨੇ ਉਹ ਮੁਕਾਮ ਹਾਸਲ ਕੀਤਾ ਹੈ, ਜੋ ਹਜ਼ਾਰਾਂ ਨੌਜਵਾਨਾਂ ਲਈ ਅਮਰੀਕਾ 'ਚ ਪ੍ਰੇਰਣਾ ਬਣ ਗਿਆ ਹੈ। ਜਿਸ ਨੇ ਅਮਰੀਕਾ 'ਚ ਸਿੱਖ ਧਰਮ ਨੂੰ ਸਕੂਲੀ ਪਾਠਕ੍ਰਮਾਂ ਵਿੱਚ ਸ਼ਾਮਲ ਕਰਨ ਲਈ ਨਿਊ ਜਰਸੀ ਸੈਨੇਟ ਵਿੱਚ ਚੱਲੇ ਇਤਿਹਾਸਕ ਮਤੇ ਐਸ.ਆਰ -108 ਦੇ ਸਮਰਥਨ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਨੌਜਵਾਨ ਗੁਰਇੱਕਪ੍ਰੀਤ ਸਿੰਘ ਨੂੰ ਹੁਣ ਅਮਰੀਕਾ ਦੀ ਪੈਨਸਿਲਵੇਨੀਆ ਸਟੇਟ ਯੂਨੀਵਰਸਿਟੀ ਤੋਂ ਵੱਕਾਰੀ ਪ੍ਰੋਵੋਸਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਅਤੇ ਇੱਕ ਪ੍ਰਸ਼ੰਸਾ ਪੱਤਰ ਵਿੱਚ, ਐਸੋਸੀਏਟ ਡਾਇਰੈਕਟਰ ਕ੍ਰਿਸਟਨ ਕਾਰ ਨੇ ਕਿਹਾ ਕਿ ਇਹ ਅਵਾਰਡ ਉਨ੍ਹਾਂ ਵਿਦਿਆਰਥੀਆਂ ਨੂੰ ਸਨਮਾਨਿਤ ਕਰਦਾ ਹੈ ਜੋ ਆਪਣੇ ਵਿਦਿਅਕ ਟੀਚਿਆਂ ਪ੍ਰਤੀ ਬੇਮਿਸਾਲ ਅਕਾਦਮਿਕ ਪ੍ਰਦਰਸ਼ਨ ਅਤੇ ਲਗਨ ਦਿਖਾਉਂਦੇ ਹਨ ਅਤੇ ਇਸ ਭਾਰਤੀ ਨੌਜਵਾਨ ਗੁਰਇੱਕਪ੍ਰੀਤ ਸਿੰਘ ਨੂੰ ਇਹ ਅਵਾਰਡ ਉਨ੍ਹਾਂ ਦੇ ਬਿਹਤਰੀਨ ਜੀ.ਪੀ.ਏ. ਅਤੇ ਅਕਾਦਮਿਕ ਉੱਤਮਤਾ ਪ੍ਰਤੀ ਨਿਰੰਤਰ ਵਚਨਬੱਧਤਾ ਲਈ ਮਿਲਿਆ ਹੈ। ਇਸ ਬੇਹੱਦ ਨੌਜਵਾਨ ਦੇ ਮੁਕਾਬਲੇਬਾਜ਼ ਸਕਾਲਰਸ਼ਿਪ ਦੀ ਕੁੱਲ ਕੀਮਤ 100,000 ਡਾਲਰ ਹੈ।



ਦੱਸਣਯੋਗ ਇਸ ਤੋਂ ਪਹਿਲਾਂ ਵੀ ਉਸ ਨੂੰ ਨਿਊਜਰਸੀ ਬਰਲਿੰਗਟਨ ਟਾਊਨਸ਼ਿਪ ਦੇ ਹਾਈ ਸਕੂਲ ਵੱਲੋਂ ਪਹਿਲੇ ਵੀ ਉਸ ਨੂੰ 35,000 ਹਜ਼ਾਰ ਡਾਲਰ ਦੀ ਸਕਾਲਰਸ਼ਿਪ ਦੀ ਪ੍ਰਾਪਤੀ ਹੋਈ ਸੀ। ਦੱਸਣਯੋਗ ਹੈ ਕਿ ਸਿੰਘ ਨੇ ਬਚਪਨ ਤੋਂ ਹੀ ਸਿੱਖੀ ਅਤੇ ਸੇਵਾ ਨੂੰ ਆਪਣੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣਾਇਆ। ਇਸ ਪਰਿਵਾਰ ਦੀ ਪਰਵਰਿਸ਼ ਇੱਕ ਧਾਰਮਿਕ ਅਤੇ ਸੰਸਕਾਰੀ ਪਰਿਵਾਰ ਵਿੱਚ ਹੋਈ, ਜਿੱਥੇ ਉਸ ਦੇ ਦਾਦਾ ਸੰਤ ਹਾਕਮ ਸਿੰਘ ਅਤੇ ਪਿਤਾ ਗੁਰਪ੍ਰੀਤ ਸਿੰਘ ਤੋਂ ਉਨ੍ਹਾਂ ਨੂੰ ਸਿੱਖੀ ਦੀ ਡੂੰਘੀ ਪ੍ਰੇਰਣਾ ਮਿਲੀ, ਉੱਥੇ ਉਸ ਦੀ ਮਾਤਾ ਡਾ. ਇੰਦਰਜੀਤ ਕੌਰ ਨੇ ਉਨ੍ਹਾਂ ਵਿੱਚ ਸਿੱਖਿਆ ਅਤੇ ਅਨੁਸ਼ਾਸਨ ਦੇ ਵਧੀਆ ਸੰਸਕਾਰ ਪੈਦਾ ਕੀਤੇ। ਸਿਰਫ਼ 16 ਸਾਲ ਦੀ ਉਮਰ ਵਿੱਚ ਹੀ ਉਨ੍ਹਾਂ ਨੇ ਅਮਰੀਕਾ ਭਰ ਦੇ ਗੁਰਦੁਆਰਿਆਂ ਵਿੱਚ ਕਥਾ ਅਤੇ ਸਿੱਖ ਇਤਿਹਾਸ ਬਾਰੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਪ੍ਰਭਾਵਸ਼ਾਲੀ ਵਿਆਖਿਆ ਨੇ ਖ਼ਾਸ ਤੌਰ 'ਤੇ ਨੌਜਵਾਨ ਪੀੜ੍ਹੀ ਨੂੰ ਇੱਥੇ ਆਪਣੀ ਧਾਰਮਿਕ ਵਿਰਾਸਤ ਨਾਲ ਮੁੜ ਜੋੜਨ ਵਿੱਚ ਵੱਡਾ ਯੋਗਦਾਨ ਪਾਇਆ। ਗੁਰਇੱਕਪ੍ਰੀਤ ਸਿੰਘ ਇਸ ਸਮੇਂ ਪੈੱਨ ਸਟੇਟ ਅਮਰੀਕਾ ਦੀ ਯੂਨੀਵਰਸਿਟੀ ਵਿੱਚ ਉੱਚ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਸ ਤੋਂ ਪਹਿਲਾਂ ਉਹ ਰਟਗਰਜ਼ ਯੂਨੀਵਰਸਿਟੀ ਵਿੱਚ ਕ੍ਰਿਮੀਨਲ ਜਸਟਿਸ ਅਤੇ ਬਾਇਓਲੋਜੀ ਵਿੱਚ ਡਬਲ ਮੇਜਰ ਕਰ ਰਹੇ ਸਨ। ਨਾਲ ਹੀ ਉਹ ਨਿਊ ਜਰਸੀ ਦੇ ਗਵਰਨਰ ਦਫ਼ਤਰ ਵਿੱਚ ਇੰਟਰਨਸਿੱਪ ਕਰ ਰਹੇ ਹਨ। ਉਹ "ਵਰਲਡ ਸਿੱਖ ਅਲਾਇੰਸ" ਦੇ ਸੰਸਥਾਪਕ ਵੀ ਹਨ, ਜੋ ਧਾਰਮਿਕ ਏਕਤਾ, ਸਿੱਖਿਆ ਅਤੇ ਮਾਨਵਤਾ ਦੀ ਸੇਵਾ ਲਈ ਸਮਰਪਿਤ ਸੰਸਥਾ ਹੈ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com






Balsani Welders & Builders
We Design, Manufacture & Ship Nationwide

All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences








ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।






ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

# ਸਪਰਿੰਗਫੀਲਡ ਓਹਾਇਓ ਦੀ 'ਮੈਮੋਰੀਅਲ ਡੇਅ ਪਰੇਡ 'ਚ ਸਿੱਖ ਭਾਈਚਾਰੇ ਨੇ ਸ਼ਹੀਦ ਫੌਜੀਆਂ ਨੂੰ ਦਿੱਤੀ ਸ਼ਰਧਾਂਜਲੀ










ਡੇਟਨ, ਓਹਾਇਓ, (ਰਾਜ ਗੋਗਨਾ) : ਅਮਰੀਕਾ ਵਿੱਚ ਹਰ ਸਾਲ 'ਮੈਮੋਰੀਅਲ ਡੇਅ' ਦੇ ਮੌਕੇ 'ਤੇ ਸ਼ਹੀਦ ਅਮਰੀਕੀ ਫੌਜੀਆਂ ਨੂੰ ਯਾਦ ਕਰਨ ਲਈ ਦੇਸ਼ ਭਰ ਵਿੱਚ ਪਰੇਡਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਸੇ ਤਹਿਤ ਓਹਾਇਓ ਸੂਬੇ ਦੇ ਸਪਰਿੰਗਫੀਲਡ ਸ਼ਹਿਰ ਵਿੱਚ ਸਲਾਨਾ 'ਮੈਮੋਰੀਅਲ ਡੇਅ ਪਰੇਡ' ਦਾ ਸ਼ਾਨਦਾਰ ਆਯੋਜਨ ਕੀਤਾ ਗਿਆ, ਜੋ ਕਿ ਇਸ ਖੇਤਰ ਦੀਆਂ ਸਭ ਤੋਂ ਵੱਡੀਆਂ ਪਰੇਡਾਂ ਵਿੱਚੋਂ ਇੱਕ ਹੈ। ਇਸ ਵਾਰ ਪਰੇਡ ਵਿੱਚ ਤਕਰੀਬਨ 200 ਸਥਾਨਕ ਜਥੇਬੰਦੀਆਂ ਅਤੇ 2,000 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਅਮਰੀਕੀ ਨਾਗਰਿਕ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋਏ। ਪਰੇਡ ਦੌਰਾਨ ਵੱਖ-ਵੱਖ ਪ੍ਰਸ਼ਾਸਨਿਕ ਵਿਭਾਗਾਂ, ਸਕੂਲਾਂ ਅਤੇ ਧਾਰਮਿਕ-ਸਮਾਜਿਕ ਸੰਸਥਾਵਾਂ ਦੀਆਂ ਪੇਸ਼ਕਾਰੀਆਂ ਦੇਖਣਯੋਗ ਸਨ। ਫ਼ੌਜੀ ਜੀਪਾਂ, ਫਾਇਰ ਬ੍ਰਿਗੇਡ ਦੇ ਟਰੱਕ, ਮੋਟਰਸਾਈਕਲਾਂ ਦੇ ਕਾਫ਼ਲੇ ਅਤੇ ਹੋਰ ਕਈ ਤਰ੍ਹਾਂ ਦੇ ਵਾਹਨ ਇਸ ਮਾਰਚ ਦਾ ਮੁੱਖ ਹਿੱਸਾ ਬਣੇ। ਕਈ ਵਾਹਨਾਂ 'ਤੇ ਸਥਾਨਕ ਸ਼ਹੀਦ ਫ਼ੌਜੀਆਂ ਦੇ ਪੋਸਟਰ ਲਗਾ ਕੇ ਉਨ੍ਹਾਂ ਦੀ ਸ਼ਹਾਦਤ ਨੂੰ ਸਲਾਮ ਕੀਤਾ ਗਿਆ। ਇਸ ਦੌਰਾਨ ਸੜਕਾਂ ਕੰਢੇ ਬੈਠੇ ਹਜ਼ਾਰਾਂ ਅਮਰੀਕੀ ਪਰਿਵਾਰ ਦੇਸ਼ ਦੇ ਝੰਡੇ ਦੇ ਰੰਗਾਂ (ਲਾਲ, ਚਿੱਟੇ ਤੇ ਨੀਲੇ) ਦੇ ਕੱਪੜੇ ਪਾ ਕੇ ਪਰੇਡ ਦਾ ਸੁਆਗਤ ਅਤੇ ਹੌਸਲਾ ਵਧਾ ਰਹੇ ਸਨ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਅਮਰੀਕੀ ਝੰਡਿਆਂ, ਬੈਨਰਾਂ ਅਤੇ ਪੋਸਟਰਾਂ ਨਾਲ ਸਜਾਈ ਸਿੱਖ ਝਾਕੀ ਪਰੇਡ ਵਿੱਚ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀ। ਜਦੋਂ ਇਹ ਤਿੰਨ ਮੀਲ ਲੰਬੀ ਪਰੇਡ ਬਾਜ਼ਾਰਾਂ ਵਿੱਚੋਂ ਲੰਘੀ, ਤਾਂ ਸੜਕ ਦੇ ਦੋਵੇਂ ਪਾਸੇ ਖੜ੍ਹੇ ਹਜ਼ਾਰਾਂ ਅਮਰੀਕੀ ਸ਼ਹਿਰੀਆਂ ਨੇ ਹੱਥਾਂ ਵਿੱਚ ਅਮਰੀਕੀ ਝੰਡੇ ਲਹਿਰਾ ਕੇ ਸਿੱਖ ਭਾਈਚਾਰੇ ਦਾ ਨਿੱਘਾ ਸਵਾਗਤ ਕੀਤਾ ਅਤੇ 'ਮਿਸਟਰ ਸਿੰਘ' ਕਹਿ ਕੇ ਆਪਣਾ ਪਿਆਰ ਜਤਾਇਆ। ਦੱਸਣਯੋਗ ਹੈ ਕਿ ਪਿਛਲੇ 27 ਸਾਲਾਂ ਤੋਂ ਸਪਰਿੰਗਫੀਲਡ ਦੇ ਸਮਾਜ ਸੇਵੀ ਅਵਤਾਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਸਰਬਜੀਤ ਕੌਰ ਅਤੇ ਪਰਿਵਾਰ ਲਗਾਤਾਰ ਇਸ ਪਰੇਡ ਦਾ ਹਿੱਸਾ ਬਣਦੇ ਆ ਰਹੇ ਹਨ। ਉਨ੍ਹਾਂ ਵੱਲੋਂ ਸ਼ੁਰੂ ਕੀਤੇ ਇਸ ਉਦਮ ਸਦਕਾ ਹੁਣ ਡੇਟਨ, ਸਿਨਸਿਨਾਟੀ, ਕੋਲੰਬਸ ਅਤੇ ਗੁਆਂਢੀ ਸੂਬੇ ਇੰਡੀਆਨਾ ਤੋਂ ਵੀ ਸਿੱਖ ਪਰਿਵਾਰ ਇਸ ਵਿੱਚ ਸ਼ਾਮਲ ਹੁੰਦੇ ਹਨ। ਪ੍ਰਬੰਧਕ ਪਰਿਵਾਰ ਵੱਲੋਂ ਆਈਆਂ ਸੰਗਤਾਂ ਲਈ ਆਪਣੇ ਘਰ ਵਿੱਚ ਵਿਸ਼ੇਸ਼ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ।ਸਰਬਜੀਤ ਕੌਰ ਅਤੇ ਅਵਤਾਰ ਸਿੰਘ ਨੇ ਪਰੇਡ ਬਾਰੇ ਆਪਣੇ ਜਜ਼ਬਾਤ ਸਾਂਝੇ ਕਰਦਿਆਂ ਕਿਹਾ, 'ਸਥਾਨਕ ਅਮਰੀਕੀ ਸਮਾਜ ਨਾਲ ਮਿਲ ਕੇ ਚੱਲਣਾ ਅਤੇ ਇਸ ਇਤਿਹਾਸਕ ਪਰੇਡ ਦਾ ਹਿੱਸਾ ਬਣਨਾ ਸਾਡੇ ਲਈ ਹਮੇਸ਼ਾ ਮਾਣ ਵਾਲੀ ਗੱਲ ਰਹੀ ਹੈ। ਇਹ ਪ੍ਰੋਗਰਾਮ ਸਾਨੂੰ ਇੱਕ ਅਜਿਹਾ ਮੰਚ ਦਿੰਦਾ ਹੈ ਜਿੱਥੇ ਅਸੀਂ ਵਿਸ਼ਵ ਜੰਗਾਂ ਵਿੱਚ ਸ਼ਹੀਦ ਹੋਏ ਸਿੱਖ ਅਤੇ ਅਮਰੀਕੀ ਸੂਰਬੀਰਾਂ ਨੂੰ ਸਾਂਝੇ ਤੌਰ 'ਤੇ ਨਮਨ ਕਰ ਸਕਦੇ ਹਾਂ। ਇਸ ਦੇ ਨਾਲ ਹੀ ਸਥਾਨਕ ਲੋਕਾਂ ਨੂੰ ਸਿੱਖ ਇਤਿਹਾਸ ਅਤੇ ਸੰਸਾਰ ਅਮਨ ਲਈ ਸਾਡੇ ਵੱਲੋਂ ਦਿੱਤੀਆਂ ਗਈਆਂ ਮਹਾਨ ਕੁਰਬਾਨੀਆਂ ਬਾਰੇ ਨੇੜਿਓਂ ਜਾਣਨ ਦਾ ਮੌਕਾ ਮਿਲਦਾ ਹੈ। ਇਸ ਮੌਕੇ ਪਰੇਡ ਵਿੱਚ ਸ਼ਾਮਲ ਹੋਏ ਕਮਿਊਨਿਟੀ ਕਾਰਕੁੰਨ ਸਮੀਪ ਸਿੰਘ ਗੁਮਟਾਲਾ ਨੇ ਕਿਹਾ ਕਿ, 'ਸਾਲ 2001 ਦੇ ਹਮਲਿਆਂ ਤੋਂ ਬਾਅਦ ਅਮਰੀਕਾ ਵਿੱਚ ਪੈਦਾ ਹੋਈਆਂ ਚੁਣੌਤੀਆਂ ਕਾਰਨ ਸਿੱਖਾਂ ਨੂੰ ਕਈ ਵਾਰ ਨਸਲੀ ਵਿਤਕਰੇ ਅਤੇ ਗ਼ਲਤਫ਼ਹਿਮੀਆਂ ਦਾ ਸਾਹਮਣਾ ਕਰਨਾ ਪਿਆ ਹੈ। ਇਸੇ ਲਈ ਅਜਿਹੇ ਸਾਂਝੇ ਕੌਮੀ ਪ੍ਰੋਗਰਾਮਾਂ ਵਿੱਚ ਸਾਡੀ ਮੌਜੂਦਗੀ ਬਹੁਤ ਜ਼ਰੂਰੀ ਹੈ। ਇਸ ਨਾਲ ਲੋਕਾਂ ਨੂੰ ਸਾਡੀ ਵਿਲੱਖਣ ਪਛਾਣ ਬਾਰੇ ਪਤਾ ਲੱਗਦਾ ਹੈ ਅਤੇ ਅਮਰੀਕੀ ਨਾਗਰਿਕਾਂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਸਿੱਖ ਇਸੇ ਦੇਸ਼ ਅਤੇ ਸਮਾਜ ਦਾ ਇੱਕ ਜ਼ਿੰਮੇਵਾਰ ਤੇ ਅਨਿੱਖੜਵਾਂ ਅੰਗ ਹਨ।ਪਰੇਡ ਦੌਰਾਨ ਬੀਵਰਕਰੀਕ ਸ਼ਹਿਰ ਦੇ ਵਸਨੀਕ ਸਵਰਨਜੀਤ ਸਿੰਘ ਪੰਨੂ, ਸੁਰਿੰਦਰ ਸਿੰਘ ਖਾਲਸਾ ਅਤੇ ਸਮੂਹ ਪਰਿਵਾਰ ਵੱਲੋਂ ਪਰੇਡ 'ਚ ਸ਼ਾਮਲ ਹਜ਼ਾਰਾਂ ਲੋਕਾਂ ਨੂੰ ਗਰਮੀ ਤੋਂ ਰਾਹਤ ਦੇਣ ਲਈ ਪਾਣੀ, ਜੂਸ, ਸਨੈਕਸ ਅਤੇ ਸੋਡੇ ਦੀ ਸੇਵਾ ਨਿਭਾਈ ਗਈ। ਇਸ ਇਤਿਹਾਸਕ ਪਰੇਡ ਦੀਆਂ ਯਾਦਾਂ ਨੂੰ ਕੈਮਰੇ ਵਿੱਚ ਕੈਦ ਕਰਨ ਦੀ ਸੇਵਾ ਡੇਟਨ ਤੋਂ 'ਏ.ਐਂਡ.ਏ. ਫੋਟੋਗ੍ਰਾਫੀ' ਦੇ ਸੁਨੀਲ ਮੱਲੀ ਵੱਲੋਂ ਕੀਤੀ ਗਈ।

# ਸਿੱਖ ਸੈਂਟਰ ਆਫ਼ ਵਰਜੀਨੀਆ ਵੱਲੋਂ ਵਲੰਟੀਅਰਾਂ ਦੇ ਸਨਮਾਨ 'ਚ ਪਿਕਨਿਕ ਦਾ ਆਯੋਜਨ







ਵਰਜੀਨੀਆ (ਰਾਜ ਗੋਗਨਾ) : ਬੀਤੇ ਦਿਨ ਬਦੇਸ਼ਾ ਫਾਰਮ ਵਿਖੇ ਗੁਰਦੁਆਰਾ ਸਿੱਖ ਸੈਂਟਰ ਆਫ਼ ਵਰਜੀਨੀਆ ਦੇ ਵਲੰਟੀਅਰਾਂ ਦਾ ਧੰਨਵਾਦ ਕਰਨ ਲਈ ਇੱਕ ਸੁੰਦਰ ਪਿਕਨਿਕ ਦਾ ਆਯੋਜਨ ਕੀਤਾ ਗਿਆ। ਇਹ ਪਿਕਨਿਕ ਖ਼ਾਸ ਤੌਰ 'ਤੇ ਉਹਨਾਂ ਸੇਵਾਦਾਰਾਂ ਦੇ ਸਨਮਾਨ ਵਿੱਚ ਰੱਖੀ ਗਈ ਸੀ, ਜਿਨ੍ਹਾਂ ਪਰਿਵਾਰਾਂ ਨੇ ਪੰਜਾਬ ਦੇ ਸਾਰੇ ਤਿਉਹਾਰਾਂ ਅਤੇ ਗੁਰੂ ਘਰ ਦੇ ਧਾਰਮਿਕ ਸਮਾਗਮਾਂ ਦੌਰਾਨ ਬਹੁਤ ਮਿਹਨਤ ਅਤੇ ਲਗਨ ਦੇ ਨਾਲ ਸੇਵਾ ਨਿਭਾਈ ਸੀ। ਇਸ ਮੌਕੇ ਸਿੱਖ ਸੈਂਟਰ ਆਫ਼ ਵਰਜੀਨੀਆ ਦੀ ਸੰਗਤ ਦੇ ਨਾਲ-ਨਾਲ ਉੱਤਰੀ ਵਰਜੀਨੀਆ ਦੇ ਹੋਰ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਵੀ ਖੁੱਲ੍ਹਾ ਸੱਦਾ ਦਿੱਤਾ ਗਿਆ। ਪਿਕਨਿਕ ਵਿੱਚ ਲਗਭਗ 250 ਤੋਂ ਵੱਧ ਬੱਚਿਆਂ, ਬਜ਼ੁਰਗਾਂ, ਨੌਜਵਾਨਾਂ ਅਤੇ ਪਰਿਵਾਰਾਂ ਨੇ ਹਿੱਸਾ ਲਿਆ। ਸੰਗਤ ਦੇ ਕਈ ਮੈਂਬਰਾਂ ਵੱਲੋਂ ਵੱਖ-ਵੱਖ ਕਿਸਮ ਦੇ ਸੁਆਦਲੇ ਸਨੈਕਸ ਤਿਆਰ ਕਰਕੇ ਲਿਆਂਦੇ ਗਏ। ਭਾਈ ਕੇਵਲ ਸਿੰਘ ਬਰਾੜ ਅਤੇ ਸ. ਜਰਨੈਲ ਸਿੰਘ ਵੱਲੋਂ ਪੂੜੀਆਂ-ਛੋਲੇ ਅਤੇ ਹੋਰ ਪੰਜਾਬੀ ਭੋਜਨ ਤਿਆਰ ਕੀਤਾ ਗਿਆ। ਇਸ ਦੇ ਨਾਲ ਹਲਵਾ ਵੀ ਤਿਆਰ ਕੀਤਾ ਗਿਆ। ਸ. ਰਣਜੀਤ ਸਿੰਘ, ਸ. ਸੁਰਿੰਦਰ ਸਿੰਘ ਸੰਧੂ ਅਤੇ ਹੋਰ ਸੇਵਾਦਾਰਾਂ ਵੱਲੋਂ ਕੋਲਿਆਂ ਦੀ ਭੱਠੀ ਉੱਤੇ ਸਬਜ਼ੀਆਂ , ਛੱਲੀਆਂ ਅਤੇ ਵੈਜੀ ਬਰਗਰ ਤਿਆਰ ਕਰਕੇ ਸੰਗਤਾਂ ਨੂੰ ਛਕਾਏ ਗਏ। ਚੰਗੇ ਮੌਸਮ ਦੇ ਕਾਰਨ ਸਾਰੀ ਸੰਗਤ ਨੇ ਲਗਾਤਾਰ ਚਾਰ ਘੰਟੇ ਪਿਕਨਿਕ ਦਾ ਪੂਰਾ ਆਨੰਦ ਮਾਣਿਆ।

ਬੱਚਿਆਂ ਨੇ ਆਪਣੇ ਗਰੁੱਪਾਂ ਵਿੱਚ ਖੇਡਾਂ ਖੇਡੀਆਂ, ਬਜ਼ੁਰਗ ਆਪਸ ਵਿੱਚ ਗੱਲਾਂ-ਬਾਤਾਂ ਕਰਦੇ ਰਹੇ ਅਤੇ ਨੌਜਵਾਨਾਂ ਨੇ ਵੀ ਆਪਣੇ ਤਰੀਕੇ ਨਾਲ ਮਿਲਜੁਲ ਕੇ ਸਮਾਂ ਬਤੀਤ ਕੀਤਾ।ਪਿਕਨਿਕ ਦੇ ਅਖੀਰ ਵਿੱਚ ਡਾ. ਮੋਹਨ ਜੀ ਵੱਲੋਂ ਸਿੱਖ ਸੈਂਟਰ ਆਫ਼ ਵਰਜੀਨੀਆ ਦੀ ਆ ਰਹੀ ਨਵੀਂ ਬਿਲਡਿੰਗ ਬਾਰੇ ਰੂਪ-ਰੇਖਾ ਸੰਗਤ ਨਾਲ ਸਾਂਝੀ ਕੀਤੀ ਗਈ। ਸਾਰੀ ਸੰਗਤ ਇਸ ਜਾਣਕਾਰੀ ਨੂੰ ਸੁਣ ਕੇ ਬਹੁਤ ਖੁਸ਼ ਹੋਈ ਅਤੇ ਖੁਸ਼ੀ-ਖੁਸ਼ੀ ਆਪਣੇ ਘਰਾਂ ਨੂੰ ਰਵਾਨਾ ਹੋਈ। ਸੰਗਤ ਵੱਲੋਂ ਇਹ ਵੀ ਸੁਝਾਅ ਦਿੱਤਾ ਗਿਆ ਕਿ ਇਸ ਤਰ੍ਹਾਂ ਦੀ ਪਿਕਨਿਕ ਸਾਲ ਵਿੱਚ ਸਿਰਫ਼ ਇੱਕ ਵਾਰ ਨਹੀਂ, ਸਗੋਂ ਘੱਟੋ-ਘੱਟ ਦੋ ਵਾਰ ਜ਼ਰੂਰ ਕਰਨੀ ਚਾਹੀਦੀ ਹੈ। ਇਸ ਪਿਕਨਿਕ ਦੀ ਕਵਰੇਜ ਕਰਨ ਲਈ ਖ਼ਾਸ ਤੌਰ 'ਤੇ ਉੱਘੇ ਪੱਤਰਕਾਰ ਅਤੇ ਸਮਾਜ ਸੇਵੀ ਸ: ਕੁਲਵਿੰਦਰ ਸਿੰਘ ਫਲੋਰਾ ਅਤੇ ਸ. ਸੁਰਮੁੱਖ ਸਿੰਘ ਮਾਣਕੂ ਵੀ ਪਹੁੰਚੇ ਹੋਏ ਸਨ। ਜਿਨ੍ਹਾਂ ਨੇ ਆਪਣੇ ਕੈਮਰਿਆਂ ਰਾਹੀਂ ਇਸ ਯਾਦਗਾਰ ਸਮਾਗਮ ਨੂੰ ਕੈਦ ਕੀਤਾ। ਕੁੱਲ ਮਿਲਾ ਕੇ ਅੱਜ ਦੀ ਪਿਕਨਿਕ ਪਿਆਰ, ਸੇਵਾ, ਮਿਲਾਪ ਅਤੇ ਭਾਈਚਾਰੇ ਦੀ ਬਹੁਤ ਸੋਹਣੀ ਮਿਸਾਲ ਬਣੀ। ਸੰਗਤ ਅਤੇ ਸੇਵਾਦਾਰਾਂ ਦੇ ਮਿਲਜੁਲ ਕੇ ਕੀਤੇ ਯਤਨਾਂ ਨੇ ਇਸ ਸਮਾਗਮ ਨੂੰ ਯਾਦਗਾਰ ਬਣਾ ਦਿੱਤਾ। ਸੰਗਤਾਂ ਲਈ ਖਾਣੇ ਦਾ ਵੀ ਬੇਹਤਰੀਨ ਪ੍ਰਬੰਧ ਕੀਤੇ ਗਏ ਸਨ।



# ਪਾਕਿਸਤਾਨ ਪੰਜਾਬ ਦੇ ਮੰਤਰੀ ਸ. ਰਮੇਸ਼ ਸਿੰਘ ਅਰੋੜਾ ਨੇ ਮੈਰੀਲੈਂਡ ਵਿੱਚ ਸਿੱਖ ਭਾਈਚਾਰੇ ਨਾਲ ਕੀਤੀ ਮੁਲਾਕਾਤ

## ਕੌਮੀ ਮੰਗਾਂ ਅਤੇ ਸੱਭਿਆਚਾਰਕ ਸਾਂਝ ’ਤੇ ਹੋਈ ਚਰਚਾ





ਮੈਰੀਲੈਂਡ, (ਰਾਜ ਗੋਗਨਾ/ਕੁਲਵਿੰਦਰ ਫਲੋਰਾ) : ਅਮਰੀਕਾ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਧਾਰਮਿਕ ਮਸਲਿਆਂ ਸੰਬੰਧੀ ਸਬ-ਕਮੇਟੀ ਦੇ ਕੋਆਰਡੀਨੇਟਰ ਅਤੇ ਮੈਰੀਲੈਂਡ ਗਵਰਨਰ ਇੰਟਰਫੇਥ ਕੌਂਸਲ ਦੇ ਮੈਂਬਰ ਭਾਈ ਸਵਿੰਦਰ ਸਿੰਘ ਨੇ ਹੋਰਨਾਂ ਪ੍ਰਮੁੱਖ ਸਿੱਖ ਆਗੂਆ ਸਣੇ ਅਮਰੀਕਾ ਦੌਰੇ ’ਤੇ ਆਏ ਪਾਕਿਸਤਾਨ ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਸਰਦਾਰ ਰਮੇਸ਼ ਸਿੰਘ ਅਰੋੜਾ ਨਾਲ ਆਪਣੇ ਮੈਰੀਲੈਂਡ ਸਥਿਤ ਗ੍ਰਿਹ ਵਿਖੇ ਇੱਕ ਵਿਸ਼ੇਸ਼ ਮਿਲਣੀ ਦੀ ਮੇਜ਼ਬਾਨੀ ਕੀਤੀ। ਇਸ ਇਕੱਠ ਵਿੱਚ ਸਿੱਖ ਵਿਰਾਸਤ ਦੀ ਸਾਂਭ-ਸੰਭਾਲ, ਕੌਮੀ ਮੰਗਾਂ ਅਤੇ ਪਾਕਿਸਤਾਨ ’ਚ ਸਥਿੱਤ ਗੁਰਧਾਮਾਂ ਦੇ ਦਰਸ਼ਨਾਂ ਵਿੱਚ ਆਉਂਦੀਆਂ ਮੁਸ਼ਕਿਲਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ।ਮਿਲਣੀ ਦੌਰਾਨ ਸਿੱਖ ਆਗੂਆਂ ਨੇ ਮੰਤਰੀ ਅਰੋੜਾ ਦਾ ਸਵਾਗਤ ਕਰਦਿਆਂ, ਵਿਰਾਸਤ ਦੀ ਸਾਂਭ-ਸੰਭਾਲ ਲਈ ਪਾਕਿਸਤਾਨ ਸਰਕਾਰ ਅਤੇ ਮੁੱਖ ਮੰਤਰੀ ਮਰੀਅਮ ਨਵਾਜ਼ ਸ਼ਰੀਫ਼ ਦਾ ਧੰਨਵਾਦ ਕੀਤਾ। ਭਾਈ ਸਵਿੰਦਰ ਸਿੰਘ ਨੇ ਪਾਕਿਸਤਾਨ ਪੰਜਾਬ ਵਿੱਚ ਪਹਿਲੀ ਵਾਰ ਕਿਸੇ ਸਿੱਖ ਨੂੰ ਕੈਬਨਿਟ ਮੰਤਰੀ ਵਜੋਂ ਨਿਵਾਜਣ ਦੇ ਇਤਿਹਾਸਕ ਫੈਸਲੇ ਦੀ ਸ਼ਲਾਘਾ ਕਰਦਿਆਂ ਇਸ ਨੂੰ ਸਮੁੱਚੀ ਕੌਮ ਲਈ ਵੱਡੇ ਮਾਣ, ਭਰੋਸੇ ਅਤੇ ਸ਼ਮੂਲੀਅਤ ਦਾ ਪ੍ਰਤੀਕ ਦੱਸਿਆ। ਇਸ ਗੱਲਬਾਤ ਦੌਰਾਨ ਸਿੱਖ ਲੀਡਰਸ਼ਿਪ ਨੇ ਸ੍ਰੀ ਨਨਕਾਣਾ ਸਾਹਿਬ ਸਮੇਤ ਹੋਰ ਇਤਿਹਾਸਕ ਗੁਰਧਾਮਾਂ ਦੀ ਨਿਰੰਤਰ ਸਾਂਭ-ਸੰਭਾਲ ਅਤੇ ਨਵੀਨੀਕਰਨ ਦੀਆਂ ਮੰਗਾਂ ਰੱਖੀਆਂ। ਮੰਤਰੀ ਅਰੋੜਾ ਨੇ ਸਿੱਖ ਵਿਰਾਸਤ ਦੀ ਸੁਰੱਖਿਆ ਪ੍ਰਤੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਅਮਰੀਕਾ ਰਹਿੰਦੇ ਸਿੱਖ ਨੌਜਵਾਨਾਂ ਨੂੰ ਆਪਣੀਆਂ ਜੜ੍ਹਾਂ ਨਾਲ ਜੁੜਨ ਲਈ ਪ੍ਰੇਰਿਤ ਕੀਤਾ।ਭਾਈ ਸਵਿੰਦਰ ਸਿੰਘ ਨੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਸਬੰਧਾਂ ਨੂੰ ਸੁਧਾਰਨ ਦੀ ਅਪੀਲ ਕਰਦਿਆਂ ਕਿਹਾ ਕਿ ਦੋਵਾਂ ਮੁਲਕਾਂ ਦੇ ਤਣਾਅ ਦਾ ਸਭ ਤੋਂ ਵੱਧ ਅਸਰ ਭਾਰਤ ਦੀ ਸਿੱਖ ਸੰਗਤ ’ਤੇ ਪੈਂਦਾ ਹੈ। ਉਨ੍ਹਾਂ ਕਿਹਾ ਕਿ ਆਪਸੀ ਖਟਾਸ ਕਾਰਨ ਅਕਸਰ ਸ਼ਰਧਾਲੂਆਂ ਦੇ ਜੱਥੇ ਰੋਕ ਦਿੱਤੇ ਜਾਂਦੇ ਹਨ, ਜਿਸ ਨਾਲ ਸੰਗਤਾਂ ਨੂੰ ਭਾਰੀ ਨਿਰਾਸ਼ਾ ਹੁੰਦੀ ਹੈ। ਉਨ੍ਹਾਂ ਕਰਤਾਰਪੁਰ ਲਾਂਘੇ ਰਾਹੀਂ ਆਵਾਜਾਈ ਨੂੰ ਹੋਰ ਸੁਖਾਲਾ ਬਣਾਉਣ ਦੀ ਮੰਗ ਕੀਤੀ ਤਾਂ ਜੋ ਸ਼ਰਧਾਲੂ ਬਿਨਾਂ ਰੁਕਾਵਟ ਆਪਣੇ ਗੁਰਧਾਮਾਂ ਦੇ ਦਰਸ਼ਨ ਕਰ ਸਕਣ। ਉਨ੍ਹਾਂ ਯਾਦ ਕਰਵਾਇਆ ਕਿ ਸਿੱਖ ਕੌਮ ਦਾ ਆਜ਼ਾਦੀ ਅਤੇ ਦੇਸ਼ ਦੀ ਪ੍ਰਗਤੀ ਵਿੱਚ ਵੱਡਾ ਯੋਗਦਾਨ ਹੈ। ਇਸ ਮਿਲਣੀ ਵਿੱਚ ਮੈਰੀਲੈਂਡ ਦੇ ‘ਗਵਰਨਰਜ਼ ਕਮਿਸ਼ਨ ਆਨ ਸਾਊਥ ਏਸ਼ੀਅਨ ਅਮੈਰੀਕਨ ਅਫੇਅਰਜ਼’ ਦੇ ਚੇਅਰਮੈਨ ਗੁਰਪ੍ਰੀਤ ਤੱਖਰ ਅਤੇ ਅਮਨ ਸ਼ੇਰਗਿੱਲ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ। ਇਸ ਤੋਂ ਇਲਾਵਾ ਵਿਚਾਰ-ਵਟਾਂਦਰੇ ਵਿੱਚ ਯੋਗਦਾਨ ਪਾਉਣ ਵਾਲੀਆਂ ਹੋਰ ਪ੍ਰਮੁੱਖ ਸ਼ਖਸੀਅਤਾਂ ਵਿੱਚ ਬਲਵਿੰਦਰ ਸੰਘਾ, ਮਿਹਰਬਾਨ ਸਿੰਘ, ਡਾ. ਜਤਿੰਦਰ ਸਿੰਘ ਸੇਖੋਂ, ਸ. ਸੁਰਜੀਤ ਸਿੰਘ ਸਿੱਧੂ, ਸ. ਮਨਦੀਪ ਸਿੰਘ, ਸ. ਬਖਸ਼ੀਸ਼ ਸਿੰਘ ਰੋਪੜ ਅਤੇ ਸ. ਅਜੀਤ ਧਾਲੀਵਾਲ ਸਮੇਤ ਕਈ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਮਿਲਣੀ ਦੇ ਅੰਤ ਵਿੱਚ ਭਾਈ ਸਵਿੰਦਰ ਸਿੰਘ ਅਤੇ ਹਾਜ਼ਰ ਆਗੂਆਂ ਨੇ ਪਾਕਿਸਤਾਨ ਤੋਂ ਆਏ ਮੰਤਰੀ ਰਮੇਸ਼ ਸਿੰਘ ਅਰੋੜਾ ਨੂੰ ਸਨਮਾਨਿਤ ਕੀਤਾ। ਭਾਈਚਾਰੇ ਨੇ ਉਮੀਦ ਜਤਾਈ ਕਿ ਇਹ ਮੁਲਾਕਾਤ ਕੌਮੀ ਮਸਲਿਆਂ ਦੇ ਹੱਲ ਲਈ ਇੱਕ ਸਕਾਰਾਤਮਕ ਕਦਮ ਸਾਬਤ ਹੋਵੇਗੀ।

## ਨਿਊਯਾਰਕ ’ਚ ਕੇਂਦਰੀ ਮੰਤਰੀ ਪਿਊਸ਼ ਗੋਇਲ ਦੀ ਵੱਡੀ ਵਪਾਰਕ ਬੈਠਕ

# ‘ਵਾਰਬਰਗ ਪਿੰਕਸ’ ਦੇ ਚੇਅਰਮੈਨ ਚਿੱਪ ਕੇਅ ਨਾਲ ਭਾਰਤ ਵਿੱਚ ਨਿਵੇਸ਼ ਵਧਾਉਣ ’ਤੇ ਹੋਈ ਅਹਿਮ ਚਰਚਾ









ਨਵੀਂ ਦਿੱਲੀ/ਨਿਊਯਾਰਕ: ਭਾਰਤ ਅਤੇ ਅਮਰੀਕਾ ਵਿਚਾਲੇ ਵਪਾਰਕ ਅਤੇ ਨਿਵੇਸ਼ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਕੇਂਦਰੀ ਵਣਜ ਅਤੇ ਉਦਯੋਗ (Commerce and Industry) ਮੰਤਰੀ ਪਿਊਸ਼ ਗੋਇਲ ਅਮਰੀਕਾ ਦੇ ਅਧਿਕਾਰਤ ਦੌਰੇ ’ਤੇ ਹਨ। ਇਸੇ ਦੌਰਾਨ ਨਿਊਯਾਰਕ ਵਿੱਚ ਭਾਰਤੀ ਕੌਂਸਲੇਟ ਜਨਰਲ (Consulate General of India) ਅਤੇ ਯੂਐਸ-ਇੰਡੀਆ ਸਟ੍ਰੈਟੇਜਿਕ ਪਾਰਟਨਰਸ਼ਿਪ ਫੋਰਮ (USISPF) ਵੱਲੋਂ ਸਾਂਝੇ ਤੌਰ ’ਤੇ ਆਯੋਜਿਤ ਇੱਕ ਉੱਚ-ਪੱਧਰੀ ਗੋਲਮੇਜ਼ ਕਾਨਫਰੰਸ (Roundtable) ਤੋਂ ਅਲੱਗ, ਕੇਂਦਰੀ ਮੰਤਰੀ ਨੇ ਵਿਸ਼ਵ ਪ੍ਰਸਿੱਧ ਪ੍ਰਾਈਵੇਟ ਇਕੁਇਟੀ ਫਰਮ ‘ਵਾਰਬਰਗ ਪਿੰਕਸ’ (Warburg Pincus) ਦੇ ਚੇਅਰਮੈਨ ਚਿੱਪ ਕੇਅ (Chip Kaye) ਨਾਲ ਇੱਕ ਬੇਹੱਦ ਅਹਿਮ ਦੁਵੱਲੀ ਮੁਲਾਕਾਤ ਕੀਤੀ।

ਇਸ ਬੈਠਕ ਦੌਰਾਨ ਦੋਵਾਂ ਆਗੂਆਂ ਨੇ ਬਦਲਦੇ ਹੋਏ ਗਲੋਬਲ ਨਿਵੇਸ਼ ਦੇ ਮਾਹੌਲ ਅਤੇ ਭਾਰਤ ਦੇ ਇੱਕ ਪ੍ਰਮੁੱਖ ਗਲੋਬਲ ਗ੍ਰੋਥ ਇੰਜਨ (ਵਿਕਾਸ ਦੇ ਧੁਰੇ) ਵਜੋਂ ਉੱਭਰਨ ਬਾਰੇ ਵਿਸਤਾਰਪੂਰਵਕ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ।

**ਭਾਰਤ ਦੀ ਮਜ਼ਬੂਤ ਆਰਥਿਕਤਾ ਅਤੇ ਨਿਵੇਸ਼ ਦੇ ਨਵੇਂ ਮੌਕੇ :** ਮੁਲਾਕਾਤ ਤੋਂ ਬਾਅਦ ਜਾਣਕਾਰੀ ਸਾਂਝੀ ਕਰਦਿਆਂ ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਦੱਸਿਆ ਕਿ ਭਾਰਤ ਅੱਜ ਦੁਨੀਆ ਭਰ ਦੇ ਨਿਵੇਸ਼ਕਾਂ ਲਈ ਸਭ ਤੋਂ ਭਰੋਸੇਮੰਦ ਅਤੇ ਆਕਰਸ਼ਕ ਕੇਂਦਰ ਬਣ ਚੁੱਕਾ ਹੈ। ਬੈਠਕ ਵਿੱਚ ਮੁੱਖ ਤੌਰ ’ਤੇ ਹੇਠ ਲਿਖੇ ਬਿੰਦੂਆਂ ’ਤੇ ਜ਼ੋਰ ਦਿੱਤਾ ਗਿਆ:

ਵੱਡੇ ਪੱਧਰ ’ਤੇ ਮੌਕੇ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਵਿੱਚ ਕਾਰੋਬਾਰ ਨੂੰ ਸੌਖਾ ਬਣਾਉਣ (Ease of Doing Business), ਸਥਿਰ ਨੀਤੀਆਂ ਅਤੇ ਵੱਡੇ ਬਾਜ਼ਾਰ ਦੇ ਸੁਧਾਰਾਂ ਕਾਰਨ ਨਿਵੇਸ਼ ਦੀਆਂ ਬੇਅੰਤ ਸੰਭਾਵਨਾਵਾਂ ਪੈਦਾ ਹੋਈਆਂ ਹਨ।

ਹੁਨਰ ਅਤੇ ਘਰੇਲੂ ਮੰਗ: ਭਾਰਤ ਕੋਲ ਮੌਜੂਦ ਵਿਸ਼ਾਲ ਨੌਜਵਾਨ ਪ੍ਰਤਿਭਾ (Talent) ਅਤੇ ਲਗਾਤਾਰ ਵਧ ਰਹੀ ਘਰੇਲੂ ਮੰਗ ਬਾਰੇ ਚਰਚਾ ਕੀਤੀ ਗਈ, ਜੋ ਕਿ ਗਲੋਬਲ ਕੰਪਨੀਆਂ ਨੂੰ ਭਾਰਤ ਵਿੱਚ ਲੰਮੇ ਸਮੇਂ ਦੇ ਪ੍ਰੋਜੈਕਟ ਸ਼ੁਰੂ ਕਰਨ ਲਈ ਪ੍ਰੇਰਿਤ ਕਰਦੀ ਹੈ।

ਭਾਰਤ-ਅਮਰੀਕਾ ਵਪਾਰਕ ਸਮਝੌਤਾ ਜਲਦ ਹੋਣ ਦੀ ਉਮੀਦ: ਇਸੇ ਰਾਊਂਡਟੇਬਲ ਕਾਨਫਰੰਸ ਦੌਰਾਨ ਕੇਂਦਰੀ ਮੰਤਰੀ ਨੇ ਅਮਰੀਕਾ ਦੇ 50 ਤੋਂ ਵੱਧ ਦਿੱਗਜ ਕਾਰੋਬਾਰੀ ਨੇਤਾਵਾਂ ਨੂੰ ਵੀ ਸੰਬੋਧਨ ਕੀਤਾ। ਉਨ੍ਹਾਂ ਭਰੋਸਾ ਜਤਾਇਆ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਇੱਕ ਅੰਤਰਿਮ ਵਪਾਰ ਸਮਝੌਤਾ (Interim Trade Agreement) ਬਹੁਤ ਜਲਦ ਸਿਰੇ ਚੜ੍ਹਨ ਵਾਲਾ ਹੈ। ’ਵਾਰਬਰਗ ਪਿੰਕਸ’ ਦੇ ਚੇਅਰਮੈਨ ਚਿੱਪ ਕੇਅ ਨੇ ਵੀ ਭਾਰਤ ਦੀ ਆਰਥਿਕ ਤਰੱਕੀ ਦੀ ਸ਼ਲਾਘਾ ਕੀਤੀ ਅਤੇ ਆਉਣ ਵਾਲੇ ਸਮੇਂ ਵਿੱਚ ਵੱਖ-ਵੱਖ ਪ੍ਰਮੁੱਖ ਸੈਕਟਰਾਂ ਵਿੱਚ ਆਪਣੇ ਨਿਵੇਸ਼ ਨੂੰ ਹੋਰ ਵਧਾਉਣ ਦੀ ਇੱਛਾ ਪ੍ਰਗਟਾਈ।

# ਅਮਰੀਕਾ ’ਚ ਘਰੇਲੂ ਵਿਵਾਦ ਦੇ ਚੱਲਦੇ ਹੋਈ ਗੋਲੀਬਾਰੀ, 7 ਲੋਕਾਂ ਦੀ ਗਈ ਜਾਨ

ਆਇਓਵਾ : ਅਮਰੀਕਾ ਦੇ ਆਇਓਵਾ ਸੂਬੇ ਦੇ ਮਸਕਟਾਈਨ ਸ਼ਹਿਰ ਵਿੱਚ ਇੱਕ ਦਿਲ ਕੰਬਾਊ ਘਟਨਾ ਵਾਪਰੀ ਹੈ । ਇੱਥੇ ਇੱਕ 52 ਸਾਲਾ ਵਿਅਕਤੀ ਨੇ ਘਰੇਲੂ ਕਲੇਸ਼ ਦੇ ਚਲਦਿਆਂ ਆਪਣੇ ਹੀ ਪਰਿਵਾਰ ਦੇ 6 ਮੈਂਬਰਾਂ ਦਾ ਗੋਲੀਆਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਇਸ ਖ਼ੂਨੀ ਕਾਰੇ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰ ਨੇ ਖੁਦ ਨੂੰ ਵੀ ਗੋਲੀ ਮਾਰ ਕੇ ਜੀਵਨ ਲੀਲਾ ਸਮਾਪਤ ਕਰ ਲਈ।

ਪੁਲਿਸ ਅਨੁਸਾਰ ਇਹ ਖ਼ੂਨੀ ਘਟਨਾ ਸੋਮਵਾਰ ਦੁਪਹਿਰ ਵੇਲੇ ਸ਼ੁਰੂ ਹੋਈ। ਹਮਲਾਵਰ ਦੀ ਪਛਾਣ ਰਿਆਨ ਵਿਲਿਸ ਮੈਕਫਾਰਲੈਂਡ ਵਜੋਂ ਹੋਈ ਹੈ। ਮੈਕਫਾਰਲੈਂਡ ਨੇ ਸ਼ਹਿਰ ਵਿੱਚ ਤਿੰਨ ਵੱਖ-ਵੱਖ ਥਾਵਾਂ ’ਤੇ ਗੋਲੀਬਾਰੀ ਕੀਤੀ। ਪੁਲਿਸ ਨੂੰ ਸਭ ਤੋਂ ਪਹਿਲਾਂ ਇੱਕ ਘਰ ਵਿੱਚੋਂ ਚਾਰ ਲੋਕਾਂ ਦੀਆਂ ਲਾਸ਼ਾਂ ਮਿਲੀਆਂ। ਜਾਂਚ ਜਾਰੀ ਰਹਿਣ ਦੌਰਾਨ ਅਧਿਕਾਰੀਆਂ ਨੂੰ ਇੱਕ ਹੋਰ ਰਿਹਾਇਸ਼ੀ ਘਰ ਵਿੱਚੋਂ ਇੱਕ ਬਾਲਗ ਵਿਅਕਤੀ ਅਤੇ ਇੱਕ ਕਾਰੋਬਾਰੀ ਅਦਾਰੇ ਤੋਂ ਇੱਕ ਹੋਰ ਵਿਅਕਤੀ ਦੀ ਲਾਸ਼ ਬਰਾਮਦ ਹੋਈ।

**ਪਰਿਵਾਰਕ ਮੈਂਬਰ ਬਣੇ ਸ਼ਿਕਾਰ**

ਮਸਕਟਾਈਨ ਪੁਲਿਸ ਵਿਭਾਗ ਦੀ ਮੁੱਢਲੀ ਜਾਂਚ ਤੋਂ ਸੰਕੇਤ ਮਿਲੇ ਹਨ ਕਿ ਇਹ ਸਾਰਾ ਮਾਮਲਾ ਘਰੇਲੂ ਵਿਵਾਦ ਨਾਲ ਜੁੜਿਆ ਹੋਇਆ ਸੀ। ਪੁਲਿਸ ਦਾ ਮੰਨਣਾ ਹੈ ਕਿ ਮਾਰੇ ਗਏ ਸਾਰੇ ਛੇ ਵਿਅਕਤੀ ਹਮਲਾਵਰ ਮੈਕਫਾਰਲੈਂਡ ਦੇ ਪਰਿਵਾਰਕ ਮੈਂਬਰ ਹੀ ਸਨ। ਫਿਲਹਾਲ ਮ੍ਰਿਤਕਾਂ ਦੇ ਨਾਮ ਅਤੇ ਉਮਰ ਦਾ ਰਸਮੀ ਖੁਲਾਸਾ ਨਹੀਂ ਕੀਤਾ ਗਿਆ ਹੈ। ਵਾਰਦਾਤਾਂ ਨੂੰ ਅੰਜਾਮ ਦੇਣ ਤੋਂ ਬਾਅਦ ਮੈਕਫਾਰਲੈਂਡ ਮੌਕੇ ਤੋਂ ਫਰਾਰ ਹੋ ਗਿਆ ਸੀ। ਪੁਲਿਸ ਨੇ ਕੁਝ ਸਮੇਂ ਬਾਅਦ ਉਸ ਨੂੰ ‘ਰਿਵਰਫਰੰਟ ਟਰੇਲ’ ਨੇੜੇ ਇੱਕ ਪੈਦਲ ਪੁਲ ਕੋਲ ਲੱਭ ਲਿਆ, ਜਿੱਥੇ ਉਹ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਮੈਕਫਾਰਲੈਂਡ ਨੇ ਖੁਦ ਨੂੰ ਗੋਲੀ ਮਾਰ ਲਈ ਸੀ ਅਤੇ ਮੌਕੇ ’ਤੇ ਹੀ ਉਸ ਦੀ ਮੌਤ ਹੋ ਗਈ। ਮਸਕਟਾਈਨ ਪੁਲਿਸ ਚੀਫ਼ ਐਂਥਨੀ ਕੀਜ਼ ਨੇ ਇਸ ਘਟਨਾ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਹਮਲਾਵਰ ਦਾ ਪਹਿਲਾਂ ਵੀ ਅਪਰਾਧਿਕ ਰਿਕਾਰਡ ਸੀ। ਹਾਲਾਂਕਿ ਪੁਲਿਸ ਨੇ ਭਰੋਸਾ ਦਿੱਤਾ ਹੈ ਕਿ ਹੁਣ ਸਮਾਜ ਨੂੰ ਕੋਈ ਹੋਰ ਖ਼ਤਰਾ ਨਹੀਂ ਹੈ ਅਤੇ ਮਾਮਲੇ ਦੀ ਜਾਂਚ ਤੇਜ਼ੀ ਨਾਲ ਜਾਰੀ ਹੈ।

# ਟਰੰਪ ਪ੍ਰਸ਼ਾਸਨ ਵਲੋਂ ਗ੍ਰੀਨ ਕਾਰਡ ਸੰਬੰਧੀ ਨਵੇਂ ਦਿਸ਼ਾ-ਨਿਰਦੇਸ਼ ਜਾਰੀ



ਸਾਨ ਫਰਾਂਸਿਸਕੋ : ਇਕ ਹਾਲੀਆ ਜਾਣਕਾਰੀ ਅਨੁਸਾਰ ਟਰੰਪ ਪ੍ਰਸ਼ਾਸਨ ਨੇ ਆਪਣੇ ਐਲਾਨ ਨੂੰ ਭਾਵੇਂ ਵਾਪਸ ਤਾਂ ਪੂਰੀ ਤਰਾਂ ਨਹੀਂ ਲਿਆ ਪਰ ਇਹ ਜ਼ਰੂਰ ਸਪਸ਼ਟ ਕੀਤਾ ਹੈ ਕਿ ਸਥਾਈ ਅਮਰੀਕੀ ਨਿਵਾਸ, ਜਿਸਨੂੰ ਆਮ ਤੌਰ ’ਤੇ ਗ੍ਰੀਨ ਕਾਰਡ ਕਿਹਾ ਜਾਂਦਾ ਹੈ, ਦੀ ਮੰਗ ਕਰਨ ਵਾਲੇ ਸਾਰੇ ਗੈਰ-ਨਾਗਰਿਕਾਂ ਨੂੰ ਅਰਜ਼ੀ ਦੇਣ ਲਈ ਆਪਣੇ ਦੇਸ਼ ਵਾਪਸ ਜਾਣ ਦੀ ਜ਼ਰੂਰਤ ਨਹੀਂ ਹੋਵੇਗੀ। ਗ੍ਰਿਹ ਸੁਰੱਖਿਆ ਵਿਭਾਗ (ਡੀ.ਐਚ.ਐਸ.) ਅਨੁਸਾਰ ਪਿਛਲੇ ਹਫ਼ਤੇ ਕੀਤੀ ਗਈ ਨਵੀਂ ਘੋਸ਼ਣਾ ਸਾਰੇ ਬਿਨੈਕਾਰਾਂ ’ਤੇ ਲਾਗੂ ਨਹੀ ਹੋਵੇਗੀ ਸਗੋਂ ਇਹ ਵੱਖ-ਵੱਖ ਕੇਸਾਂ ਲਈ ਅਲੱਗ-ਅਲੱਗ ਹੋਵੇਗੀ। ਟਰੰਪ ਪ੍ਰਸ਼ਾਸਨ ਦੇ ਬੁਲਾਰੇ, ਜ਼ੈਕ ਕਾਹਲਰ ਨੇ ਲੰਘੀ 22 ਮਈ ਨੂੰ ਕਿਹਾ ਸੀ ਕਿ ਹੁਣ ਇੱਕ ਪਰਦੇਸੀ ਜੋ ਅਸਥਾਈ ਤੌਰ ’ਤੇ ਅਮਰੀਕਾ ’ਚ ਹੈ ਤੇ ਗ੍ਰੀਨ ਕਾਰਡ ਚਾਹੁੰਦਾ ਹੈ, ਨੂੰ ਅਰਜ਼ੀ ਦੇਣ ਲਈ ਆਪਣੇ ਦੇਸ਼ ਵਾਪਸ ਜਾਣਾ ਪਵੇਗਾ। ਇਸ ਐਲਾਨ ਨੂੰ ਅਮਰੀਕੀ ਨੀਤੀ ਵਿਚ ਇਕ ਵੱਡੀ ਤਬਦੀਲੀ ਵਜੋਂ ਦੇਖਿਆ ਗਿਆ ਸੀ ਤੇ ਸਥਾਈ ਅਮਰੀਕੀ ਨਿਵਾਸੀ ਬਣਨ ਦੀ ਇੱਛਾ ਰੱਖਣ ਵਾਲੇ ਲੱਖਾਂ ਪ੍ਰਵਾਸੀਆਂ ’ਚ ਵੱਡੀ ਚਿੰਤਾ ਪੈਦਾ ਹੋ ਗਈ ਸੀ। ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਲੱਖਾਂ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਬਾਹਰ ਕੱਢਣ ਦੇ ਵਾਅਦੇ ’ਤੇ ਵਾਈਟ ਹਾਊਸ ਵਲੋਂ ਚਲਾਈ ਮੁਹਿੰਮ ਤਹਿਤ ਕਈ ਕਾਨੂੰਨੀ ਰਸਤੇ ਵੀ ਬੰਦ ਕਰ ਦਿੱਤੇ ਗਏ ਹਨ ਤੇ ਕਿਹਾ ਗਿਆ ਸੀ ਕਿ ਅਮਰੀਕੀ ਗ੍ਰੀਨ ਕਾਰਡ ਮੰਗਣ ਵਾਲਿਆਂ ਨੂੰ ਹੁਣ ਘਰੇਲੂ ਦੇਸ਼ਾਂ ਤੋਂ ਅਰਜ਼ੀ ਦੇਣੀ ਪਵੇਗੀ। ਅਮਰੀਕੀ ਇਮੀਗ੍ਰੇਸ਼ਨ ਕੌਂਸਲ ਅਨੁਸਾਰ ਅਮਰੀਕਾ ਹਰ ਸਾਲ 10 ਲੱਖ ਤੋਂ ਵੱਧ ਗ੍ਰੀਨ ਕਾਰਡ ਦਿੰਦਾ ਹੈ ਤੇ ਹੁਣ ਤੱਕ, ਅੱਧੇ ਤੋਂ ਵੱਧ ਬਿਨੈਕਾਰ ਪਹਿਲਾਂ ਹੀ ਅਮਰੀਕਾ ’ਚ ਰਹਿ ਰਹੇ ਹੁੰਦੇ ਹਨ। ਇਕ ਸਮਰੱਥ ਅਮਰੀਕੀ ਅਧਿਕਾਰੀ ਨੇ ਅੱਜ ਦੱਸਿਆ ਕਿ ਇਹ ਨੀਤੀ ਕਿਸੇ ਵੀ ਪਰਦੇਸੀ ਨੂੰ ਗ੍ਰੀਨ ਕਾਰਡ ਪ੍ਰਾਪਤ ਕਰਨ ਤੋਂ ਨਹੀਂ ਰੋਕੇਗੀ, ਜੋ ਜਾਇਜ਼ ਤੇ ਸਹੀ ਢੰਗ ਨਾਲ ਯੋਗਤਾ ਪੂਰੀ ਕਰਦਾ ਹੈ ਪਰ ਕੁੱਝ ਇਕ ਨੂੰ ਜੋ ਇਸ ਲਾਭ ਦੇ ਯੋਗ ਨਹੀਂ ਹਨ ਉਨ੍ਹਾਂ ਨੂੰ ਜ਼ਰੂਰ ਆਪਣੇ ਦੇਸ਼ ਪਰਤਣਾ ਪਵੇਗਾ। ਇਸ ਨੀਤੀ ਦਾ ਉੱਚ ਯੋਗਤਾ ਪ੍ਰਾਪਤ ਬਿਨੈਕਾਰਾਂ ਤੇ ਹੁਨਰਮੰਦ ਪੇਸ਼ੇਵਰਾਂ ’ਤੇ ਕੋਈ ਪ੍ਰਭਾਵ ਨਹੀਂ ਪਵੇਗਾ ਜਿਨ੍ਹਾਂ ਨੇ ਕਾਨੂੰਨ ਦੀ ਪਾਲਣਾ ਕੀਤੀ ਹੈ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਅਮਰੀਕਾ ਵਿਚ ਪੰਜਾਬੀ ਟਰੱਕ ਡਰਾਇਵਰ ਜੋਬਨਪ੍ਰੀਤ ਸਿੰਘ ਨੂੰ ਨਸ਼ਾ ਤਸਕਰੀ ਮਾਮਲੇ 'ਚ ਸੁਣਾਈ ਗਈ 75 ਸਾਲ ਕੈਦ ਦੀ ਸਜ਼ਾ



ਕੈਲੀਫੋਰਨੀਆ : ਇਲੀਨੋਇਸ ਦੀ ਮੈਕਲੀਨ ਕਾਉਂਟੀ 'ਚ ਹੁਣ ਤੱਕ ਦੀ ਸਭ ਤੋਂ ਵੱਡੀ ਮਾਤਰਾ ਵਿਚ ਕੋਕੀਨ ਫੜੀ ਜਾਣ ਦੇ ਨਤੀਜੇ ਵਜੋਂ ਕੈਲੀਫੋਰਨੀਆ ਦੇ ਇਕ ਪੰਜਾਬੀ ਟਰੱਕਰ ਨੂੰ ਅਦਾਲਤ ਨੇ 75 ਸਾਲ ਦੀ ਲੰਬੀ ਕੈਦ ਦੀ ਸਜ਼ਾ ਸੁਣਾਈ ਹੈ। ਜੱਜ ਵਿਲੀਅਮ ਯੋਡਰ ਨੇ 30 ਸਾਲਾਂ ਜੋਬਨਪ੍ਰੀਤ ਸਿੰਘ ਨੂੰ ਸਜਾ ਸੁਣਾਉਂਦਿਆ ਇਹ ਵੀ ਹੁਕਮ ਕੀਤੇ ਕਿ ਉਹ ਕੈਦ ਦਾ 75 ਫੀਸਦੀ ਹਿੱਸਾ ਬਿਤਾ ਕੇ 55 ਸਾਲ ਕੈਦ ਕੱਟਣ ਪਿੱਛੋਂ ਹੀ ਜਮਾਨਤ ਲਈ ਅਰਜੀ ਦੇ ਸਕਣ ਦੇ ਯੋਗ ਹੋਵੇਗਾ। ਇਸ ਤੋਂ ਪਹਿਲਾਂ ਉਹ ਇਸੇ ਕੇਸ ਵਿਚ ਮੈਕਲੀਨ ਕਾਉਂਟੀ ਜੇਲ੍ਹ 'ਚ 407 ਦਿਨ ਬਿਤਾ ਚੁੱਕਾ ਹੈ ਤੇ ਇਸੇ ਸਾਲ ਮਾਰਚ ਵਿਚ ਜਿਊਰੀ ਨੇ ਸਿੰਘ ਨੂੰ ਪਾਬੰਦੀ ਸ਼ੁਦਾ ਪਦਾਰਥਾਂ ਕੋਕੀਨ ਦੀ ਤਸਕਰੀ ਤੇ ਡਿਲੀਵਰੀ ਦੇ ਇਰਾਦੇ ਨਾਲ ਜਾਣਬੁਝ ਕੇ ਇਹ ਸਭ ਕੁਝ ਕਰਨ ਲਈ ਦੋਸ਼ੀ ਕਰਾਰ ਦਿੱਤਾ ਸੀ। ਸਟੇਟ ਪੁਲਿਸ ਦੇ ਇਕ ਜਵਾਨ ਨੇ ਅਪ੍ਰੈਲ, 2025 ਵਿਚ ਹਾਈ ਵੇ-74 'ਤੇ ਲੇਰੋਏ ਐਗਜ਼ਿਟ 'ਤੇ ਇਕ ਟਰੈਫਿਕ ਸਟਾਪ ਦੌਰਾਨ ਉਸ ਤੋਂ ਇਹ ਕੋਕੀਨ ਬਰਾਮਦ ਕੀਤੀ ਸੀ ਜਦੋਂ ਉਹ ਪੋਲਟਰੀ ਨਾਲ ਸਬੰਧਿਤ ਇਕ ਲੋਡ ਲੈ ਕੇ ਜਾ ਰਿਹਾ ਸੀ। ਰਾਜ ਦੀ ਅਟਾਰਨੀ ਏਰਿਕਾ ਰੇਨੋਲਡਜ਼ ਵਲੋਂ ਜਾਰੀ ਇਕ ਰਿਲੀਜ਼ ਅਨੁਸਾਰ ਜੋਬਨਪ੍ਰੀਤ ਸਿੰਘ ਦੁਆਰਾ ਚਲਾਏ ਜਾ ਰਹੇ ਇੱਕ ਟਰੱਕ ਵਿਚ ਮਿਲੇ ਲਗਭਗ 234 ਪੌਂਡ (ਅੰਦਾਜਨ 106 ਕਿੱਲੋ) ਕੋਕੀਨ ਦੀ ਬਾਜਾਰੀ ਕੀਮਤ $10.6 ਮਿਲੀਅਨ ਡਾਲਰ (ਕਰੀਬ ਸੌ ਕਰੋੜ ਰੁਪਏ)ਤੋਂ ਵੱਧ ਸੀ। ਅਟਾਰਨੀ ਅਨੁਸਾਰ ਜਦੋਂ ਸਿੰਘ ਨੂੰ ਰੁਕਣ ਲਈ ਕਿਹਾ ਗਿਆ ਸੀ ਤਾਂ ਉਸ ਨੇ ਅਜਿਹਾ ਕਰਨ ਵਿਚ ਕਾਫੀ ਸਮਾਂ ਲਗਾਇਆ। ਜਦੋਂ ਪੁਲਿਸ ਨੇ ਉਸ ਤੋਂ ਪੁੱਛਗਿੱਛ ਕੀਤੀ ਤਾਂ ਉਹ ਬਹੁਤ ਜ਼ਿਆਦਾ ਘਬਰਾਹਟ ਵਿਚ ਸੀ ਤੇ ਉਸ ਦੇ ਸਰੀਰਕ ਸੰਕੇਤ ਪੂਰੇ ਸ਼ੱਕੀ ਸਨ। ਉਦੋਂ ਉਸ ਨੇ ਅਧਿਕਾਰੀਆਂ ਕੋਲ ਦਾਅਵਾ ਕੀਤਾ ਸੀ ਕਿ ਉਸਨੂੰ ਚਾਰ ਵੱਡੇ ਕੂੜੇ ਦੇ ਥੈਲਿਆਂ ਵਿਚ ਮੌਜੂਦ ਨਸ਼ੀਲੇ ਪਦਾਰਥਾਂ ਬਾਰੇ ਨਹੀਂ ਪਤਾ ਸੀ ਪਰ ਵਕੀਲ ਨੇ ਦੱਸਿਆ ਕਿ ਸਿੰਘ ਦੇ ਸੈੱਲਫੋਨ ਦੀ ਦੀ ਛਾਣ-ਬੀਣ ਤੋਂ ਦੇਸ਼ ਭਰ ਵਿਚ 5,400 ਡਾਲਰ ਵਿਚ ਲੋਡ ਢੋਣ ਬਾਰੇ ਅਸਪੱਸ਼ਟ ਸੰਚਾਰ ਸੰਕੇਤ ਸਾਹਮਣੇ ਆਏ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹ 'ਡਰੱਗ ਮਿਊਲ' ਵਜੋਂ ਪੈਸਾ ਕਮਾ ਰਿਹਾ ਸੀ।

# ਕੈਲੀ.ਫੋਰਨੀਆ ਵਿਖੇ ਸਾਹਿਤਕਾਰ ਡਾ. ਗੁਰਵਿੰਦਰ ਅਮਨ ਦਾ ਸਾਹਿਤਕਾਰਾਂ ਤੇ ਕਲਾਕਾਰਾਂ ਨੇ ਕੀਤਾ ਭਰਵਾਂ ਸਵਾਗਤ



ਕੈਲੀਫੋਰਨੀਆਂ ਦੇ ਸਟਾਕਟਨ ਵਿਖੇ ਸਾਹਿਤਕਾਰ ਡਾ ਗੁਰਵਿੰਦਰ ਅਮਨ ਦਾ ਸਵਾਗਤ ਕਰਦੇ ਪ੍ਰਧਾਨ ਹਰਜਿੰਦਰ ਪੰਧੇਰ ਗਾਇਕਾ ਸੁਖਵੰਤ ਸੁੱਖੀ ਤੇ ਸਾਹਿਤਕਾਰ

ਸਟਾਕਟਨ : ਪੰਜਾਬੀ ਸਾਹਿਤ ਸਭਾ ਸਟੋਕਟਨ (ਕੈਲੀਫੋਰਨੀਆਂ) ਦੇ ਪ੍ਰਧਾਨ ਹਰਜਿੰਦਰ ਸਿੰਘ ਪੰਧੇਰ ਅਤੇ ਉੱਘੀ ਪੰਜਾਬੀ ਗਾਇਕ ਸੁਖਵੰਤ ਸੁੱਖੀ ਨੇ ਸਾਹਿਤਕਾਰ ਡਾ ਗੁਰਵਿੰਦਰ ਅਮਨ ਦਾ ਕੈਲੀਫੋਰਨੀਆਂ ਪੁੱਜਣ ਤੇ ਭਰਵਾਂ ਸਵਾਗਤ ਕੀਤਾ। ਇਸ ਮੌਕੇ ਇਕ ਸਾਦਾ ਪਰ ਪ੍ਰਭਾਵਸ਼ਾਲੀ ਮਿਲਣੀ ਵਿਚ ਹਰਜਿੰਦਰ ਪੰਧੇਰ ਨੇ ਡਾ ਗੁਰਵਿੰਦਰ ਅਮਨ ਦੇ ਸਾਹਿਤਕ ਸਫ਼ਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਡਾ ਅਮਨ ਪ੍ਰਤਿਭਾਸ਼ਾਲੀ ਸੰਵੇਦਨਸ਼ੀਲ ਲੇਖਕ ਹੈ ਉਸ ਦੀ ਕਹਾਣੀਆਂ ਦਿਲ ਛੋਹਣ ਵਾਲੀ ਕਟਾਕਸ਼ ਕਰਦੀਆਂ ਹਨ। ਉਨ੍ਹਾਂ ਨੇ ਸਵਾਗਤ ਕਰਦਿਆਂ ਦੱਸਿਆ ਕਿ ਡਾ ਗੁਰਵਿੰਦਰ ਅਮਨ ਦੀ ਕਵਿਤਾ ਦੀ ਕਿਤਾਬ 'ਸ਼ਬਦਾਂ ਦੀ ਪਰਵਾਜ਼' ਦਾ ਲੋਕ ਅਰਪਣ ਪਰਮਿੰਦਰ ਪਰਵਾਨਾ ਦੀ ਅਗਵਾਈ ਵਾਲੇ ਗਿੱਨੀ ਯਾਦਗਾਰੀ ਸਾਹਿਤਕ ਮੰਚ ਫਰੀਮਾਉਂਟ ਅਮਰੀਕਾ ਵੱਲੋਂ ਬਹੁਤ ਹੀ ਪ੍ਰਭਾਵਸ਼ਾਲੀ ਸਮਾਗਮ ਵਿੱਚ ਹੋਇਆ ਸੀ। ਪੰਜਾਬੀ ਸਾਹਿਤ ਸਭਾ ਸਟੋਕਟਨ ਜਿੱਥੇ ਪ੍ਰਦੇਸ਼ ਵਿਚ ਪੰਜਾਬੀ ਭਾਸ਼ਾ ਦਾ ਦੀਵਾ ਜਗਾਕੇ ਮਾਂ ਬੋਲੀ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ ਹੈ ਉੱਥੇ ਪ੍ਰਚਾਰ ਹਿਤ ਪੰਜਾਬੀ ਦੇ ਲੇਖਕਾਂ ਅਤੇ ਕਲਾਕਾਰਾਂ ਦਾ ਸਨਮਾਨ ਵੀ ਕਰਦੀ ਹੈ। ਇਸ ਮੌਕੇ ਪੰਜਾਬੀ ਦੀ ਨਾਮਵਰ ਗਾਇਕਾ ਸੁਖਵੰਤ ਸੁੱਖੀ ਨੇ ਵੀ ਆਪਣੇ ਚਰਚਿੱਤ ਗੀਤ "ਬਾਪੂ ਦਾ ਖੂੰਡਾ ਕੱਢ ਦੂ ਤੇਰੀਆਂ ਰੜਕਾਂ 'ਮਾਰਲੀ ਟਾਹਲੀ ਦੇ ਵਿਚ ਗੱਡੀ ਨੀ' ਸੁਣਾਏ ਅਤੇ ਅੱਸੀਵਿਆਂ ਤੇ ਨੱਬਿਆਂ ਦੇ ਅਖਾੜਿਆਂ ਦਾ ਜ਼ਿਕਰ ਵੀ ਕੀਤਾ। ਫ਼ਿਲਮ ਤੇ ਸੰਗੀਤ ਪ੍ਰਮੋਟਰ ਚਿੰਦੀ ਬਲਿੰਗ ਨੇ ਵੀ ਆਪਣੀ ਕਲਾਕਾਰੀ ਦੇ ਜੌਹਰ ਦਿਖਾਏ, ਇਸ ਮੌਕੇ ਗਗਨਦੀਪ ਜੌਸ਼ਨ, ਜਸ਼ਨ ਬਾਲਿੰਗ, ਪਰਵੀਨ ਤੇ ਸਾਹਿਤ ਪ੍ਰੇਮੀ ਮੌਜੂਦ ਸਨ। ਪਰਮਿੰਦਰ ਪਰਵਾਨਾ, ਕਮਲ ਬਾਂਗਾ ਅਤੇ ਤ੍ਰਿਪਤ ਭੱਟੀ ਨੇ ਵੀ ਸ਼ੁੱਭ ਕਾਮਨਾ ਦਿੱਤੀ।

# ਕੋਲੰਬੀਆ ਰਾਸ਼ਟਰਪਤੀ ਚੋਣਾਂ: ਟਰੰਪ ਦੇ ਸਮਰਥਕ 'ਦਿ ਟਾਈਗਰ' ਨੇ ਪਹਿਲੇ ਗੇੜ 'ਚ ਬਣਾਈ ਲੀਡ



ਬੋਗੋਟਾ : ਕੋਲੰਬੀਆ ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਦੱਖਣਪੰਥੀ ਆਗੂ ਅਤੇ ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਦੇ ਸਮਰਥਕ ਐਬੇਲਾਰਡੋ ਡੀ ਲਾ ਐਸਪ੍ਰੀਏਲਾ ਨੇ ਪਹਿਲੇ ਗੇੜ ਵਿੱਚ ਵੱਡੀ ਬੜ੍ਹਤ ਹਾਸਲ ਕਰਕੇ ਸਿਆਸੀ ਮਾਹਿਰਾਂ ਨੂੰ ਹੈਰਾਨ ਕਰ ਦਿੱਤਾ ਹੈ। ਐਤਵਾਰ ਨੂੰ ਹੋਈ ਵੋਟਿੰਗ ਵਿੱਚ 47 ਸਾਲਾ ਐਸਪ੍ਰੀਏਲਾ ਨੂੰ ਲਗਭਗ 44 ਫੀਸਦੀ ਵੋਟਾਂ ਮਿਲੀਆਂ ਹਨ, ਜਦਕਿ ਉਨ੍ਹਾਂ ਦੇ ਵਿਰੋਧੀ ਇਵਾਨ ਸੇਪੇਡਾ ਨੂੰ 41 ਫੀਸਦੀ ਤੋਂ ਘੱਟ ਵੋਟਾਂ ਪ੍ਰਾਪਤ ਹੋਈਆਂ ਹਨ। ਆਪਣੇ ਸਮਰਥਕਾਂ ਵਿੱਚ 'ਦਿ ਟਾਈਗਰ' (The Tiger) ਦੇ ਨਾਮ ਨਾਲ ਮਸ਼ਹੂਰ ਇਸ ਵਕੀਲ ਨੇ ਅਜੇ ਤੱਕ ਕਦੇ ਕੋਈ ਚੁਣਿਆ ਹੋਇਆ ਅਹੁਦਾ ਨਹੀਂ ਸੰਭਾਲਿਆ ਹੈ। ਉਨ੍ਹਾਂ ਨੇ ਚੋਣ ਪ੍ਰਚਾਰ ਦੌਰਾਨ ਵਾਅਦਾ ਕੀਤਾ ਹੈ ਕਿ ਜੇਕਰ ਉਹ ਸੱਤਾ ਵਿੱਚ ਆਉਂਦੇ ਹਨ ਤਾਂ ਉਹ ਕੋਲੰਬੀਆ ਵਿੱਚ ਅਪਰਾਧਿਕ ਗਿਰੋਹਾਂ ਅਤੇ ਨਾਰਕੋ-ਅੱਤਵਾਦ ਦਾ ਪੂਰੀ ਤਾਕਤ ਨਾਲ ਸਫਾਇਆ ਕਰ ਦੇਣਗੇ। ਉਨ੍ਹਾਂ ਨੇ ਅਪਰਾਧੀਆਂ ਖ਼ਿਲਾਫ ਮਿਸਾਲੀ ਕਾਰਵਾਈ ਕਰਨ ਲਈ ਦੇਸ਼ ਵਿੱਚ 10 ਮੈਗਾ ਜੇਲ੍ਹਾਂ ਬਣਾਉਣ ਦਾ ਵਾਅਦਾ ਵੀ ਕੀਤਾ ਹੈ।

ਐਸਪ੍ਰੀਏਲਾ ਦੀ ਸਿਆਸੀ ਸੋਚ 'ਤੇ ਟਰੰਪ ਅਤੇ ਅਲ ਸਲਵਾਡੋਰ ਦੇ ਰਾਸ਼ਟਰਪਤੀ ਨਾਇਬ ਬੁਕੇਲੇ ਦੇ ਮਾਡਲ ਦਾ ਪ੍ਰਭਾਵ ਮੰਨਿਆ ਜਾਂਦਾ ਹੈ। ਹੁਣ 21 ਜੂਨ ਨੂੰ ਹੋਣ ਵਾਲੇ ਦੂਜੇ ਗੇੜ (Runoff) ਦੇ ਮੁਕਾਬਲੇ ਵਿੱਚ ਐਸਪ੍ਰੀਏਲਾ ਦਾ ਸਾਹਮਣਾ ਪ੍ਰਗਤੀਸ਼ੀਲ ਸੈਨੇਟਰ ਇਵਾਨ ਸੇਪੇਡਾ ਨਾਲ ਹੋਵੇਗਾ। ਸੇਪੇਡਾ ਮੌਜੂਦਾ ਰਾਸ਼ਟਰਪਤੀ ਗੁਸਤਾਵੋ ਪੇਤਰੋ ਦੇ ਕਰੀਬੀ ਸਹਿਯੋਗੀ ਹਨ।

ਸਿਆਸੀ ਵਿਸ਼ਲੇਸ਼ਕਾਂ ਅਨੁਸਾਰ, ਵੱਧਦੇ ਅਪਰਾਧ ਅਤੇ ਸੁਰੱਖਿਆ ਸਬੰਧੀ ਚਿੰਤਾਵਾਂ ਕਾਰਨ ਕੋਲੰਬੀਆ ਦੇ ਵੋਟਰਾਂ ਦਾ ਇੱਕ ਵੱਡਾ ਵਰਗ ਹੁਣ ਸਖ਼ਤ ਕਾਨੂੰਨ-ਵਿਵਸਥਾ ਦੀ ਨੀਤੀ ਵੱਲ ਆਕਰਸ਼ਿਤ ਹੋ ਰਿਹਾ ਹੈ। ਹਾਲਾਂਕਿ ਵਿਰੋਧੀ ਧਿਰ ਨੇ ਇਨ੍ਹਾਂ ਚੋਣ ਨਤੀਜਿਆਂ 'ਤੇ ਸਵਾਲ ਵੀ ਚੁੱਕੇ ਹਨ। ਹੁਣ ਸਾਰਿਆਂ ਦੀਆਂ ਨਜ਼ਰਾਂ 21 ਜੂਨ ਦੀਆਂ ਚੋਣਾਂ 'ਤੇ ਟਿਕੀਆਂ ਹੋਈਆਂ ਹਨ, ਜੋ ਇਹ ਤੈਅ ਕਰਨਗੀਆਂ ਕਿ ਕੋਲੰਬੀਆ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਸਮਰਥਕ ਦੀਆਂ ਦੱਖਣਪੰਥੀ ਨੀਤੀਆਂ ਨੂੰ ਅਪਣਾਏਗਾ ਜਾਂ ਨਹੀਂ।

## ਅਮਰੀਕਾ ਜਾਣ ਦਾ ਕ੍ਰੇਜ਼ !

# 95,00,000 ਦੇ ਕੇ ਵੀ ਜਾਣ ਨੂੰ ਤਿਆਰ ਹੋਏ ਲੱਖਾਂ ਲੋਕ, ਹੈਰਾਨ ਕਰਨਗੇ ਅੰਕੜੇ




ਵਾਸ਼ਿੰਗਟਨ : ਅਮਰੀਕਾ ਵਿੱਚ ਕੰਮ ਕਰਨ ਦੇ ਚਾਹਵਾਨ ਪੇਸ਼ੇਵਰਾਂ ਲਈ H-1B ਵੀਜ਼ਾ ਹਾਸਲ ਕਰਨਾ ਹੁਣ ਇੱਕ ਬੇਹੱਦ ਮਹਿੰਗਾ ਸੌਦਾ ਸਾਬਤ ਹੋ ਰਿਹਾ ਹੈ। ਵਿੱਤ ਵਰ੍ਹੇ 2026 ਵਿੱਚ ਅਮਰੀਕਾ ਜਾਣ ਲਈ 2 ਲੱਖ ਤੋਂ ਵੱਧ ਅਜਿਹੇ ਬਿਨੈਕਾਰ ਸਾਹਮਣੇ ਆਏ ਹਨ, ਜਿਨ੍ਹਾਂ ਨੇ ਆਪਣੇ ਵੀਜ਼ਾ ਦੀ ਪ੍ਰਕਿਰਿਆ ਨੂੰ ਤੇਜ਼ ਕਰਵਾਉਣ ਲਈ 1 ਲੱਖ ਅਮਰੀਕੀ ਡਾਲਰ (ਲਗਭਗ 95 ਲੱਖ ਰੁਪਏ) ਦੀ ਭਾਰੀ ਫੀਸ ਅਦਾ ਕੀਤੀ ਹੈ।

ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ (DHS) ਦੇ ਮੰਤਰੀ ਮਾਰਕਵਾਇਨੇ ਮੁਲਿਨ ਨੇ ਸੈਨੇਟ ਦੀ ਇੱਕ ਕਮੇਟੀ ਦੇ ਸਾਹਮਣੇ ਖੁਲਾਸਾ ਕੀਤਾ ਕਿ ਇਸ ਸਾਲ ਹੁਣ ਤੱਕ ਕੁੱਲ 2.86 ਲੱਖ H-1B ਵੀਜ਼ਾ ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਇਨ੍ਹਾਂ ਵਿੱਚੋਂ 2 ਲੱਖ ਤੋਂ ਵੱਧ ਲੋਕਾਂ ਨੇ 'ਤਰਜੀਹ' ਦੇ ਆਧਾਰ 'ਤੇ ਅਰਜ਼ੀ ਦੇ ਨਿਪਟਾਰੇ ਦਾ ਵਿਕਲਪ ਚੁਣਿਆ। ਮੰਤਰੀ ਅਨੁਸਾਰ 1 ਲੱਖ ਡਾਲਰ ਦੀ ਫੀਸ ਦੇਣ ਵਾਲਿਆਂ ਦੀ ਅਰਜ਼ੀ ਦਾ ਨਿਪਟਾਰਾ ਮਹਿਜ਼ 15 ਦਿਨਾਂ ਵਿੱਚ ਹੋ ਜਾਂਦਾ ਹੈ, ਜਦਕਿ ਸਾਧਾਰਨ ਅਰਜ਼ੀਆਂ ਨੂੰ ਲਗਭਗ ਸਾਢੇ ਸੱਤ ਮਹੀਨੇ ਦਾ ਸਮਾਂ ਲੱਗਦਾ ਹੈ।

ਇਸ ਭਾਰੀ ਫੀਸ ਕਾਰਨ ਪੇਂਡੂ ਖੇਤਰਾਂ ਵਿੱਚ ਸਿਹਤ ਸੇਵਾਵਾਂ ਪ੍ਰਭਾਵਿਤ ਹੋਣ ਦਾ ਮੁੱਦਾ ਵੀ ਗਰਮਾਇਆ ਹੋਇਆ ਹੈ। ਅਮਰੀਕੀ ਸੈਨੇਟਰ ਸੁਸੈਨ ਕੋਲਿਨਸ ਨੇ ਦੱਸਿਆ ਕਿ ਮੇਨ ਰਾਜ ਦੇ ਇੱਕ ਪੇਂਡੂ ਹਸਪਤਾਲ ਨੂੰ ਇੱਕ ਬੇਹੱਦ ਜ਼ਰੂਰੀ ਸਰਜਨ ਦੀ ਨਿਯੁਕਤੀ ਲਈ ਇਹ ਮੋਟੀ ਫੀਸ ਭਰਨੀ ਪਈ। ਉਨ੍ਹਾਂ ਸਵਾਲ ਚੁੱਕਿਆ ਕਿ ਪੇਂਡੂ ਹਸਪਤਾਲਾਂ ਅਤੇ ਸਿਲੀਕਾਨ ਵੈਲੀ ਦੀਆਂ ਵੱਡੀਆਂ ਆਈ.ਟੀ. ਕੰਪਨੀਆਂ ਨਾਲ ਇੱਕੋ ਜਿਹਾ ਵਿਵਹਾਰ ਨਹੀਂ ਕੀਤਾ ਜਾਣਾ ਚਾਹੀਦਾ। ਇਸੇ ਤਰ੍ਹਾਂ ਅਲਾਸਕਾ ਦੀ ਸੈਨੇਟਰ ਲੀਸਾ ਮੁਰਕੋਵਸਕੀ ਨੇ ਵੀ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਦਾ ਮੁੱਦਾ ਚੁੱਕਦਿਆਂ H-1B ਵੀਜ਼ਾ ਰਾਹੀਂ ਭਰਤੀ ਨੂੰ ਸੌਖਾ ਬਣਾਉਣ ਦੀ ਮੰਗ ਕੀਤੀ।

ਸੈਨੇਟਰ ਕੋਲਿਨਸ ਦੀ ਮੰਗ 'ਤੇ ਕਿ ਜਿਨ੍ਹਾਂ ਇਲਾਕਿਆਂ ਵਿੱਚ ਡਾਕਟਰ ਉਪਲਬਧ ਨਹੀਂ ਹਨ, ਉਨ੍ਹਾਂ ਨੂੰ ਇਸ ਫੀਸ ਤੋਂ ਛੋਟ ਦਿੱਤੀ ਜਾਵੇ, ਮੰਤਰੀ ਮੁਲਿਨ ਨੇ ਭਰੋਸਾ ਦਿੱਤਾ ਕਿ ਉਹ ਇਸ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਹਾਲਾਤਾਂ ਦੇ ਆਧਾਰ 'ਤੇ ਨਿਯਮਾਂ ਵਿੱਚ ਕੁਝ ਨਰਮੀ ਵਰਤਣ ਬਾਰੇ ਵਿਚਾਰ ਕੀਤਾ ਜਾ ਸਕਦਾ ਹੈ।

## ਭਾਰਤ ਦੀ ਧੀ ਨੇ ਰਚਿਆ ਇਤਿਹਾਸ

# ਉੱਤਰੀ ਅਮਰੀਕਾ ਦੇ ਸਭ ਤੋਂ ਉੱਚੇ ਜਵਾਲਾਮੁਖੀ 'ਤੇ ਲਹਿਰਾਇਆ ਤਿਰੰਗਾ





ਹਰਦਾ : ਮੱਧ ਪ੍ਰਦੇਸ਼ ਦੇ ਹਰਦਾ ਜ਼ਿਲ੍ਹੇ ਦੇ ਪਿੰਡ ਕੁਕਰਾਵਦ ਦੀ ਰਹਿਣ ਵਾਲੀ ਪ੍ਰਸਿੱਧ ਪਰਬਤਾਰੋਹੀ ਜੋਤੀ ਰਾਤਰੇ ਨੇ ਇੱਕ ਵਾਰ ਫਿਰ ਵਿਸ਼ਵ ਪੱਧਰ 'ਤੇ ਦੇਸ਼ ਦਾ ਮਾਨ ਵਧਾਇਆ ਹੈ। ਜੋਤੀ ਨੇ ਮੈਕਸੀਕੋ ਵਿੱਚ ਸਥਿਤ 5,636 ਮੀਟਰ ਉੱਚੀ ਪਿਕੋ ਡੀ ਓਰੀਜ਼ਾਬਾ (Pico de Orizaba) ਚੋਟੀ 'ਤੇ ਸਫਲਤਾਪੂਰਵਕ ਤਿਰੰਗਾ ਲਹਿਰਾਇਆ ਹੈ। ਇਸ ਦੇ ਨਾਲ ਹੀ ਉਹ ਤਿੰਨ ਮਹਾਂਦੀਪਾਂ ਦੇ ਸਭ ਤੋਂ ਉੱਚੇ ਜਵਾਲਾਮੁਖੀ 'ਤੇ ਪਹੁੰਚਣ ਵਾਲੀ ਭਾਰਤ ਦੀ ਸਭ ਤੋਂ ਸੀਨੀਅਰ ਮਹਿਲਾ ਬਣ ਗਈ ਹੈ।

ਜੋਤੀ ਰਾਤਰੇ ਨੇ ਆਪਣੀ ਅੰਤਿਮ ਚੜ੍ਹਾਈ 30 ਮਈ 2026 ਨੂੰ ਰਾਤ 12:42 ਵਜੇ ਸ਼ੁਰੂ ਕੀਤੀ ਸੀ। ਇਸ ਮੁਹਿੰਮ ਦੌਰਾਨ ਉਨ੍ਹਾਂ ਨੂੰ -15 ਤੋਂ -18 ਡਿਗਰੀ ਸੈਲਸੀਅਸ ਦੇ ਜਮਾ ਦੇਣ ਵਾਲੇ ਤਾਪਮਾਨ, ਤੇਜ਼ ਬਰਫੀਲੀ ਹਵਾਵਾਂ ਅਤੇ ਕਠਿਨ ਗਲੇਸ਼ੀਅਰਾਂ ਦਾ ਸਾਹਮਣਾ ਕਰਨਾ ਪਿਆ। ਕਰੀਬ 10 ਘੰਟੇ 28 ਮਿੰਟ ਦੇ ਲਗਾਤਾਰ ਸੰਘਰਸ਼ ਤੋਂ ਬਾਅਦ ਉਹ ਸਵੇਰੇ 11:10 ਵਜੇ ਸ਼ਿਖਰ 'ਤੇ ਪਹੁੰਚਣ ਵਿੱਚ ਸਫਲ ਰਹੀ।

ਜੋਤੀ ਰਾਤਰੇ, ਜੋ ਪਹਿਲਾਂ ਮਾਊਂਟ ਏਵਰੈਸਟ ਸਮੇਤ ਕਈ ਅੰਤਰਰਾਸ਼ਟਰੀ ਮੁਹਿੰਮਾਂ ਫਤਹਿ ਕਰ ਚੁੱਕੀ ਹੈ, ਨੇ ਆਪਣੀ ਇਸ ਤਾਜ਼ਾ ਉਪਲਬਧੀ ਨੂੰ ਭਾਰਤ ਦੀਆਂ ਪੇਂਡੂ ਔਰਤਾਂ ਨੂੰ ਸਮਰਪਿਤ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਦ੍ਰਿੜ ਇੱਛਾ ਸ਼ਕਤੀ ਅਤੇ ਲਕਸ਼ ਪ੍ਰਤੀ ਸਮਰਪਣ ਨਾਲ ਕੋਈ ਵੀ ਮੰਜ਼ਿਲ ਹਾਸਲ ਕੀਤੀ ਜਾ ਸਕਦੀ ਹੈ।

ਇਸ ਇਤਿਹਾਸਕ ਪ੍ਰਾਪਤੀ ਤੋਂ ਬਾਅਦ ਹਰਦਾ ਜ਼ਿਲ੍ਹੇ ਅਤੇ ਪਰਿਵਾਰ ਵਿੱਚ ਖੁਸ਼ੀ ਦੀ ਲਹਿਰ ਹੈ। ਜੋਤੀ ਦੀ ਇਹ ਸਫਲਤਾ ਇਲਾਕੇ ਦੀਆਂ ਔਰਤਾਂ ਅਤੇ ਨੌਜਵਾਨਾਂ ਲਈ ਇੱਕ ਵੱਡੀ ਪ੍ਰੇਰਨਾ ਬਣ ਕੇ ਉਭਰੀ ਹੈ।

## ਕਿਆਸ-ਅਰਾਈਆਂ

2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਪੰਜਾਬ ਵਿਚ ਦਿਨ-ਬ-ਦਿਨ ਸਿਆਸੀ ਹਲਚਲ ਤੇਜ਼ ਹੁੰਦੀ ਜਾ ਰਹੀ ਹੈ। ਸਭ ਸੰਬੰਧਿਤ ਪਾਰਟੀਆਂ ਆਪੋ-ਆਪਣੀ ਰਣਨੀਤੀ ਘੜਨ ਵੱਲ ਤਵੱਜੋ ਦੇ ਰਹੀਆਂ ਹਨ। ਕਾਂਗਰਸ ਦਾ ਪੰਜਾਬ ਦੀ ਸਿਆਸਤ ਵਿਚ ਵੱਡਾ ਪ੍ਰਭਾਵ ਰਿਹਾ ਹੈ। ਸਮੇਂ-ਸਮੇਂ ਇਸ ਦੀਆਂ ਸਰਕਾਰਾਂ ਬਣਦੀਆਂ ਰਹੀਆਂ ਹਨ। ਚਾਹੇ ਇਸ ਸਮੇਂ ਵਿਧਾਨ ਸਭਾ ਵਿਚ ਇਸ ਦੇ 16 ਵਿਧਾਇਕ ਹੀ ਹਨ, ਪਰ ਸਾਲ 2022 ਵਿਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਪਹਿਲਾਂ ਰਾਜ ਵਿਚ ਕਾਂਗਰਸ ਦੀ ਬਹੁਮਤ ਵਾਲੀ ਸਰਕਾਰ ਪ੍ਰਸ਼ਾਸਨ ਚਲਾ ਰਹੀ ਸੀ। ਚਾਹੇ ਆਪਣੇ ਕਾਰਜਕਾਲ ਦੇ ਅਖ਼ੀਰ ਵਿਚ ਪਾਰਟੀ ਅੰਦਰ ਉੱਭਰੇ ਵਖਰੇਵਿਆਂ ਕਾਰਨ ਕੈਪਟਨ ਅਮਰਿੰਦਰ ਸਿੰਘ ਦੀ ਥਾਂ ’ਤੇ ਕੁਝ ਮਹੀਨਿਆਂ ਲਈ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਬਣਾਏ ਗਏ ਸਨ, ਪਰ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਪਾਰਟੀ ਦੇ ਅੰਦਰੂਨੀ ਕਲੇਸ਼ ਕਾਰਨ ਕਾਂਗਰਸ ਚੋਣ ਪ੍ਰਚਾਰ ਵਿਚ ਪਿੱਛੇ ਰਹਿ ਗਈ ਸੀ। ਪਰ ਇਸ ਦੇ ਨਾਲ-ਨਾਲ ਕਾਂਗਰਸ ਦੀ ਉਸ ਸਮੇਂ ਦੀ ਸਰਕਾਰ ਦੀ ਸਮੁੱਚੀ ਕਾਰਗੁਜ਼ਾਰੀ ਵੀ ਸੰਤੁਸ਼ਟੀਜਨਕ ਨਹੀਂ ਸੀ, ਜਿਸ ਕਾਰਨ ਤੀਸਰੇ ਬਦਲ ਵਜੋਂ ਆਮ ਆਦਮੀ ਪਾਰਟੀ ਨੂੰ ਵੱਡਾ ਹੁੰਗਾਰਾ ਮਿਲਿਆ ਸੀ ਅਤੇ ਇਸ ਨੇ ਵਿਧਾਨ ਸਭਾ ਦੀਆਂ 117 ਵਿਚੋਂ 92 ਸੀਟਾਂ ’ਤੇ ਜਿੱਤ ਪ੍ਰਾਪਤ ਕਰਕੇ ਇਤਿਹਾਸ ਰਚਿਆ ਸੀ।

ਪੰਜਾਬ ਵਿਚ ਕਦੀ ਬੇਹੱਦ ਪ੍ਰਭਾਵਸ਼ਾਲੀ ਰਹੇ ਅਕਾਲੀ ਦਲ (ਬ) ਵਿਚ ਅਨੇਕਾਂ ਕਾਰਨਾਂ ਕਰਕੇ ਪਿਛਲੇ 4 ਸਾਲਾਂ ਤੋਂ ਨਿਰਾਸ਼ਾ ਹੀ ਵੇਖੀ ਜਾਂਦੀ ਰਹੀ ਹੈ। ਅਕਾਲੀਆਂ ਦੀ ਫੁੱਟ ਕਾਰਨ ਅਤੇ ਨਵੇਂ ਅਕਾਲੀ ਦਲਾਂ ਦੇ ਹੋਂਦ ਵਿਚ ਆਉਣ ਕਾਰਨ ਵੀ ਸਮੁੱਚੇ ਤੌਰ ’ਤੇ ਅਕਾਲੀ ਸਿਆਸਤ ਵਿਚ ਲਗਾਤਾਰ ਨਿਘਾਰ ਆਉਂਦਾ ਵੇਖਿਆ ਜਾ ਰਿਹਾ ਹੈ। ਇਸੇ ਹੀ ਅਰਸੇ ਵਿਚ ਭਾਜਪਾ ਨੇ ਵੀ ਸੂਬੇ ਦੀ ਸਿਆਸਤ ਦੇ ਆਕਾਸ਼ ਵਿਚ ਆਪਣੇ ਪਰ ਤੋਲਣੇ ਸ਼ੁਰੂ ਕਰ ਦਿੱਤੇ ਹਨ। ਕੇਂਦਰ ਵਿਚ ਭਾਜਪਾ ਸਰਕਾਰ ਹੋਣ ਕਾਰਨ ਵੀ ਸੂਬੇ ਵਿਚ ਇਸ ਦਾ ਪ੍ਰਭਾਵ ਵਧਦਾ ਨਜ਼ਰ ਆ ਰਿਹਾ ਹੈ। ਕਾਂਗਰਸ ਰਾਜ ਦੀ ਸਿਆਸਤ ਵਿਚ ਆਪਣੇ-ਆਪ ਨੂੰ ਹਮੇਸ਼ਾ ਇਕ ਵੱਡੀ ਧਿਰ ਮੰਨਦੀ ਆਈ ਹੈ, ਪਰ ਪਾਰਟੀ ਅੰਦਰਲੀ ਫੁੱਟ ਕਾਰਨ ਇਹ ਹੁਣ ਤੱਕ ਆਪਣੇ-ਆਪ ਨੂੰ ਮਜ਼ਬੂਤੀ ਨਾਲ ਖੜ੍ਹਾ ਕਰਨ ਵਿਚ ਅਸਮਰੱਥ ਰਹੀ ਹੈ। ਇਸ ਦਾ ਅਹਿਸਾਸ ਪਾਰਟੀ ਅੰਦਰ ਵੀ ਬਣਿਆ ਰਿਹਾ ਹੈ ਅਤੇ ਆਮ ਲੋਕਾਂ ਵਿਚ ਵੀ ਅਜਿਹੀ ਗੱਲ ਲਗਾਤਾਰ ਤੁਰਦੀ ਰਹੀ ਹੈ। ਹੁਣ ਭਾਜਪਾ ਵਲੋਂ ਮਾਲਵਾ ਖਿੱਤੇ ਨਾਲ ਸੰਬੰਧ ਰੱਖਦੇ ਕੇਵਲ ਸਿੰਘ ਢਿੱਲੋਂ ਨੂੰ ਪ੍ਰਧਾਨ ਐਲਾਨਣ ਦੇ ਨਾਲ ਕਾਂਗਰਸੀ ਸਫ਼ਾਂ ਵਿਚ ਵੀ ਹਲਚਲ ਮਚੀ ਦੇਖੀ ਜਾ ਸਕਦੀ ਹੈ। ਚਾਹੇ ਸੂਬੇ ਦੇ ਵੱਡੇ ਆਗੂ ਪਾਰਟੀ ਦੀ ਮਜ਼ਬੂਤੀ ਅਤੇ ਇਕਜੁੱਟਤਾ ਦੇ ਦਾਅਵੇ ਜ਼ਰੂਰ ਕਰ ਰਹੇ ਹਨ, ਪਰ ਇਸ ਦੀ ਅੰਦਰੂਨੀ ਖਿੱਚੋਤਾਣ ਦਾ ਪ੍ਰਭਾਵ ਲਗਾਤਾਰ ਕਾਇਮ ਰਿਹਾ ਹੈ। ਇਸੇ ਸੰਦਰਭ ਵਿਚ ਪਾਰਟੀ ਦੀ ਹਾਈਕਮਾਨ ਵਲੋਂ ਰਾਜ ਦੇ ਵੱਡੇ ਸੂਬਾ ਆਗੂਆਂ ਦੀਆਂ ਦਿੱਲੀ ਵਿਚ ਸਮੇਂ-ਸਮੇਂ ਬੁਲਾਈਆਂ ਜਾਂਦੀਆਂ ਮੀਟਿੰਗਾਂ ਅਤੇ ਮੁਲਾਕਾਤਾਂ ਨੂੰ ਵੀ ਵੇਖਿਆ ਜਾ ਸਕਦਾ ਹੈ। ਇਸੇ ਕਰਕੇ ਪਿਛਲੇ ਦਿਨੀਂ ਸੂਬਾ ਲੀਡਰਸ਼ਿਪ ਵਿਚ ਤਬਦੀਲੀਆਂ ਹੋਣ ਦੇ ਸੰਕੇਤ ਵੀ ਮਿਲਦੇ ਰਹੇ ਹਨ। ਹੁਣ ਤੱਕ ਇਸ ਸੰਬੰਧੀ ਤਰ੍ਹਾਂ-ਤਰ੍ਹਾਂ ਦੇ ਅੰਦਾਜ਼ੇ ਲਗਾਏ ਜਾਂਦੇ ਰਹੇ ਹਨ।

ਭਾਵੇਂ ਹਾਈਕਮਾਂਡ ਵਲੋਂ ਸੂਬਾ ਲੀਡਰਸ਼ਿਪ ਵਿਚ ਤਬਦੀਲੀ ਨਾ ਕਰਨ ਦੇ ਐਲਾਨ ਜ਼ਰੂਰ ਕੀਤੇ ਜਾ ਰਹੇ ਹਨ, ਪਰ ਇਸ ਦੇ ਬਾਵਜੂਦ ਕਿਆਸ-ਅਰਾਈਆਂ ਦਾ ਸਿਲਸਿਲਾ ਖ਼ਤਮ ਹੋਣ ਵਾਲਾ ਨਹੀਂ ਲਗਦਾ। ਸੂਬੇ ਵਿਚ ਪਹਿਲਾਂ ਕੀਤੀਆਂ ਮਹੱਤਵਪੂਰਨ ਤਬਦੀਲੀਆਂ ਦਾ ਪਾਰਟੀ ਨੂੰ ਨੁਕਸਾਨ ਹੀ ਹੋਇਆ ਸੀ। ਇਸੇ ਤਰ੍ਹਾਂ ਹਰਿਆਣੇ ਵਿਚ ਵੀ ਪਾਰਟੀ ਦੀ ਅੰਦਰੂਨੀ ਫੁੱਟ ਨਾਲ ਭਾਜਪਾ ਦੀ ਹੋਰ ਵੀ ਚੜ੍ਹਤ ਹੋ ਗਈ ਸੀ। ਆਉਂਦੇ ਸਮੇਂ ਵਿਚ ਪਾਰਟੀ ਸੂਬਾ ਚੋਣਾਂ ਲਈ ਆਪਣੇ-ਆਪ ਨੂੰ ਕਿਸ ਤਰ੍ਹਾਂ ਤਿਆਰ ਕਰਨ ਦੇ ਸਮਰੱਥ ਹੋ ਸਕੇਗੀ, ਇਸ ਵੱਲ ਸਭ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ। ਜੇਕਰ ਪਾਰਟੀ ਦੀ ਅਜੋਕੀ ਸਥਿਤੀ ਬਰਕਰਾਰ ਰਹੀ ਤਾਂ ਪਾਰਟੀ ਲਈ ਇਹ ਵੱਡੀ ਨਿਰਾਸ਼ਾ ਵਾਲੀ ਗੱਲ ਸਾਬਿਤ ਹੋਵੇਗੀ।

# ਫਾਈਨਲ ਨੇੜੇ, ਸਿਆਸੀ ਤਿਆਰੀਆਂ ਤੇਜ਼




**ਅਰਵਿੰਦਰ ਜੌਹਲ**

ਭਰ ਗਰਮੀ ਵਿੱਚ ਹੋਈਆਂ ਪੰਜਾਬ ਦੀਆਂ ਨਗਰ ਨਿਗਮ ਅਤੇ ਨਗਰ ਕੌਂਸਲ/ਨਗਰ ਪੰਚਾਇਤ ਚੋਣਾਂ ਦੇ ਨਤੀਜੇ ਕਿਸੇ ਲਈ ਮੌਨਸੂਨ ਦੀਆਂ ਫੁਹਾਰਾਂ ਵਾਂਗ ਨੇ ਅਤੇ ਕਿਸੇ ਲਈ ਜੇਠ ਹਾੜ੍ਹ ਵਿੱਚ ਵਗਦੀ ਲੂ ਵਾਂਗ। ਇਨ੍ਹਾਂ ਚੋਣਾਂ ਦੇ ਨਤੀਜੇ ਆਉਂਦਿਆਂ ਹੀ ਮੌਸਮ ਭਾਵੇਂ ਖ਼ੁਸ਼ਗਵਾਰ ਹੋ ਗਿਆ ਹੈ, ਪਰ ਆਉਣ ਵਾਲੇ ਮਹੀਨਿਆਂ ਵਿੱਚ ਪੰਜਾਬ ਦਾ ਸਿਆਸੀ ਮਾਹੌਲ ਗਰਮਾਇਆ ਹੀ ਰਹੇਗਾ।

ਨਿਸ਼ਚਿਤ ਤੌਰ ’ਤੇ ਕਿਸੇ ਵੀ ਚੋਣ ’ਚ ਜੇਤੂ ਰਹਿਣ ਵਾਲਿਆਂ ਲਈ ਮਾਹੌਲ ਜਸ਼ਨ ਵਾਲਾ ਹੁੰਦਾ ਹੈ ਜਦੋਂਕਿ ਹਾਰਨ ਵਾਲਿਆਂ ਲਈ ਮਾਯੂਸੀ ਭਰਿਆ; ਪਰ ਆਮ ਲੋਕਾਂ ਭਾਵ ਵੋਟਰਾਂ ਲਈ ਵਧੀਆ ਚੋਣਾਂ ਉਹੀ ਹੁੰਦੀਆਂ ਨੇ ਜਿਨ੍ਹਾਂ ’ਚ ਸਹੀ ਲੋਕ ਜਿੱਤ ਕੇ ਅੱਗੇ ਆਉਣ, ਜੋ ਚੋਣਾਂ ਨਿਰਪੱਖ ਹੋਣ ਅਤੇ ਜਿਨ੍ਹਾਂ ’ਚ ਕਿਸੇ ਕਿਸਮ ਦੀ ਹਿੰਸਾ ਜਾਂ ਹੇਰਾਫੇਰੀ ਨਾ ਹੋਈ ਹੋਵੇ। ਭਾਵੇਂ ਇਨ੍ਹਾਂ ਚੋਣਾਂ ਦੇ ਪ੍ਰਚਾਰ ਅਤੇ ਅਮਲ ਦੌਰਾਨ ਕੁਝ ਥਾਵਾਂ ’ਤੇ ਹਿੰਸਕ ਘਟਨਾਵਾਂ ਵੀ ਹੋਈਆਂ ਅਤੇ ਕਈ ਥਾਈਂ ਹੇਰਾਫੇਰੀ ਦੇ ਦੋਸ਼ ਵੀ ਲੱਗੇ, ਪਰ ਕੁੱਲ ਮਿਲਾ ਕੇ ਇਨ੍ਹਾਂ ਚੋਣਾਂ ਦਾ ਸਮੁੱਚਾ ਅਮਲ ਹਾਂ-ਪੱਖੀ ਰਿਹਾ। ਪੰਜਾਬ ਵਿਧਾਨ ਸਭਾ ਚੋਣਾਂ ਤੋਂ ਮਹਿਜ਼ ਅੱਠ-ਨੌਂ ਮਹੀਨੇ ਪਹਿਲਾਂ ਹੋਈਆਂ ਇਨ੍ਹਾਂ ਚੋਣਾਂ ਨੂੰ ਕੁਝ ਮਾਹਿਰਾਂ ਵੱਲੋਂ ਭਾਵੇਂ ਸੈਮੀਫਾਈਨਲ ਕਿਹਾ ਜਾ ਰਿਹਾ ਹੈ, ਪਰ ਪਿਛਲੇ ਦੋ ਕੁ ਮਹੀਨੇ ਤੋਂ ਆਈ.ਪੀ.ਐੱਲ ਦੇਖ ਰਹੇ ਲੋਕ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਫਾਈਨਲ, ਫਾਈਨਲ ਹੀ ਹੁੰਦਾ ਹੈ। ਕਿਸੇ ਵੀ ਲੀਗ ਵਿੱਚ ਹਰ ਮੈਚ ਦੀ ਆਪਣੀ ਮਹੱਤਤਾ ਹੁੰਦੀ ਹੈ। ਉਂਜ ਵੀ ਹਰ ਮੈਦਾਨ ਅਤੇ ਹਰ ਪਿੱਚ ਵੱਖਰੀ ਹੁੰਦੀ ਹੈ। ਖਿਡਾਰੀ ਭਾਵੇਂ ਉਹੀ ਹੁੰਦੇ ਨੇ, ਟੀਮ ਵੀ ਉਹੀ ਹੁੰਦੀ ਹੈ, ਪਰ ਹਰ ਮੈਚ ਦਾ ਮਿਜ਼ਾਜ ਵੱਖਰਾ ਹੁੰਦਾ ਹੈ।

ਨਿਰਸੰਦੇਹ, ਇਨ੍ਹਾਂ ਚੋਣ ਨਤੀਜਿਆਂ ਮਗਰੋਂ ਇਹ ਕਿਆਸਅਰਾਈਆਂ ਲੱਗਣੀਆਂ ਸ਼ੁਰੂ ਹੋ ਗਈਆਂ ਨੇ ਕਿ ਫਰਵਰੀ 2027 ਵਿੱਚ ਜਾਂ ਇਸ ਤੋਂ ਪਹਿਲਾਂ ਹੋਣ ਵਾਲਾ ਫਾਈਨਲ ਮੈਚ ਕੌਣ ਜਿੱਤੇਗਾ ਅਤੇ ਕੌਣ ਨੰਬਰ ਦੋ ’ਤੇ ਰਹੇਗਾ। ਹਾਲਾਂਕਿ ਸਿਆਸੀ ਮਾਹਿਰ ਇਹ ਵੀ ਕਹਿੰਦੇ ਰਹਿਣਗੇ ਕਿ ਵਿਧਾਨ ਸਭਾ ਚੋਣਾਂ ਵਿੱਚ ਹਾਲੇ ਵਕਤ ਹੈ ਅਤੇ ਵਕਤ ਬਦਲਦਿਆਂ ਵੀ ਪਤਾ ਨਹੀਂ ਲੱਗਦਾ। ਇਸ ਦੇ ਬਾਵਜੂਦ ਇੱਕ ਗੱਲ ਬਿਲਕੁਲ ਸਪੱਸ਼ਟ ਹੈ ਕਿ ਪੰਜਾਬ ਦੀ ਸੱਤਾ ’ਤੇ ਕਾਬਜ਼ ਪਾਰਟੀ ਨੇ ਫਾਈਨਲ ਵਿੱਚ ਆਪਣੀ ਥਾਂ ਪੱਕੀ ਕਰ ਲਈ ਹੈ ਅਤੇ ਸਮਾਂ ਬੀਤਣ ਨਾਲ ਹੀ ਇਹ ਪਤਾ ਲੱਗੇਗਾ ਕਿ ਇਸ ਨੂੰ ਮੁਕਾਬਲਾ ਦੇਣ ਵਾਲੀ ਦੂਜੀ ਪ੍ਰਮੁੱਖ ਧਿਰ ਕਿਹੜੀ ਹੋਵੇਗੀ। ਇਹ ਵੀ ਦੇਖਣ ਵਾਲੀ ਗੱਲ ਹੋਵੇਗੀ ਕਿ ਆਉਂਦੇ ਸਮੇਂ ’ਚ ਕਿਹੜੇ ਅਤੇ ਕਿਹੋ ਜਿਹੇ ਗੱਠਜੋੜ ਬਣਨਗੇ?

ਇਨ੍ਹਾਂ ਨਿਗਮ ਅਤੇ ਕੌਂਸਲ ਚੋਣਾਂ ਦੇ ਨਤੀਜਿਆਂ ’ਤੇ ਨਜ਼ਰ ਮਾਰਿਆਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ 48.25 ਫ਼ੀਸਦੀ ਵੋਟਾਂ ਲੈ ਕੇ ‘ਆਪ’ ਸਭ ਤੋਂ ਅੱਗੇ ਰਹੀ ਹੈ। ‘ਆਪ’ ਨੂੰ ਮਿਲੀ ਵੋਟ ਫ਼ੀਸਦ, ਮੁਕਾਬਲੇ ਵਿੱਚ ਨਿੱਤਰੀਆਂ ਬਾਕੀ ਸਾਰੀਆਂ ਧਿਰਾਂ ਨੂੰ ਮਿਲੀ ਕੁੱਲ ਵੋਟ ਫ਼ੀਸਦ ਦੇ ਲਗਭਗ ਨੇੜੇ ਜਾ ਢੁੱਕੀ ਹੈ ਜਦੋਂਕਿ ਮੁਕਾਬਲੇ ਵਿੱਚ ਦੂਜੇ ਨੰਬਰ ’ਤੇ ਰਹੀ ਕਾਂਗਰਸ ਪਾਰਟੀ ਨੂੰ 20.08 ਫ਼ੀਸਦੀ ਵੋਟਾਂ ਮਿਲੀਆਂ ਹਨ। ਪੰਜਾਬ ਦੀ ਸੱਤਾ ’ਤੇ ਲੰਮਾ ਸਮਾਂ ਕਾਬਜ਼ ਰਹੇ ਅਕਾਲੀ ਦਲ ਨੂੰ ਸਿਰਫ਼ 9.71 ਫ਼ੀਸਦੀ ਵੋਟਾਂ ਹੀ ਮਿਲੀਆਂ ਨੇ। ਪੱਛਮੀ ਬੰਗਾਲ ਦੀਆਂ ਚੋਣਾਂ ਜਿੱਤਣ ਮਗਰੋਂ ਅਤਿ ਉਤਸ਼ਾਹ ਵਿੱਚ ਆ ਕੇ ‘ਅਬ ਪੰਜਾਬ ਕੀ ਬਾਰੀ ਹੈ’ ਦੇ ਸੰਕਲਪ ਨੂੰ ਲੈ ਕੇ ਸਿਆਸੀ ਗਿਣਤੀਆਂ-ਮਿਣਤੀਆਂ ਕਰ ਰਹੀ ਭਾਜਪਾ ਮਹਿਜ਼ 8.70 ਫ਼ੀਸਦੀ ਵੋਟਾਂ ਹੀ ਹਾਸਿਲ ਕਰ ਸਕੀ ਹੈ, ਜੋ ਆਜ਼ਾਦ ਉਮੀਦਵਾਰਾਂ ਵੱਲੋਂ ਹਾਸਿਲ ਕੀਤੇ ਵੋਟ ਫ਼ੀਸਦ 12.69 ਤੋਂ ਵੀ ਘੱਟ ਨੇ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ, ਜੋ ਦੋਵੇਂ ਪੰਜਾਬ ਦੀ ਸੱਤਾ ’ਚ ਭਾਈਵਾਲ ਰਹੇ ਹਨ, ਵੱਲੋਂ ਹਾਸਲ ਵੋਟ ਫ਼ੀਸਦ (9.71+8.70) ਨੂੰ ਜੇ ਆਪਸ ’ਚ ਜੋੜ ਲਿਆ ਜਾਵੇ ਤਾਂ ਵੀ ਇਹ ਕਾਂਗਰਸ ਦੀ ਵੋਟ ਫ਼ੀਸਦ ਤੋਂ ਥੋੜ੍ਹਾ ਘੱਟ ਹੈ।

ਭਾਜਪਾ ਨੇ ਹਾਲ ਹੀ ’ਚ ਸੁਨੀਲ ਜਾਖੜ ਨੂੰ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਹਟਾ ਕੇ ਕਾਰੋਬਾਰੀ ਕੇਵਲ ਸਿੰਘ ਢਿੱਲੋਂ ਨੂੰ ਇਸ ਅਹੁਦੇ ’ਤੇ ਬਿਠਾਇਆ ਹੈ। ਪਾਰਟੀ ਦਾ ਇਹ ਦਾਅ ਸਹੀ ਸਾਬਿਤ ਹੁੰਦਾ ਹੈ ਜਾਂ ਨਹੀਂ, ਇਸ ਸਵਾਲ ਦਾ ਜਵਾਬ ਤਾਂ ਭਵਿੱਖ ਦੇ ਗਰਭ ਵਿੱਚ ਛੁਪਿਆ ਹੋਇਆ ਹੈ, ਪਰ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਲਾਂਭੇ ਕੀਤੇ ਗਏ ਸੁਨੀਲ ਜਾਖੜ ਪਾਰਟੀ ਦੀ ਜਿੱਤ ਲਈ ਅਕਾਲੀ ਦਲ ਨਾਲ ਗੱਠਜੋੜ ਦੇ ਹਾਮੀ ਸਨ। ਉਨ੍ਹਾਂ ਜਨਤਕ ਤੌਰ ’ਤੇ ਆਪਣੇ ਇਹ ਵਿਚਾਰ ਸਭ ਦੇ ਸਾਹਮਣੇ ਰੱਖੇ ਸਨ ਅਤੇ ਕੁਝ ਅਜਿਹੇ ਹੀ ਵਿਚਾਰ ਕਾਂਗਰਸ ਛੱਡ ਕੇ ਭਾਜਪਾ ’ਚ ਗਏ ਕੈਪਟਨ ਅਮਰਿੰਦਰ ਸਿੰਘ ਦੇ ਵੀ ਹਨ। ਇਹ ਦੋਵੇਂ ਪੰਜਾਬ ਬਾਰੇ ਜ਼ਮੀਨੀ ਸਮਝ ਰੱਖਣ ਵਾਲੇ ਵੱਡੇ ਆਗੂ ਹਨ, ਜਿਨ੍ਹਾਂ ਦੇ ਵਿਚਾਰ ਸੂਬੇ ਦੀਆਂ ਜ਼ਮੀਨੀ ਹਕੀਕਤਾਂ ’ਤੇ ਆਧਾਰਿਤ ਹੁੰਦੇ ਹਨ। ਖ਼ੈਰ, ਜ਼ਮੀਨੀ ਹਕੀਕਤਾਂ ਸਰਵਉੱਚ ਆਗੂਆਂ ਨੂੰ ਦੱਸਣ ਅਤੇ ਅੱਗੋਂ ਸੁਣੇ ਜਾਣ ਦਾ ਸੱਭਿਆਚਾਰ ਭਾਜਪਾ ਵਿੱਚ ਨਾਂ-ਬਰਾਬਰ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਾਂਗਰਸ ਪਾਰਟੀ ਨੂੰ ਜਿੰਨੀ ਉਮੀਦ ਸੀ ਉਸ ਦੀ ਕਾਰਗੁਜ਼ਾਰੀ ਓਨੀ ਵਧੀਆ ਨਹੀਂ ਰਹੀ। ਹਾਲ ਹੀ ਵਿੱਚ ਪੱਛਮੀ ਬੰਗਾਲ ਦੀਆਂ ਚੋਣਾਂ ਜਿੱਤ ਕੇ ਦੇਸ਼ ਦੇ 21 ਸੂਬਿਆਂ ’ਚ ਸੱਤਾ ’ਤੇ ਕਾਬਜ਼ ਹੋਣ ਵਾਲੀ ਭਾਜਪਾ ਪੰਜਾਬ ਬਾਰੇ ਵੱਡੇ-ਵੱਡੇ ਦਾਅਵੇ ਕਰ ਰਹੀ ਸੀ, ਪਰ ਇਸ ਨੂੰ ਹਕੀਕਤ ਦਾ ਸ਼ੀਸ਼ਾ ਦਿਖਾਉਣ ਦਾ ਕੰਮ ਪਾਰਟੀ ਦੇ ਆਪਣੇ ਹੀ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਕਰ ਦਿੱਤਾ ਹੈ। ਜੇਰੇ ਨਾਲ ਸੱਚੀ ਗੱਲ ਕਹਿਣ ਵਾਲੇ ਕੈਪਟਨ ਨੇ ਆਪਣਾ ਪੱਖ ਸਪੱਸ਼ਟ ਕਰਦਿਆਂ ਕਿਹਾ ਕਿ ਕੇਵਲ ਸਿੰਘ ਢਿੱਲੋਂ ਦੀ ਨਿਯੁਕਤੀ ਬਾਰੇ ਉਨ੍ਹਾਂ ਨਾਲ ਕੋਈ ਸਲਾਹ ਨਹੀਂ ਕੀਤੀ ਗਈ। ਕੇਵਲ ਢਿੱਲੋਂ ਨਾਲ ਦੋਸਤੀ ਤੋਂ ਉਹ ਇਨਕਾਰ ਨਹੀਂ ਕਰਦੇ, ਪਰ ਉਸ ਦੀ ਕਾਰਗੁਜ਼ਾਰੀ ’ਤੇ ਪ੍ਰਸ਼ਨ ਚਿੰਨ੍ਹ ਜ਼ਰੂਰ ਲਾਉਂਦੇ ਨੇ। ਉਨ੍ਹਾਂ ਦਾ ਕਹਿਣਾ ਹੈ ਕਿ ਪਿਛਲੇ ਛੇ ਸਾਲਾਂ ਤੋਂ ਪਾਰਟੀ ’ਚ ਰਹਿੰਦਿਆਂ ਉਨ੍ਹਾਂ ਦੇਖਿਆ ਹੈ ਕਿ ਉਹ (ਭਾਜਪਾ ਦੇ ਚੋਟੀ ਦੇ ਆਗੂ) ਖ਼ੁਦ ਹੀ ਤੈਅ ਕਰਦੇ ਨੇ ਕਿ ਉਨ੍ਹਾਂ ਕੀ ਕਰਨਾ ਹੈ ਤੇ ਫਿਰ ਬਸ ਕਰ ਦਿੰਦੇ ਨੇ। ਭਾਜਪਾ ਦੀ ਕਾਰਜਸ਼ੈਲੀ ਬਾਰੇ ਪਾਰਟੀ ਦੇ ਹੀ ਕਿਸੇ ਆਗੂ ਵੱਲੋਂ ਅਜਿਹੀ ਟਿੱਪਣੀ ਕਰਨਾ ਸੱਚਮੁੱਚ ਹੀ ਜੁਰਅੱਤ ਵਾਲਾ ਕੰਮ ਹੈ। ਉਂਜ, ਗੱਲਬਾਤ ਦੌਰਾਨ ਉਨ੍ਹਾਂ ਨੂੰ ਆਪਣੀ ਪੁਰਾਣੀ ਪਾਰਟੀ ਕਾਂਗਰਸ ਵੀ ਯਾਦ ਆਈ, ਜਿਸ ਦੀ ਹਾਈਕਮਾਂਡ ਸੂਬੇ ਸਬੰਧੀ ਕਿਸੇ ਵੀ ਮਸਲੇ ਬਾਰੇ ਉਨ੍ਹਾਂ ਨਾਲ ਸਲਾਹ-ਮਸ਼ਵਰਾ ਕਰਦੀ ਸੀ ਅਤੇ ਉਨ੍ਹਾਂ ਨੂੰ ਸੂਬੇ ਬਾਰੇ ਫ਼ੈਸਲੇ ਲੈਣ ਦੀ ਵੀ ਖੁੱਲ੍ਹ ਸੀ।

ਇਸੇ ਗੱਲਬਾਤ ਵਿੱਚ ਉਨ੍ਹਾਂ ਆਪਣੀ ਪੁਰਾਣੀ ਪਾਰਟੀ ਕਾਂਗਰਸ ਦੀ ਅੰਦਰੂਨੀ ਧੜੇਬੰਦੀ ਅਤੇ ਮੁੱਖ ਮੰਤਰੀ ਦੀ ਕੁਰਸੀ ਦੇ ਬਹੁਤੇ ਦਾਅਵੇਦਾਰਾਂ ਦੀ ਸਮੱਸਿਆ ਦੀ ਨਿਸ਼ਾਨਦੇਹੀ ਵੀ ਕੀਤੀ। ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਮਗਰੋਂ ਸੁਨੀਲ ਜਾਖੜ ਨਾਲ ਹੋਈ ਗੱਲਬਾਤ ਤੋਂ ਉਨ੍ਹਾਂ ਇਹ ਸਿੱਟਾ ਕੱਢਿਆ ਕਿ ਉਹ ਹਰ ਗੱਲ ਨੂੰ ਹਾਂ-ਪੱਖੀ ਢੰਗ ਨਾਲ ਹੀ ਲੈਂਦੇ ਨੇ, ਇਹ ਉਨ੍ਹਾਂ ਦਾ ਸੁਭਾਅ ਹੈ ਪਰ ਅਗਲੇ ਹੀ ਪਲ ਉਨ੍ਹਾਂ ਦਾ ਫਿਕਰਾ ਸੀ, ਜਦੋਂ ਪੰਜਾਬ ਦੇ ਭਵਿੱਖ ਦੀ ਗੱਲ ਹੋਵੇ ਤਾਂ ਇਸ ਨੂੰ ਵੱਖਰੇ ਗੰਭੀਰ ਨਜ਼ਰੀਏ ਨਾਲ ਦੇਖਣ ਦੀ ਲੋੜ ਹੈ।

ਸੁਨੀਲ ਜਾਖੜ ਨੂੰ ਜੇਕਰ ਲਗਦਾ ਸੀ ਕਿ ਕਾਂਗਰਸ ਨੇ ਪਹਿਲਾਂ ਸਿੱਧੂ ਨੂੰ ਉਨ੍ਹਾਂ ਦੀ ਜਗ੍ਹਾ ਪਾਰਟੀ ਪ੍ਰਧਾਨ ਬਣਾ ਕੇ ਤੇ ਫਿਰ ਅਮਰਿੰਦਰ ਸਿੰਘ ਵੱਲੋਂ ਪਾਰਟੀ ਛੱਡਣ ਬਾਅਦ ਉਨ੍ਹਾਂ ਨੂੰ ਦਰਕਿਨਾਰ ਕਰ ਕੇ ਚਰਨਜੀਤ ਚੰਨੀ ਨੂੰ ਮੁੱਖ ਮੰਤਰੀ ਬਣਾ ਕੇ ਉਨ੍ਹਾਂ ਨਾਲ ਚੰਗੀ ਨਹੀਂ ਸੀ ਕੀਤੀ, ਪਰ ਚੰਗੀ ਤਾਂ ਹੁਣ ਭਾਜਪਾ ਨੇ ਵੀ ਨਹੀਂ ਕੀਤੀ। ਜਦੋਂ ਸ੍ਰੀ ਜਾਖੜ ਨੇ ਪਹਿਲਾਂ ਸਤੰਬਰ 2024 ਵਿੱਚ ਭਾਜਪਾ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦਿੱਤਾ ਸੀ ਤਾਂ ਉਨ੍ਹਾਂ ਦਾ ਅਸਤੀਫ਼ਾ ਪਾਰਟੀ ਨੇ ਪ੍ਰਵਾਨ ਨਹੀਂ ਸੀ ਕੀਤਾ। ਹੁਣ ਜਦੋਂ ਜੁਲਾਈ ’ਚ ਉਨ੍ਹਾਂ ਦੇ ਅਹੁਦੇ ਦੀ ਮਿਆਦ ਮੁੱਕ ਜਾਣੀ ਸੀ ਤਾਂ ਪਾਰਟੀ ਨੇ ਇੰਤਜ਼ਾਰ ਕੀਤੇ ਬਗ਼ੈਰ ਨਵਾਂ ਪ੍ਰਧਾਨ ਨਿਯੁਕਤ ਕਰ ਦਿੱਤਾ ਹੈ। ਚਰਚਾਵਾਂ ਤਾਂ ਇਹ ਵੀ ਸਨ ਕਿ ਰਵਨੀਤ ਬਿੱਟੂ ਵੀ ਇਸ ਅਹੁਦੇ ਲਈ ਮੌਜੇ ਖੋਲ੍ਹੀ ਫਿਰਦੇ ਸਨ ਅਤੇ ਉਨ੍ਹਾਂ ਪੰਜਾਬ ਦੇ ਆਪਣੇ ਹਾਲੀਆ ਦੌਰੇ ਦੌਰਾਨ ਪੰਜਾਬ ਪੁਲੀਸ ਦੇ ਅਧਿਕਾਰੀਆਂ, ਜਿਨ੍ਹਾਂ ਵਿੱਚ ਇੱਕ ਮਹਿਲਾ ਅਧਿਕਾਰੀ ਵੀ ਸ਼ਾਮਿਲ ਸੀ, ਨਾਲ ਚੰਗਾ ਸਲੂਕ ਨਹੀਂ ਸੀ ਕੀਤਾ। ਸ਼ਾਇਦ ਉਹ ਹਮਲਾਵਰ ਤੇਵਰ ਦਿਖਾਉਂਦਿਆਂ ਪਾਰਟੀ ਹਾਈਕਮਾਨ ਦੀ ਨਜ਼ਰੀਂ ਚੜ੍ਹਨਾ ਚਾਹੁੰਦੇ ਸਨ, ਪਰ ਪਾਰਟੀ ਨੇ ਜੱਟ ਸਿੱਖ ਚਿਹਰੇ ਦੀ ਦਲੀਲ ਦਿੰਦਿਆਂ ਬਿੱਟੂ ਦੇ ਨਾਂ ?’ਤੇ ਗ਼ੌਰ ਕਰਨ ਦੀ ਬਜਾਏ ਇਹ ਅਹੁਦਾ ਕੇਵਲ ਸਿੰਘ ਢਿੱਲੋਂ ਦੀ ਝੋਲੀ ਪਾ ਦਿੱਤਾ।

ਪਿਛਲੇ ਦਿਨੀਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਵੱਖ-ਵੱਖ ਚੈਨਲਾਂ ਨੂੰ ਦਿੱਤੀਆਂ ਇੰਟਰਵਿਊਜ਼ ਵਿੱਚ ਵੱਖ-ਵੱਖ ਪੱਤਰਕਾਰਾਂ ਵੱਲੋਂ ਇਹੋ ਗੱਲ ਦੁਹਰਾਈ ਜਾਂਦੀ ਰਹੀ ਹੈ ਕਿ ਇਨ੍ਹਾਂ ਚੋਣਾਂ ਦੇ ਨਤੀਜੇ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਸੈਮੀਫਾਈਨਲ ਹਨ ਅਤੇ ਹੁਣ ਇਹ ਨਤੀਜੇ ਇੱਕ ਤਰ੍ਹਾਂ ‘ਆਪ’ ਦੇ ਹੱਕ ਵਿੱਚ ਭੁਗਤ ਗਏ ਹਨ। ਹਾਲਾਂਕਿ, ਇਹ ਵੱਖਰੀ ਗੱਲ ਹੈ ਕਿ ਸਥਾਨਕ ਸਰਕਾਰਾਂ ਦੀਆਂ ਚੋਣਾਂ ਬਹੁਤਾ ਕਰਕੇ ਸੱਤਾਧਾਰੀ ਪਾਰਟੀ ਦੇ ਹੱਕ ਵਿੱਚ ਹੀ ਭੁਗਤਦੀਆਂ ਹਨ ਕਿਉਂਕਿ ਲੋਕਾਂ ਨੇ ਆਪਣੇ ਇਲਾਕੇ ਦੇ ਬਹੁਤ ਸਾਰੇ ਕੰਮ ਸਰਕਾਰ ਤੋਂ ਹੀ ਕਰਵਾਉਣੇ ਹੁੰਦੇ ਹਨ। ਜ਼ਮੀਨੀ ਹਕੀਕਤਾਂ ਦੇ ਮੱਦੇਨਜ਼ਰ ‘ਆਪ’ ਦੇ ਖ਼ੈਰਖ਼ਾਹਾਂ ਦੀ ਰਾਏ ਹੋਵੇਗੀ ਕਿ ਜੇਕਰ ਸਰਕਾਰ ਲੋਕਾਂ ਨਾਲ ਕੀਤੇ ਵਾਅਦੇ ਨਿਭਾਉਣ ’ਚ ਕਾਮਯਾਬ ਰਹਿੰਦੀ ਹੈ ਅਤੇ ਮੁਲਾਜ਼ਮ ਵਰਗ ਦੀਆਂ ਹੱਕੀ ਮੰਗਾਂ ਮੰਨ ਲੈਂਦੀ ਹੈ ਤਾਂ ਹੀ ਇਹ ਪੰਜਾਬ ਦੇ ਲੋਕਾਂ ਤੋਂ ਭਰਵੇਂ ਹੁੰਗਾਰੇ ਦੀ ਆਸ ਰੱਖ ਸਕਦੀ ਹੈ। ਸ਼ਾਇਦ ਇਸੇ ਸਲਾਹ ’ਤੇ ਅਮਲ ਕਰਦਿਆਂ ਪੰਜਾਬ ਸਰਕਾਰ ਨੇ ਸੂਬੇ ਵਿੱਚ ਠੇਕੇਦਾਰੀ ਸਿਸਟਮ ਖ਼ਤਮ ਕਰਕੇ ਆਊਟਸੋਰਸ ਕਾਮਿਆਂ ਨੂੰ ਸਿੱਧੇ ਸਰਕਾਰੀ ਠੇਕੇ ਅਧੀਨ ਲਿਆਉਣ ਦਾ ਫ਼ੈਸਲਾ ਕੀਤਾ ਹੈ ਅਤੇ ਹੋਰ ਵੀ ਕਈ ਮੁਲਾਜ਼ਮ-ਪੱਖੀ ਐਲਾਨ ਕੀਤੇ ਹਨ।

ਓਧਰ, ਅਕਾਲੀ ਦਲ ਦਾ ਪੱਕਾ ਵੋਟ ਬੈਂਕ ਅੱਗੋਂ ਕਈ ਹਿੱਸਿਆਂ ’ਚ ਵੰਡਿਆ ਗਿਆ ਹੈ। ਇਸ ਵੇਲੇ ਅਕਾਲੀਆਂ ਦੇ ਅੱਗੋਂ ਕਈ ਧੜੇ ਹਨ, ਜਿਨ੍ਹਾਂ ’ਚੋਂ ਹਰ ਇੱਕ ਖ਼ੁਦ ਨੂੰ ਅਸਲੀ ਅਕਾਲੀ ਦਲ ਦੱਸਦਾ ਹੈ। ਭਾਜਪਾ, ਜਿਸ ਨੂੰ ਸ਼ਹਿਰੀ ਪਾਰਟੀ ਮੰਨਿਆ ਜਾਂਦਾ ਹੈ, ਨੂੰ ਇਨ੍ਹਾਂ ਚੋਣਾਂ ’ਚ ਮਿਲੀ ਸ਼ਹਿਰੀ ਵੋਟ ਦੀ ਫ਼ੀਸਦ ਵੀ ਘਟ ਗਈ ਹੈ ਤੇ ਪਿੰਡਾਂ ਵਿੱਚ ਤਾਂ ਇਹ ਪਹਿਲਾਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਮੋਢਿਆਂ ’ਤੇ ਚੜ੍ਹ ਕੇ ਵੋਟਾਂ ਹਾਸਿਲ ਕਰਦੀ ਰਹੀ ਹੈ। ਕੀ ਨਵੀਆਂ ਪ੍ਰਸਥਿਤੀਆਂ ਦੇ ਮੱਦੇਨਜ਼ਰ ਦੋਵੇਂ ਪਾਰਟੀਆਂ ਮਿਲ ਕੇ ਕੋਈ ਨਵੀਂ ਰਣਨੀਤੀ ਉਲੀਕਣਗੀਆਂ? ਓਦਾਂ, ਪੰਜਾਬ ਭਾਜਪਾ ਦੇ ਨਵੇਂ ਪ੍ਰਧਾਨ ਕੇਵਲ ਢਿੱਲੋਂ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ ਕਿ ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੱਡੀ ਜਿੱਤ ਪ੍ਰਾਪਤ ਕਰ ਕੇ ਆਪਣੇ ਪੱਧਰ ’ਤੇ ਸਰਕਾਰ ਬਣਾਏਗੀ।

ਬੇਸ਼ੱਕ, ਇਨ੍ਹਾਂ ਚੋਣਾਂ ’ਚ ‘ਆਪ’ ਸਭ ਤੋਂ ਅੱਗੇ ਰਹੀ ਹੈ, ਪਰ ਚੋਣ ਨਤੀਜਿਆਂ ਨੇ ਸਾਰੀਆਂ ਪਾਰਟੀਆਂ ਨੂੰ ਨਵੇਂ ਸਿਰਿਓਂ ਸਿਆਸੀ ਗਿਣਤੀਆਂ-ਮਿਣਤੀਆਂ ਕਰਨ ਲਾ ਦਿੱਤਾ ਹੈ। ਪੰਜਾਬ ਦੇ ਲੋਕ ਵੀ ਨੀਝ ਲਾ ਕੇ ਸਿਆਸੀ ਬਿਸਾਤ ਦੀਆਂ ਚਾਲਾਂ ਨੂੰ ਦੇਖ ਸਮਝ ਰਹੇ ਹਨ।

ਸਾਡੇ ਲੋਕ
SADE LOK
ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਨਾ-ਭੁੱਲਣਯੋਗ, ਨਾ-ਬਖਸ਼ਣਯੋਗ

# ਘੱਲੂਘਾਰਾ

# ਜੂਨ 1984

ਭਾਰਤੀ ਹਕੂਮਤ ਵੱਲੋਂ ਸਿੱਖ ਕੌਮ ਉੱਤੇ
ਵਰਤਾਏ ਤੀਜੇ ਘੱਲੂਘਾਰੇ ਦੇ 42 ਸਾਲ

## ਭਾਰੀ ਪੰਥਕ ਇਕੱਠ

## ਅਤੇ ਰੋਹ ਭਰਪੂਰ ਮੁਜ਼ਾਹਰਾ

ਸ਼ਨਿੱਚਰਵਾਰ
6 ਜੂਨ 2026

11am - 3pm

ਭਾਰਤੀ ਅੰਬੈਸੀ
ਵਾਸ਼ਿੰਗਟਨ ਡੀਸੀ
2107 Massachusetts Ave NW,
Washington, DC 20008

ਦਰਬਾਰ ਸਾਹਿਬ ਅਤੇ ਅਨੇਕਾਂ ਹੋਰ ਗੁਰਦੁਆਰਿਆਂ ਉੱਤੇ ਭਾਰਤੀ ਫੌਜ ਵਲੋਂ
ਟੈਂਕਾਂ, ਤੋਪਾਂ, ਗੈਸਾਂ ਨਾਲ ਕੀਤੇ ਹਮਲੇ ਵਿਰੁੱਧ,
ਸਮੂਹ ਪੰਥਕ ਜਥੇਬੰਦੀਆਂ ਅਤੇ ਗੁਰਦੁਆਰਿਆਂ ਵੱਲੋਂ
ਸ਼ਹੀਦਾਂ ਵੱਲੋਂ ਵਿੱਢੇ ਸੰਘਰਸ਼ ਨੂੰ ਅੱਗੇ ਤੋਰਦਿਆਂ ਭਾਰੀ ਇਕੱਤਰਤਾ ।

ਸਮੂਹ ਗੁਰਦੁਆਰਾ ਪ੍ਰਬੰਧਕਾਂ ਅਤੇ ਪੰਥਕ ਜੱਥੇਬੰਦੀਆਂ ਨੂੰ ਅਪੀਲ,
ਕੌਮੀ ਸੰਘਰਸ਼ ਅਤੇ ਸ਼ਹੀਦਾਂ ਪ੍ਰਤੀ ਆਪਣਾ ਫਰਜ ਪਛਾਣਦੇ ਹੋਏ
ਸੰਗਤਾਂ ਨੂੰ ਬੱਸਾਂ, ਵੈਨਾਂ ਅਤੇ ਹੋਰ ਸਾਧਨਾਂ ਰਾਹੀਂ ਵੱਡੀ ਤਾਦਾਦ ਵਿੱਚ ਲੈਕੇ
ਇਸ ਇਕੱਤਰਤਾ ਵਿੱਚ ਸ਼ਮੂਲੀਅਤ ਕਰੋ।

### ਬੇਨਤੀ ਕਰਤਾ ਸਮੂਹ ਪੰਥਕ ਜਥੇਬੰਦੀਆਂ

- ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
- ਬਾਬਾ ਬੰਦਾ ਸਿੰਘ ਬਹਾਦਰ
- ਇੰਟਰਨੈਸ਼ਨਲ ਸਿੱਖ ਸੁਸਾਇਟੀ
  ਸਿੱਖਸ਼ ਫਾਰ ਜਸਟਿਸ
- ਸਿੱਖ ਯੂਥ ਆਫ ਅਮਰੀਕਾ
- ਦਲ ਖਾਲਸਾ ਯੂਐਸਏ
- ਕਰਤਾਰ ਸਿੰਘ ਸਰਾਭਾ ਸਪੋਰਟਸ ਕਲੱਬ
- ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ
- ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸ਼ੋਸਾਇਟੀ
- ਪੰਥਕ ਸਿੱਖ ਸ਼ੋਸਾਇਟੀ
- ਸ਼ਹੀਦ ਭਾਈ ਮਨੀ ਸਿੰਘ ਸ਼ੋਸਾਇਟੀ
- ਖਾਲਿਸਤਾਨ ਅਫੇਅਰਜ਼ ਸੈਂਟਰ
- ਅਦਾਰਾ ਟੀ ਵੀ 84
- ਕਾਊਂਸ਼ਿਲ ਆਫ ਖਾਲਿਸਤਾਨ
- ਗੁਰੂ ਰਾਮਦਾਸ ਵੈਲਫੇਅਰ ਸ਼ੋਸਾਇਟੀ ਆਫ ਹਰਿਆਣਾ, ਨਿਊਯਾਰਕ

## ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ-ਕੋਸਟ


ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਜਨਰਲ ਕਮੇਟੀ ਦਾ ਉਹ ਗੁਰਮਤਾ ਪੜ੍ਹਕੇ ਸੁਣਾਇਆ ਗਿਆ, ਜਿਸ ਅਨੁਸਾਰ ਰਹੁਰੀਤੀ ਸਬ ਕਮੇਟੀ ਬਣਾਈ ਗਈ ਸੀ। ਪ੍ਰੋਫੈਸਰ ਜੋਧ ਸਿੰਘ ਜੀ ਨੇ ਆਪਣੇ ਬਾਰੇ ਦਿੱਤੇ ਹਵਾਲੇ ਵਾਲੇ ਗੁਰਮਤੇ ਅਨੁਸਾਰ ਅੱਜ ਦਾ ਸਮਾਗਮ ਸਿਰਫ਼ ਗੁਰਦੁਆਰਿਆਂ ਦੀ ਮਰਯਾਦਾ ਦਾ ਫੈਸਲਾ ਕਰ ਸਕਦਾ ਹੈ। ਪ੍ਰੋਫੈਸਰ ਤੇਜਾ ਸਿੰਘ ਜੀ ਨੇ ਦੱਸਿਆ ਕਿ ਸਿੱਖਾਂ ਦੀ ਕੋਈ ਅਜਿਹੀ ਮਰਯਾਦਾ ਨਹੀਂ ਜੋ ਕਿ ਗੁਰਦੁਆਰਿਆਂ ਵਿਚ ਨਾ ਹੁੰਦੀ ਹੋਵੇ ਅਤੇ ਵੈਸੇ ਭੀ ਗੁਰਦੁਆਰਿਆਂ ਦੇ ਅੰਦਰ ਅਤੇ ਬਾਹਰ ਇਕੋ ਮਰਯਾਦਾ ਹੋਣੀ ਚਾਹੀਦੀ ਹੈ। ਕੁਝ ਬਹਿਸ ਉਪਰੰਤ ਪ੍ਰਧਾਨ ਜੀ ਨੇ ਰੂਲਿੰਗ ਦਿੱਤਾ ਕਿ ਇਸ ਖਰੜੇ ਉਤੇ ਵਿਚਾਰ ਕਰਨੀ ਹਵਾਲੇ ਵਾਲੇ ਗੁਰਮਤੇ ਦੇ ਭਾਵ ਨੂੰ ਉਲੰਘਣ ਨਹੀਂ ਕਰਦੀ, ਸੋ ਖਰੜੇ ਉਤੇ ਵਿਚਾਰ ਹੋਵੇ।

ਪ੍ਰੋਸੀਜਰ ਮੁਤੱਲਕ ਬਹੁਤ ਬਹਿਸ ਉਪਰੰਤ ਪ੍ਰਧਾਨ ਜੀ ਨੇ ਰੂਲਿੰਗ ਦਿੱਤਾ ਕਿ ਜਿਹੜੀਆਂ ਗੱਲਾਂ ਸਬੰਧੀ ਕੋਈ ਮਤਭੇਦ ਨਾ ਹੋਵੇ, ਉਹ ਪਾਸ ਸਮਝੀਆਂ ਜਾਣਗੀਆਂ ਅਤੇ ਜਿਥੇ ਮਤਭੇਦ ਹੋਵੇ, ਉਹ ਮਾਮਲਾ ਇਸ ਸਮਾਗਮ ਦੀਆਂ ਤਰਮੀਮਾਂ ਸਮੇਤ ਰਹੁਰੀਤੀ ਸਬ ਕਮੇਟੀ ਦੇ ਹਵਾਲੇ ਮੁੜ ਵਿਚਾਰ ਲਈ ਪੇਸ਼ ਹੋਵੇਗਾ। ਰਹੁਰੀਤੀ ਕਮੇਟੀ ਦਾ ਫੈਸਲਾ ਦੁਬਾਰਾ ਸਾਰੇ ਸਮਾਮਗ ਵਿਚ ਪੇਸ਼ ਹੋਵੇਗਾ, ਪਰ ਉਸ ਸਮੇਂ ਨਵੀਂ ਤਰਮੀਮ ਕੋਈ ਪੇਸ਼ ਨਹੀਂ ਹੋਵੇਗੀ। ਇਸ ਤਰ੍ਹਾਂ ਦੂਜੀ ਵਾਰੀ ਸਮਾਗਮ ਵਿਚ ਪਾਸ ਹੋਇਆ ਮਾਮਲਾ ਪਾਸ ਸਮਝਿਆ ਜਾਵੇਗਾ ਅਤੇ ਫੇਲ੍ਹ ਹੋਇਆ ਮਾਮਲਾ ਛੱਡ ਦਿੱਤਾ ਜਾਵੇਗਾ।

ਪ੍ਰੋ. ਜੋਧ ਸਿੰਘ ਜੀ ਦੇ ਤੀਸਰੇ ਸਵਾਲ ਸਬੰਧੀ ਦੱਸਿਆ ਗਿਆ ਕਿ ਪ੍ਰਚਲਤ ਮਰਯਾਦਾ ਨੂੰ ਬਿਲਕੁਲ ਨਹੀਂ ਬਦਲਿਆ ਜਾਵੇਗਾ। ਕੇਵਲ ਉਨ੍ਹਾਂ ਗੱਲਾਂ ਸਬੰਧੀ ਬਹਿਸ ਹੋਵੇਗੀ, ਜਿਥੇ ਮਰਯਾਦਾ ਇਕ ਹੈ ਹੀ ਨਹੀਂ ਅਤੇ ਅਜਿਹੇ ਮਾਮਲਿਆਂ ਸਬੰਧੀ ਵੀ ਗੁਰਬਾਣੀ, ਇਤਿਹਾਸ, ਰਹਿਤਨਾਮਿਆਂ, ਹੁਕਮਨਾਮਿਆਂ, ਪ੍ਰਸਿੱਧ ਗੁਰਦੁਆਰਿਆਂ ਅਤੇ ਤਖਤ ਸਾਹਿਬਾਨ ਦੇ ਪੁਰਾਣੇ ਰਿਵਾਜ ਦੀ ਰੌਸ਼ਨੀ ਵਿਚ ਫੈਸਲਾ ਕੀਤਾ ਜਾਵੇਗਾ।

ਸਿੱਖ ਦੀ ਤਾਰੀਫ਼


ਪ੍ਰੋ. ਤੇਜਾ ਸਿੰਘ ਜੀ ਨੇ ਖਰੜੇ ਵਿਚ ਦਿੱਤੀ ਸਿੱਖ ਦੀ ਹੇਠ ਲਿਖੀ ਤਾਰੀਫ਼ ਪੜ੍ਹਕੇ ਸੁਣਾਈ: "ਜੋ ਇਸਤ੍ਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸ਼ਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰੱਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ। ਇਸ ਸਬੰਧੀ ਕੋਈ ਤਰਮੀਮਾਂ ਬੇ-ਤਰਤੀਬੀਆਂ ਹੀ ਪੇਸ਼ ਹੋਣ ਲੱਗ ਪਈਆਂ, ਜਿਹਾ ਕਿ :

(੧) 'ਜੋ' ਦੇ ਬਾਦ 'ਕੇਸਾਧਾਰੀ' ਸ਼ਬਦ ਵਧਾਇਆ ਜਾਵੇ। (ਸ. ਅਮ੍ਰੀਕ ਸਿੰਘ ਜੀ)

(੨) ਅੰਮ੍ਰਿਤਧਾਰੀ ਸਿੱਖ ਅਤੇ ਸਹਿਜਧਾਰੀ ਸਿੱਖ ਦੀ ਤਰੀਫ਼ ਹੀ ਅੱਡ-ਅੱਡ ਕੀਤੀ ਜਾਵੇ। (ਰਿਸਾਲਦਾਰ ਸੁੰਦਰ ਸਿੰਘ ਜੀ, ਪ੍ਰੋ. ਜੋਧ ਸਿੰਘ ਜੀ)

(੩) ਇਹ ਖਰੜਾ ਹੈ ਹੀ ਅੰਮ੍ਰਿਤਧਾਰੀ ਸਿੱਖਾਂ ਲਈ, ਸੋ ਇਸੇ ਅਨੁਸਾਰ ਖਰੜੇ ਦੇ ਹੈਡਿੰਗ ਵਿਚ ਤਬਦੀਲੀ ਕਰ ਲਈ ਜਾਵੇ। (ਪ੍ਰਿੰਸੀਪਲ ਧਰਮਾਨੰਤ ਸਿੰਘ ਜੀ)

ਸੁਾਮੀ ਰਾਜ ਕੁਮਾਰ ਤੀਰਥ ਉਦਾਸੀ ਨੇ ਕਿਹਾ




ਕਿ ਸਾਨੂੰ ਇਸ ਖਰੜੇ 'ਤੇ ਵਿਚਾਰ ਕਰਨ ਦਾ ਸਮਾਂ ਨਹੀਂ ਮਿਲਿਆ, ਜੋ ਜਾਂ ਤਾਂ ਇਸ ਦਾ ਨਾਮ ਖ਼ਾਲਸਾ ਰਹਿਤ ਮਰਯਾਦਾ ਰੱਖਿਆ ਜਾਵੇ ਜਾਂ ਸਾਨੂੰ ਵਿਚਾਰ ਦਾ ਸਮਾਂ ਦਿੱਤਾ ਜਾਵੇ।

ਇਸ ਸਬੰਧੀ ਖਿਆਲਾਤ ਪ੍ਰਗਟ ਕਰਦਿਆਂ ਹੋਇਆਂ ਗਿਆਨੀ ਸ਼ੇਰ ਸਿੰਘ ਜੀ, ਸ੍ਰ. ਗੁਪਾਲ ਸਿੰਘ ਜੀ ਮਾਗਰੀ, ਸ੍ਰ. ਭਾਗ ਸਿੰਘ ਜੀ, ਸ. ਮਹਿੰਦਰ ਸਿੰਘ ਜੀ ਸਿਧਵਾਂ, ਭਾਈ ਸਰਧਾ ਸਿੰਘ ਜੀ ਅਤੇ ਗਿਆਨੀ ਨਾਹਰ ਸਿੰਘ ਜੀ ਨੇ ਫੁਰਮਾਇਆ ਕਿ ਉਦਾਸੀ ਸੰਤਾਂ ਨੂੰ ਵਿਚਾਰ ਵਿਚ ਹਿਸਾ ਲੈਣ ਲਈ ਸਮਾਂ ਮਿਲਣਾ ਚਾਹੀਦਾ ਹੈ, ਸੋ ਸਮਾਗਮ ਮੁਲਤਵੀ ਹੋਣਾ ਚਾਹੀਦਾ ਹੈ, ਖਰੜਾ ਪਾਸ ਕਰਨ ਵਿਚ ਕਾਹਲੀ ਨਹੀਂ ਕਰਨੀ ਚਾਹੀਦੀ; ਪ੍ਰੰਤੂ ਭਾਈ ਕਰਤਾਰ ਸਿੰਘ ਜੀ ਬੱਬਰ, ਪ੍ਰੋ. ਗੰਗਾ ਸਿੰਘ ਜੀ, ਗਿਆਨੀ ਸੁੰਦਰ ਸਿੰਘ ਜੀ 'ਰੰਗ', ਗਿਆਨੀ ਕਰਤਾਰ ਸਿੰਘ ਜੀ ਲਾਇਲਪੁਰੀ ਆਦਿ ਸੱਜਣਾਂ ਨੇ ਫੁਰਮਾਇਆ ਕਿ ਸਮਾਗਮ ਮੁਲਤਵੀ ਨਹੀਂ ਹੋਣਾ ਚਾਹੀਦਾ, ਸਾਰੀਆਂ ਸੰਪ੍ਰਦਾਵਾਂ ਦੀ ਇਕ ਰਹਿਤ ਮਰਯਾਦਾ ਹੋ ਹੀ ਨਹੀਂ ਸਕਦੀ, ਇਹ ਖਰੜਾ ਤਾਂ ਪਾਸ ਹੋਣਾ ਚਾਹੀਦਾ ਹੈ, ਸੰਪ੍ਰਦਾਵਾਂ ਨੂੰ ਇਕੱਠਿਆਂ ਕਰਨ ਲਈ ਵੱਖਰਾ ਯਤਨ ਹੋਣਾ ਚਾਹੀਦਾ ਹੈ। ਇਸ ਤੇ ਪ੍ਰਧਾਨ ਜੀ ਨੇ ਰੂਲਿੰਗ ਦਿੱਤਾ ਕਿ ਏਸ ਕੰਮ ਲਈ ਸਮਾਗਮ ਮੁਲਤਵੀ ਨਹੀਂ ਹੋ ਸਕਦਾ, ਸਿੱਖ ਦੀ ਤਾਰੀਫ਼ ਉਤੇ ਵਿਚਾਰ ਹੋਵੇ।

(੪) ਤਾਰੀਫ਼ ਇਉਂ ਹੋਵੇ : 'ਜੋ ਇਸਤ੍ਰੀ ਜਾਂ ਪੁਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਆਪਣਾ ਗੁਰੂ ਤੇ ਉਨ੍ਹਾਂ ਦੇ ਚਲਾਏ ਹੋਏ ਧਰਮ ਨੂੰ ਆਪਣਾ ਧਰਮ ਮੰਨਦਾ ਹੋਵੇ ਤੇ ਹੋਰ ਕਿਸੇ ਧਰਮ ਨੂੰ ਨਾ ਮੰਨਦਾ ਹੋਵੇ, ਉਹ ਸਿੱਖ ਹੈ।' (ਸ. ਮੰਗਲ ਸਿੰਘ ਜੀ)


ਗਿ. ਸ਼ੇਰ ਸਿੰਘ ਜੀ ਨੇ ਇਸ ਦੀ ਵਿਰੋਧਤਾ ਕੀਤੀ, ਉਨ੍ਹਾਂ ਦੱਸਿਆ ਕਿ ਜੋੜੀਆਂ ਸੰਪ੍ਰਦਾਵਾਂ ਸਾਰੇ ਗੁਰੂ ਸਾਹਿਬਾਨ ਨੂੰ ਇਕ ਜੋਤ ਨਹੀਂ ਮੰਨਦੀਆਂ, ਉਹ ਸਿੱਖ ਪੰਥ ਵਿਚੋਂ ਅਲਿਹਦਾ ਕੀਤੀਆਂ ਜਾਂਦੀਆਂ ਰਹੀਆਂ ਹਨ, ਜਿਹਾ ਕਿ ਰਾਮ ਰਾਈਏ, ਧੀਰਮਲੀਏ।

ਗਿਆਨੀ ਤ੍ਰਲੋਚਨ ਸਿੰਘ ਜੀ ਨੇ ਫੁਰਮਾਇਆ ਕਿ ਸਿੱਖ ਦਾ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ, ਇਹ ਤਾਰੀਫ਼ ਕਾਫ਼ੀ ਨਹੀਂ :-

(ਚਲਦਾ)

# 80 ਸਾਲ ਦੀ ਉਮਰ 'ਚ ਵੀ ਪੂਰੀ ਤਰ੍ਹਾਂ ਫਿੱਟ ਹੈ ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਡਾਕਟਰ ਦਾ ਕਹਿਣਾ ਹੈ ਕਿ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਵਿਖੇ ਡਾਕਟਰੀ ਜਾਂਚ ਤੋਂ ਬਾਅਦ ਰਾਸ਼ਟਰਪਤੀ ਦੀ ਸਿਹਤ 'ਬਹੁਤ ਚੰਗੀ' ਤੇ ਉਹ ਕਮਾਂਡਰ-ਇਨ-ਚੀਫ਼ ਵਜੋਂ ਸੇਵਾ ਕਰਨ ਲਈ 'ਪੂਰੀ ਤਰ੍ਹਾਂ ਫਿੱਟ' ਹਨ। ਡਾ. ਸੀਨ ਬਾਰਬੇਲਾ ਦੀ ਇੱਕ ਰਿਪੋਰਟ, ਜੋ ਸ਼ੁੱਕਰਵਾਰ ਦੇਰ ਰਾਤ ਜਾਰੀ ਕੀਤੀ ਗਈ ਸੀ, ਵਿੱਚ ਕਿਹਾ ਗਿਆ ਹੈ ਕਿ ਟਰੰਪ ਦਾ ਸੀ.ਟੀ. ਸਕੈਨ ਅਤੇ ਹੋਰ ਕਾਰਡੀਅਕ ਇਮੇਜਿੰਗ ਟੈਸਟ ਕਰਵਾਏ ਗਏ; ਇਸ ਤੋਂ ਇਲਾਵਾ, 22 ਮਾਹਿਰਾਂ ਨੇ ਕੈਂਸਰ ਸਕ੍ਰੀਨਿੰਗ ਅਤੇ ਹੋਰ ਰੋਕਥਾਮ ਉਪਾਵਾਂ ਦੀ ਜਾਂਚ ਕੀਤੀ।ਮੰਗਲਵਾਰ ਨੂੰ ਤਿੰਨ ਘੰਟੇ ਦੀ ਜਾਂਚ ਤੋਂ ਬਾਅਦ 79 ਸਾਲਾਂ ਦੇ ਟਰੰਪ ਨੇ ਕਿਹਾ ਕਿ ਸਭ ਕੁਝ 'ਬਿਲਕੁਲ ਸਹੀ' ਹੈ। ਰਾਸ਼ਟਰਪਤੀ ਦਾ ਭਾਰ 238 ਪੌਂਡ (108 ਕਿਲੋਗ੍ਰਾਮ) ਸੀ, ਜੋ ਅਪ੍ਰੈਲ 2025 ਦੀ ਡਾਕਟਰੀ ਜਾਂਚ ਵਿੱਚ ਉਨ੍ਹਾਂ ਨਾਲੋਂ 14 ਪੌਂਡ (6 ਕਿਲੋਗ੍ਰਾਮ) ਜ਼ਿਆਦਾ ਸੀ। ਉਨ੍ਹਾਂ ਦੇ ਡਾਕਟਰਾਂ ਨੇ ਉਨ੍ਹਾਂ ਨੂੰ ਖੁਰਾਕ, ਕਸਰਤ ਅਤੇ ਭਾਰ ਘਟਾਉਣ ਦੀ ਸਲਾਹ ਦਿੱਤੀ, ਪਰ ਇਹ ਸਿੱਟਾ ਕੱਢਿਆ ਕਿ ਉਨ੍ਹਾਂ ਦਾ 'ਬੋਧਾਤਮਕ ਅਤੇ ਸਰੀਰਕ ਪ੍ਰਦਰਸ਼ਨ ਬਹੁਤ ਵਧੀਆ ਰਹਿੰਦਾ ਹੈ।' ਟਰੰਪ, ਜੋ 6 ਫੁੱਟ, 3 ਇੰਚ (1.9 ਮੀਟਰ) ਉੱਚਾ ਹੈ, ਦਾ ਬਾਡੀ ਮਾਸ ਇੰਡੈਕਸ 29.7 ਹੈ। ਡਾਕਟਰਾਂ ਦੇ ਅਨੁਸਾਰ 30 ਦਾ ਇੰਡੈਕਸ ਮੋਟਾਪੇ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਡਾਕਟਰ ਨੂੰ ਕੁਝ ਵੀ ਅਸਾਧਾਰਨ ਨਹੀਂ ਲੱਗਿਆ ਅਤੇ ਉਸ ਨੇ ਕਿਹਾ ਕਿ ਟਰੰਪ ਦਾ ਦਿਲ, ਫੇਫੜੇ, ਦਿਮਾਗੀ ਪ੍ਰਣਾਲੀ ਅਤੇ ਸਮੁੱਚੀ ਸਿਹਤ ਸ਼ਾਨਦਾਰ ਹੈ। ਟਰੰਪ ਅਗਲੇ ਮਹੀਨੇ 80 ਸਾਲਾਂ ਦੇ ਹੋ ਜਾਣਗੇ।



# ਇਬੋਲਾ ਇਨਫੈਕਟਿਡ ਲੋਕਾਂ ਨੂੰ ਦੇਸ਼ 'ਚ ਵੜਨ ਨਹੀਂ ਦੇਵੇਗਾ ਅਮਰੀਕਾ

ਯੂਗਾਂਡਾ ਤੇ ਕਾਂਗੋ 'ਚ 100 ਤੋਂ ਵੱਧ ਲੋਕਾਂ ਦੀ ਜਾਨ ਲੈਣ ਵਾਲਾ ਇਬੋਲਾ ਹੁਣ ਪੂਰੀ ਦੁਨੀਆ ਲਈ ਖ਼ਤਰਾ ਬਣਦਾ ਜਾ ਰਿਹਾ ਹੈ। WHO ਵੱਲੋਂ ਦੁਨੀਆ ਭਰ ਲਈ ਹੈਲਥ ਐਮਰਜੈਂਸੀ ਐਲਾਨੇ ਜਾਣ ਮਗਰੋਂ ਸਾਰੇ ਦੇਸ਼ ਇਬੋਲਾ ਨੂੰ ਲੈ ਕੇ ਸਖ਼ਤ ਸਾਵਧਾਨੀਆਂ ਵਰਤ ਰਹੇ ਹਨ। ਇਸੇ ਦੌਰਾਨ ਅਮਰੀਕਾ, ਜੋ ਕਿ ਕੀਨੀਆ 'ਚ ਇਬੋਲਾ ਪੀੜਤਾਂ ਲਈ ਕੁਆਰੰਟੀਨ ਸੈਂਟਰ ਬਣਾਉਣ ਦੀ ਯੋਜਨਾ ਬਣਾ ਰਿਹਾ ਹੈ, ਦਾ ਇਹ ਪ੍ਰੋਜੈਕਟ ਮੁਸ਼ਕਲਾਂ 'ਚ ਘਿਰਦਾ ਦਿਖਾਈ ਦੇ ਰਿਹਾ ਹੈ।

ਕੀਨੀਆ ਦੇ ਕੇਂਦਰੀ ਸ਼ਹਿਰ ਨਾਨਯੂਕੀ 'ਚ ਸੋਮਵਾਰ ਨੂੰ ਹਾਲਾਤ ਤਣਾਅਪੂਰਨ ਹੋ ਗਏ, ਜਦੋਂ ਸੈਂਕੜੇ ਸਥਾਨਕ ਨੌਜਵਾਨਾਂ ਨੇ 'ਲਾਇਕੀਪੀਆ ਏਅਰ ਬੇਸ' ਦੇ ਬਾਹਰ ਇਕੱਠੇ ਹੋ ਕੇ ਜ਼ੋਰਦਾਰ ਪ੍ਰਦਰਸ਼ਨ ਕੀਤਾ। ਇਹ ਨੌਜਵਾਨ ਇੱਥੇ ਅਮਰੀਕੀ ਨਾਗਰਿਕਾਂ ਲਈ ਬਣਾਏ ਜਾ ਰਹੇ 'ਇਬੋਲਾ ਕੁਆਰੰਟੀਨ ਸੈਂਟਰ' ਦਾ ਵਿਰੋਧ ਕਰ ਰਹੇ ਸਨ। ਪ੍ਰਦਰਸ਼ਨਕਾਰੀਆਂ ਨੇ ਏਅਰ ਬੇਸ ਦੇ ਮੇਨ ਗੇਟ ਤੱਕ ਮਾਰਚ ਕੀਤਾ ਅਤੇ ਇਬੋਲਾ ਵਿਰੋਧੀ ਨਾਅਰੇਬਾਜ਼ੀ ਕੀਤੀ।

ਇਹ ਪ੍ਰਦਰਸ਼ਨ ਕੀਨੀਆ ਦੀ ਹਾਈ ਕੋਰਟ ਵੱਲੋਂ ਇਸ ਸੈਂਟਰ ਦੇ ਨਿਰਮਾਣ ਅਤੇ ਕਿਸੇ ਵੀ ਵਿਦੇਸ਼ੀ ਮਰੀਜ਼ ਦੇ ਕੀਨੀਆ ਆਉਣ 'ਤੇ ਅਸਥਾਈ ਰੋਕ ਲਗਾਉਣ ਦੇ ਦੋ ਦਿਨਾਂ ਬਾਅਦ ਹੋਇਆ ਹੈ। 'ਲਾਅ ਸੁਸਾਇਟੀ ਆਫ਼ ਕੀਨੀਆ' ਅਤੇ ਇੱਕ ਸੰਵਿਧਾਨਕ ਸੰਸਥਾ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਅਦਾਲਤ ਨੇ ਇਹ ਫ਼ੈਸਲਾ ਸੁਣਾਇਆ। ਇਨ੍ਹਾਂ ਸੰਗਠਨਾਂ ਨੇ ਦਲੀਲ ਦਿੱਤੀ ਹੈ ਕਿ ਕੀਨੀਆ ਦਾ ਆਪਣਾ ਸਿਹਤ ਢਾਂਚਾ ਪਹਿਲਾਂ ਹੀ ਬੇਹੱਦ ਕਮਜ਼ੋਰ ਹੈ, ਅਜਿਹੇ ਵਿੱਚ ਦੂਜੇ ਦੇਸ਼ਾਂ ਦੇ ਇਬੋਲਾ ਮਰੀਜ਼ਾਂ ਨੂੰ ਇੱਥੇ ਰੱਖਣਾ ਦੇਸ਼ ਵਾਸਤੇ ਖ਼ਤਰਨਾਕ ਸਾਬਤ ਹੋ ਸਕਦਾ ਹੈ।




ਅਮਰੀਕੀ ਅਧਿਕਾਰੀਆਂ ਮੁਤਾਬਕ, ਵਾਸ਼ਿੰਗਟਨ ਦੀ ਯੋਜਨਾ ਸੀ ਕਿ ਵਿਦੇਸ਼ਾਂ ਵਿੱਚ ਇਬੋਲਾ ਵਾਇਰਸ ਦੇ ਸੰਪਰਕ ਵਿੱਚ ਆਉਣ ਵਾਲੇ ਅਮਰੀਕੀ ਨਾਗਰਿਕਾਂ ਨੂੰ ਸਿੱਧਾ ਅਮਰੀਕਾ ਲੈ ਕੇ ਜਾਣ ਦੀ ਬਜਾਏ ਕੀਨੀਆ ਦੇ ਇਸ ਏਅਰ ਬੇਸ 'ਤੇ ਬਣੇ ਸੈਂਟਰ ਵਿੱਚ ਕੁਆਰੰਟੀਨ ਕੀਤਾ ਜਾਵੇ। ਇਸ ਤਹਿਤ ਸ਼ੁੱਕਰਵਾਰ ਤੱਕ ਇੱਥੇ 50 ਬੈੱਡਾਂ ਦਾ ਹਸਪਤਾਲ ਚਾਲੂ ਕੀਤਾ ਜਾਣਾ ਸੀ। ਵਿਵਾਦ ਵਧਦਾ ਦੇਖ ਕੀਨੀਆ ਦੇ ਸਿਹਤ ਮੰਤਰੀ ਏਡਨ ਡੁਆਲੇ ਨੇ ਐਤਵਾਰ ਨੂੰ ਸਫ਼ਾਈ ਦਿੱਤੀ ਕਿ ਇਹ ਕੁਆਰੰਟੀਨ ਸੈਂਟਰ ਸਿਰਫ਼ ਅਮਰੀਕੀ ਨਾਗਰਿਕਾਂ ਲਈ ਨਹੀਂ, ਬਲਕਿ ਸਭ ਦੇ ਲਈ ਹੈ।

ਦੂਜੇ ਪਾਸੇ, ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਇਬੋਲਾ ਨਾਲ ਨਜਿੱਠਣ ਦੀਆਂ ਤਿਆਰੀਆਂ ਅਤੇ ਕੀਨੀਆ ਦੀ ਮਦਦ ਲਈ ਅਮਰੀਕੀ ਸਰਕਾਰ 13.5 ਮਿਲੀਅਨ ਅਮਰੀਕੀ ਡਾਲਰ ਦੀ ਵਿੱਤੀ ਸਹਾਇਤਾ ਦੇਵੇਗੀ। ਫ਼ ?ਲਹਾਲ ਅਦਾਲਤੀ ਰੋਕ ਅਤੇ ਜਨਤਾ ਦੇ ਭਾਰੀ ਵਿਰੋਧ ਕਾਰਨ ਇਸ ਪ੍ਰੋਜੈਕਟ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ ਤੇ ਦੇਖਣਾ ਹੋਵੇਗਾ ਕਿ ਇਹ ਪ੍ਰੋਜੈਕਟ ਸਿਰੇ ਚੜ੍ਹਦਾ ਹੈ ਜਾਂ ਫਿਰ ਪ੍ਰਦਰਸ਼ਨਾਂ ਦੀ ਭੇਂਟ ਚੜ੍ਹਦਾ ਹੈ।

# BASRA
## Heating & Air Conditioning

CA LIC. #960071

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

## ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖ਼ਾਲਸਾ

# ਜੀਵਾਂ ਨੂੰ ਨਜਾਇਜ਼ ਤੰਗ ਕਰਨ ਤੇ ਪਰਮੇਸ਼ਰ ਵੱਲੋਂ ਕਰੋਪੀ ਹੁੰਦੀ ਹੈ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਦਇਆ ਸਿੰਘ ਨੇ ਦੱਸਿਆ ਕਿ ਪਿਤਾ ਜੀ, ਹੋਰ ਤਾਂ ਸਾਨੂੰ ਕਿਸੇ ਕਾਰਨ ਦਾ ਪਤਾ ਨਹੀਂ ਪਰ ਇੱਕ ਵਾਰੀ ਜਦੋਂ ਮੈਂ ਦੁਪਹਿਰ ਨੂੰ ਭੁੱਖੇ ਤ੍ਰਿਹਾਏ ਪਸ਼ੂਆਂ ਨਾਲ ਹਲ਼ ਵਾਹੁੰਦਾ ਸੀ ਤਾਂ ਸੰਤਾਂ ਨੇ ਦੋ ਵਾਰੀ ਮੈਨੂੰ ਕਿਹਾ ਸੀ ਕਿ ਗਰਮੀ ਬਹੁਤ ਹੈ, ਰਹਿੰਦਾ ਕੰਮ ਸ਼ਾਮ ਨੂੰ ਕਰ ਲਈਂ, ਕਈ ਵਾਰ, ਬੇ-ਜ਼ੁਬਾਨਾਂ ਦੀ ਹਾਅ ਪੈ ਜਾਂਦੀ ਹੁੰਦੀ ਹੈ ਪਰ ਮੈਂ ਖੇਤ ਵਾਹ ਕੇ, ਸੁਹਾਗਾ ਦੇ ਕੇ, ਸਾਰਾ ਕੰਮ ਮੁਕਾ ਕੇ ਆਇਆ ਸੀ।

ਬਜ਼ੁਰਗ ਸਿਆਣੇ ਸਨ, ਸਮਝ ਗਏ ਕਿ ਖੇਤ ਵਿੱਚ ਫ਼ਸਲ ਘੱਟ ਹੋਣ ਦਾ ਕਾਰਨ ਬੇ-ਜ਼ੁਬਾਨਾਂ ਨਾਲ ਕੀਤਾ ਵਾਧਾ ਹੀ ਹੈ। ਪੁੱਤਰਾਂ ਨੂੰ ਸਮਝਾਇਆ ਕਿ ਦੇਖੋ, ਤੁਸੀਂ ਮਿਹਨਤ ਵੀ ਕੀਤੀ, ਆਪ ਵੀ ਤੰਗ ਹੋਏ, ਪਸ਼ੂਆਂ ਨੂੰ ਵੀ ਤੰਗ ਕੀਤਾ, ਇਸ ਵਾਸਤੇ ਕਿ ਫ਼ਸਲ ਜ਼ਿਆਦਾ ਹੋਵੇ ਪਰ ਹੋਇਆ ਇਸ ਦੇ ਉਲਟ। ਸੋ, ਅਗਾਂਹ ਲਈ ਖਿਆਲ ਰੱਖਣਾ, ਜੇ ਡੰਗਰ ਆਪਣਾ ਦੁੱਖ ਬੋਲ ਕੇ ਨਹੀਂ ਦੱਸ ਸਕਦੇ ਤਾਂ ਸਾਨੂੰ ਉਨ੍ਹਾਂ ਦਾ ਖਿਆਲ ਆਪ ਰੱਖਣਾ ਚਾਹੀਦਾ ਹੈ। ਦੂਸਰੇ ਭਜਨੀਕ ਸਾਧੂ-ਮਹਾਤਮਾ ਦਾ ਬਚਨ ਜ਼ਰੂਰ ਮੰਨਣਾ ਲੋੜੀਏ, ਭਾਵੇਂ ਉਸ ਸਮੇਂ ਉਸ ਬਚਨ ਨੂੰ ਮੰਨਣ ਵਿੱਚ ਘਾਟਾ ਹੀ ਕਿਉਂ ਨਾ ਪ੍ਰਤੀਤ ਹੁੰਦਾ ਹੋਵੇ, ਬਚਨ ਮੰਨ ਲੈਣਾ ਚਾਹੀਦਾ ਹੈ।

ਇਹ ਗੱਲ ਬੱਚਿਆਂ ਨੂੰ ਸਮਝਾ ਕੇ ਉਹ ਬਜ਼ੁਰਗ ਬਾਬਾ ਜੀ ਪਾਸ ਆਏ ਤੇ ਸਾਰੀ ਗੱਲ ਦੱਸੀ ਅਤੇ ਬੇਨਤੀ ਕੀਤੀ ਕਿ ਸਾਡੇ ਅਮਕੇ ਲੜਕੇ ਨੇ ਤੁਹਾਡਾ ਬਚਨ ਨਹੀਂ ਮੰਨਿਆ, ਜਿਸ ਸਦਕਾ ਖੇਤ ਵਿੱਚ ਫ਼ਸਲ ਵੀ ਨਹੀਂ ਹੋਈ। ਬਾਬਾ ਜੀ ਨੇ ਹੱਥ ਜੋੜ ਕੇ ਬਜ਼ੁਰਗਾਂ ਨੂੰ ਬੇਨਤੀ ਕੀਤੀ ਕਿ ਫ਼ਸਲ ਵੱਧ ਘਟ ਦੇਣੀ ਤਾਂ ਪਰਮੇਸ਼ਰ ਜੀ ਦੇ ਵੱਸ ਵਿੱਚ ਹੈ। ਉਸ ਦਿਨ ਗਰਮੀ ਬਹੁਤ ਜ਼ਿਆਦਾ ਸੀ, ਡੰਗਰ ਭੁੱਖੇ ਤਿਹਾਏ ਸਨ, ਜਿਸ ਕਰਕੇ ਸਾਨੂੰ ਉਨ੍ਹਾਂ ਦੀ ਤਕਲੀਫ਼ ਮਹਿਸੂਸ ਹੁੰਦੀ ਸੀ ਅਤੇ ਸਾਡੇ ਪਾਸੋਂ ਸਹਾਰੀ ਨਹੀਂ ਜਾਂਦੀ ਸੀ ਕਿਉਂਕਿ ਉਹ ਸਾਡੇ ਸਾਮ੍ਹਣੇ ਮੂੰਹ ਵਿੱਚੋਂ ਜੀਭਾਂ ਕੱਢੀ ਹਰ ਫੇਰੇ ਲੰਘਦੇ ਸਨ। ਸੋ ਅਗਾਂਹ ਲਈ ਬੇਨਤੀ ਹੈ ਕਿ ਪਸ਼ੂਆਂ ਪਾਸੋਂ ਕੰਮ ਲੈਣਾ ਚਾਹੀਦਾ ਹੈ ਪਰ ਉਨ੍ਹਾਂ ਦੇ ਵਿੱਤ ਅਨੁਸਾਰ ਅਤੇ ਬਿਨਾਂ ਕਾਰਨ ਸੋਟੇ ਨਾਲ ਕੁੱਟਣਾ ਵੀ ਨਹੀਂ ਚਾਹੀਦਾ ਕਿਉਂਕਿ ਉਨ੍ਹਾਂ ਵਿੱਚ ਵੀ ਸਾਡੇ ਵਾਂਗ ਹੀ ਆਤਮਾ ਹੈ ਜੋ ਦੁੱਖ-ਸੁੱਖ ਮਹਿਸੂਸ ਕਰਦੀ ਹੈ। ਪਿਛਲੇ ਕਿਸੇ ਮਾੜੇ ਕਰਮ ਸਦਕਾ ਉਹ ਇਨ੍ਹਾਂ ਜੂਨਾਂ ਵਿੱਚ ਪੈ ਕੇ ਲੇਖਾ ਪੂਰਾ ਕਰ ਰਹੇ ਹਨ। ਹੁਣ ਆਪਾਂ ਉਨ੍ਹਾਂ ਨਾਲ ਵਾਧਾ ਕਰਕੇ ਆਪਣਾ ਲੇਖਾ ਨਾ ਬਣਾਈਏ। ਹੱਦ ਅੰਦਰ ਰਹਿ ਕੇ ਆਪਾਂ ਨੂੰ ਮਿਹਨਤ ਜ਼ਰੂਰ ਕਰਨੀ ਚਾਹੀਦੀ ਹੈ। ਉਸ ਕੀਤੀ ਮਿਹਨਤ ਦਾ ਫਲ ਦੇਣਾ ਦਾਤੇ ਦੇ ਹੱਥ ਵਿੱਚ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ :

ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ॥
ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥੩॥
(ਗਉੜੀ ਮ: ੧, ਅੰਗ ੧੫੬)

ਤਥਾ

ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥ (ਤਿਲੰਗ ਮ: ੧, ਅੰਗ ੭੨੨)

ਸਭ ਜੀਆਂ ਅੰਦਰ ਪਰਮੇਸ਼ਰ ਦੀ ਜੋਤ ਜਾਣ ਕੇ ਵਰਤਾਉ ਕਰਨਾ ਚਾਹੀਦਾ ਹੈ। ਜੀਵਾਂ ਉਤੇ ਦਇਆ ਕਰਨੀ ਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਅਤੇ ਸਾਰੇ ਪੁੰਨ ਕਰਮਾਂ ਨਾਲੋਂ ਸ੍ਰੇਸ਼ਟ ਪੁੰਨ ਕਰਮ ਹੈ।




ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥ (ਮਾਝ ਮ: ੫, ਅੰਗ ੧੩੬)

ਤਥਾ

ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ॥ (ਸਲੋਕ ਮ: ੫, ਅੰਗ ੩੨੨)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ, ਦਇਆ ਨੂੰ ਹੀ ਦੇਵਤਾ ਤੇ ਖਿਮਾ ਨੂੰ ਮਾਲਾ ਮੰਨਣਾ ਕੀਤਾ ਹੈ :

ਦਇਆ ਦੇਵਤਾ ਖਿਮਾ ਜਮਪਾਲੀ ਤੇ ਮਾਣਸ ਪਰਧਾਨ॥
(ਸਲੋਕ ਮ: ੧, ਅੰਗ ੧੨੪੫)

ਇਸ ਲਈ ਸਤਿਗੁਰਾਂ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ ਦਾ ਅਧਾਰ ਬਨਾਉਣਾ ਚਾਹੀਦਾ ਹੈ, ਤਦ ਹੀ ਅਸੀਂ ਗੁਰੂ ਖ਼ੁਸ਼ੀ ਨੂੰ ਪ੍ਰਾਪਤ ਕਰ ਸਕਾਂਗੇ।

**ਬਦ-ਅਸੀਸ ਦਾ ਅਸਰ**

ਗਰਮੀਆਂ ਦੇ ਦਿਨ ਸਨ। ਬਾਬਾ ਜੀ ਆਪਣੀ ਝੌਂਪੜੀ ਵਿੱਚੋਂ ਬਾਹਰ ਅੰਬ ਦੀ ਛਾਂ ਹੇਠ ਬੈਠੇ ਆਪਣੀ ਮੌਜ ਵਿੱਚ ਸਿਮਰਨ ਕਰ ਰਹੇ ਸਨ ਕਿ ਦੋ ਤਿੰਨ ਪ੍ਰੇਮੀ ਰਸਤੇ ਜਾਂਦੇ-ਜਾਂਦੇ ਆਪ ਜੀ ਪਾਸ ਆ ਗਏ। ਉਹਨਾਂ ਫ਼ਤਹਿ ਬੁਲਾਈ ਤੇ ਬੈਠ ਗਏ। ਬਾਬਾ ਜੀ ਨੇ ਜਲ-ਪਾਣੀ ਦੀ ਸੇਵਾ ਪੁੱਛੀ ਤੇ ਆਉਣ ਦਾ ਕਾਰਨ ਪੁੱਛਿਆ। ਉਹਨਾਂ ਪ੍ਰੇਮੀਆਂ ਨੇ ਉੱਤਰ ਦਿੱਤਾ ਕਿ ਅਸੀਂ ਗੜ੍ਹਦੀਵਾਲਾ ਨੂੰ ਜਾ ਰਹੇ ਸਾਂ, ਆਪ ਜੀ ਨੂੰ ਬਾਹਰ ਛਾਵੇਂ ਬੈਠੇ ਦੇਖ ਕੇ ਅਸੀਂ ਸਲਾਹ ਕੀਤੀ ਕਿ ਨਾਲੇ ਥੋੜ੍ਹਾ ਚਿਰ ਛਾਵੇਂ ਅਰਾਮ ਕਰ ਲਈਏ ਤੇ ਨਾਲ ਹੀ ਆਪ ਜੀ ਨਾਲ ਗੱਲਾਂ-ਬਾਤਾਂ ਕਰ ਕੇ ਥੋੜ੍ਹਾ ਸਮਾਂ ਬਿਤਾ ਲਈਏ। ਉਹਨਾਂ ਨੇ ਏਨਾਂ ਕਹਿ ਕੇ ਕੁੱਝ ਦੁਨਿਆਵੀ, ਕੁਝ ਸਿਆਸੀ ਗੱਲਾਂ ਅਰੰਭ ਕਰ ਦਿੱਤੀਆਂ। ਆਪ ਜੀ ਥੋੜ੍ਹਾ ਸਮਾਂ ਤਾਂ ਉਹਨਾਂ ਦੀਆਂ ਗੱਲਾਂ ਸੁਣਦੇ ਰਹੇ ਅਤੇ ਹੂੰਅ-ਹੁੰਗਾਰਾ ਭਰਦੇ ਰਹੇ ਪਰ ਜਦੋਂ ਆਪ ਨੇ ਵੇਖਿਆ ਕਿ ਇਹ ਤਾਂ ਪਾਣੀ ਹੀ ਰਿੜਕ ਰਹੇ ਹਨ ਤੇ ਅਜੇ ਖਹਿੜਾ ਛੱਡਣ ਦੇ ਰੌਂਅ ਵਿੱਚ ਨਹੀਂ ਹਨ ਤਾਂ ਆਪ ਜੀ ਨੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਅਰੰਭ ਕਰ ਦਿੱਤਾ। ਉਹ ਪ੍ਰੇਮੀ ਕਹਿਣ ਲੱਗੇ, ਬਾਬਾ ਜੀ ਅਸੀਂ ਤਾਂ ਤੁਹਾਡੇ ਪਾਸ ਬੈਠਣ ਅਤੇ ਗੱਲਾਂ-ਬਾਤਾਂ ਕਰਨ ਆਏ ਸਾਂ ਪਰ ਤੁਸੀਂ ਤਾਂ ਪਾਠ ਸ਼ੁਰੂ ਕਰ ਦਿੱਤਾ ਹੈ। ਪਤਾ ਨਹੀਂ ਪਾਠ ਕਦੋਂ ਮੁੱਕਣਾ ਹੈ, ਸਾਨੂੰ ਹੁਣ ਖ਼ੁਸ਼ੀਆਂ ਬਖ਼ਸ਼ੋ, ਅਸੀਂ ਚੱਲਦੇ ਹਾਂ। ਬਾਬਾ ਜੀ ਨੇ ਪਾਠ ਕਰਦੇ ਹੀ ਸਿਰ ਨੀਵਾਂ ਕਰ ਕੇ ਉਹਨਾਂ ਨੂੰ ਜਾਣ ਲਈ ਵਿਦਾਇਗੀ ਦੇ ਦਿੱਤੀ ਤੇ ਆਪ ਪਾਠ ਕਰਦੇ ਰਹੇ।

ਆਪ ਜੀ ਨੂੰ ਨਿੱਤ ਇਹੋ ਜਿਹੇ ਪੁਰਸ਼ਾਂ ਨਾਲ ਵਾਹ ਪੈਂਦਾ ਰਹਿੰਦਾ ਸੀ। ਜਦੋਂ ਆਪ ਜੀ ਨੇ ਵੇਖਣਾ ਕਿ ਇਹ ਆਏ ਪੁਰਸ਼ ਲੋੜ ਤੋਂ ਵੱਧ ਐਵੇਂ ਫਾਲਤੂ ਗੱਲਾਂ ਕਰ ਕੇ ਆਪਣਾ ਵੀ ਸਮਾਂ ਵਿਅਰਥ ਗਵਾ ਰਹੇ ਹਨ ਤੇ ਸਾਨੂੰ ਵੀ ਨਾਲ ਹੀ ਭਾਈਵਾਲ ਬਣਾ ਰਹੇ ਹਨ। ਆਪ ਨੇ ਉਹਨਾਂ ਦੀ ਚੱਲ ਰਹੀ ਗੱਲ ਦੀ ਥੋੜ੍ਹੀ ਵੇਹਲ ਵੇਖ ਕੇ ਕਹਿਣਾ ਕਿ ਆਉ ਆਪਾਂ ਥੋੜ੍ਹਾ ਬਾਣੀ ਦਾ ਪਾਠ ਕਰ ਲੈਂਦੇ ਹਾਂ ਤੇ ਤੁਸੀਂ ਸੁਣਨ ਦੀ ਕ੍ਰਿਪਾ ਕਰੋ। ਇਹ ਕਹਿ ਕੇ ਆਪ ਜਾਂ ਕਿਸੇ ਹੋਰ ਪ੍ਰੇਮੀ ਪਾਸੋਂ ਸ੍ਰੀ ਸੁਖਮਨੀ ਸਾਹਿਬ ਜੀ ਦਾ ਜਾਂ ਕਿਸੇ ਹੋਰ ਬਾਣੀ ਦਾ ਪਾਠ ਅਰੰਭ ਕਰ ਜਾਂ ਕਰਵਾ ਦੇਣਾ।

ਬਹੁਤੀ ਵਾਰੀ ਵੇਖਣ ਵਿੱਚ ਆਇਆ ਕਿ ਜਦੋਂ ਬਾਬਾ ਜੀ ਨੇ ਪਾਠ ਅਰੰਭ ਕਰਨਾ ਤਾਂ ਕੇਵਲ ਗੱਲਾਂ ਕਰਨ ਵਾਲੇ ਪ੍ਰੇਮੀ ਨੇ ਕਹਿਣਾ, ਚੰਗਾ ਬਾਬਾ ਜੀ! ਤੁਸੀਂ ਤਾਂ ਹੁਣ ਪਾਠ ਕਰਨਾ ਹੈ, ਸਾਨੂੰ ਹੁਣ ਖ਼ੁਸ਼ੀਆਂ ਬਖ਼ਸ਼ੋ। ਆਪ ਜੀ ਨੇ ਪਾਠ ਕਰਦੇ-ਕਰਦੇ ਹੀ ਉਸ ਦੇ ਜਾਣ ਦੀ ਫ਼ਤਹਿ ਦਾ ਉੱਤਰ ਥੋੜ੍ਹਾ ਸਿਰ ਨੀਵਾਂ ਕਰਕੇ ਦੇ ਦੇਣਾ ਤੇ ਉਸ ਪ੍ਰੇਮੀ ਨੇ ਉਥੋਂ ਪੱਤਰਾ ਵਾਚ ਜਾਣਾ।

(ਚਲਦਾ)

# 'ਕਿਰਪਾਨ' ਨੂੰ ਨਿਸ਼ਾਨਾ ਬਣਾਉਣਾ ਮੰਦਭਾਗਾ, ਸਿੱਖ ਜਥੇਬੰਦੀਆਂ ਨੇ ਫ਼ਿਰਕੂ ਨਫ਼ਰਤ ਫੈਲਾਉਣ ਵਾਲਿਆਂ ਨੂੰ ਦਿੱਤੀ ਚਿਤਾਵਨੀ

## ਧਾਰਮਿਕ ਆਸਥਾ ਦੇ ਪ੍ਰਤੀਕ ਨੂੰ ਅਪਰਾਧ ਨਾਲ ਜੋੜਨਾ ਗ਼ਲਤ

ਲੰਡਨ : ਬਰਤਾਨੀਆ (UK) ਵਿੱਚ ਇੱਕ ਨੌਜਵਾਨ ਦੇ ਕਤਲ ਦੇ ਮਾਮਲੇ ਵਿੱਚ ਦੋਸ਼ੀ ਵੱਲੋਂ ਕਿਰਪਾਨ ਦੀ ਆੜ ਲੈਣ ਮਗਰੋਂ ਉੱਥੋਂ ਦੀਆਂ ਸੱਜੇ-ਪੱਖੀ ਜਥੇਬੰਦੀਆਂ ਵੱਲੋਂ ਕਿਰਪਾਨ 'ਤੇ ਪਾਬੰਦੀ ਲਗਾਉਣ ਦੀਆਂ ਮੰਗਾਂ ਉੱਠਣ ਲੱਗੀਆਂ ਹਨ। ਬ੍ਰਿਟਿਸ਼ ਸਿੱਖ ਜਥੇਬੰਦੀਆਂ ਨੇ ਇਸ 'ਤੇ ਸਖ਼ਤ ਪ੍ਰਤੀਕਰਮ ਦਿੰਦਿਆਂ ਚਿਤਾਵਨੀ ਦਿੱਤੀ ਹੈ ਕਿ ਇੱਕ ਅਪਰਾਧੀ ਦੀਆਂ ਕਰਤੂਤਾਂ ਕਰਕੇ ਪੂਰੇ ਸਿੱਖ ਭਾਈਚਾਰੇ ਨੂੰ 'ਨਾਜਾਇਜ਼' ਤੌਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਸਾਊਥੈਂਪਟਨ ਕਰਾਊਨ ਕੋਰਟ ਨੇ ਵੀਰਵਾਰ ਨੂੰ 23 ਸਾਲਾ ਵਿਕਰਮ ਦਿਗਵਾ ਨੂੰ 18 ਸਾਲਾ ਹੈਨਰੀ ਨੋਵਾਕ ਦਾ 21 ਸੈਂਟੀਮੀਟਰ ਲੰਬੇ ਖੰਜਰ (ਕਿਰਪਾਨ) ਨਾਲ ਕਤਲ ਕਰਨ ਦਾ ਦੋਸ਼ੀ ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਉਸ ਦੀ 53 ਸਾਲਾ ਮਾਂ ਕਿਰਨ ਕੌਰ ਨੂੰ ਅਪਰਾਧੀ ਦੀ ਮਦਦ ਕਰਨ (ਵਾਰਦਾਤ ਵਾਲੀ ਥਾਂ ਤੋਂ ਹਥਿਆਰ ਗਾਇਬ ਕਰਨ) ਦਾ ਦੋਸ਼ੀ ਪਾਇਆ ਗਿਆ ਹੈ। ਸੁਣਵਾਈ ਦੌਰਾਨ ਵਿਕਰਮ ਨੇ ਕਤਲ ਦੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਦਾਅਵਾ ਕੀਤਾ ਸੀ ਕਿ ਉਸ ਨੇ ਧਾਰਮਿਕ ਆਸਥਾ ਤਹਿਤ ਰੱਖੀ ਕਿਰਪਾਨ ਦੀ ਵਰਤੋਂ 'ਸਵੈ-ਰੱਖਿਆ' (Self-defence) ਲਈ ਕੀਤੀ ਸੀ। ਇਸ ਮਾਮਲੇ ਤੋਂ ਬਾਅਦ ਯੂਕੇ ਦੀ 'ਰੀਸਟੋਰ ਬ੍ਰਿਟੇਨ' ਵਰਗੀਆਂ ਕੱਟੜਪੰਥੀ ਪਾਰਟੀਆਂ ਨੇ ਕਿਰਪਾਨ 'ਤੇ ਪਾਬੰਦੀ ਲਗਾਉਣ ਦੀ ਮੰਗ ਚੁੱਕੀ ਹੈ।

**ਇੱਕ ਅਪਰਾਧੀ ਪੂਰੇ ਭਾਈਚਾਰੇ ਦੀ ਪਛਾਣ ਨਹੀਂ ਹੋ ਸਕਦਾ: ਸਿਟੀ ਸਿੱਖਸ**

'ਸਿਟੀ ਸਿੱਖਸ ਫਾਊਂਡੇਸ਼ਨ' ਨੇ ਇੱਕ ਬਿਆਨ ਜਾਰੀ ਕਰਕੇ ਕਿਹਾ, "ਇਸ ਕਤਲ ਦੇ ਵਿਰੋਧ ਵਿੱਚ ਕਿਰਪਾਨ 'ਤੇ ਪਾਬੰਦੀ ਲਗਾਉਣ ਦੀ ਮੰਗ ਕਰਨਾ ਇੱਕ ਇਕੱਲੇ ਅਪਰਾਧੀ ਦੀ ਗਲਤੀ ਲਈ ਪੂਰੇ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਰਗਾ ਹੈ। ਕਿਸੇ ਇੱਕ ਵਿਅਕਤੀ ਦੇ ਗਲਤ ਕਦਮਾਂ ਨੂੰ ਕਦੇ ਵੀ ਪੂਰੇ ਧਰਮ ਦੀ ਪਰਿਭਾਸ਼ਾ ਨਹੀਂ ਮੰਨਿਆ ਜਾ ਸਕਦਾ। ਬ੍ਰਿਟਿਸ਼ ਸਿੱਖ ਭਾਈਚਾਰਾ ਯੂਕੇ ਵਿੱਚ ਸਭ ਤੋਂ ਵੱਧ ਕਾਨੂੰਨ ਦੀ ਪਾਲਣਾ ਕਰਨ ਵਾਲਾ ਅਤੇ ਸਮਾਜ ਵਿੱਚ ਘੁਲਿਆ-ਮਿਲਿਆ ਭਾਈਚਾਰਾ ਹੈ, ਜਿਸ ਦਾ ਇਸ ਦੇਸ਼ ਵਿੱਚ 160 ਸਾਲਾਂ ਤੋਂ ਵੱਧ ਦਾ ਮਾਣਮੱਤਾ ਇਤਿਹਾਸ ਹੈ।

ਸੰਸਥਾ ਨੇ ਸਪੱਸ਼ਟ ਕੀਤਾ ਕਿ ਕਿਰਪਾਨ ਖ਼ਾਲਸਾ ਮਰਿਆਦਾ ਵਿੱਚ ਪ੍ਰਵੇਸ਼ ਕਰਨ ਵਾਲੇ ਸਿੱਖਾਂ ਲਈ ਆਸਥਾ ਦਾ ਪ੍ਰਤੀਕ ਹੈ, ਜੋ ਸਮਾਜ ਦੇ ਕਮਜ਼ੋਰ ਵਰਗ ਦੀ ਰੱਖਿਆ ਦੀ ਯਾਦ ਦਿਵਾਉਂਦੀ ਹੈ ਅਤੇ ਬ੍ਰਿਟੇਨ ਵਿੱਚ ਪੀੜ੍ਹੀਆਂ ਤੋਂ ਇਸ ਨੂੰ ਜ਼ਿੰਮੇਵਾਰੀ ਨਾਲ ਪਹਿਨਿਆ ਜਾ ਰਿਹਾ ਹੈ। ਸੰਸਥਾ ਨੇ ਹੈਨਰੀ ਨੋਵਾਕ ਦੇ ਬੇਰਹਿਮੀ ਨਾਲ ਕੀਤੇ ਕਤਲ ਦੀ ਸਖ਼ਤ ਨਿਖੇਧੀ



ਕਰਦਿਆਂ ਲੋਕਾਂ ਨੂੰ ਅਮਨ-ਸ਼ਾਂਤੀ ਅਤੇ ਜ਼ਿੰਮੇਵਾਰੀ ਨਾਲ ਗੱਲਬਾਤ ਕਰਨ ਦੀ ਅਪੀਲ ਕੀਤੀ ਹੈ।

**ਇਹ ਕੇਸ ਸਿੱਖ ਧਰਮ ਜਾਂ ਨਸਲਵਾਦ ਦਾ ਨਹੀਂ: ਸਰਕਾਰੀ ਵਕੀਲ**

ਅਦਾਲਤੀ ਕਾਰਵਾਈ ਦੌਰਾਨ ਇਹ ਮਾਮਲਾ ਪੂਰੀ ਤਰ੍ਹਾਂ ਕਾਨੂੰਨੀ ਦਾਇਰੇ ਦੇ ਆਲੇ-ਦੁਆਲੇ ਘੁੰਮਦਾ ਰਿਹਾ। ਜੱਜ ਵਿਲੀਅਮ ਮੌਸਲੇ ਨੇ ਨੋਟ ਕੀਤਾ ਕਿ ਯੂਕੇ ਦੇ ਕਾਨੂੰਨ ਤਹਿਤ ਅਜਿਹੀ ਨੁਕੀਲੀ ਚੀਜ਼ ਰੱਖਣ ਦੀ ਇਜਾਜ਼ਤ ਸਿਰਫ਼ ਧਾਰਮਿਕ ਕਾਰਨਾਂ ਜਾਂ ਸਵੈ-ਰੱਖਿਆ ਲਈ ਹੈ। ਜਿਊਰੀ ਵੱਲੋਂ ਫ਼ੈਸਲਾ ਸੁਣਾਏ ਜਾਣ ਤੋਂ ਪਹਿਲਾਂ ਸਰਕਾਰੀ ਵਕੀਲ ਨਿਕੋਲਸ ਲੋਬੇਨਬਰਗ ਨੇ ਬਿਲਕੁਲ ਸਾਫ਼ ਸ਼ਬਦਾਂ ਵਿੱਚ ਕਿਹਾ ਸੀ, "ਇਹ ਮਾਮਲਾ ਸਿੱਖ ਧਰਮ ਬਾਰੇ ਨਹੀਂ ਹੈ। ਇਹ ਮਾਮਲਾ ਨਸਲਵਾਦ ਬਾਰੇ ਵੀ ਨਹੀਂ ਹੈ। ਇਹ ਕੇਸ ਸਿਰਫ਼ ਤੇ ਸਿਰਫ਼ ਇੱਕ ਕਤਲ ਦਾ ਹੈ।

'ਸਿੱਖ ਫੈਡਰੇਸ਼ਨ ਯੂਕੇ' ਨੇ ਵੀ ਇਸ ਕਤਲ ਦੀ ਨਿੰਦਾ ਕਰਦਿਆਂ ਖ਼ਦਸ਼ਾ ਪ੍ਰਗਟਾਇਆ ਕਿ ਇਸ ਨਾਲ ਭਾਈਚਾਰਕ ਨਫ਼ਰਤ ਨੂੰ ਬੇਲੋੜੀ ਹਵਾ ਮਿਲੀ ਹੈ। ਜਥੇਬੰਦੀ ਨੇ ਕਿਹਾ, 'ਸਾਡੀ ਜਾਣਕਾਰੀ ਮੁਤਾਬਕ ਵਾਰਦਾਤ ਵਿੱਚ ਵਰਤਿਆ ਗਿਆ ਹਥਿਆਰ ਉਹ ਆਮ ਕਿਰਪਾਨ ਨਹੀਂ ਸੀ ਜੋ ਮਰਿਆਦਾ ਮਾਰਗੀ ਸਿੱਖ ਸਜਾਉਂਦੇ ਹਨ। ਇਹ ਬਾਰੀਕ ਫ਼ਰਕ ਬਹੁਤ ਮਹੱਤਵਪੂਰਨ ਹੈ, ਜਿਸ ਨੂੰ ਸ਼ਾਇਦ ਗਵਾਹਾਂ ਜਾਂ ਅਦਾਲਤ ਸਾਹਮਣੇ ਸਹੀ ਤਰੀਕੇ ਨਾਲ ਸਪੱਸ਼ਟ ਨਹੀਂ ਕੀਤਾ ਗਿਆ।'

ਫੈਡਰੇਸ਼ਨ ਨੇ ਸਾਫ਼ ਕੀਤਾ ਕਿ ਕਾਨੂੰਨ ਸਿਰਫ਼ ਅੰਮ੍ਰਿਤਧਾਰੀ ਸਿੱਖਾਂ ਨੂੰ ਧਾਰਮਿਕ ਆਸਥਾ ਤਹਿਤ ਕਿਰਪਾਨ ਪਹਿਨਣ ਦੀ ਖੁੱਲ੍ਹ ਦਿੰਦਾ ਹੈ, ਪਰ ਜੇਕਰ ਇਸ ਦੀ ਵਰਤੋਂ ਹਿੰਸਾ ਜਾਂ ਹਮਲੇ ਲਈ ਕੀਤੀ ਜਾਂਦੀ ਹੈ, ਤਾਂ ਕਾਨੂੰਨੀ ਛੋਟ ਖ਼ਤਮ ਹੋ ਜਾਂਦੀ ਹੈ ਅਤੇ ਇਸ ਨੂੰ 'ਘਾਤਕ ਹਥਿਆਰ' (Offensive weapon) ਮੰਨਿਆ ਜਾਂਦਾ ਹੈ।

**ਵਿਵਾਦਾਂ ਦੇ ਘੇਰੇ ਵਿੱਚ ਪੁਲੀਸ ਦੀ ਕਾਰਵਾਈ**

ਇਹ ਮਾਮਲਾ ਉਸ ਵੇਲੇ ਹੋਰ ਗੁੰਝਲਦਾਰ ਹੋ ਗਿਆ ਜਦੋਂ ਇਹ ਸਾਹਮਣੇ ਆਇਆ ਕਿ ਘਟਨਾ ਸਥਾਨ 'ਤੇ ਪਹੁੰਚੀ ਹੈਂਪਸ਼ਾਇਰ ਪੁਲਿਸ ਨੇ ਜ਼ਖ਼ਮੀ ਹਾਲਤ ਵਿੱਚ ਪਏ ਪੀੜਤ ਹੈਨਰੀ ਨੋਵਾਕ ਨੂੰ ਹੀ ਹੱਥਕੜੀ ਲਗਾ ਦਿੱਤੀ ਸੀ। ਦੋਸ਼ੀ ਵਿਕਰਮ ਨੇ ਪੁਲੀਸ ਨੂੰ ਗੁਮਰਾਹ ਕਰਦਿਆਂ ਦਾਅਵਾ ਕੀਤਾ ਸੀ ਕਿ ਨੋਵਾਕ ਨੇ ਉਸ 'ਤੇ ਨਸਲੀ ਟਿੱਪਣੀ ਕੀਤੀ ਸੀ ਅਤੇ ਕਿਸੇ ਹਥਿਆਰ ਦੀ ਵਰਤੋਂ ਤੋਂ ਇਨਕਾਰ ਕੀਤਾ ਸੀ। ਬਾਅਦ ਵਿੱਚ ਜਦੋਂ ਨੋਵਾਕ ਦੀ ਹਾਲਤ ਗੰਭੀਰ ਹੋਈ, ਤਾਂ ਹੱਥਕੜੀ ਖੋਲ੍ਹ ਕੇ ਐਂਬੂਲੈਂਸ ਬੁਲਾਈ ਗਈ। ਇਸ ਲਾਪਰਵਾਹੀ ਕਾਰਨ ਸਬੰਧਤ ਪੁਲੀਸ ਅਧਿਕਾਰੀਆਂ ਖ਼ਿਲਾਫ਼ ਸੁਤੰਤਰ ਪੁਲੀਸ ਆਚਰਣ ਦਫ਼ਤਰ (IOPC) ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਕਾਂਸਟੇਬੁਲਰੀ ਦੇ ਅਸਥਾਈ ਡਿਪਟੀ ਚੀਫ਼ ਕਾਂਸਟੇਬਲ ਰੌਬਰਟ ਫਰਾਂਸ ਨੇ ਇਸ ਘਟਨਾ 'ਤੇ ਡੂੰਘਾ ਅਫ਼ਸੋਸ ਪ੍ਰਗਟਾਇਆ ਹੈ। ਦੱਸ ਦਈਏ ਕਿ ਦੋਸ਼ੀ ਵਿਕਰਮ ਦਿਗਵਾ ਨੂੰ ਸੋਮਵਾਰ ਨੂੰ ਸਜ਼ਾ ਸੁਣਾਈ ਜਾਵੇਗੀ, ਜਦੋਂ ਕਿ ਉਸ ਦੀ ਮਾਂ ਕਿਰਨ ਕੌਰ ਨੂੰ 17 ਜੁਲਾਈ ਨੂੰ ਸਜ਼ਾ ਹੋਵੇਗੀ। ਦੂਜੇ ਪਾਸੇ 'ਰਿਫਾਰਮ ਯੂਕੇ' ਦੇ ਐਮਪੀ ਰੌਬਰਟ ਜੇਨਰਿਕ ਨੇ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੂੰ ਪੱਤਰ ਲਿਖ ਕੇ ਪੁਲੀਸ ਦੇ 'ਐਂਟੀ-ਰੇਸਿਸਟ ਟਰੇਨਿੰਗ ਪ੍ਰੋਗਰਾਮਾਂ' ਦੀ ਸਮੀਖਿਆ ਕਰਨ ਅਤੇ ਕਾਨੂੰਨ ਸਾਹਮਣੇ ਸਭ ਨੂੰ ਬਰਾਬਰ ਸਮਝਣ ਦੀ ਮੰਗ ਕੀਤੀ ਹੈ।

## ਆਖਰੀ ਉਡਾਣ

# ਸ਼ਹੀਦ ਵੀਰ ਟਾਈਲਰ ਜੈਗਰਸ ਦੀ ਅਮਰ ਕੁਰਬਾਨੀ ਨੂੰ ਦੇਸ਼ ਦਾ ਸਲਾਮ, ਸਰਕਾਰੀ ਸਨਮਾਨਾਂ ਨਾਲ ਦਿੱਤੀ ਗਈ ਅੰਤਿਮ ਵਿਦਾਈ









ਵਾਸ਼ਿੰਗਟਨ, ਡੀ.ਸੀ. : 'ਦੂਜਿਆਂ ਦੀ ਜਾਨ ਬਚਾਉਣ' ਦੇ ਪਵਿੱਤਰ ਸੰਕਲਪ ਨੂੰ ਆਪਣੀ ਆਖਰੀ ਸਾਹ ਤੱਕ ਨਿਭਾਉਣ ਵਾਲੇ ਅਮਰੀਕੀ ਕੋਸਟ ਗਾਰਡ ਦੇ ਜਾਂਬਾਜ਼ ਹੀਰੋ, ਐਵੀਏਸ਼ਨ ਸਰਵਾਈਵਲ ਟੈਕਨੀਸ਼ੀਅਨ ਸੈਕਿੰਡ ਕਲਾਸ (ASTB) ਟਾਈਲਰ ਜੈਗਰਸ ਨੂੰ ਅੱਜ ਪੂਰੇ ਸਰਕਾਰੀ ਅਤੇ ਫੌਜੀ ਸਨਮਾਨਾਂ ਨਾਲ ਅੰਤਿਮ ਵਿਦਾਈ ਦਿੱਤੀ ਗਈ। ਦੇਸ਼ ਦੇ ਇਸ ਬਹਾਦਰ ਪੁੱਤਰ ਦੀ ਅੰਤਿਮ ਯਾਤਰਾ ਅਤੇ ਦੇਸ਼ ਪ੍ਰਤੀ ਸੇਵਾ ਨੂੰ ਯਾਦ ਕਰਦਿਆਂ ਹਰ ਅੱਖ ਨਮ ਸੀ ਅਤੇ ਹਰ ਦਿਲ ਮਾਣ ਨਾਲ ਭਰਿਆ ਹੋਇਆ ਸੀ। ਜੁਆਇੰਟ ਬੇਸ ਐਂਡਰਿਊਜ਼ ਵਿਖੇ ਸਨਮਾਨਜਨਕ ਆਗਮਨ (Dignified Arrival) ਟਾਕੋਮਾ, ਵਾਸ਼ਿੰਗਟਨ ਦੇ ਜੁਆਇੰਟ ਬੇਸ ਲੇਵਿਸ-ਮੈਕਕਾਰਡ ਵਿਖੇ ਆਯੋਜਿਤ ਇੱਕ ਭਾਵੁਕ ਅਤੇ ਗੌਰਵਮਈ ਸਮਾਰੋਹ ਤੋਂ ਬਾਅਦ, ਸ਼ਹੀਦ ਟਾਈਲਰ ਜੈਗਰਸ ਦੀ ਮ੍ਰਿਤਕ ਦੇਹ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਇੱਕ ਵਿਸ਼ੇਸ਼ ਸੀ-130 (C-130) ਮਿਲਟਰੀ ਹਵਾਈ ਜਹਾਜ਼ ਰਾਹੀਂ ਜੁਆਇੰਟ ਬੇਸ ਐਂਡਰਿਊਜ਼ ਲਿਆਂਦਾ ਗਿਆ। ਇਸ ਇਤਿਹਾਸਕ ਅਤੇ ਗੰਭੀਰ ਪਲ 'ਤੇ ਦੇਸ਼ ਦੀਆਂ ਸਭ ਤੋਂ ਪ੍ਰਮੁੱਖ ਸ਼ਖਸੀਅਤਾਂ ਉੱਥੇ ਮੌਜੂਦ ਸਨ, ਜਿਨ੍ਹਾਂ ਵਿੱਚ ਸ਼ਾਮਲ ਸਨ:
ਹੋਮਲੈਂਡ ਸਿਕਿਓਰਿਟੀ ਦੇ ਸਕੱਤਰ
ਕੋਸਟ ਗਾਰਡ ਦੇ ਕਮਾਂਡੈਂਟ
ਕੋਸਟ ਗਾਰਡ ਦੇ ਮੌਜੂਦਾ ਅਤੇ ਸੇਵਾਮੁਕਤ ਅਧਿਕਾਰੀ
ਸ਼ਹੀਦ ਜੈਗਰਸ ਦੇ ਪਰਿਵਾਰਕ ਮੈਂਬਰ ਅਤੇ ਕਰੀਬੀ ਦੋਸਤ
ਰਸਮੀ ਆਨਰ ਗਾਰਡ ਨੇ ਪੂਰੇ ਫੌਜੀ ਸ਼ਿਸ਼ਟਾਚਾਰ ਨਾਲ ASTB ਜੈਗਰਸ ਦੇ ਤਾਬੂਤ ਨੂੰ ਅਮਰੀਕੀ ਝੰਡੇ ਵਿੱਚ ਲਪੇਟ ਕੇ ਸਵੀਕਾਰ ਕੀਤਾ ਅਤੇ ਦੇਸ਼ ਦੇ ਇਸ ਸੂਰਬੀਰ ਨੂੰ ਸਲਾਮੀ (ਗਾਰਡ ਆਫ਼ ਆਨਰ) ਦਿੱਤੀ।

# ਅਮਰੀਕਾ 'ਚ ਗ਼ੈਰ-ਕਾਨੂੰਨੀ ਤੌਰ 'ਤੇ ਟਰੱਕ ਚਲਾ ਰਹੇ 30 ਭਾਰਤੀ ਗ੍ਰਿਫ਼ਤਾਰ; ਜਲਦ ਹੋਣਗੇ ਡਿਪੋਰਟ

### ਸੰਘੀ ਵਿਭਾਗ ਦੀ 'ਅਪਰੇਸ਼ਨ ਚੈੱਕਮੇਟ' ਤਹਿਤ ਵੱਡੀ ਕਾਰਵਾਈ; ਫ਼ਰਜ਼ੀ ਦਸਤਾਵੇਜ਼ਾਂ ਦੇ ਸਹਾਰੇ ਚਲਾ ਰਹੇ ਸਨ ਕਾਰੋਬਾਰੀ ਵਾਹਨ




ਵਾਸ਼ਿੰਗਟਨ, (ਰਾਜ ਗੋਗਨਾ) : ਅਮਰੀਕਾ ਦੇ 'ਆਪ੍ਰੇਸ਼ਨ ਚੈੱਕਮੇਟ' ਵਿੱਚ 30 ਭਾਰਤੀ ਟਰੱਕ ਡਰਾਈਵਰਾ ਨੂੰ ਗ੍ਰਿਫ਼ਤਾਰ ਕੀਤਾ ਹੈ। ਪ੍ਰਸ਼ਾਸਨ ਹੁਣ ਅਮਰੀਕਾ ਵਿੱਚ ਰਹਿਣ ਵਾਲੇ ਗੈਰ-ਕਾਨੂੰਨੀ ਪ੍ਰਵਾਸੀਆਂ, ਖਾਸ ਕਰਕੇ ਵਪਾਰਕ ਡਰਾਈਵਰਾਂ ਵਿਰੁੱਧ ਸਖ਼ਤ ਹੋ ਗਿਆ ਹੈ। ਅਮਰੀਕੀ ਬਾਰਡਰ ਪੈਟਰੋਲ ਏਜੰਟਾਂ ਨੇ ਐਰੀਜ਼ੋਨਾ ਦੇ ਯੂਮਾ ਸੈਕਟਰ ਵਿੱਚ 'ਆਪ੍ਰੇਸ਼ਨ ਚੈੱਕਮੇਟ' ਦੇ ਤਹਿਤ ਇੱਕ ਕਾਰਵਾਈ ਵਿੱਚ 30 ਭਾਰਤੀ ਟਰੱਕ ਡਰਾਈਵਰਾਂ ਸਮੇਤ ਕੁੱਲ 52 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਮਰੀਕੀ ਕਸਟਮ ਅਤੇ ਸਰਹੱਦੀ ਸੁਰੱਖਿਆ ਦੇ ਅਨੁਸਾਰ, ਇਹ ਗ੍ਰਿਫ਼ਤਾਰੀਆਂ 11 ਤੋਂ 15 ਮਈ ਦੇ ਵਿਚਕਾਰ ਕੀਤੀਆਂ ਗਈਆਂ ਸਨ। ਇਸ ਕਾਰਵਾਈ ਦਾ ਮੁੱਖ ਉਦੇਸ਼ ਉਨ੍ਹਾਂ ਵਪਾਰਕ ਮੋਟਰ ਵਾਹਨ ਚਾਲਕਾਂ ਨੂੰ ਫੜਨਾ ਹੈ ਜੋ ਸੰਯੁਕਤ ਰਾਜ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ ਅਤੇ ਗੱਡੀ ਚਲਾ ਰਹੇ ਹਨ। ਇਸ ਵਿੱਚ ਕੁੱਲ 52 ਗ੍ਰਿਫਤਾਰੀਆਂ ਹੋਈਆ ਹਨ, ਜਿੰਨਾ 'ਚ 30 ਦੇ ਕਰੀਬ ਭਾਰਤੀ ਨਾਗਰਿਕ ਹਨ ਅਤੇ ਬਾਕੀ ਦੂਜੇ ਦੇਸ਼ਾਂ ਦੇ ਨਾਗਰਿਕ ਜੋ ਮੈਕਸੀਕੋ, ਅਲ ਸਲਵਾਡੋਰ ਅਤੇ ਰੂਸ ਨਾਲ ਸਬੰਧਤ ਹਨ। ਗ੍ਰਿਫ਼ਤਾਰ ਕੀਤੇ ਗਏ ਹਨ। ਜਿਨ੍ਹਾਂ 'ਚ ਤਿੰਨ ਵਿਅਕਤੀਆਂ ਕੋਲ ਕਿਸੇ ਵੀ ਕਿਸਮ ਦਾ ਡਰਾਈਵਿੰਗ ਲਾਇਸੈਂਸ ਵੀ ਨਹੀਂ ਸੀ ਜ਼ਿਆਦਾਤਰ ਡਰਾਈਵਰਾਂ ਕੋਲ 'ਰੁਜ਼ਗਾਰ ਅਧਿਕਾਰ ਦਸਤਾਵੇਜ਼' (ਸਨ, ਜੋ ਪਿਛਲੇ ਰਾਸ਼ਟਰਪਤੀ ਜੋਅ ਬਿਡੇਨ ਪ੍ਰਸ਼ਾਸਨ ਦੌਰਾਨ ਪ੍ਰਾਪਤ ਕੀਤੇ ਗਏ ਸਨ, ਪਰ ਹੁਣ ਉਹ ਵੈਧ ਨਹੀਂ ਹਨ ਅਤੇ ਗੈਰ-ਕਾਨੂੰਨੀ ਡਰਾਈਵਰਾਂ ਨੂੰ ਹੁਣ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ।' ਇਸ ਕਾਰਵਾਈ ਦਾ ਉਦੇਸ਼ ਜਨਤਕ ਸੁਰੱਖਿਆ ਦੀ ਰੱਖਿਆ ਕਰਨਾ ਅਤੇ ਅਯੋਗ ਡਰਾਈਵਰਾਂ ਕਾਰਨ ਹੋਣ ਵਾਲੇ ਘਾਤਕ ਹਾਦਸਿਆਂ ਨੂੰ ਰੋਕਣਾ ਹੈ, ਯੂਐਸ ਬਾਰਡਰ ਪੈਟਰੋਲ ਦੇ ਕਾਰਜਕਾਰੀ ਮੁੱਖ ਪੈਟਰੋਲ ਏਜੰਟ ਡਸਟਿਨ ਡਬਲਯੂ. ਕੌਡਲੇ ਨੇ ਕਿਹਾ, ਕਿ ਸਾਰੇ ਵਿਅਕਤੀਆਂ 'ਤੇ ਸੰਘੀ ਕਾਨੂੰਨ ਦੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ ਅਤੇ ਦੇਸ਼ ਨਿਕਾਲਾ ਦਿੱਤਾ ਜਾਵੇਗਾ ਜੋ ਪਿਛਲੇ ਘਾਤਕ ਹਾਦਸਿਆਂ ਕਾਰਨ ਅਮਰੀਕਾ ਵਿੱਚ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਅਮਰੀਕਾ ਵਿੱਚ ਭਾਰਤੀ ਡਰਾਈਵਰਾਂ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਟਰੱਕ ਚਲਾਉਣ ਕਾਰਨ ਹੋਏ ਹਾਦਸਿਆਂ ਤੋਂ ਬਾਅਦ ਇਹ ਮੁੱਦਾ ਅਮਰੀਕਾ 'ਚ ਹੋਰ ਵੀ ਗੰਭੀਰ ਹੋ ਗਿਆ ਹੈ।

# ਨਿਊਯਾਰਕ ਸੈਨੇਟ 'ਚ 15 ਅਗਸਤ, 2026 ਨੂੰ 'ਭਾਰਤ ਸੁਤੰਤਰਤਾ ਦਿਵਸ' ਵਜੋਂ ਮਨਾਉਣ ਦਾ ਮਤਾ ਪਾਸ

ਨਿਊਯਾਰਕ : ਅਮਰੀਕਾ ਦੇ ਨਿਊਯਾਰਕ ਰਾਜ ਵਿੱਚ ਭਾਰਤੀ ਭਾਈਚਾਰੇ ਅਤੇ ਭਾਰਤ ਦੀ ਅਮੀਰ ਵਿਰਾਸਤ ਨੂੰ ਵੱਡਾ ਸਨਮਾਨ ਮਿਲਿਆ ਹੈ। ਨਿਊਯਾਰਕ ਦੀ ਸੈਨੇਟ ਨੇ ਇੱਕ ਅਹਿਮ ਮਤਾ ਪਾਰਿਤ ਕਰਕੇ ਰਾਜ ਦੀ ਗਵਰਨਰ ਕੈਥੀ ਹੋਚੁਲ ਨੂੰ ਅਪੀਲ ਕੀਤੀ ਹੈ ਕਿ 15 ਅਗਸਤ 2026 ਨੂੰ ਨਿਊਯਾਰਕ ਰਾਜ ਵਿੱਚ ਅਧਿਕਾਰਤ ਤੌਰ 'ਤੇ 'ਭਾਰਤ ਸੁਤੰਤਰਤਾ ਦਿਵਸ' ਐਲਾਨਿਆ ਜਾਵੇ। ਸੀਨੇਟਰ ਜੇਰੇਮੀ ਕੂਨੀ ਵੱਲੋਂ ਪੇਸ਼ ਕੀਤੇ ਗਏ ਇਸ ਮਤੇ ਵਿੱਚ ਭਾਰਤ ਦੀ ਆਜ਼ਾਦੀ ਦੀ ਮਹੱਤਤਾ ਨੂੰ ਦੁਨੀਆ ਭਰ ਦੇ ਲੋਕਾਂ ਲਈ ਪ੍ਰੇਰਨਾ ਸਰੋਤ ਦੱਸਿਆ ਗਿਆ ਹੈ। ਮਤੇ ਵਿੱਚ ਕਿਹਾ ਗਿਆ ਹੈ ਕਿ ਇਹ ਦਿਨ ਨਾਗਰਿਕ, ਸਿਆਸੀ ਅਤੇ ਆਰਥਿਕ ਅਧਿਕਾਰਾਂ ਦੇ ਨਾਲ-ਨਾਲ 90 ਸਾਲਾਂ ਤੱਕ ਚੱਲੇ ਲੰਬੇ ਸੰਘਰਸ਼ ਦੇ ਅੰਤ ਦਾ ਪ੍ਰਤੀਕ ਹੈ। ਇਸ ਦੌਰਾਨ ਸੈਨੇਟਰਾਂ ਨੇ ਮਹਾਤਮਾ ਗਾਂਧੀ ਦੇ



ਸ਼ਾਂਤੀ ਦੇ ਸੰਦੇਸ਼ ਅਤੇ ਭਾਰਤ ਦੀ ਪ੍ਰਾਚੀਨ ਸਭਿਅਤਾ ਨੂੰ ਯਾਦ ਕੀਤਾ। ਚਰਚਾ ਦੌਰਾਨ ਸੈਨੇਟਰ ਜੌਨ ਲਿਊ ਨੇ ਭਾਰਤ ਦੀ ਤਾਰੀਫ਼ ਕਰਦਿਆਂ ਕਿਹਾ ਕਿ ਭਾਰਤ ਹਜ਼ਾਰਾਂ ਸਾਲਾਂ ਤੋਂ ਇੱਕ ਮਹਾਨ ਸਭਿਅਤਾ ਅਤੇ ਰਾਸ਼ਟਰ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਰਤ ਅਮਰੀਕਾ ਨਾਲੋਂ ਵੀ ਲੰਬੇ ਸਮੇਂ ਤੋਂ ਲੋਕਤੰਤਰ ਦਾ ਇੱਕ ਆਦਰਸ਼ ਮਾਡਲ ਰਿਹਾ ਹੈ। ਸੈਨੇਟਰ ਟੋਬੀ ਐਨ ਸਟਾਵਿਸਕੀ ਨੇ ਦੋਵਾਂ ਦੇਸ਼ਾਂ ਵਿਚਾਲੇ ਮੌਜੂਦ ਸਮਾਨਤਾਵਾਂ 'ਤੇ ਜ਼ੋਰ ਦਿੰਦਿਆਂ ਦੋਸਤੀ ਦੇ ਰਿਸ਼ਤੇ ਨੂੰ ਹੋਰ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਨਿਊਯਾਰਕ ਸਥਿਤ ਭਾਰਤੀ ਵਣਜ ਦੂਤਾਵਾਸ ਨੇ ਸੈਨੇਟ ਦੇ ਇਸ ਕਦਮ ਦਾ ਭਰਪੂਰ ਸਵਾਗਤ ਕੀਤਾ ਹੈ। ਦੂਤਾਵਾਸ ਨੇ ਸੋਸ਼ਲ ਮੀਡੀਆ ਰਾਹੀਂ ਕਿਹਾ ਕਿ ਇਹ ਫੈਸਲਾ ਭਾਰਤ ਅਤੇ ਅਮਰੀਕਾ ਵਿਚਾਲੇ ਦੋਸਤੀ, ਲੋਕਤੰਤਰ ਅਤੇ ਸਾਂਝੇ ਮੁੱਲਾਂ ਦੇ ਮਜ਼ਬੂਤ ਸਬੰਧਾਂ ਨੂੰ ਦਰਸਾਉਂਦਾ ਹੈ। ਉਨ੍ਹਾਂ ਨੇ ਇਸ ਮਤੇ ਨੂੰ ਪੇਸ਼ ਕਰਨ ਲਈ ਜੇਰੇਮੀ ਕੂਨੀ ਅਤੇ ਸਾਰੇ ਵਿਧਾਇਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਨਿਊਯਾਰਕ ਵਿੱਚ ਵਸਦੇ ਭਾਰਤੀ-ਅਮਰੀਕੀ ਭਾਈਚਾਰੇ ਦੇ ਵੱਡੇ ਯੋਗਦਾਨ ਦਾ ਸਨਮਾਨ ਹੈ।

# ਅਮਰੀਕਾ ਜਾਣ ਦੇ ਚਾਹਵਾਨਾਂ ਲਈ ਖ਼ੁਸ਼ਖ਼ਬਰੀ; ਵੀਜ਼ਾ ਫੀਸ 'ਚ ਮਿਲ ਸਕਦੀ ਹੈ ਭਾਰੀ ਰਾਹਤ

ਵਾਸ਼ਿੰਗਟਨ : ਅਮਰੀਕਾ ਵਿੱਚ ਅਧਿਆਪਕਾਂ ਦੀ ਭਾਰੀ ਕਮੀ ਨੂੰ ਦੇਖਦਿਆਂ ਹੁਣ ਵਿਦੇਸ਼ੀ ਅਧਿਆਪਕਾਂ ਲਈ ਵੀਜ਼ਾ ਪ੍ਰਕਿਰਿਆ ਨੂੰ ਸੌਖਾ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਅਮਰੀਕੀ ਸੰਸਦ ਮੈਂਬਰਾਂ ਨੇ 'ਹੋਮਲੈਂਡ ਸਿਕਿਉਰਿਟੀ ਵਿਭਾਗ' (DHS) ਨੂੰ ਅਪੀਲ ਕੀਤੀ ਹੈ ਕਿ ਪੇਂਡੂ ਅਤੇ ਪੱਛੜੇ ਇਲਾਕਿਆਂ ਵਿੱਚ ਪੜ੍ਹਾਉਣ ਲਈ ਆਉਣ ਵਾਲੇ ਵਿਦੇਸ਼ੀ ਅਧਿਆਪਕਾਂ ਨੂੰ 1 ਲੱਖ ਡਾਲਰ ਦੀ H-1B ਵੀਜ਼ਾ ਫੀਸ ਵਿੱਚ ਵਿਸ਼ੇਸ਼ ਰਾਹਤ ਦਿੱਤੀ ਜਾਵੇ। ਸੈਨੇਟ ਦੀ ਇੱਕ ਕਮੇਟੀ ਦੀ ਸੁਣਵਾਈ ਦੌਰਾਨ ਅਲਾਸਕਾ ਦੀ ਸੈਨੇਟਰ ਲੀਸਾ ਮੁਰਕੋਵਸਕੀ ਨੇ ਅਲਾਸਕਾ ਵਰਗੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਅਧਿਆਪਕਾਂ ਦੀ ਘਾਟ ਦਾ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ। ਉਨ੍ਹਾਂ ਕਿਹਾ ਕਿ ਜਿਵੇਂ ਪੇਂਡੂ ਹਸਪਤਾਲਾਂ ਨੂੰ ਵਿਦੇਸ਼ੀ ਡਾਕਟਰਾਂ ਦੀ ਲੋੜ ਹੁੰਦੀ ਹੈ, ਉਵੇਂ ਹੀ ਪੇਂਡੂ ਸਕੂਲ ਵੀ ਵਿਦੇਸ਼ੀ ਅਧਿਆਪਕਾਂ 'ਤੇ ਨਿਰਭਰ ਹਨ, ਪਰ ਭਾਰੀ ਵੀਜ਼ਾ ਫੀਸ ਕਾਰਨ ਉਨ੍ਹਾਂ ਦੀ ਭਰਤੀ ਕਰਨਾ ਮੁਸ਼ਕਿਲ ਹੋ ਰਿਹਾ ਹੈ।




ਸੈਨੇਟਰਾਂ ਦੀ ਇਸ ਮੰਗ 'ਤੇ ਹੁੰਗਾਰਾ ਭਰਦਿਆਂ ਹੋਮਲੈਂਡ ਸਿਕਿਉਰਿਟੀ ਮੰਤਰੀ ਮਾਰਕਵਾਇਨੇ ਮੁਲਿਨ ਨੇ ਸੰਕੇਤ ਦਿੱਤੇ ਹਨ ਕਿ ਵਿਭਾਗ ਕੋਲ 'ਕੇਸ-ਦਰ-ਕੇਸ' ਦੇ ਆਧਾਰ 'ਤੇ ਫੀਸਾਂ ਵਿੱਚ ਛੋਟ ਦੇਣ ਦੀ ਸ਼ਕਤੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਇਸ ਪ੍ਰਣਾਲੀ ਨੂੰ ਬਿਹਤਰ ਬਣਾਉਣ ਅਤੇ ਵਿਸ਼ੇਸ਼ ਹਾਲਾਤਾਂ ਵਿੱਚ ਫੀਸ ਮੁਆਫ਼ੀ ਦੇ ਪ੍ਰਸਤਾਵਾਂ 'ਤੇ ਵਿਚਾਰ ਕਰਨ ਲਈ ਤਿਆਰ ਹਨ। ਜ਼ਿਕਰਯੋਗ ਹੈ ਕਿ H-1B ਵੀਜ਼ਾ ਪ੍ਰੋਗਰਾਮ ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਮਾਹਿਰਾਂ ਨੂੰ ਨੌਕਰੀ 'ਤੇ ਰੱਖਣ ਦੀ ਇਜਾਜ਼ਤ ਦਿੰਦਾ ਹੈ। ਹਾਲਾਂਕਿ ਇਹ ਜ਼ਿਆਦਾਤਰ ਆਈ.ਟੀ. ਸੈਕਟਰ ਲਈ ਜਾਣਿਆ ਜਾਂਦਾ ਹੈ, ਪਰ ਸਿੱਖਿਆ ਸੰਸਥਾਵਾਂ ਅਤੇ ਸਿਹਤ ਸੇਵਾਵਾਂ ਵਿੱਚ ਵੀ ਇਸ ਦੀ ਵੱਡੀ ਭੂਮਿਕਾ ਹੈ। ਜੇਕਰ ਅਧਿਆਪਕਾਂ ਨੂੰ ਫੀਸ ਵਿੱਚ ਰਾਹਤ ਮਿਲਦੀ ਹੈ, ਤਾਂ ਭਾਰਤ ਵਰਗੇ ਦੇਸ਼ਾਂ ਤੋਂ ਅਮਰੀਕਾ ਜਾ ਕੇ ਪੜ੍ਹਾਉਣ ਦੇ ਚਾਹਵਾਨ ਪੇਸ਼ੇਵਰਾਂ ਲਈ ਇਹ ਇੱਕ ਵੱਡਾ ਮੌਕਾ ਹੋਵੇਗਾ।


CALL US: 209-637-0210 | 612-578-8078
925-495-0207
SAN
RAMON
Lathrop & Main Street Manteca
URGENT CARE & CLINIC
CITIZENSHIP ELIGIBILITY AND GREEN CARD APPLICATION
DR. RAJESH MAHESHWARI, MD
VISIT US NOW!
San Ramon URGENT CARE & CLINIC
Lathrop URGENT CARE
Main Street URGENT CARE
9140 Alcosta Boulevard Ste D
San Ramon, CA 94583
(925) 361-5959
15810 Harlan Road #A
Lathrop, CA 95330
(209) 983-9000
1040 North Main Street
Manteca, CA 95336
(209) 825-5155
https://www.sanramonurgentcare.com/
Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਜੇ ਪੰਜਾਬ ਦੇ ਸਿੱਖ ਰਾਜਸੀ ਹੱਕਾਂ ਲਈ ਪਰਵਾਨ ਕੀਤੇ ਜਾ ਸਕਦੇ ਹਨ ਤਾਂ ਦੂਜੇ ਸੂਬਿਆਂ ਵਿੱਚ ਸਿੱਖਾਂ ਦਾ ਇਹ ਹੱਕ ਕਿਉਂ ਖੋਹਿਆ ਜਾਵੇ। ਜੇ ਪੰਜਾਬ ਦੀਆਂ ਅਛੂਤ ਜਾਤੀਆਂ ਸਿੱਖ ਬਣ ਕੇ ਹੱਕ ਨਹੀਂ ਗੁਆ ਸਕਦੀਆਂ ਤਾਂ ਦੂਜੇ ਸੂਬਿਆਂ ਵਿੱਚ ਦਲਿਤ ਜਾਤੀਆਂ ਕਿਵੇਂ ਵੰਚਿਤ ਹੋ ਸਕਦੀਆਂ ਹਨ।
ਡਾ. ਅੰਬੇਦਕਰ

**ਮਹਾਤਮਾ ਗਾਂਧੀ ਨੇ ਦਲਿਤ ਜਾਤੀਆਂ ਦੀ ਸਿੱਖ ਬਣਨ ਵਾਲੀ ਤਜਵੀਜ਼ ਦੀ ਮੁਖ਼ਾਲਫ਼ਤ ਕੀਤੀ ਮਿਸਟਰ ਐਮ. ਸੀ. ਰਾਜਾ ਨੇ ਪ੍ਰੈੱਸ ਨੂੰ ਬਿਆਨ ਦਿੱਤਾ:**

ਮੈਂ ਡਾ. ਅੰਬੇਦਕਰ ਦੀ ਤਜਵੀਜ਼ ਸੰਬੰਧੀ ਕਿ ਦਲਿਤ ਜਾਤੀਆਂ ਹਿੰਦੂ ਧਰਮ ਤਿਆਗ ਕੇ ਕੋਈ ਹੋਰ ਧਰਮ ਧਾਰਨ ਕਰ ਲੈਣ ਆਪਣੇ ਖ਼ਿਆਲ ਪ੍ਰਗਟ ਕਰ ਚੁੱਕਾ ਹਾਂ। ਮੈਂ ਮਜ਼੍ਹਬ ਦੀ ਤਬਦੀਲੀ ਤੇ ਇਕ ਕੌਮ ਵਿੱਚੋਂ ਦੂਜੀ ਵਿੱਚ ਭਾਈਚਾਰਕ ਆਰਥਕ ਜਾਂ ਰਾਜਸੀ ਕਾਰਨਾਂ ਕਰਕੇ ਬਦਲ ਜਾਣ ਵਿੱਚ ਫ਼ਰਕ ਸਮਝਦਾ ਹਾਂ।
"ਪਿਆਰੇ ਡਾਕਟਰ ਮੂੰਜੇ, ਤੁਸੀਂ ਸਾਰੇ ਮਾਮਲੇ ਨੂੰ ਡਾ. ਅੰਬੇਡਕਰ ਦੀ ਤਜਵੀਜ਼ ਦੇ ਖ਼ਿਆਲ ਤੋਂ ਵੇਖ ਰਹੇ ਹੋ, ਜੋ ਕਿ ਫ਼ਿਰਕੂ ਤਬਦੀਲੀ ਹੈ ਨਾ ਕਿ ਮਜ਼੍ਹਬੀ ਤਬਦੀਲੀ। ਹਰ ਇਕ ਆਦਮੀ ਹਿੰਦੂ ਮਹਾਂ ਸਭਾ ਦੇ ਪ੍ਰਧਾਨ ਤੋਂ ਇਹ ਆਸ ਰੱਖਦਾ ਹੈ ਕਿ ਉਹ ਇਸ ਨੂੰ ਧਾਰਮਿਕ ਸਵਾਲ ਸਮਝੇ ਅਤੇ ਇਸ ਨੂੰ ਕੇਵਲ ਰਾਜਸੀ ਸਵਾਲ ਹੀ ਨਾ ਸਮਝੇ। ਹਿੰਦੂ ਮਹਾਂ ਸਭਾ ਦੇ ਪ੍ਰਧਾਨ ਹੋਣ ਦੀ ਹੈਸੀਅਤ ਵਿੱਚ ਤੁਹਾਥੋਂ ਇਹ ਆਸ ਕੀਤੀ ਜਾਂਦੀ ਸੀ ਕਿ ਤੁਸੀਂ ਦਲਿਤ ਜਾਤੀਆਂ ਤੋਂ ਸ਼ਹਿਰੀ ਤੇ ਭਾਈਚਾਰਕ ਪਾਬੰਦੀਆਂ ਹਟਾ ਕੇ ਉਨ੍ਹਾਂ ਦੀ ਹਾਲਤ ਨੂੰ ਸੁਧਾਰੋ। ਮੰਦਰਾਂ ਵਿੱਚ ਪੂਜਾ ਪਾਠ ਦੀ ਖੁੱਲ੍ਹ ਦੇਣ ਸੰਬੰਧੀ ਤਾਂ ਗੱਲ ਹੀ ਕੀ ਕਰਨੀ ਹੈ। ਇਸ ਤੋਂ ਛੁੱਟ ਤੁਹਾਡਾ ਇਹ ਫ਼ਰਜ਼ ਹੈ ਕਿ ਮਹਾਤਮਾਂ ਗਾਂਧੀ ਜੀ ਵੱਲੋਂ ਚਲਾਈ 'ਹਰੀਜਨ' ਲਹਿਰ ਨੂੰ ਅਗਾਂਹ ਵਧਾਇਆਂ ਜਾਵੇ। ਇਹ ਕੁਝ ਕਰਨ ਦੀ ਥਾਂ ਤੁਸੀਂ ਕੀ ਕਰ ਰਹੇ ਹੋ? ਤੁਸੀਂ ਦਲਿਤ ਜਾਤੀਆਂ ਨੂੰ ਟੁਕੜੇ ਟੁਕੜੇ ਕਰ ਰਹੇ ਹੋ ਅਤੇ ਮਜ਼੍ਹਬੀ ਤੌਰ 'ਤੇ ਤੁਸੀਂ ਉਨ੍ਹਾਂ ਨੂੰ ਸਿੱਖਾਂ ਨਾਲ ਗੰਢ ਰਹੇ ਅਤੇ ਰਾਜਸੀ ਤੌਰ 'ਤੇ ਉਨ੍ਹਾਂ ਨੂੰ ਹਿੰਦੂ ਰੱਖ ਰਹੇ ਹੈ।
ਇਹ ਸਾਰਾ ਤਾਣਾ ਮੈਨੂੰ ਦਲਿਤ ਜਾਤੀਆਂ ਦੇ ਲਾਭ ਲਈ ਨਹੀਂ ਦਿਸਦਾ। ਦੂਜੇ ਪਾਸੇ ਇਹ ਹਿੰਦੂ ਤੇ ਸਿੱਖਾਂ ਦੇ ਫ਼ਿਰਕੂ ਲਾਭਾਂ ਲਈ ਤਜਵੀਜ਼ ਕੀਤੀ ਗਈ ਹੈ। ਅਸੀਂ ਭੇਡਾਂ ਜਾਂ ਡੰਗਰ ਨਹੀਂ ਕਿ ਇਸ ਤਰ੍ਹਾਂ




ਸਾਡਾ ਵਟਾਂਦਰਾ ਕੀਤਾ ਜਾਵੇ। ਅਸੀਂ ਆਪਣੇ-ਆਪ ਨੂੰ ਮਜ਼ਬੂਤ ਕੌਮ ਚਾਹੁੰਦੇ ਹਾਂ ਜੋ ਕਿ ਅਜ਼ਾਦੀ ਨਾਲ ਹਰ ਤਰ੍ਹਾਂ ਆਪਣੇ ਪੈਰਾਂ ਤੇ ਖੜੀ ਰਹੇ। ਇਹ ਪੁਜ਼ੀਸ਼ਨ ਅਸੀਂ ਤਾਂ ਹੀ ਰੱਖ ਸਕਦੇ ਹਾਂ ਕਿ ਅਸੀਂ ਹਿੰਦੂ ਹੀ ਰਹੀਏ ਅਤੇ ਇਸ ਵਿੱਚ ਅਜਿਹਾ ਸੁਧਾਰ ਕੀਤਾ ਜਾਵੇ ਤਾਂਕਿ ਜੀਵਨ ਆਰਾਮ ਦੇਣ ਵਾਲਾ ਹੋ ਜਾਵੇ। ਸਾਡਾ ਭਾਵ ਇਹ ਨਹੀਂ ਹੋਣਾ ਚਾਹੀਦਾ ਕਿ ਅਸੀਂ ਹਿੰਦੂਆਂ ਨੂੰ ਕਮਜ਼ੋਰ ਕਰ ਦੇਈਏ ਬਲਕਿ ਸਾਨੂੰ ਹਿੰਦੂਆਂ ਨੂੰ ਇਸ ਦਾ ਸੁਧਾਰ ਕਰਕੇ ਤਾਕਤਵਰ ਬਣਾਉਣਾ ਚਾਹੀਦਾ ਹੈ। ਅਸੀਂ ਇਹ ਨਹੀਂ ਚਾਹੁੰਦੇ ਕਿ ਫ਼ਿਰਕੂ ਝਗੜੇ ਤੇ ਮੁਕਾਬਲੇ ਦੀ ਖੇਡ ਵਿੱਚ ਪਿਆਦਿਆਂ ਦੀ ਹੈਸੀਅਤ ਵਿੱਚ ਹੀ ਹੋਈਏ। ਤੁਹਾਡੀ ਤਜਵੀਜ਼ ਵਿੱਚ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਦੀ ਚੋਣ ਸੰਬੰਧੀ ਕਿਸਮਤ ਪਾਈ ਜਾਂਦੀ ਹੈ। ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਹਿੰਦੂ ਮਤ ਵਿੱਚੋਂ ਤਬਦੀਲ ਹੋ ਜਾਈਏ ਤਾਂ ਇਸ ਫ਼ਿਰਕੂ ਤਬਦੀਲੀ ਦਾ ਜਿਹੜਾ ਵਧੇਰੇ ਮੁੱਲ ਦੇਵੇਗਾ ਉੱਧਰ ਜਾਣ ਲਈ ਆਜ਼ਾਦ ਹੋਣਗੇ। ਫਿਰ ਅਸੀਂ ਮੁਸਲਮਾਨਾਂ ਦੇ ਵਿਰੁੱਧ ਕਿਉਂ ਹੋਈਏ। ਉਹ ਵੀ ਸਾਡੇ ਉਸੇ ਤਰ੍ਹਾਂ ਭਰਾ ਹਨ ਜਿਵੇਂ ਹਿੰਦੂ ਤੇ ਸਿੱਖ। ਜੇ ਸਾਰੇ ਅਛੂਤ ਸਿੱਖ ਬਣ ਜਾਣ ਤਾਂ ਪੰਜਾਬ ਵਾਂਗ ਹਰ ਥਾਂ ਸਿੱਖ ਹਿੰਦੂ ਤੇ ਮੁਸਲਮਾਨ ਦਾ ਸਵਾਲ ਖੜ੍ਹਾ ਹੋ ਜਾਵੇਗਾ। ਮਜ਼੍ਹਬ ਦੀ ਤਬਦੀਲੀ ਦੀ ਇਹ ਤਜਵੀਜ਼ ਦੱਖਣ ਵਿੱਚ ਕੋਈ ਖ਼ਾਸ ਅਸਰ ਨਹੀਂ ਰੱਖਦੀ। ਅਸੀਂ ਪੂਨਾ ਪੈਕਟ ਅਨੁਸਾਰ ਕੰਮ ਕਰਨ ਪੁਰ ਸੰਤੁਸ਼ਟ ਹਾਂ। ਕੁਝ ਸੀਟਾਂ ਸਾਡੀਆਂ ਰਿਜ਼ਰਵ ਹਨ ਤੇ ਕੁਝ ਅਸੀਂ ਹਿੰਦੂ ਰਹਿ ਕੇ ਮੁਕਾਬਲੇ ਨਾਲ ਲੈ ਸਕਦੇ ਹਾਂ। ਇਸ ਲਈ ਮੈਂ ਅਜਿਹੇ ਰਾਜਸੀ ਸੌਦਿਆਂ ਦਾ ਹਾਮੀ ਨਹੀਂ। ਮੈਂ ਹਿੰਦੂ ਮਹਾਂ ਸਭਾ ਨੂੰ ਜ਼ੋਰ ਦੇਵਾਂਗਾ ਕਿ ਉਹ ਅਜਿਹੇ ਹਾਲਾਤ ਪੈਦਾ ਕਰੋ ਜਿਸ ਨਾਲ ਕਿ ਅਛੂਤ ਹਿੰਦੂ ਮਤ ਵਿੱਚ ਹੀ ਰਹਿਣ।'
ਮਿਸਟਰ ਰਾਜਾ ਨੇ ਇਸ ਤਜਵੀਜ਼ ਨਾਲ ਵਿਰੋਧਤਾ ਪ੍ਰਗਟ ਕਰਦੇ ਹੋਏ ਮਹਾਤਮਾਂ ਗਾਂਧੀ, ਪੰਡਤ ਮਾਲਵੀਆ ਅਤੇ ਰਾਜ ਗੁਪਾਲ ਅਚਾਰੀਆਂ ਨਾਲ ਲਿਖਾ-ਪੜ੍ਹਾ ਕੀਤੀ ਜਿਸ ਦੇ ਉੱਤਰ ਵਿੱਚ ਉਪਰੋਕਤ ਤਿੰਨਾਂ ਮੁਖੀਆਂ ਨੇ ਅਛੂਤਾਂ ਦੇ ਹਿੰਦੂ ਧਰਮ ਛੱਡਣ ਦੀ ਤਜਵੀਜ਼ ਨਾਲ ਅਸੰਮਤੀ ਪ੍ਰਗਟ ਕਰਦੇ ਹੋਏ ਮਿ. ਰਾਜਾ ਦੇ ਖ਼ਿਆਲਾਂ ਨਾਲ ਸੰਮਤੀ ਪ੍ਰਗਟ ਕੀਤੀ।
ਮਹਾਤਮਾ ਗਾਂਧੀ ਦੇ ਰਵੱਈਏ ਖ਼ਿਲਾਫ਼ ਡਾ. ਅੰਬੇਦਕਰ ਦਾ ਵਿਰੋਧ 13 ਅਗਸਤ, 1936 ਵਾਲੇ 'ਖ਼ਾਲਸਾ ਸੇਵਕ' ਅਖ਼ਬਾਰ ਵਿੱਚ ਛਪੀ ਰਿਪੋਰਟ:

**(ਚਲਦਾ)**

# ਹੈਨਰੀ ਨੋਵਾਕ ਦੀ ਹੱਤਿਆ ਦੀ ਰਿਫੌਰਮ ਪਾਰਟੀ ਦੇ ਆਗੂ ਪ੍ਰਭਦੀਪ ਸਿੰਘ ਵੱਲੋਂ ਨਿੰਦਾ

ਲੰਡਨ : ਸਾਊਥਹੈਂਪਟਨ ਯੂਨੀਵਰਸਿਟੀ ਵਿਚ ਪੜ੍ਹਦੇ 18 ਸਾਲਾ ਵਿਦਿਆਰਥੀ ਹੈਨਰੀ ਨੋਵਾਕ ਦੀ ਦੁਖਦਾਈ ਮੌਤ ਦੀ ਨਿੰਦਾ ਕਰਦਿਆਂ ਰਿਫੌਰਮ ਪਾਰਟੀ ਦੇ ਆਗੂ ਪ੍ਰਭਦੀਪ ਸਿੰਘ ਨੇ ਹੈਨਰੀ ਦੇ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕੀਤੀ। ਉਹਨਾਂ ਕਿਹਾ ਕਿ ਦੋਸ਼ੀ ਸਿੱਖ ਨੌਜਵਾਨ ਹਮਲਾਵਰ ਵੱਲੋਂ ਕਿਰਪਾਨ ਦੀ ਵਰਤੋਂ ਕਰਕੇ ਕੀਤੇ ਹਮਲੇ ਦੀ ਸਖ਼ਤ ਨਿੰਦਾ ਕਰਦੇ ਹਨ। ਉਹਨਾਂ ਕਿਹਾ ਕਿ ਅਸੀਂ ਬਿਲਕੁਲ ਸਪੱਸ਼ਟ ਕਰਦੇ ਹਾਂ ਕਿ ਇਹ ਸਿੱਖੀ ਨਹੀਂ ਸੀ, ਇਹ ਗੁਰੂ ਦੀ ਸਿੱਖਿਆ ਨਹੀਂ ਸੀ ਅਤੇ ਨਾ ਹੀ ਇਹ ਸ਼ਰਧਾ ਜਾਂ ਧਰਮ ਦਾ ਕਾਰਜ ਸੀ। ਇਹ ਸਿਰਫ਼ ਇਕ ਕਤਲ ਸੀ। ਜਿਸਨੇ ਮਾਪਿਆਂ ਤੋਂ ਉਹਨਾਂ ਦਾ ਬੱਚਾ ਖੋਹ ਲਿਆ।



ਪ੍ਰਭਦੀਪ ਸਿੰਘ ਨੇ ਸਿੱਖ ਜਥੇਬੰਦੀਆਂ ਦੇ ਬਿਆਨਾਂ ਦੀ ਪ੍ਰੋੜ੍ਹਤਾ ਕਰਦਿਆਂ ਕਿਹਾ ਕਿ ਕਿਰਪਾਨ ਗੁੱਸੇ, ਬਦਲੇ, ਹੰਕਾਰ ਜਾਂ ਨਿੱਜੀ ਝਗੜਿਆਂ ਲਈ ਕੋਈ ਹਥਿਆਰ ਨਹੀਂ ਹੈ। ਇਹ ਅੰਮ੍ਰਿਤਧਾਰੀ ਸਿੱਖਾਂ ਵਲੋਂ ਧਾਰਨ ਕੀਤੇ ਜਾਣ ਵਾਲੇ ਪੰਜ ਕਕਾਰਾਂ ਵਿੱਚੋਂ ਇਕ ਹੈ ਤੇ ਇਹ ਫ਼ਰਜ਼, ਅਨੁਸ਼ਾਸਨ, ਨਿਆਂ ਤੇ ਮਜ਼ਲੂਮਾਂ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਦਾ ਪ੍ਰਤੀਕ ਹੈ। ਉਹਨਾਂ ਕਿਹਾ ਕਿ ਮੀਡੀਆ ਰਿਪੋਰਟਾਂ ਅਨੁਸਾਰ ਦੋਸ਼ੀ ਨੇ ਇਕ ਛੋਟੀ ਰਵਾਇਤੀ ਕਿਰਪਾਨ ਪਹਿਨੀ ਹੋਈ ਸੀ, ਪਰ ਹਮਲੇ ਦੌਰਾਨ ਇਕ ਵੱਖਰਾ, ਵੱਡਾ ਬਲੇਡ (ਧਾਰਦਾਰ ਹਥਿਆਰ) ਵਰਤਿਆ ਗਿਆ ਸੀ। ਜੇਕਰ ਇਹ ਸਹੀ ਹੈ, ਤਾਂ ਇਹ ਇਸ ਗੱਲ ਨੂੰ ਹੋਰ ਮਜ਼ਬੂਤ ਕਰਦਾ ਹੈ ਕਿ ਇਹ ਧਾਰਮਿਕ ਆਸਥਾ ਦੇ ਪ੍ਰਤੀਕ ਨੂੰ ਧਾਰਨ ਕਰਨ ਦੀ ਇਕ ਆਮ ਸਿੱਖ ਮਰਯਾਦਾ ਨਹੀਂ ਸੀ। ਇਹ ਕਿਰਪਾਨ ਦੀ ਅਪਰਾਧਿਕ ਦੁਰਵਰਤੋਂ ਸੀ। ਇਸ ਦੁਖਦਾਈ ਮਾਮਲੇ ਤੋਂ ਬਾਅਦ ਬਹੁਤ ਸਾਰੇ ਲੋਕ ਕਿਰਪਾਨ ਬਾਰੇ ਸਵਾਲ ਪੁੱਛ ਰਹੇ ਹਨ। ਇੱਕ ਲੋਕਤੰਤਰੀ ਸਮਾਜ 'ਚ ਉਨ੍ਹਾਂ ਸਵਾਲਾਂ ਦਾ ਖੁੱਲ੍ਹ ਕੇ ਜਵਾਬ ਦਿੱਤਾ ਜਾਣਾ ਚਾਹੀਦਾ ਹੈ। ਰਿਫੌਰਮ ਦੇ ਨੇਤਾ ਵੱਲੋਂ ਕਿਰਪਾਨ 'ਤੇ ਪਾਬੰਦੀ ਲਗਾਉਣ ਵਾਲੇ ਬਿਆਨ ਬਾਰੇ ਪੁੱਛੇ ਜਾਣ ਤੇ ਪ੍ਰਭਦੀਪ ਸਿੰਘ ਨੇ ਕਿਹਾ ਕਿ ਅਜੇਹੇ ਬਿਆਨ ਘਟਨਾ ਦਾ ਪ੍ਰਤੀਕ੍ਰਮ ਹੈ, ਜੋ ਕਿ ਮੌਕੇ ਦੀ ਨਿਜਾਕਤ ਮੁਤਾਬਕ ਸੁਭਾਵਿਕ ਹੁੰਦੇ ਹਨ, ਜੋ ਸਾਨੂੰ ਕਕਾਰਾਂ ਦੇ ਸਬੰਧੀ ਹੋਰ ਵਿਚਾਰਾਂ ਕਰਨ, ਬੱਚਿਆਂ ਤੇ ਗੈਰ ਸਿੱਖਾਂ ਨੂੰ ਕਕਾਰਾਂ ਪ੍ਰਤੀ ਸਪੱਸ਼ਟਤਾ ਦੇਣ ਦਾ ਮੌਕਾ ਵੀ ਪ੍ਰਦਾਨ ਕਰਦੇ ਹਨ। ਸਿੱਖ ਪੀੜ੍ਹੀਆਂ ਤੋਂ ਬਰਤਾਨੀਆ 'ਚ ਰਹਿ ਰਹੇ ਹਨ, ਜਿੱਥੇ ਉਹਨਾਂ ਦਾ ਵੱਡਾ ਯੋਗਦਾਨ ਹੈ। ਵਿਸ਼ਵ ਯੁੱਧਾਂ ਦੌਰਾਨ ਸਿੱਖ ਫ਼ੌਜੀਆਂ ਨੇ ਬੇਮਿਸਾਲ ਬਹਾਦਰੀ ਨਾਲ ਬ੍ਰਿਟੇਨ ਦੇ ਨਾਲ ਮਿਲ ਕੇ ਲੜਾਈਆਂ ਲੜੀਆਂ। ਇਹ ਨਹੀਂ ਭੁੱਲਣਾ ਚਾਹੀਦਾ ਕਿ ਦੋਵਾਂ ਵਿਸ਼ਵ ਯੁੱਧਾਂ ਦੌਰਾਨ ਲਗਭਗ 83,005 ਸਿੱਖਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਤੇ 109,045 ਜ਼ਖਮੀ ਹੋਏ।

# ਪੰਜਾਬ ਦੀ 17 ਸਾਲਾਂ ਧੀ ਦਾ ਕੈਨੇਡਾ 'ਚ ਕਮਾਲ: 35 ਸਾਲ ਪੁਰਾਣੀ ਮੈਡੀਕਲ ਖ਼ਾਮੀ ਕੀਤੀ ਦੂਰ!

## ਕੈਨੇਡਾ-ਵਿਆਪੀ ਸਾਇੰਸ ਮੇਲੇ ਵਿੱਚ ਜਿੱਤਿਆ 'ਇਨੋਵੇਸ਼ਨ ਐਵਾਰਡ'; ਪਲਸ ਆਕਸੀਮੀਟਰਾਂ ਦੀ ਨਸਲੀ ਖ਼ਾਮੀ ਕੀਤੀ ਦੂਰ

ਵਿਨੀਪੈਗ : ਕੈਨੇਡਾ ਦੇ ਓਨਟਾਰੀਓ ਸੂਬੇ ਦੇ ਕਿਚਨਰ ਸ਼ਹਿਰ ਦੀ 17 ਸਾਲਾ ਪੰਜਾਬੀ ਮੂਲ ਦੀ ਵਿਦਿਆਰਥਣ ਗੁਰਨੂਰ ਕੌਰ ਨੇ ਆਪਣੀ ਵਿਲੱਖਣ ਖੋਜ ਨਾਲ ਕੌਮੀ ਪੱਧਰ 'ਤੇ ਵੱਡੀ ਉਪਲਬਧੀ ਹਾਸਲ ਕੀਤੀ ਹੈ। ਗੁਰਨੂਰ ਨੂੰ ਐਡਮਿੰਟਨ ਵਿੱਚ ਹੋਏ 'ਕੈਨੇਡਾ-ਵਿਆਪੀ ਸਾਇੰਸ ਫੇਅਰ' (Canada-Wide Science Fair) ਵਿੱਚ 'ਬੈੱਸਟ ਪ੍ਰੋਜੈਕਟ ਫ਼ਾਰ ਇਨੋਵੇਸ਼ਨ' (Best Project for Innovation) ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਕੈਮਰਨ ਹਾਈਟਸ ਕਾਲਜੀਏਟ ਇੰਸਟੀਚਿਊਟ ਦੀ ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਗੁਰਨੂਰ ਕੌਰ ਦਾ ਇਹ ਪ੍ਰੋਜੈਕਟ ਸਿਹਤ ਖੇਤਰ ਵਿੱਚ ਇੱਕ ਅਹਿਮ ਸਮੱਸਿਆ ਦੇ ਹੱਲ ਨਾਲ ਜੁੜਿਆ ਹੋਇਆ ਹੈ।



ਗੁਰਨੂਰ ਦੀ ਖੋਜ ਦਾ ਮੁੱਖ ਕੇਂਦਰ ਪਲਸ ਆਕਸੀਮੀਟਰਾਂ ਵਿੱਚ ਮੌਜੂਦ ਉਸ ਤਕਨੀਕੀ ਕਮੀ ਨੂੰ ਦੂਰ ਕਰਨਾ ਹੈ, ਜਿਸ ਕਾਰਨ ਗੂੜ੍ਹੇ ਜਾਂ ਸਾਂਵਲੇ ਰੰਗ ਦੀ ਚਮੜੀ ਵਾਲੇ ਲੋਕਾਂ ਵਿੱਚ ਖ਼ੂਨ ਦੇ ਆਕਸੀਜਨ ਪੱਧਰ ਦੀ ਮਾਪ ਸਹੀ ਨਹੀਂ ਆਉਂਦੀ ਸੀ। ਵਿਗਿਆਨੀਆਂ ਅਤੇ ਮੇਲੇ ਦੇ ਜੱਜਾਂ ਮੁਤਾਬਕ ਖ਼ੂਨ ਵਿੱਚ ਆਕਸੀਜਨ ਦੀ ਮਾਤਰਾ ਮਾਪਣ ਵਾਲੇ ਸੈਂਸਰ ਨਾਲ ਜੁੜੀ ਇਹ ਸਮੱਸਿਆ ਪਿਛਲੇ ਸਾਢੇ ਤਿੰਨ ਦਹਾਕਿਆਂ (35 ਸਾਲਾਂ) ਤੋਂ ਮੌਜੂਦ ਸੀ, ਜਿਸ ਨਾਲ ਮਰੀਜ਼ਾਂ ਦੇ ਇਲਾਜ ਅਤੇ ਨਤੀਜਿਆਂ 'ਤੇ ਮਾਰੂ ਅਸਰ ਪੈਂਦਾ ਆ ਰਿਹਾ ਸੀ। ਗੁਰਨੂਰ ਦੀ ਖੋਜ ਨੇ ਹੁਣ ਇਸ ਖ਼ਾਮੀ ਨੂੰ ਜੜ੍ਹੋਂ ਖ਼ਤਮ ਕਰਨ ਦਾ ਰਾਹ ਦਿਖਾਇਆ ਹੈ।
ਗੁਰਨੂਰ ਨੇ ਦੱਸਿਆ ਕਿ ਆਮ ਤੌਰ 'ਤੇ ਇਹ ਮੰਨਿਆ ਜਾਂਦਾ ਸੀ ਕਿ ਇਹ ਸਮੱਸਿਆ ਸਿਰਫ਼ ਗੂੜ੍ਹੇ ਰੰਗ ਦੇ ਲੋਕਾਂ ਦੇ ਡਾਟਾ ਦੀ ਘਾਟ ਕਾਰਨ ਪੈਦਾ ਹੁੰਦੀ ਹੈ। ਪਰ ਖੋਜ ਦੌਰਾਨ ਉਸ ਨੇ ਪਾਇਆ ਕਿ ਮੌਜੂਦਾ ਕਾਰਡਿਅਕ ਮਾਡਲਾਂ (Cardiac Models) ਵਿੱਚ ਇੱਕ ਗਣਿਤਕ ਖ਼ਾਮੀ ਵੀ ਮੌਜੂਦ ਹੈ, ਜੋ ਇਸ ਗ਼ਲਤੀ ਦਾ ਇੱਕ ਵੱਡਾ ਕਾਰਨ ਬਣਦੀ ਹੈ। ਉਸ ਨੇ ਇਸ ਮਾਡਲ ਵਿੱਚ ਲੋੜੀਂਦੇ ਸੁਧਾਰ ਕਰਕੇ ਇੱਕ ਅਜਿਹਾ ਵਿਗਿਆਨਕ ਹੱਲ ਪੇਸ਼ ਕੀਤਾ, ਜਿਸ ਨਾਲ ਵੱਖ-ਵੱਖ ਨਸਲਾਂ ਅਤੇ ਵਰਗਾਂ ਦੇ ਮਰੀਜ਼ਾਂ ਲਈ ਆਕਸੀਜਨ ਮਾਪਣ ਦੀ ਪ੍ਰਕਿਰਿਆ ਪੂਰੀ ਤਰ੍ਹਾਂ ਸਹੀ ਅਤੇ ਨਿਰਪੱਖ ਬਣ ਸਕਦੀ ਹੈ।
**ਪਹਿਲਾਂ ਵੀ ਬਣਾਇਆ ਹੈ ਏਆਈ-ਅਧਾਰਿਤ ਸਿਸਟਮ** : ਇਸ ਤੋਂ ਪਹਿਲਾਂ ਵੀ ਗੁਰਨੂਰ ਨੇ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਹੋਣ ਵਾਲੇ ਡਿਲੀਰੀਅਮ (Delirium - ਦਿਮਾਗੀ ਉਲਝਣ) ਦੀ ਪਛਾਣ ਕਰਨ ਲਈ ਇੱਕ ਏਆਈ-ਅਧਾਰਿਤ (AI-based) ਸਿਸਟਮ ਤਿਆਰ ਕੀਤਾ ਸੀ। ਇਹ ਸਿਸਟਮ ਕੈਮਰਿਆਂ ਅਤੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਬਿਨਾਂ ਕਿਸੇ ਸਰੀਰਕ ਸੰਪਰਕ ਦੇ ਮਰੀਜ਼ਾਂ ਦੀਆਂ ਭਾਵਨਾਵਾਂ, ਚਿਹਰੇ ਦੇ ਸੂਖਮ ਹਾਵ-ਭਾਵਾਂ, ਦਿਲ ਦੀ ਧੜਕਣ ਅਤੇ ਸਾਹ ਲੈਣ ਦੀ ਗਤੀ ਦੀ ਨਿਗਰਾਨੀ ਕਰ ਸਕਦਾ ਹੈ। ਇਸ ਨਾਲ ਹਸਪਤਾਲਾਂ ਵਿੱਚ ਭਾਰੀ-ਭਰਕਮ ਸੈਂਸਰਾਂ ਦੀ ਲੋੜ ਘੱਟ ਜਾਂਦੀ ਹੈ। ਇਸ ਡਿਵਾਈਸ ਵਿੱਚ ਇੱਕ ਚੈਟਬੋਟ ਵੀ ਸ਼ਾਮਲ ਹੈ ਜੋ ਮਰੀਜ਼ਾਂ ਨੂੰ ਮਾਨਸਿਕ ਤੌਰ 'ਤੇ ਸਚੇਤ ਰੱਖਦਾ ਹੈ, ਜਿਸ ਨਾਲ ਡਿਲੀਰੀਅਮ ਦਾ ਖ਼ਤਰਾ 50 ਫ਼ੀਸਦੀ ਤੱਕ ਘਟਾਇਆ ਜਾ ਸਕਦਾ ਹੈ।
ਗੁਰਨੂਰ ਨੇ ਦੱਸਿਆ ਕਿ ਪਲਸ ਆਕਸੀਮੀਟਰ 'ਤੇ ਕੀਤੀ ਗਈ ਉਸ ਦੀ ਮੌਜੂਦਾ ਖੋਜ ਵੀ ਇਸੇ ਪ੍ਰੋਜੈਕਟ ਦਾ ਹਿੱਸਾ ਹੈ, ਕਿਉਂਕਿ ਉਸ ਨੇ ਮਰੀਜ਼ਾਂ ਦੀ ਸਰੀਰਕ ਨਿਗਰਾਨੀ ਵਾਲੀਆਂ ਪ੍ਰਣਾਲੀਆਂ ਵਿੱਚ ਚਮੜੀ ਦੇ ਰੰਗ ਦੇ ਆਧਾਰ 'ਤੇ ਹੁੰਦਾ ਪੱਖਪਾਤ ਦੇਖਿਆ ਸੀ, ਜਿੱਥੇ ਹਲਕੇ ਰੰਗ ਦੀ ਚਮੜੀ ਵਾਲਿਆਂ ਦੇ ਮੁਕਾਬਲੇ ਗੂੜ੍ਹੇ ਰੰਗ ਦੀ ਚਮੜੀ ਵਾਲੇ ਮਰੀਜ਼ਾਂ ਲਈ ਗ਼ਲਤੀ ਦੀ ਦਰ ਕਾਫ਼ੀ ਵੱਧ ਹੁੰਦੀ ਸੀ।
ਗੁਰਨੂਰ ਕੌਰ ਦਾ ਕਹਿਣਾ ਹੈ ਕਿ ਉਹ ਭਵਿੱਖ ਵਿੱਚ ਮੈਡੀਸਨ ਅਤੇ ਕੰਪਿਊਟੇਸ਼ਨਲ ਬਾਇਓਫਿਜ਼ਿਕਸ (Computational Biophysics) ਦੇ ਖੇਤਰ ਵਿੱਚ ਆਪਣਾ ਕੈਰੀਅਰ ਬਣਾਉਣਾ ਚਾਹੁੰਦੀ ਹੈ। ਉਸ ਦਾ ਮੁੱਖ ਟੀਚਾ ਅਜਿਹੀਆਂ ਸਿਹਤ ਤਕਨੀਕਾਂ ਵਿਕਸਿਤ ਕਰਨਾ ਹੈ ਜੋ ਹਰ ਵਰਗ ਦੇ ਲੋਕਾਂ ਲਈ ਬਰਾਬਰ ਅਤੇ ਨਿਰਪੱਖ ਸਿਹਤ ਸੇਵਾਵਾਂ ਯਕੀਨੀ ਬਣਾ ਸਕਣ। ਕੈਨੇਡਾ ਦੇ ਇਸ ਸਭ ਤੋਂ ਵੱਡੇ ਯੁਵਾ ਵਿਗਿਆਨਕ ਮੁਕਾਬਲੇ ਵਿੱਚ ਇਹ ਵਕਾਰੀ ਸਨਮਾਨ ਜਿੱਤਣਾ ਜਿੱਥੇ ਗੁਰਨੂਰ ਦੀ ਵਿਗਿਆਨਕ ਯੋਗਤਾ ਦਾ ਪ੍ਰਮਾਣ ਹੈ, ਉੱਥੇ ਹੀ ਉਸ ਦੀ ਇਹ ਉਪਲਬਧੀ ਪੂਰੇ ਪੰਜਾਬੀ ਭਾਈਚਾਰੇ ਲਈ ਬਹੁਤ ਵੱਡੇ ਮਾਣ ਵਾਲੀ ਗੱਲ ਹੈ।



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਇਨ੍ਹਾਂ ਫ਼ੈਸਲਿਆਂ ਨੂੰ ਲੈਣ ਵਿੱਚ ਤੁਹਾਡੀ ਮੱਦਦ ਕੌਣ ਕਰ ਸਕਦਾ ਹੈ?**

1. ਤੁਹਾਡਾ ਪਰਿਵਾਰ ਅਤੇ ਮਿੱਤਰ।
2. ਸਿਹਤ ਦੇ ਸਬੰਧ ਵਿਚ ਤੁਹਾਡਾ ਡਾਕਟਰ।
3. ਧਾਰਮਿਕ ਜਾਂ ਅਧਿਆਤਮਿਕ ਵਿਅਕਤੀ।
4. ਜਾਇਦਾਦ ਦੇ ਸੰਬੰਧ ਵਿੱਚ ਵਕੀਲ।

**ਇਹ ਗੱਲਬਾਤ ਕਿਉਂ ਜ਼ਰੂਰੀ ਹੈ?**


1. ਇਸ ਨਾਲ ਪਰਿਵਾਰਿਕ ਮੈਂਬਰਾਂ ਦਾ ਮਾਨਸਿਕ ਤਣਾਓ ਅਤੇ ਉਲਝਣ ਤੋਂ ਬਚਾਅ ਹੋ ਜਾਵੇਗਾ।
2. ਇਸ ਨਾਲ ਪਰਿਵਾਰਿਕ ਮੈਂਬਰਾਂ ਦੀ ਆਪਸੀ ਖਿੱਚੋਤਾਣ ਅਤੇ ਝਗੜਿਆਂ ਤੋਂ ਬਚਾਅ ਹੋ ਜਾਵੇਗਾ।
3. ਤੁਹਾਡੇ ਆਪਣੇ ਮਨ ਨੂੰ ਸ਼ਾਂਤੀ ਰਹੇਗੀ।
4. ਮੌਤ ਬਾਰੇ ਸੋਚਣਾ ਸਾਨੂੰ ਜੀਵਨ ਦੇ ਅਸਲ ਮੰਤਵ ਦਾ ਗਿਆਨ ਕਰਵਾਉਂਦਾ ਹੈ।
5. ਜੇਕਰ ਤੁਸੀਂ ਆਪਣੇ ਅੰਗ ਦਾਨ ਕਰਨੇ ਚਾਹੁੰਦੇ ਹੋ ਤਾਂ ਇਸ ਬਾਰੇ ਤੁਹਾਡੇ ਪਰਿਵਾਰ ਨੂੰ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ।

**ਜੇਕਰ ਤੁਸੀਂ ਯੂ.ਐਸ.ਏ. ਵਿੱਚ ਰਹਿੰਦੇ ਹੋ :**

ਆਪਣੇ ਡਾਕਟਰ ਦੀ ਮੱਦਦ ਨਾਲ 'ਪੀ.ਓ.ਐਲ.ਐਸ.ਟੀ'. ਫ਼ਾਰਮ ਨੂੰ ਪੂਰਾ ਕਰੋ ਅਤੇ ਇਸਨੂੰ ਆਪਣੀ ਮੈਡੀਕਲ ਫ਼ਾਈਲ ਵਿੱਚ ਰੱਖੋ।

**ਸ਼ਰਾਬ ਦੀ ਸਮੱਸਿਆ**

ਸ਼ਰਾਬ ਪੀਣਾ ਇੱਕ ਸਮਾਜਿਕ ਅਤੇ ਮੈਡੀਕਲ ਸਮੱਸਿਆ ਹੈ। ਸ਼ਰਾਬ ਤੁਹਾਡੇ ਫ਼ੈਸਲਿਆਂ ਅਤੇ ਸਿਹਤ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਇਹ ਪਰਿਵਾਰਿਕ, ਸਮਾਜਿਕ, ਕਾਨੂੰਨੀ ਅਤੇ ਸਿਹਤ ਨਾਲ ਸੰਬੰਧਿਤ ਸਮੱਸਿਆਵਾਂ ਦਾ ਕਾਰਨ ਬਣਦੀ ਹੈ।




**ਤੁਹਾਨੂੰ ਸ਼ਰਾਬ ਪੀਣ ਦੀ ਆਦਤ ਹੈ, ਜੇਕਰ :**

1. ਤੁਸੀਂ ਸ਼ਰਾਬ ਛੱਡਣਾ ਚਾਹੁੰਦੇ, ਪਰ ਛੱਡ ਨਹੀਂ ਸਕਦੇ।
2. ਤੁਸੀਂ ਸ਼ਰਾਬੀ ਹੋਣ ਲਈ ਹੋਰ ਵੱਧ ਸ਼ਰਾਬ ਦਾ ਸੇਵਨ ਕਰਦੇ ਹੋ।
3. ਤੁਸੀਂ ਸ਼ਰਾਬ ਦਾ ਸੇਵਨ ਨਹੀਂ ਕੀਤਾ ਹੁੰਦਾ ਤਾਂ ਤੁਸੀਂ ਉਤਾਵਲਾਪਨ, ਬਹੁਤ ਜ਼ਿਆਦਾ ਪਸੀਨਾ ਆਉਣਾ ਅਤੇ ਪੇਟ ਵਿੱਚ ਗੜਬੜੀ ਮਹਿਸੂਸ ਕਰਦੇ ਹੋ।
4. ਇਸ ਨਾਲ ਤੁਹਾਡੀ ਨੌਕਰੀ ਅਤੇ ਰੋਜ਼ਾਨਾ ਦੇ ਕੰਮਾਂ 'ਤੇ ਅਸਰ ਪੈਂਦਾ ਹੈ।
5. ਤੁਸੀਂ ਲਗਾਤਾਰ ਸ਼ਰਾਬ ਪਲਦੇ ਰਹਿੰਦੇ ਹੋ, ਜਦੋਂਕਿ ਤੁਹਾਨੂੰ ਪਤਾ ਹੈ ਕਿ ਇਹ ਸਿਹਤ ਲਈ ਹਾਨੀਕਾਰਕ ਹੈ।

**ਸ਼ੁਰੂਆਤੀ ਚਿਤਾਵਨੀ ਦੇ ਨਿਸ਼ਾਨ :**

1. ਤੁਸੀਂ ਸਵੇਰੇ ਜਾਂ ਏਕਾਂਤ ਵਿੱਚ ਸ਼ਰਾਬ ਪਲਦੇ ਹੋ।
2. ਤੁਸੀਂ ਸ਼ਰਾਬ ਪੀਣ ਤੋਂ ਬਾਅਦ ਆਪਣੇ ਆਪ ਨੂੰ ਦੋਸ਼ੀ ਮਹਿਸੂਸ ਕਰਦੇ ਹੋ।
3. ਬਹੁਤ ਜ਼ਿਆਦਾ ਸ਼ਰਾਬ ਪੀਣ ਤੋਂ ਬਾਅਦ ਤੁਹਾਨੂੰ ਉਸ ਸਮੇਂ ਦੀਆਂ ਗੱਲਾਂ ਬਾਅਦ ਵਿੱਚ ਯਾਦ ਨਹੀਂ ਰਹਿੰਦੀਆਂ।
4. ਸ਼ਰਾਬ ਪੀਣ ਲਈ ਬਹਾਨੇ ਲੱਭਣੇ।

**ਸ਼ਰਾਬ ਪੀਣ ਦੀਆਂ ਪਰਿਵਾਰਿਕ ਅਤੇ ਸਮਾਜਿਕ ਪ੍ਰੇਸ਼ਾਨੀਆਂ:**

1. ਘਰ ਅਤੇ ਬਾਹਰ ਤੁਹਾਡੇ ਰਿਸ਼ਤਿਆਂ 'ਤੇ ਮਾੜਾ ਪ੍ਰਭਾਵ ਪੈਣਾ।
2. ਕੰਮ ਨੂੰ ਭੁੱਲਣਾ।
3. ਝਗੜੇ ਕਾਰਨ ਕਾਨੂੰਨੀ ਮੁੱਦੇ ਪੈਦਾ ਹੋਣੇ।
4. ਸ਼ਰਾਬ ਪੀਣ ਤੋਂ ਬਾਅਦ ਗੱਡੀ ਚਲਾਉਣ ਕਾਰਨ ਹਾਦਸੇ ਹੋਣੇ।

**ਸਿਹਤ ਦੀਆਂ ਸਮੱਸਿਆਵਾਂ :**

1. ਜਿਗਰ ਦਾ ਕੰਮ ਕਰਨਾ ਬੰਦ ਹੋਣਾ।
2. ਮਾਨਸਿਕ ਤਣਾਓ ਅਤੇ ਨਿਰਾਸ਼ਾ।
4. ਨਸਾਂ ਨੂੰ ਨੁਕਸਾਨ ਪਹੁੰਚਣਾ (ਦਰਦ ਵਾਲੀ ਨਸਾਂ ਦੀ ਬਿਮਾਰੀ)।
4. ਦਿਲ ਦਾ ਫ਼ੇਲ੍ਹ ਹੋਣਾ।
5. ਪੇਟ ਦਾ ਫੋੜਾ (ਅਲਸਰ)।

**ਸ਼ਰਾਬ ਕਿਵੇਂ ਛੱਡੀ ਜਾ ਸਕਦੀ ਹੈ :**

ਜਿਹੜੇ ਲੋਕ ਸ਼ਰਾਬ 'ਤੇ ਨਿਰਭਰ ਰਹਿੰਦੇ ਹਨ, ਉਹਨਾਂ ਨੂੰ ਪਰਿਵਾਰ ਅਤੇ ਦੋਸਤਾਂ ਮਿੱਤਰਾਂ ਦੀ ਮੱਦਦ ਦੀ ਜ਼ਰੂਰਤ ਹੁੰਦੀ ਹੈ। ਸਭ ਤੋਂ ਪਹਿਲਾਂ ਵਿਅਕਤੀ ਨੂੰ ਆਪਣੇ ਡਾਕਟਰ ਕੋਲ ਜਾ ਕੇ ਆਪਣਾ ਜਿਗਰ, ਦਿਲ ਅਤੇ ਹੋਰ ਮੈਡੀਕਲ ਚੈੱਕਅਪ ਕਰਵਾਉਣਾ ਚਾਹੀਦਾ ਹੈ। ਇਸ ਤੋਂ ਬਾਅਦ ਦਵਾਈਆਂ ਨਾਲ 'ਸ਼ਰਾਬ ਦਾ ਜ਼ਹਿਰੀਲਾਪਣ' ਦੂਰ ਕਰਨਾ ਚਾਹੀਦਾ ਹੈ ਜਾਂ ਹਸਪਤਾਲ ਵਿੱਚ ਦਾਖ਼ਲ ਹੋਣਾ ਚਾਹੀਦਾ ਹੈ। ਜ਼ਹਿਰੀਲਾਪਣ ਦੂਰ ਹੋਣ ਤੋਂ ਬਾਅਦ, ਅਜਿਹੇ ਵਿਅਕਤੀ ਨੂੰ ਆਪਣੇ ਜੀਵਨ ਵਿੱਚ ਘਰ ਅਤੇ ਕੰਮ ਦੇ ਸਥਾਨ 'ਤੇ ਪਰਿਵਾਰ ਅਤੇ ਦੋਸਤਾਂ-ਮਿੱਤਰਾਂ ਦੀ ਪੂਰੀ ਮੱਦਦ ਦੀ ਲੋੜ ਹੈ। ਦੁਬਾਰਾ ਸ਼ਰਾਬ ਦੀ ਆਦਤ ਨਾ ਸ਼ੁਰੂ ਕਰਨ ਲਈ, ਵਿਅਕਤੀ ਨੂੰ ਦਿਮਾਗ਼ੀ ਤੌਰ 'ਤੇ ਮਜ਼ਬੂਤ ਬਣਾਉਣ ਵਿੱਚ ਧਾਰਮਿਕ ਕੰਮ ਬਹੁਤ ਸਹਾਈ ਹੁੰਦੇ ਹਨ।

**ਐਮਰਜੈਂਸੀ ਸਮੇਂ ਤੁਹਾਡੀ ਜ਼ੁੰਮੇਵਾਰੀ**

ਐਮਰਜੈਂਸੀ ਫੋਨ ਨੰਬਰ :

1. ਐਂਬੂਲੈਂਸ ਦਾ ਫੋਨ ਨੰਬਰ :
911 ਯੂ.ਐਸ.ਏ. ਵਿੱਚ।
108 ਭਾਰਤ ਵਿੱਚ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

ਹੀਲਿੰਗ ਹਰਬਸ ਐਂਡ ਮਸਾਜ
HEALING HERBS & MASSAGE

ANY TYPE OF LADIES & GENTS PROBLEM
Healing Herbs & Healing Massage

ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?

Cure with Homeopathy or Ayurved Best Natural Way of treatment with no side effects.

ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !

ਸਰੀਰ ਦੀ ਕਾਇਆ ਕਲਪ ਕਰੋ ! ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।



ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।

ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ

ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110
ਪਤਾ: 3038 Castro Valley Blvd, Castro Valley, CA 94546

# ਬਰਗਾੜੀ ਬੇਅਦਬੀ: ਰੋਸ ਮਾਰਚ ਕਰ ਕੇ ਪਸ਼ਚਾਤਾਪ ਦਿਵਸ ਮਨਾਇਆ

## ਅਕਾਲੀ ਦਲ ਅੰਮ੍ਰਿਤਸਰ ਨੇ ਅਰਦਾਸ ਕਰਕੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਮੰਗ ਕੀਤੀ

ਕੋਟਕਪੂਰਾ : ਗਿਆਰਾਂ ਸਾਲ ਪਹਿਲਾਂ ਪਹਿਲੀ ਜੂਨ ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਚੋਰੀ ਹੋਏ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਮਾਮਲੇ 'ਤੇ ਜਥੇਬੰਦੀਆਂ ਨੇ ਤਿੰਨ ਵੱਖ ਵੱਖ ਸਮਾਗਮ ਕਰਕੇ ਪਸ਼ਚਾਤਾਪ ਦਿਵਸ ਮਨਾਇਆ। ਪਿੰਡ ਦੇ ਗੁਰਦੁਆਰੇ ਵਿੱਚ ਅਰਦਾਸ ਉਪਰੰਤ ਕੀਤੇ ਗਏ ਬਰਗਾੜੀ ਦੇ ਗੁਰਦੁਆਰੇ ਤੱਕ ਇਨਸਾਫ ਮੋਰਚੇ



ਨੇ ਸੁਖਰਾਜ ਸਿੰਘ ਨਿਆਮੀਆਲਾ ਅਤੇ ਸਾਥੀਆਂ ਨੇ ਰੋਸ ਮਾਰਚ ਕੀਤਾ। ਇਸੇ ਤਰ੍ਹਾਂ ਵਾਰਿਸ ਪੰਜਾਬ ਜਥੇਬੰਦੀ ਨੇ ਵੱਖਰੇ ਤੌਰ 'ਤੇ ਮਨਪ੍ਰੀਤ ਸਿੰਘ ਇਆਲੀ, ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਅਤੇ ਸੰਸਦ ਮੈਂਬਰ ਭਾਈ ਸਰਬਜੀਤ ਸਿੰਘ ਖਾਲਸਾ ਨੇ ਸਾਥੀਆਂ ਸਮੇਤ ਕੋਟਕਪੂਰਾ ਚੌਕ ਤੱਕ ਰੋਸ ਮਾਰਚ ਕੀਤਾ, ਜਦੋਂ ਕਿ ਅਕਾਲੀ ਦਲ ਅੰਮ੍ਰਿਤਸਰ ਨੇ ਬਰਗਾੜੀ ਪਿੰਡ ਵਿਖੇ ਗੁਰਦੁਆਰੇ ਵਿੱਚ ਅਰਦਾਸ ਕਰਕੇ ਇਹ ਦਿਨ ਮਨਾਇਆ। ਬਰਗਾੜੀ ਬੇਅਦਬੀ ਅਤੇ ਕੋਟਕਪੂਰਾ ਗੋਲੀ ਕਾਂਡ ਦੀਆਂ ਘਟਨਾਵਾ ਇਥੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਣ ਤੋਂ ਬਾਅਦ ਹੀ ਵਾਪਰੀਆਂ ਸਨ। ਇਥੋਂ 1 ਜੂਨ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਏ, ਫਿਰ ਗਲੀਆਂ ਵਿੱਚ ਧਮਕੀ ਪੱਤਰ ਲਗਾਏ ਗਏ, ਫਿਰ ਬਰਗਾੜੀ ਦੀਆਂ ਗਲੀਆਂ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਾਰੇ ਗਏ ਅਤੇ ਫਿਰ ਰੋਸ ਕਰਦੀਆਂ ਸੰਗਤਾਂ 'ਤੇ ਬਹਿਬਲ ਅਤੇ ਕੋਟਕਪੂਰਾ ਵਿਖੇ ਗੋਲੀ ਚੱਲੀ, ਜਿਸ ਕਾਰਨ ਦੋ ਸਿੰਘਾਂ ਦੀ ਮੌਤ ਹੋ ਗਈ। ਅਰਦਾਸ ਉਪਰੰਤ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਜਿਸ ਵੇਲੇ ਇਹ ਘਟਨਾਵਾਂ ਹੋਈਆਂ ਉਸ ਵੇਲੇ ਭਾਵੇਂ ਉਹ ਅਕਾਲੀ ਦਲ ਵਿੱਚ ਸਨ ਪਰ ਇਨ੍ਹਾਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਦਿੱਤੀ ਗਈ, ਜਿਸ ਕਾਰਨ ਅਕਾਲੀ ਦਲ ਬਾਦਲ ਉਸੇ ਦਾ ਹੀ ਖਮਿਆਜ਼ਾ ਭੁਗਤ ਰਿਹਾ ਹੈ। ਬੇਅਦਬੀ ਸੰਬਧੀ ਬਣਾਏ ਗਏ ਕਾਨੂੰਨ ਬਾਰੇ ਉਨ੍ਹਾਂ ਕਿਹਾ ਕਿ ਉਹ ਇਸ ਦੇ ਹੱਕ ਵਿੱਚ ਹਨ, ਪਰ ਐੱਸ ਜੀ ਪੀ ਸੀ ਦੇ ਸ਼ੰਕੇ ਵੀ ਮਿਲ ਬੈਠ ਕੇ ਸਰਕਾਰ ਨੂੰ ਦੂਰ ਕਰਨੇ ਚਾਹੀਦੇ ਹਨ। ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖਾਲਸਾ, ਤਰਸੇਮ ਸਿੰਘ, ਬੀਬੀ ਸੰਦੀਪ ਕੌਰ ਖਾਲਸਾ ਅਤੇ ਦਲੇਰ ਸਿੰਘ ਡੋਡ ਨੇ ਕਿਹਾ ਕਿ ਦੋਸ਼ੀਆਂ ਨੂੰ ਤੁਰੰਤ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ ਤਾਂ ਕਿ ਸਿੱਖਾਂ ਦੇ ਹਿਰਦਿਆਂ 'ਤੇ ਮਲ੍ਹਮ ਲਗਾਈ ਜਾ ਸਕੇ। ਸੁਖਰਾਜ ਸਿੰਘ ਨਿਆਮੀਵਾਲਾ, ਬਾਬਾ ਸੁਖਜੀਤ ਸਿੰਘ ਘੋਸਾ ਨੇ ਕਿਹਾ ਕਿ ਸਰਕਾਰ ਨੇ 24 ਘੰਟਿਆਂ ਵਿੱਚ ਇਨਸਾਫ ਦੇਣ ਦਾ ਭਰੋਸਾ ਦਿੱਤਾ ਸੀ, ਪਰ ਹੁਣ ਸਾਢੇ ਚਾਰ ਸਾਲ ਬੀਤ ਜਾਣ 'ਤੇ ਵੀ ਹਾਲੇ ਤੱਕ ਗੋਲੀਕਾਂਡ ਦੇ ਕੇਸਾਂ ਵਿੱਚ ਚਲਾਨ ਵੀ ਪੂਰੇ ਪੇਸ਼ ਨਹੀਂ ਕੀਤੇ ਗਏ। ਉਨ੍ਹਾਂ ਕਿਹਾ ਕਿ ਇਹ ਸਰਕਾਰ ਵੀ ਪਿਛਲੀਆਂ ਦੋਨਾਂ ਸਰਕਾਰਾਂ ਵਾਂਗ ਹੀ ਲਾਰੇ ਲਗਾ ਕੇ ਡੰਗ ਟਪਾ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਗੋਲੀਕਾਂਡ ਦੇ ਪੀੜਤ ਪਰਿਵਾਰਾਂ ਨੂੰ ਇਨਸਾਫ ਦਿੱਤਾ ਜਾਵੇ। ਇਸ ਸਮੇਂ ਲੱਧਾ ਸਿਧਾਣਾ, ਦੀਪ ਸਿੱਧੂ ਦੇ ਭਰਾ ਮਨਦੀਪ ਸਿੰਘ ਸਿੱਧੂ ਅਤੇ ਕੁੰਵਰ ਵਿਜੇ ਪ੍ਰਤਾਪ ਨੇ ਵੀ ਸੰਬੋਧਨ ਕੀਤਾ।

# ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਇਨਸਾਫ਼ ਮਾਰਚ



ਲੁਧਿਆਣਾ : ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਇਨਸਾਫ਼ਪਸੰਦ ਲੋਕਾਂ ਅਤੇ ਮਨੁੱਖੀ ਅਧਿਕਾਰਾਂ ਲਈ ਕੰਮ ਕਰ ਰਹੀਆਂ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਲਈ ਆਵਾਜ਼ ਬੁਲੰਦ ਕਰਨ। ਗੁਰਦੁਆਰਾ ਰੇਰੂ ਸਾਹਿਬ ਵਿੱਚ ਹੋਈ ਜਥੇਬੰਦੀ ਦੀ ਮੀਟਿੰਗ ਉਪਰੰਤ ਜਥੇਦਾਰ ਜਸਵੰਤ ਸਿੰਘ ਚੀਮਾ ਦੀ ਅਗਵਾਈ ਹੇਠ ਇਨਸਾਫ਼ ਮਾਰਚ ਵੀ ਕੀਤਾ ਗਿਆ। ਇਸ ਵਿੱਚ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਲਈ ਨਾਅਰੇਬਾਜ਼ੀ ਕੀਤੀ ਗਈ।

ਮੀਟਿੰਗ ਦੌਰਾਨ ਸ੍ਰੀ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਤੋਂ ਡਿਬਰੂਗੜ੍ਹ ਜੇਲ੍ਹ ਵਿੱਚ ਰੱਖ ਕੇ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਕੀਤੀ ਜਾ ਰਹੀ ਹੈ। ਸੂਬਾ ਸਰਕਾਰ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਉਲਟ ਕੰਮ ਕਰ ਰਹੀ ਹੈ। ਇੱਕ ਪਾਸੇ ਤਾਂ ਨਸ਼ੇ ਛੁਡਾਉਣ ਵਾਲਿਆਂ ਨੂੰ ਬਿਨਾਂ ਕੇਸਾਂ ਦੇ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ ਜਦੋਂਕਿ ਦੂਜੇ ਪਾਸੇ ਨਸ਼ਿਆਂ ਦੇ ਵਪਾਰੀ ਸ਼ਰ੍ਹੇਆਮ ਪੰਜਾਬ ਵਿੱਚ ਨਸ਼ੇ ਵੇਚ ਰਹੇ ਹਨ। ਪੰਜਾਬ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਅੱਜ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਦ ਤੋਂ ਬਦਤਰ ਹੋ ਗਈ ਹੈ।

ਸ੍ਰੀ ਚੀਮਾ ਨੇ ਹਲਕੇ ਦੇ ਲੋਕਾਂ ਨੂੰ ਚੌਕਸ ਕਰਦਿਆਂ ਦੱਸਿਆ ਕਿ ਕਿਵੇਂ ਸਰਕਾਰਾਂ ਆਮ ਲੋਕਾਂ ਦੇ ਹੱਕਾਂ ਦੀ ਲੁੱਟ ਕਰ ਰਹੀਆਂ ਹਨ। ਉਨ੍ਹਾਂ ਨੌਜਵਾਨਾਂ ਨੂੰ ਅਕਾਲੀ ਦਲ ਵਾਰਿਸ ਪੰਜਾਬ ਦੇ ਨਾਲ ਜੁੜਣ ਦੀ ਅਪੀਲ ਕੀਤੀ। ਜਥੇਦਾਰ ਹਰਪਾਲ ਸਿੰਘ ਕੋਹਲੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਸਬੰਧੀ ਦੋਹਰੀ ਨੀਤੀ ਅਖ਼ਤਿਆਰ ਕੀਤੀ ਹੋਈ ਹੈ। ਇਸ ਮੌਕੇ ਹਨੀ ਸਿੰਗਲਾ ਨੇ ਵੀ ਜਥੇਬੰਦੀ ਦੀ ਮਜ਼ਬੂਤੀ ਲਈ ਵਰਕਰਾਂ ਨੂੰ ਲਾਮਬੰਦ ਕੀਤਾ।

# ਸਾਕਾ ਨੀਲਾ ਤਾਰਾ ਫ਼ੌਜੀ ਹਮਲੇ ਦੇ ਰੋਸ ਵਜੋਂ 6 ਜੂਨ ਨੂੰ ਦਲ ਖ਼ਾਲਸਾ ਵੱਲੋਂ ਅੰਮ੍ਰਿਤਸਰ ਬੰਦ ਦਾ ਸੱਦਾ

ਅੰਮ੍ਰਿਤਸਰ : ਸਿੱਖ ਜਥੇਬੰਦੀ ਦਲ ਖ਼ਾਲਸਾ ਵੱਲੋਂ 6 ਜੂਨ ਨੂੰ ਅੰਮ੍ਰਿਤਸਰ ਬੰਦ ਰੱਖਣ ਦਾ ਸੱਦਾ ਦਿੱਤਾ ਗਿਆ ਹੈ। ਇਹ ਸੱਦਾ ਜੂਨ 1984 ਵਿੱਚ ਸਾਕਾ ਨੀਲਾ ਤਾਰਾ ਫ਼ੌਜੀ ਹਮਲੇ ਦੌਰਾਨ ਦਰਬਾਰ ਸਾਹਿਬ ਉੱਤੇ ਹੋਏ ਹਮਲੇ ਦੇ ਰੋਹ ਅਤੇ ਰੋਸ ਵਜੋਂ ਦਿੱਤਾ ਗਿਆ ਹੈ। ਇਸ ਹਮਲੇ ਦੀ 42ਵੀਂ ਵਰ੍ਹੇਗੰਢ ਦੇ ਸਬੰਧ ਵਿੱਚ, ਜਥੇਬੰਦੀ ਵੱਲੋਂ 5 ਜੂਨ ਦੀ ਸ਼ਾਮ ਨੂੰ ਇੱਕ 'ਘੱਲੂਘਾਰਾ ਯਾਦਗਾਰੀ ਮਾਰਚ' ਵੀ ਕੱਢਿਆ ਜਾਵੇਗਾ। ਇਹ ਮਾਰਚ ਸ਼ਹਿਰ ਦੇ ਪ੍ਰਮੁੱਖ ਹਿੱਸਿਆਂ ਵਿੱਚੋਂ ਲੰਘਦਾ ਹੋਇਆ ਦਰਬਾਰ ਸਾਹਿਬ ਵਿਖੇ ਪਹੁੰਚ ਕੇ ਸਮਾਪਤ ਹੋਵੇਗਾ। ਪਾਰਟੀ ਦੇ ਵਰਕਿੰਗ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਦੱਸਿਆ ਕਿ ਦਰਬਾਰ ਸਾਹਿਬ ਦੀ ਬੇਹੁਰਮਤੀ, ਨਿਰਦੋਸ਼ਾਂ ਦੇ ਕਤਲੇਆਮ ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚੋਂ ਲੁੱਟੇ ਵੱਡਮੁੱਲੇ ਖ਼ਜ਼ਾਨੇ ਵਿਰੁੱਧ ਬੰਦ ਦਾ ਸੱਦਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਕਾ ਨੀਲਾ ਤਾਰਾ ਦੌਰਾਨ ਨਿਰਦੋਸ਼ਾਂ ਦਾ ਖ਼ੂਨ ਇਸੇ ਧਰਤੀ ਉੱਤੇ ਡੁੱਲ੍ਹਿਆ ਸੀ, ਇਸ ਲਈ ਅੰਮ੍ਰਿਤਸਰ ਬੰਦ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਦੌਰਾਨ




ਮੈਡੀਕਲ ਸਟੋਰ ਖੁੱਲ੍ਹੇ ਰਹਿਣਗੇ ਅਤੇ ਆਵਾਜਾਈ ਨਹੀਂ ਰੋਕੀ ਜਾਵੇਗੀ। ਉਨ੍ਹਾਂ ਸ਼ਹਿਰ ਦੇ ਹਿੰਦੂ, ਮੁਸਲਿਮ ਅਤੇ ਈਸਾਈ ਭਾਈਚਾਰੇ ਨੂੰ ਸਿੱਖ ਪੀੜ ਨਾਲ ਆਪਣੀ ਸਾਂਝ ਪਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਉਸ ਵੇਲੇ ਦੀ ਹਕੂਮਤ ਵੱਲੋਂ ਕੀਤੇ ਇਸ ਹਮਲੇ ਦੀ ਪੀੜ ਸੱਜਰੀ ਹੈ ਅਤੇ ਜ਼ਖ਼ਮ ਹਰੇ ਹਨ। ਉਨ੍ਹਾਂ ਦੱਸਿਆ ਕਿ ਬੰਦ ਪ੍ਰਤੀ ਲੋਕਾਂ ਵਿੱਚ ਚੇਤਨਤਾ ਪੈਦਾ ਕਰਨ ਅਤੇ ਉਨ੍ਹਾਂ ਦਾ ਸਹਿਯੋਗ ਲੈਣ ਦੇ ਮੰਤਵ ਨਾਲ ਦਲ ਖ਼ਾਲਸਾ ਵੱਲੋਂ ਇਸ ਸਬੰਧੀ ਜਨਤਕ ਮੁਹਿੰਮ ਦੀ ਸ਼ੁਰੂਆਤ 1 ਜੂਨ ਤੋਂ ਕੀਤੀ ਜਾਵੇਗੀ, ਜਿਸ ਤਹਿਤ ਸ਼ਹਿਰ ਦੇ ਪ੍ਰਮੁੱਖ ਇਲਾਕਿਆਂ ਵਿੱਚ ਪੋਸਟਰ ਅਤੇ ਪੈਂਫਲੇਟ ਵੰਡੇ ਜਾਣਗੇ, ਤਾਂ ਜੋ ਲੋਕਾਂ ਨੂੰ ਬੰਦ ਦੇ ਕਾਰਨਾਂ ਬਾਰੇ ਜਾਣਕਾਰੀ ਦਿੱਤੀ ਜਾ ਸਕੇ।

# ਪਾਵਨ ਸਰੂਪ ਮਾਮਲੇ 'ਚ ਜਾਂਚ ਟੀਮ ਨੂੰ ਸਿਰਫ਼ ਕੇਸ ਨਾਲ ਸਬੰਧਤ ਰਿਕਾਰਡ ਦੇਵਾਂਗੇ: ਹਰਜਿੰਦਰ ਸਿੰਘ ਧਾਮੀ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ ਨੂੰ 328 ਪਾਵਨ ਸਰੂਪਾਂ ਦੇ ਮਾਮਲੇ ਤੋਂ ਇਲਾਵਾ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ ਜਾਵੇਗੀ। ਸ਼੍ਰੋਮਣੀ ਕਮੇਟੀ ਸਿਰਫ਼ ਕੇਸ ਨਾਲ ਸਬੰਧਤ ਰਿਕਾਰਡ ਹੀ ਮੁਹੱਈਆ ਕਰਵਾਏਗੀ।



ਇੱਥੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਦੱਸਿਆ ਕਿ ਇਸ ਸਬੰਧ ਵਿੱਚ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਨੂੰ ਪੱਤਰ ਭੇਜਿਆ ਸੀ ਅਤੇ ਉਨ੍ਹਾਂ ਵੱਲੋਂ ਇਸ ਦੇ ਜਵਾਬ 'ਚ ਸ਼੍ਰੋਮਣੀ ਕਮੇਟੀ ਨੂੰ ਆਖਿਆ ਗਿਆ ਹੈ ਕਿ ਇਸ ਮਾਮਲੇ ਤੋਂ ਇਲਾਵਾ ਹੋਰ ਕੋਈ ਜਾਣਕਾਰੀ ਵਿਸ਼ੇਸ਼ ਜਾਂਚ ਟੀਮ ਨੂੰ ਨਾ ਦਿੱਤੀ ਜਾਵੇ। ਪਹਿਲਾਂ ਵੀ ਅਕਾਲ ਤਖ਼ਤ ਦੇ ਹੁਕਮ 'ਤੇ ਹੀ ਵਿਸ਼ੇਸ਼ ਜਾਂਚ ਟੀਮ ਨੂੰ ਸਹਿਯੋਗ ਦਿੱਤਾ ਗਿਆ ਹੈ। ਵਿਸ਼ੇਸ਼ ਜਾਂਚ ਟੀਮ ਨੂੰ ਇਸ ਮਾਮਲੇ ਸਬੰਧੀ ਸਾਰੀ ਲੋੜੀਂਦੀ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਇਹ ਜਾਣਕਾਰੀ ਸਰਟੀਫਾਈਡ ਕਾਪੀਆਂ ਦੇ ਰੂਪ ਵਿੱਚ ਦਿੱਤੀ ਗਈ ਹੈ ਅਤੇ ਪੁਲੀਸ ਨੂੰ ਭਰੋਸਾ ਦਿੱਤਾ ਗਿਆ ਹੈ ਕਿ ਜਦੋਂ ਵੀ ਕੋਰਟ ਵਿੱਚ ਅਸਲੀ ਰਿਕਾਰਡ ਪੇਸ਼ ਕਰਨ ਦੀ ਲੋੜ ਪਵੇਗੀ ਤਾਂ ਸ਼੍ਰੋਮਣੀ ਕਮੇਟੀ ਇਸ ਮਾਮਲੇ ਵਿੱਚ ਸਹਿਯੋਗ ਦੇਵੇਗੀ ਅਤੇ ਅਦਾਲਤ 'ਚ ਦਸਤਾਵੇਜ਼ ਪੇਸ਼ ਕਰੇਗੀ। ਸ਼੍ਰੋਮਣੀ ਕਮੇਟੀ ਸਿੱਖ ਸੰਸਥਾ ਦਾ ਇਹ ਰਿਕਾਰਡ ਅਸਲ ਰੂਪ ਵਿੱਚ ਪੁਲੀਸ ਨੂੰ ਨਹੀਂ ਸੌਂਪ ਸਕਦੀ।

ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ (ਸੋਧ) ਕਾਨੂੰਨ ਬਾਰੇ ਉਨ੍ਹਾਂ ਕਿਹਾ ਕਿ ਸਮੂਹ ਅਕਾਲੀ ਦਲ ਅਤੇ ਸਿੱਖ ਜਥੇਬੰਦੀਆਂ ਇਸ ਵਿੱਚ ਦਰਜ ਇਤਰਾਜ਼ਯੋਗ ਮੱਦਾਂ ਦੇ ਖ਼ਿਲਾਫ਼ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਇਸ ਮਾਮਲੇ ਵਿੱਚ ਅਜਿਹੀ ਤਸਵੀਰ ਪੇਸ਼ ਕਰਨ ਦਾ ਯਤਨ ਕਰ ਰਹੀ ਹੈ ਕਿ ਸ਼੍ਰੋਮਣੀ ਕਮੇਟੀ ਇਸ ਕਾਨੂੰਨ ਦਾ ਵਿਰੋਧ ਕਰ ਰਹੀ ਹੈ। ਜਦੋਂ ਕਿ ਸ਼੍ਰੋਮਣੀ ਕਮੇਟੀ ਨੇ ਕਾਨੂੰਨ ਦਾ ਵਿਰੋਧ ਨਹੀਂ ਕੀਤਾ ਸਗੋਂ ਇਸ ਵਿਚਲੀਆਂ ਕੁਝ ਮੱਦਾ ਬਾਰੇ ਇਤਰਾਜ਼ ਕੀਤਾ ਹੈ। ਸਰਕਾਰ ਨੂੰ ਸਿੱਖ ਭਾਵਨਾਵਾਂ ਦੀ ਕਦਰ ਕਰਦੇ ਹੋਏ ਇਤਰਾਜ਼ਯੋਗ ਮੱਦਾਂ ਨੂੰ ਹਟਾਉਣਾ ਚਾਹੀਦਾ। ਉਨ੍ਹਾਂ ਦੱਸਿਆ ਕਿ ਅੱਜ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ ਤਿੰਨ ਫ਼ੀਸਦੀ ਮਹਿੰਗਾਈ ਭੱਤਾ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ।

ਛੇ ਜੂਨ 1984 ਸਾਕਾ ਨੀਲਾ ਤਾਰਾ ਫ਼ੌਜੀ ਹਮਲੇ ਸਬੰਧੀ ਸਮਾਗਮ ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਦੀ ਅਗਵਾਈ ਹੇਠ ਮੀਟਿੰਗ ਕਰ ਕੇ ਪ੍ਰਬੰਧ ਕੀਤੇ ਜਾ ਰਹੇ ਹਨ।

# ਭਗਵੰਤ ਮਾਨ ਵੱਲੋਂ ਬੋਰਡ ਪ੍ਰੀਖਿਆਵਾਂ 'ਚ ਅੱਵਲ ਵਿਦਿਆਰਥੀਆਂ ਦਾ ਸਨਮਾਨ

## ਬੋਰਡ ਪ੍ਰੀਖਿਆਵਾਂ ਵਿੱਚ ਰੈਂਕਿੰਗ ਜਨਮ ਦੀ ਥਾਂ ਨੰਬਰਾਂ 'ਤੇ ਕਰਨ ਦੀ ਹਦਾਇਤ

ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਚੰਡੀਗੜ੍ਹ ਵਿੱਚ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ 8ਵੀਂ, 10ਵੀਂ ਤੇ 12ਵੀਂ ਦੀਆਂ ਬੋਰਡ ਪ੍ਰੀਖਿਆਵਾਂ ਦੌਰਾਨ ਸਾਰੇ ਜ਼ਿਲ੍ਹਿਆਂ ਵਿੱਚ ਪਹਿਲੇ ਤਿੰਨ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ 'ਸਿਤਾਰੇ ਜ਼ਮੀਨ 'ਤੇ' ਪ੍ਰੋਗਰਾਮ ਤਹਿਤ ਸਨਮਾਨਿਤ ਕੀਤਾ ਗਿਆ। ਇਸ ਦੌਰਾਨ ਅੰਮ੍ਰਿਤਸਰ ਦੀ ਇਕ ਵਿਦਿਆਰਥਣ ਵੱਲੋਂ ਬੋਰਡ ਪ੍ਰੀਖਿਆ ਵਿੱਚ ਮੋਹਰੀ ਰਹਿਣ ਵਾਲੇ ਦੀ ਰੈਂਕਿੰਗ ਜਨਮ ਦੇ ਆਧਾਰ 'ਤੇ ਕਰਨ ਦਾ ਵਿਰੋਧ ਕੀਤਾ, ਜਿਸ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਿੱਖਿਆ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਭਵਿੱਖ ਵਿੱਚ ਮੋਹਰੀ ਰਹਿਣ ਵਾਲੇ ਵਿਦਿਆਰਥੀਆਂ ਦੀ ਰੈਂਕਿੰਗ ਜਨਮ ਤਰੀਕ ਦੀ ਥਾਂ ਨੰਬਰਾਂ ਦੇ ਆਧਾਰ 'ਤੇ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਬਰਾਬਰ ਨੰਬਰ ਲੈਣ ਵਾਲੇ ਵਿਦਿਆਰਥੀਆਂ ਨੂੰ ਬਰਾਬਰ ਰੈਂਕ ਦਿੱਤਾ ਜਾਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲ ਹੁਣ ਪਛਾਣ ਲਈ ਸੰਘਰਸ਼ ਨਹੀਂ ਕਰ ਰਹੇ, ਸਗੋਂ ਦੇਸ਼ ਭਰ ਵਿੱਚ ਉੱਤਮਤਾ, ਆਤਮ-ਵਿਸ਼ਵਾਸ ਤੇ ਮੌਕਿਆਂ ਦੇ ਨਵੇਂ




ਮਾਪਦੰਡ ਸਥਾਪਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸਿੱਖਿਆ ਖੇਤਰ ਵਿੱਚ ਲਗਾਤਾਰ ਸੁਧਾਰ ਕੀਤੇ ਜਾ ਰਹੇ ਹਨ, ਜਿਸ ਸਦਕਾ ਅੱਜ ਪੰਜਾਬ ਕੇਰਲ ਵਰਗੇ ਸੂਬਿਆਂ ਨੂੰ ਪਛਾੜ ਕੇ ਦੇਸ਼ ਦਾ ਮੋਹਰੀ ਸੂਬਾ ਬਣ ਗਿਆ ਹੈ। ਭਵਿੱਖ ਵਿੱਚ ਹੋਰ ਵਧੇਰੇ ਸੁਧਾਰ ਕੀਤੇ ਜਾਣਗੇ, ਜਿਸ ਨਾਲ ਵਿਦਿਆਰਥੀਆਂ ਨੂੰ ਕੈਨੇਡਾ ਤੇ ਆਸਟਰੇਲੀਆ ਜਾਣ ਦੀ ਜ਼ਰੂਰਤ ਨਹੀਂ ਹੋਵੇਗੀ। ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ 'ਆਪ' ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਨੇ ਕਿਹਾ ਕਿ ਦੇਸ਼ ਦੀ ਪ੍ਰੀਖਿਆ ਪ੍ਰਣਾਲੀ ਵਿੱਚ ਵਿਆਪਕ ਸੁਧਾਰਾਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਪੁਰਾਣੀ ਪ੍ਰੀਖਿਆ ਪ੍ਰਣਾਲੀ ਨੂੰ ਬਦਲਣਾ ਚਾਹੀਦਾ ਹੈ।

# ਲੋੜ ਪਈ ਤਾਂ ਭਾਰਤੀ ਫ਼ੌਜ 'ਆਪ੍ਰੇਸ਼ਨ ਸੰਧੂਰ 2.0' ਲਈ ਤਿਆਰ : ਫ਼ੌਜ ਮੁਖੀ



ਪੁਣੇ : ਫ਼ੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਕਿਹਾ ਕਿ ਜੇਕਰ ਲੋੜ ਪਈ ਤਾਂ ਹਥਿਆਰਬੰਦ ਸੈਨਾਵਾਂ ਆਪ੍ਰੇਸ਼ਨ ਸੰਧੂਰ 2.0 ਲਈ ਪੂਰੀ ਤਰ੍ਹਾਂ ਤਿਆਰ ਹਨ। ਉਨ੍ਹਾਂ ਕਿਹਾ ਤਿੰਨੋਂ ਸੈਨਾਵਾਂ ਆਧੁਨਿਕ ਯੁੱਧ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਆਪਸੀ ਤਾਲਮੇਲ ਨੂੰ ਹੋਰ ਮਜ਼ਬੂਤ ਕਰ ਰਹੀਆਂ ਹਨ, ਜੋ ਹੁਣ ਕੇਵਲ ਜ਼ਮੀਨ, ਹਵਾ ਅਤੇ ਸਮੁੰਦਰ ਤੱਕ ਸੀਮਤ ਨਹੀਂ ਰਹਿ ਗਿਆ ਹੈ। ਰਾਸ਼ਟਰੀ ਰੱਖਿਆ ਅਕਾਦਮੀ (ਐਨ.ਡੀ.ਏ) ਦੇ 150ਵੇਂ ਕੋਰਸ ਦੀ ਪਾਸਿੰਗ ਆਊਟ ਪਰੇਡ ਮੌਕੇ ਪ੍ਰੈੱਸ ਕਾਨਫਰੰਸ ਦੌਰਾਨ ਫ਼ੌਜ ਮੁਖੀ ਨੇ ਕਿਹਾ ਕਿ ਫ਼ਿਲਹਾਲ ਯੁੱਧ 'ਚ ਅਸਥਾਈ ਵਿਰਾਮ ਹੈ, ਪਰ ਜੇਕਰ ਅਗਲਾ ਪੜਾਅ ਸ਼ੁਰੂ ਹੁੰਦਾ ਹੈ ਤਾਂ ਉਸ ਨਾਲ ਨਜਿੱਠਣ ਲਈ ਤਿੰਨੋਂ ਸੈਨਾਵਾਂ ਪੂਰੀ ਤਿਆਰੀ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਸੰਧੂਰ ਅਜੇ ਵੀ ਜਾਰੀ ਹੈ, ਫਿਲਹਾਲ ਅਸਥਾਈ ਤੌਰ 'ਤੇ ਰੁਕਿਆ ਹੋਇਆ ਹੈ। ਇਸ ਲਈ ਭਾਰਤੀ ਫ਼ੌਜ ਅਤੇ ਤਿੰਨੋਂ ਸੈਨਾਵਾਂ ਆਪ੍ਰੇਸ਼ਨ ਸੰਧੂਰ 2.0 ਦੀ ਸੰਭਾਵਿਤ ਲੋੜ ਨੂੰ ਦੇਖਦੇ ਹੋਏ ਪੂਰੀ ਤਿਆਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਵਿੱਖ ਦੇ ਯੁੱਧ ਸਿਰਫ਼ ਜ਼ਮੀਨ, ਸਮੁੰਦਰ ਅਤੇ ਹਵਾ ਤੱਕ ਸੀਮਤ ਨਹੀਂ ਹੋਣਗੇ, ਉਨ੍ਹਾਂ 'ਤੇ ਪੁਲਾੜ, ਸਾਈਬਰ ਅਤੇ ਬੋਧਾਤਮਕ ਯੁੱਧ ਵਰਗੇ ਉੱਭਰਦੇ ਖੇਤਰਾਂ ਦਾ ਪ੍ਰਭਾਵ ਲਗਾਤਾਰ ਵਧੇਗਾ। ਫ਼ੌਜ ਮੁਖੀ ਨੇ ਕਿਹਾ ਕਿ ਆਧੁਨਿਕ ਯੁੱਧ ਖੇਤਰ ਬੇਹੱਦ ਪਾਰਦਰਸ਼ੀ ਹੋ ਚੁੱਕੇ ਹਨ ਅਤੇ ਲਗਭਗ ਹਰ ਗਤੀਵਿਧੀ 'ਤੇ ਨਜ਼ਰ ਰੱਖੀ ਜਾ ਸਕਦੀ ਹੈ। ਅਜਿਹੇ 'ਚ ਸੈਨਾ ਯੋਜਨਾਕਾਰਾਂ ਨੂੰ ਸੈਨਿਕਾਂ ਦੀ ਤਾਇਨਾਤੀ ਅਤੇ ਉਨ੍ਹਾਂ ਦੀ ਸੁਰੱਖਿਆ ਨੂੰ ਲੈ ਕੇ ਬਹੁਤ ਚੌਕਸ ਰਹਿਣਾ ਪਵੇਗਾ। ਅੱਜ ਦੇ ਹਾਲਾਤ 'ਚ ਯੁੱਧ 24 ਘੰਟੇ ਨਿਗਰਾਨੀ 'ਚ ਰਹਿੰਦਾ ਹੈ। ਇਹ ਐਨਾ ਪਾਰਦਰਸ਼ੀ ਹੋ ਗਿਆ ਹੈ ਕਿ ਹਰ ਗਤੀਵਿਧੀ ਦੂਸਰੇ ਪੱਖ ਨੂੰ ਦਿਖਾਈ ਦਿੰਦੀ ਹੈ।

### ਭੁਬਨੇਸ਼ਵਰ 'ਚ ਮਸ਼ਾਲਾਂ ਲੈ ਕੇ ਸੜਕਾਂ 'ਤੇ ਉਤਰੇ NSUI ਕਾਰਕੁਨ

# NEET-UG ਪੇਪਰ ਲੀਕ ਵਿਵਾਦ ਖ਼ਿਲਾਫ਼ ਕੱਢਿਆ ਵਿਸ਼ਾਲ ਰੋਸ ਮਾਰਚ




ਭੁਬਨੇਸ਼ਵਰ : ਨੈਸ਼ਨਲ ਟੈਸਟਿੰਗ ਏਜੰਸੀ (NTA) ਵੱਲੋਂ ਕਰਵਾਈ ਗਈ NEET-UG ਪ੍ਰੀਖਿਆ ਦੇ ਪੇਪਰ ਲੀਕ ਹੋਣ ਦਾ ਵਿਵਾਦ ਹੁਣ ਦੇਸ਼ ਵਿਆਪੀ ਰੂਪ ਧਾਰਨ ਕਰ ਗਿਆ ਹੈ। ਮੰਗਲਵਾਰ ਨੂੰ ਉੜੀਸਾ ਦੀ ਰਾਜਧਾਨੀ ਭੁਬਨੇਸ਼ਵਰ ਵਿੱਚ ਕਾਂਗਰਸ ਦੇ ਵਿਦਿਆਰਥੀ ਸੰਗਠਨ 'ਨੈਸ਼ਨਲ ਸਟੂਡੈਂਟਸ ਯੂਨੀਅਨ ਆਫ਼ ਇੰਡੀਆ' (NSUI) ਦੇ ਮੈਂਬਰਾਂ ਨੇ ਇਸ ਘੁਟਾਲੇ ਖ਼ਿਲਾਫ਼ ਮੋਰਚਾ ਖੋਲ੍ਹਦਿਆਂ ਇੱਕ ਵਿਸ਼ਾਲ 'ਮਸ਼ਾਲ ਜਲੂਸ' (Torchlight Procession) ਕੱਢਿਆ।

ਹੱਥਾਂ ਵਿੱਚ ਬਲਦੀਆਂ ਹੋਈਆਂ ਮਸ਼ਾਲਾਂ ਅਤੇ ਕੇਂਦਰ ਸਰਕਾਰ ਵਿਰੁੱਧ ਨਾਅਰਿਆਂ ਵਾਲੀਆਂ ਤਖ਼ਤੀਆਂ ਲੈ ਕੇ ਸੈਂਕੜੇ ਵਿਦਿਆਰਥੀਆਂ ਅਤੇ NSUI ਕਾਰਕੁਨਾਂ ਨੇ ਸ਼ਹਿਰ ਦੇ ਮੁੱਖ ਮਾਰਗਾਂ 'ਤੇ ਜ਼ੋਰਦਾਰ ਰੋਸ ਮਾਰਚ ਕੀਤਾ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ NTA ਪ੍ਰਸ਼ਾਸਨ ਅਤੇ ਸਿੱਖਿਆ ਮੰਤਰਾਲੇ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ।

ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਬਰਦਾਸ਼ਤ ਨਹੀਂ: NSUI ਰੈਲੀ ਦੀ ਅਗਵਾਈ ਕਰ ਰਹੇ ਵਿਦਿਆਰਥੀ ਆਗੂਆਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ NEET ਪ੍ਰੀਖਿਆ ਵਿੱਚ ਹੋਈਆਂ ਵੱਡੀਆਂ ਬੇਨਿਯਮੀਆਂ ਅਤੇ ਪੇਪਰ ਲੀਕ ਦੇ ਪੁਖ਼ਤਾ ਸਬੂਤਾਂ ਨੇ ਦੇਸ਼ ਦੇ 24 ਲੱਖ ਤੋਂ ਵੱਧ ਹੋਣਹਾਰ ਅਤੇ ਮਿਹਨਤੀ ਵਿਦਿਆਰਥੀਆਂ ਦੇ ਭਵਿੱਖ ਨੂੰ ਹਨੇਰੇ ਵਿੱਚ ਧੱਕ ਦਿੱਤਾ ਹੈ। ਦਿਨ-ਰਾਤ ਮਿਹਨਤ ਕਰਨ ਵਾਲੇ ਬੱਚਿਆਂ ਦੀ ਥਾਂ ਪੈਸੇ ਦੇ ਜ਼ੋਰ 'ਤੇ ਪੇਪਰ ਖਰੀਦਣ ਵਾਲਿਆਂ ਨੂੰ ਫ਼ਾਇਦਾ ਪਹੁੰਚਾਇਆ ਗਿਆ ਹੈ।

NSUI ਦੀਆਂ ਮੁੱਖ ਮੰਗਾਂ:

1. NEET-UG ਪ੍ਰੀਖਿਆ ਵਿੱਚ ਹੋਏ ਕਥਿਤ ਘੁਟਾਲੇ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਨਿਰਪੱਖ ਅਤੇ ਉੱਚ-ਪੱਧਰੀ ਜਾਂਚ ਕਰਵਾਈ ਜਾਵੇ।
2. ਪੇਪਰ ਲੀਕ ਮਾਫ਼ੀਆ ਅਤੇ ਇਸ ਵਿੱਚ ਸ਼ਾਮਲ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਕੇ ਉਨ੍ਹਾਂ ਨੂੰ ਜੇਲ੍ਹ ਭੇਜਿਆ ਜਾਵੇ।
3. ਪੂਰੀ ਪ੍ਰੀਖਿਆ ਪ੍ਰਣਾਲੀ ਵਿੱਚ ਪਾਰਦਰਸ਼ਤਾ ਲਿਆਂਦੀ ਜਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਨੌਜਵਾਨ ਦੇ ਸੁਪਨਿਆਂ ਦਾ ਕਤਲ ਨਾ ਹੋਵੇ।

ਵਿਦਿਆਰਥੀ ਸੰਗਠਨ ਨੇ ਸਾਫ਼ ਚੇਤਾਵਨੀ ਦਿੱਤੀ ਹੈ ਕਿ ਜਦੋਂ ਤੱਕ ਪ੍ਰਭਾਵਿਤ ਵਿਦਿਆਰਥੀਆਂ ਨੂੰ ਪੂਰਾ ਇਨਸਾਫ਼ ਨਹੀਂ ਮਿਲਦਾ ਅਤੇ ਦੋਸ਼ੀਆਂ ਨੂੰ ਬੇਨਕਾਬ ਨਹੀਂ ਕੀਤਾ ਜਾਂਦਾ, ਉਨ੍ਹਾਂ ਦਾ ਇਹ ਅੰਦੋਲਨ ਸੜਕਾਂ ਤੋਂ ਲੈ ਕੇ ਸੰਸਦ ਤੱਕ ਇਸੇ ਤਰ੍ਹਾਂ ਜਾਰੀ ਰਹੇਗਾ। ਪ੍ਰਦਰਸ਼ਨ ਦੇ ਮੱਦੇਨਜ਼ਰ ਕਿਸੇ ਵੀ ਅਣਸੁਖਾਵੀਂ ਸਥਿਤੀ ਨੂੰ ਰੋਕਣ ਲਈ ਭੁਬਨੇਸ਼ਵਰ ਪੁਲਿਸ ਵੱਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ।

### ਬੀਕਾਨੇਰ 'ਚ ਅਸਮਾਨੋਂ ਵਰ੍ਹਦੀ ਅੱਗ

# ਚਿੜੀਆਘਰ 'ਚ ਕੜਕਦੀ ਗਰਮੀ ਤੋਂ ਬਚਣ ਲਈ ਕੂਲਰ ਦੇ ਦੁਆਲੇ ਜੁੱਟੇ ਰਾਸ਼ਟਰੀ ਪੰਛੀ ਮੋਰ; ਤਸਵੀਰਾਂ ਵਾਇਰਲ





ਬੀਕਾਨੇਰ (ਰਾਜਸਥਾਨ): ਰਾਜਸਥਾਨ ਦੇ ਬੀਕਾਨੇਰ ਜ਼ਿਲ੍ਹੇ ਵਿੱਚ ਗਰਮੀ ਨੇ ਆਪਣੇ ਸਾਰੇ ਪੁਰਾਣੇ ਰਿਕਾਰਡ ਤੋੜ ਦਿੱਤੇ ਹਨ। ਅਸਮਾਨੋਂ ਵਰ੍ਹ ਰਹੀ ਲੂ (Heatwave) ਅਤੇ ਤਾਪਮਾਨ ਦੇ 45 ਡਿਗਰੀ ਤੋਂ ਪਾਰ ਪਹੁੰਚਣ ਕਾਰਨ ਜਿੱਥੇ ਆਮ ਇਨਸਾਨ ਹਾਲੋ-ਬੇਹਾਲ ਹੈ, ਉੱਥੇ ਹੀ ਬੇਜ਼ੁਬਾਨ ਪਸ਼ੂ-ਪੰਛੀ ਵੀ ਇਸ ਕਹਿਰ ਦੀ ਗਰਮੀ ਤੋਂ ਬਚਣ ਲਈ ਜਦੋਜਹਿਦ ਕਰ ਰਹੇ ਹਨ। ਇਸੇ ਦੌਰਾਨ ਬੀਕਾਨੇਰ ਦੇ ਸਥਾਨਕ ਚਿੜੀਆਘਰ (Zoo) ਤੋਂ ਇੱਕ ਬੇਹੱਦ ਦਿਲਚਸਪ ਅਤੇ ਭਾਵੁਕ ਕਰਨ ਵਾਲੀ ਤਸਵੀਰ ਸਾਹਮਣੇ ਆਈ ਹੈ, ਜਿੱਥੇ ਦੇਸ਼ ਦੇ ਰਾਸ਼ਟਰੀ ਪੰਛੀ ਮੋਰ (Peacocks) ਗਰਮੀ ਤੋਂ ਰਾਹਤ ਪਾਉਣ ਲਈ ਆਪਣੇ ਪਿੰਜਰੇ (Enclosure) ਅੰਦਰ ਲਗਾਏ ਗਏ ਕੂਲਰ ਦੇ ਬਿਲਕੁਲ ਸਾਹਮਣੇ ਇਕੱਠੇ ਹੋ ਕੇ ਠੰਢੀ ਹਵਾ ਦਾ ਆਨੰਦ ਲੈਂਦੇ ਦਿਖਾਈ ਦਿੱਤੇ।

ਚਿੜੀਆਘਰ ਪ੍ਰਸ਼ਾਸਨ ਵੱਲੋਂ ਸਾਂਝੀਆਂ ਕੀਤੀਆਂ ਗਈਆਂ ਇਨ੍ਹਾਂ ਵੀਡੀਓਜ਼ ਅਤੇ ਤਸਵੀਰਾਂ (Visuals) ਵਿੱਚ ਸਾਫ਼ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਕਈ ਮੋਰ ਕੂਲਰ ਦੀ ਠੰਢੀ ਹਵਾ ਦੇ ਸਾਹਮਣੇ ਖੰਭ ਫੈਲਾ ਕੇ ਸ਼ਾਂਤ ਖੜ੍ਹੇ ਹਨ, ਤਾਂ ਜੋ ਝੁਲਸਾ ਦੇਣ ਵਾਲੀ ਗਰਮੀ ਤੋਂ ਕੁਝ ਰਾਹਤ ਮਿਲ ਸਕੇ।

ਬੇਜ਼ੁਬਾਨਾਂ ਨੂੰ ਬਚਾਉਣ ਲਈ ਵਿਸ਼ੇਸ਼ ਪ੍ਰਬੰਧ

ਚਿੜੀਆਘਰ ਦੇ ਅਧਿਕਾਰੀਆਂ ਅਤੇ ਵੈਟਰਨਰੀ ਡਾਕਟਰਾਂ ਮੁਤਾਬਕ, ਮੌਜੂਦਾ ਮੌਸਮ ਵਿੱਚ ਪਸ਼ੂ-ਪੰਛੀਆਂ ਨੂੰ ਹੀਟ ਸਟ੍ਰੋਕ (ਲੂ ਲੱਗਣਾ) ਤੋਂ ਬਚਾਉਣਾ ਇੱਕ ਵੱਡੀ ਚੁਣੌਤੀ ਹੈ। ਇਸ ਲਈ ਪ੍ਰਸ਼ਾਸਨ ਵੱਲੋਂ ਕਈ ਖ਼ਾਸ ਕਦਮ ਚੁੱਕੇ ਗਏ ਹਨ:

ਕੂਲਰ ਅਤੇ ਫੌਗਰਜ਼ ਦੀ ਸਹੂਲਤ: ਪੰਛੀਆਂ ਅਤੇ ਜਾਨਵਰਾਂ ਦੇ ਸਾਰੇ ਪਿੰਜਰਿਆਂ ਵਿੱਚ ਹਾਈ-ਸਪੀਡ ਕੂਲਰ, ਖ਼ਾਸ ਪੱਖੇ ਅਤੇ ਪਾਣੀ ਦੀਆਂ ਬੌਛਾਰਾਂ ਕਰਨ ਵਾਲੇ ਫੌਗਰਜ਼ (Foggers) ਲਗਾਏ ਗਏ ਹਨ।

ਵਿਸ਼ੇਸ਼ ਖ਼ੁਰਾਕ: ਪੰਛੀਆਂ ਦੇ ਪੀਣ ਵਾਲੇ ਪਾਣੀ ਵਿੱਚ ਲਗਾਤਾਰ ਓ.ਆਰ.ਐਸ. (ORS) ਅਤੇ ਗਲੂਕੋਜ਼ ਮਿਲਾਇਆ ਜਾ ਰਿਹਾ ਹੈ, ਤਾਂ ਜੋ ਉਨ੍ਹਾਂ ਦੇ ਸਰੀਰ ਵਿੱਚ ਪਾਣੀ ਦੀ ਕਮੀ (Dehydration) ਨਾ ਹੋਵੇ। ਇਸ ਦੇ ਨਾਲ ਹੀ ਉਨ੍ਹਾਂ ਨੂੰ ਰਸਦਾਰ ਫਲ ਵੀ ਦਿੱਤੇ ਜਾ ਰਹੇ ਹਨ।

ਚਿੜੀਆਘਰ ਦੇ ਮਾਹਰਾਂ ਦਾ ਕਹਿਣਾ ਹੈ ਕਿ ਜਾਨਵਰਾਂ ਦਾ ਸੁਭਾਅ ਵੀ ਇਸ ਗਰਮੀ ਕਾਰਨ ਚਿੜਚਿੜਾ ਹੋ ਜਾਂਦਾ ਹੈ, ਪਰ ਕੂਲਰਾਂ ਦੀ ਠੰਢੀ ਹਵਾ ਮਿਲਣ ਨਾਲ ਉਨ੍ਹਾਂ ਨੂੰ ਕਾਫੀ ਸਕੂਨ ਮਿਲ ਰਿਹਾ ਹੈ। ਸੋਸ਼ਲ ਮੀਡੀਆ 'ਤੇ ਵੀ ਕੂਲਰ ਅੱਗੇ ਖੜ੍ਹੇ ਮੋਰਾਂ ਦੀ ਇਹ ਤਸਵੀਰ ਲੋਕਾਂ ਵੱਲੋਂ ਖ਼ੂਬ ਪਸੰਦ ਅਤੇ ਸਾਂਝੀ ਕੀਤੀ ਜਾ ਰਹੀ ਹੈ।

# ਅਦਾਲਤ ਵਿੱਚ ਗੈਰ-ਹਾਜ਼ਰ ਰਹਿਣ 'ਤੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਨੋਟਿਸ



ਲੁਧਿਆਣਾ : ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਪਵਲੀਨ ਸਿੰਘ ਦੀ ਅਦਾਲਤ ਨੇ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੂੰ ਇੱਕ ਅਪਰਾਧਿਕ ਮੁਕੱਦਮੇ ਦੀ ਸੁਣਵਾਈ ਦੌਰਾਨ ਬਿਨਾਂ ਕਿਸੇ ਪੂਰਵ ਸੂਚਨਾ ਦੇ ਗੈਰ-ਹਾਜ਼ਰ ਰਹਿਣ 'ਤੇ ਨੋਟਿਸ ਜਾਰੀ ਕੀਤਾ ਹੈ। ਅਦਾਲਤ ਨੇ ਉਨ੍ਹਾਂ ਨੂੰ 8 ਜੂਨ, 2026 ਨੂੰ ਪੇਸ਼ ਹੋਣ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਸਾਬਕਾ ਸੀਨੀਅਰ ਡਿਪਟੀ ਮੇਅਰ ਸ਼ਾਮ ਸੁੰਦਰ ਮਲਹੋਤਰਾ ਨੂੰ ਵੀ ਪੇਸ਼ੀ ਲਈ ਨੋਟਿਸ ਜਾਰੀ ਕੀਤਾ ਹੈ ਕਿਉਂਕਿ ਉਹ ਵੀ ਅਦਾਲਤੀ ਕਾਰਵਾਈ ਵਿੱਚ ਗੈਰ-ਹਾਜ਼ਰ ਰਹੇ।

ਬਿੱਟੂ ਦੇ ਨਾਲ ਸਾਬਕਾ ਪੰਜਾਬ ਮੰਤਰੀ ਭਾਰਤ ਭੂਸ਼ਣ ਆਸ਼ੂ, ਸਾਬਕਾ ਸੀਨੀਅਰ ਡਿਪਟੀ ਮੇਅਰ ਸ਼ਾਮ ਸੁੰਦਰ ਮਲਹੋਤਰਾ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ (ਸ਼ਹਿਰੀ) ਦੇ ਪ੍ਰਧਾਨ ਸੰਜੇ ਤਲਵਾੜ ਸਥਾਨਕ ਨਗਰ ਨਿਗਮ ਦਫ਼ਤਰ ਦਾ ਗੇਟ ਬੰਦ ਕਰਨ ਅਤੇ ਸਰਕਾਰੀ ਮੁਲਾਜ਼ਮ ਨੂੰ ਡਿਊਟੀ ਕਰਨ ਤੋਂ ਰੋਕਣ ਦੇ ਮਾਮਲੇ ਵਿੱਚ ਨਾਮਜ਼ਦ ਹਨ। ਥਾਣਾ ਡਵੀਜ਼ਨ ਨੰਬਰ 1 ਦੀ ਪੁਲੀਸ ਨੇ ਨਗਰ ਨਿਗਮ ਦੇ ਜ਼ੋਨ-ਏ ਦਫ਼ਤਰ ਵਿੱਚ ਤਾਇਨਾਤ ਗੇਟਮੈਨ ਅਮਿਤ ਕੁਮਾਰ ਦੇ ਬਿਆਨਾਂ 'ਤੇ ਰਵਨੀਤ ਸਿੰਘ ਬਿੱਟੂ, ਭਾਰਤ ਭੂਸ਼ਣ ਆਸ਼ੂ, ਸੰਜੇ ਤਲਵਾੜ, ਸ਼ਾਮ ਸੁੰਦਰ ਮਲਹੋਤਰਾ ਅਤੇ 60 ਹੋਰਾਂ ਖ਼ਿਲਾਫ਼ ਮਾਰਚ 2024 ਵਿੱਚ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 353, 186 ਅਤੇ 149 ਤਹਿਤ ਕੇਸ ਦਰਜ ਕੀਤਾ ਸੀ। ਸ਼ਿਕਾਇਤਕਰਤਾ ਅਨੁਸਾਰ, ਉਹ ਨਗਰ ਨਿਗਮ ਦਫ਼ਤਰ ਦੇ ਮੁੱਖ ਗੇਟ 'ਤੇ ਡਿਊਟੀ 'ਤੇ ਸੀ ਜਦੋਂ ਪ੍ਰਦਰਸ਼ਨਕਾਰੀਆਂ ਨੇ ਕਥਿਤ ਤੌਰ 'ਤੇ ਉਸ ਨੂੰ ਧੱਕਾ ਦਿੱਤਾ ਅਤੇ ਇਮਾਰਤ ਵਿੱਚ ਦਾਖਲ ਹੋ ਗਏ। ਇਹ ਵੀ ਦੋਸ਼ ਲਾਇਆ ਗਿਆ ਸੀ ਕਿ ਪ੍ਰਦਰਸ਼ਨਕਾਰੀਆਂ ਨੇ ਦਫ਼ਤਰ ਦਾ ਗੇਟ ਬੰਦ ਕਰ ਦਿੱਤਾ ਸੀ ਅਤੇ ਅਧਿਕਾਰੀਆਂ ਦੇ ਨਾਲ-ਨਾਲ ਆਮ ਲੋਕਾਂ ਨੂੰ ਵੀ ਦਫ਼ਤਰ ਵਿੱਚ ਦਾਖਲ ਹੋਣ ਤੋਂ ਰੋਕਿਆ ਸੀ।

### ਭਾਰਤੀ ਫ਼ੌਜ ਵਿੱਚ ਵੱਡੀ ਤਾਇਨਾਤੀ

# ਮੇਜਰ ਜਨਰਲ ਨਵੀਨ ਕੁਮਾਰ ਥਪਲਿਆਲ ਨੇ ਸੰਭਾਲੀ ਪੁਣੇ 'MILIT' ਦੀ ਕਮਾਨ



ਪੁਣੇ, (ਸਾਡੇ ਲੋਕ) : ਭਾਰਤੀ ਰੱਖਿਆ ਖੇਤਰ ਵਿੱਚ ਅੱਜ ਇੱਕ ਅਹਿਮ ਪ੍ਰਬੰਧਕੀ ਤਬਦੀਲੀ ਦੇਖਣ ਨੂੰ ਮਿਲੀ ਹੈ। ਮੇਜਰ ਜਨਰਲ ਨਵੀਨ ਕੁਮਾਰ ਥਪਲਿਆਲ (Major General Naveen Kumar Thapliyal) ਨੇ ਸੋਮਵਾਰ ਨੂੰ ਪੁਣੇ ਸਥਿਤ ਵੱਕਾਰੀ ਰੱਖਿਆ ਸੰਸਥਾ 'ਮਿਲਟਰੀ ਇੰਸਟੀਚਿਊਟ ਆਫ਼ ਐਡਵਾਂਸਡ ਟੈਕਨਾਲੋਜੀ' (MILIT) ਦੇ ਕਮਾਂਡੈਂਟ ਵਜੋਂ ਰਸਮੀ ਤੌਰ 'ਤੇ ਅਹੁਦਾ ਸੰਭਾਲ ਲਿਆ ਹੈ।

ਉਨ੍ਹਾਂ ਨੇ ਇਹ ਜ਼ਿੰਮੇਵਾਰੀ ਰੀਅਰ ਐਡਮਿਰਲ ਵੀ. ਗਣਪਤੀ (Rear Admiral V Ganapathy) ਦੀ ਸੇਵਾਮੁਕਤੀ ਤੋਂ ਬਾਅਦ ਸੰਭਾਲੀ ਹੈ। ਅਹੁਦਾ ਸੰਭਾਲਣ ਮੌਕੇ ਸੰਸਥਾ ਵਿੱਚ ਇੱਕ ਸ਼ਾਨਦਾਰ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿੱਥੇ ਰੀਅਰ ਐਡਮਿਰਲ ਗਣਪਤੀ ਨੇ ਰਵਾਇਤੀ ਤੌਰ 'ਤੇ ਕਮਾਨ ਮੇਜਰ ਜਨਰਲ ਥਪਲਿਆਲ ਦੇ ਹਵਾਲੇ ਕੀਤੀ।

**ਸੰਸਥਾ ਲਈ ਨਵੇਂ ਦੌਰ ਦੀ ਸ਼ੁਰੂਆਤ**

ਮੇਜਰ ਜਨਰਲ ਨਵੀਨ ਕੁਮਾਰ ਥਪਲਿਆਲ ਕੋਲ ਭਾਰਤੀ ਫ਼ੌਜ ਵਿੱਚ ਸੇਵਾ ਨਿਭਾਉਣ ਦਾ ਇੱਕ ਲੰਮਾ ਅਤੇ ਸ਼ਾਨਦਾਰ ਤਜਰਬਾ ਹੈ। ਉਨ੍ਹਾਂ ਦੀ ਅਗਵਾਈ ਹੇਠ MILIT ਪੁਣੇ, ਜੋ ਕਿ ਤਿੰਨਾਂ ਸੈਨਾਵਾਂ (ਥਲ ਸੈਨਾ, ਜਲ ਸੈਨਾ ਅਤੇ ਵਾਯੂ ਸੈਨਾ) ਦੇ ਅਧਿਕਾਰੀਆਂ ਨੂੰ ਆਧੁਨਿਕ ਤਕਨਾਲੋਜੀ ਅਤੇ ਯੁੱਧ ਰਣਨੀਤੀ ਦੀ ਸਿਖਲਾਈ ਦੇਣ ਵਾਲੀ ਦੇਸ਼ ਦੀ ਪ੍ਰਮੁੱਖ ਸੰਸਥਾ ਹੈ, ਰੱਖਿਆ ਤਕਨਾਲੋਜੀ ਦੇ ਖੇਤਰ ਵਿੱਚ ਨਵੀਆਂ ਬੁਲੰਦੀਆਂ ਨੂੰ ਛੂਹੇਗੀ।

ਅਹੁਦਾ ਸੰਭਾਲਣ ਤੋਂ ਬਾਅਦ ਮੇਜਰ ਜਨਰਲ ਥਪਲਿਆਲ ਨੇ ਸੰਸਥਾ ਦੇ ਸਟਾਫ਼ ਅਤੇ ਸਿਖਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਦੇਸ਼ ਦੀਆਂ ਹਥਿਆਰਬੰਦ ਸੈਨਾਵਾਂ ਨੂੰ ਤਕਨੀਕੀ ਤੌਰ 'ਤੇ ਮਜ਼ਬੂਤ ਕਰਨ ਅਤੇ ਨਵੀਨਤਾ (Innovation) ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਰਹਿਣਗੇ। ਉਨ੍ਹਾਂ ਨੇ ਸਾਬਕਾ ਕਮਾਂਡੈਂਟ ਰੀਅਰ ਐਡਮਿਰਲ ਵੀ. ਗਣਪਤੀ ਦੇ ਕਾਰਜਕਾਲ ਦੌਰਾਨ ਕੀਤੇ ਗਏ ਸ਼ਾਨਦਾਰ ਕੰਮਾਂ ਦੀ ਵੀ ਸ਼ਲਾਘਾ ਕੀਤੀ।

# ਅਪ੍ਰੇਸ਼ਨ ਬਲੂ ਸਟਾਰ ਦੀ ਬਰਸੀ ਨੂੰ ਲੈ ਕੇ ਅੰਮ੍ਰਿਤਸਰ 'ਚ ਸੁਰੱਖਿਆ ਸਖ਼ਤ

## ਪੰਜਾਬ ਪੁਲਿਸ ਅਤੇ ਪੈਰਾਮਿਲਟਰੀ ਫੋਰਸਾਂ ਵੱਲੋਂ ਸਾਂਝਾ ਫਲੈਗ ਮਾਰਚ




ਅੰਮ੍ਰਿਤਸਰ : 06 ਜੂਨ ਨੂੰ ਮਨਾਈ ਜਾਣ ਵਾਲੀ 'ਅਪ੍ਰੇਸ਼ਨ ਬਲੂ ਸਟਾਰ' ਦੀ ਬਰਸੀ ਦੇ ਮੱਦੇਨਜ਼ਰ ਪਵਿੱਤਰ ਨਗਰੀ ਅੰਮ੍ਰਿਤਸਰ ਵਿੱਚ ਸੁਰੱਖਿਆ ਪ੍ਰਬੰਧ ਬੇਹੱਦ ਸਖ਼ਤ ਕਰ ਦਿੱਤੇ ਗਏ ਹਨ। ਅਮਨ-ਕਾਨੂੰਨ ਦੀ ਸਥਿਤੀ ਨੂੰ ਬਹਾਲ ਰੱਖਣ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਪੰਜਾਬ ਪੁਲਿਸ ਨੇ ਪੈਰਾਮਿਲਟਰੀ (ਅਰਧ-ਸੈਨਿਕ) ਬਲਾਂ ਦੇ ਜਵਾਨਾਂ ਨਾਲ ਮਿਲ ਕੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਇੱਕ ਵਿਸ਼ਾਲ ਫਲੈਗ ਮਾਰਚ ਕੱਢਿਆ।

ਇਹ ਫਲੈਗ ਮਾਰਚ ਵਿਸ਼ੇਸ਼ ਤੌਰ 'ਤੇ ਸ੍ਰੀ ਹਰਿਮੰਦਰ ਸਾਹਿਬ (ਸਵਰਨ ਮੰਦਿਰ) ਦੇ ਆਲੇ-ਦੁਆਲੇ ਦੇ ਇਲਾਕਿਆਂ, ਭੀੜ-ਭੜੱਕੇ ਵਾਲੇ ਬਾਜ਼ਾਰਾਂ ਅਤੇ ਸੰਵੇਦਨਸ਼ੀਲ ਪੁਆਇੰਟਾਂ ਤੋਂ ਗੁਜ਼ਰਿਆ। ਇਸ ਆਪ੍ਰੇਸ਼ਨ ਦੀ ਅਗਵਾਈ ਸੀਨੀਅਰ ਪੁਲਿਸ ਅਧਿਕਾਰੀਆਂ ਵੱਲੋਂ ਕੀਤੀ ਗਈ, ਜਿਨ੍ਹਾਂ ਨੇ ਸੁਰੱਖਿਆ ਪ੍ਰਬੰਧਾਂ ਦਾ ਖੁਦ ਜਾਇਜ਼ਾ ਲਿਆ।

ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਅਤੇ ਚੌਕਸੀ ਪੁਲਿਸ ਪ੍ਰਸ਼ਾਸਨ ਮੁਤਾਬਕ, ਬਰਸੀ ਦੇ ਸਬੰਧ ਵਿੱਚ ਅੰਮ੍ਰਿਤਸਰ ਸ਼ਹਿਰ ਨੂੰ ਵੱਖ-ਵੱਖ ਸੁਰੱਖਿਆ ਜ਼ੋਨਾਂ ਵਿੱਚ ਵੰਡਿਆ ਗਿਆ ਹੈ। ਸ਼ਹਿਰ ਦੇ ਸਾਰੇ ਐਂਟਰੀ ਪੁਆਇੰਟਾਂ (ਸਰਹੱਦਾਂ) 'ਤੇ ਨਾਕੇਬੰਦੀ ਕਰਕੇ ਬਾਹਰੋਂ ਆਉਣ ਵਾਲੇ ਵਾਹਨਾਂ ਦੀ ਬਾਰੀਕੀ ਨਾਲ ਤਲਾਸ਼ੀ ਲਈ ਜਾ ਰਹੀ ਹੈ। ਇਸ ਤੋਂ ਇਲਾਵਾ, ਸ਼ੱਕੀ ਅਨਸਰਾਂ 'ਤੇ ਨਜ਼ਰ ਰੱਖਣ ਲਈ ਸੀਸੀਟੀਵੀ (CCTV) ਕੈਮਰਿਆਂ ਅਤੇ ਡਰੋਨਾਂ ਦੀ ਮਦਦ ਵੀ ਲਈ ਜਾ ਰਹੀ ਹੈ।

ਪੁਲਿਸ ਅਧਿਕਾਰੀਆਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਫਲੈਗ ਮਾਰਚ ਦਾ ਮੁੱਖ ਮਕਸਦ ਆਮ ਲੋਕਾਂ ਅਤੇ ਸ਼ਰਧਾਲੂਆਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨਾ ਅਤੇ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰਨ ਵਾਲੇ ਸ਼ਰਾਰਤੀ ਅਨਸਰਾਂ ਨੂੰ ਸਖ਼ਤ ਸੁਨੇਹਾ ਦੇਣਾ ਹੈ। ਉਨ੍ਹਾਂ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ 'ਤੇ ਯਕੀਨ ਨਾ ਕਰਨ ਅਤੇ ਸ਼ਹਿਰ ਵਿੱਚ ਅਮਨ-ਸ਼ਾਂਤੀ ਬਣਾਈ ਰੱਖਣ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਦੇਣ।

ਘੇਰੇ ਵਿੱਚ ਪਵਿੱਤਰ ਨਗਰੀ ਇਹ ਫਲੈਗ ਮਾਰਚ ਵਿਸ਼ੇਸ਼ ਤੌਰ 'ਤੇ ਸ੍ਰੀ ਹਰਿਮੰਦਰ ਸਾਹਿਬ (ਸਵਰਨ ਮੰਦਿਰ) ਦੇ ਆਲੇ-ਦੁਆਲੇ ਦੇ ਗਲਿਆਰੇ, ਸ਼ਹਿਰ ਦੇ ਮੁੱਖ ਬਾਜ਼ਾਰਾਂ, ਭੀੜ-ਭੜੱਕੇ ਵਾਲੇ ਚੌਕਾਂ ਅਤੇ ਐਂਟਰੀ ਪੁਆਇੰਟਾਂ ਤੋਂ ਗੁਜ਼ਰਿਆ। ਬਰਸੀ ਦੇ ਮੱਦੇਨਜ਼ਰ ਅੰਮ੍ਰਿਤਸਰ ਨੂੰ ਵੱਖ-ਵੱਖ ਸੁਰੱਖਿਆ ਜ਼ੋਨਾਂ ਵਿੱਚ ਵੰਡ ਦਿੱਤਾ ਗਿਆ ਹੈ। ਸ਼ਹਿਰ ਦੇ ਅੰਦਰ ਆਉਣ ਵਾਲੇ ਹਰ ਵਾਹਨ ਦੀ ਬਾਰੀਕੀ ਨਾਲ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਹੋਟਲਾਂ, ਸਰਾਂਵਾਂ ਤੇ ਮੁਸਾਫ਼ਰਖਾਨਿਆਂ ਵਿੱਚ ਰੁਕਣ ਵਾਲੇ ਸ਼ੱਕੀ ਲੋਕਾਂ 'ਤੇ ਵੀ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ।

ਪ੍ਰਸ਼ਾਸਨ ਦੀ ਜਨਤਾ ਨੂੰ ਅਪੀਲ: ਪੁਲਿਸ ਪ੍ਰਸ਼ਾਸਨ ਨੇ ਸਾਫ਼ ਕੀਤਾ ਹੈ ਕਿ ਇਸ ਫਲੈਗ ਮਾਰਚ ਦਾ ਮੁੱਖ ਮਕਸਦ ਲੋਕਾਂ ਅਤੇ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਸ਼ਰਧਾਲੂਆਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨਾ ਹੈ। ਅਧਿਕਾਰੀਆਂ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਸੋਸ਼ਲ ਮੀਡੀਆ 'ਤੇ ਫੈਲਣ ਵਾਲੀਆਂ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ 'ਤੇ ਯਕੀਨ ਨਾ ਕਰਨ ਅਤੇ ਜੇਕਰ ਕੋਈ ਸ਼ੱਕੀ ਚੀਜ਼ ਜਾਂ ਵਿਅਕਤੀ ਦਿਖਾਈ ਦੇਵੇ, ਤਾਂ ਤੁਰੰਤ ਇਸ ਦੀ ਸੂਚਨਾ ਪੁਲਿਸ ਕੰਟਰੋਲ ਰੂਮ ਨੂੰ ਦੇਣ।

# ਨਸ਼ਾ ਤਸਕਰ ਗੁਰਦੀਪ ਰਾਣੋ ਦੀ ਕੋਠੀ 'ਤੇ ਬੁਲਡੋਜ਼ਰ ਚੱਲਿਆ




ਪਾਇਲ : ਪਿੰਡ ਰਾਣੋ ਦੇ ਕਥਿਤ ਬਹੁ-ਕਰੋੜੀ ਹੈਰੋਇਨ ਤਸਕਰੀ ਦੇ ਮੁੱਖ ਸਰਗਨੇ ਅਤੇ ਸਾਬਕਾ ਸਰਪੰਚ ਗੁਰਦੀਪ ਸਿੰਘ ਰਾਣੋ ਦੇ ਗ਼ੈਰ-ਕਾਨੂੰਨੀ ਘਰ 'ਤੇ ਪੰਜਾਬ ਪੁਲੀਸ ਦੀ ਨਿਗਰਾਨੀ ਹੇਠ ਗਲਾਡਾ ਦੀਆਂ ਹਦਾਇਤਾਂ 'ਤੇ ਪੀਲਾ ਪੰਜਾ ਚਲਾਇਆ ਗਿਆ। ਸਾਬਕਾ ਸਰਪੰਚ ਦਾ ਘਰ ਪੁਲਿਸ ਛਾਉਣੀ ਵਿੱਚ ਤਬਦੀਲ ਹੋ ਗਿਆ। ਡੀ ਐੱਸ ਪੀ ਪਾਇਲ ਹਰਮਨਪ੍ਰੀਤ ਸਿੰਘ ਚੀਮਾ ਨੇ ਦੱਸਿਆ ਕਿ ਬਹੁ-ਕਰੋੜੀ ਹੈਰੋਇਨ ਨਸ਼ਾ ਤਸਕਰੀ ਦੇ ਸਰਗਨੇ ਗੁਰਦੀਪ ਸਿੰਘ ਰਾਣੋ ਖ਼ਿਲਾਫ਼ ਨਸ਼ਾ ਤਸਕਰੀ ਦੀਆਂ ਵੱਖ-ਵੱਖ ਧਾਰਾਵਾਂ ਹੇਠ 10 ਮੁਕੱਦਮੇ ਦਰਜ ਹਨ। ਸਾਲ 2020 ਵਿੱਚ ਸਰਪੰਚ ਗੁਰਦੀਪ ਰਾਣੋ ਨੂੰ ਐੱਸ ਟੀ ਐੱਫ ਵੱਲੋਂ ਕਰੀਬ 3 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ। ਅੱਜ ਗਲਾਡਾ ਵੱਲੋਂ ਨਾਜਾਇਜ਼ ਜਗ੍ਹਾ 'ਤੇ ਬਣੇ ਮਕਾਨ ਨੂੰ ਢਾਹੁਣ ਦੀ ਕਾਰਵਾਈ ਕੀਤੀ ਗਈ। ਇਸ ਮੌਕੇ ਵੱਡੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ। ਜਿਵੇਂ ਹੀ ਪੰਜਾਬ ਪੁਲੀਸ ਅਤੇ ਗਲਾਡਾ ਦੇ ਅਧਿਕਾਰੀ ਜੇ ਸੀ ਬੀ ਲੈ ਕੇ ਸਾਬਕਾ ਸਰਪੰਚ ਗੁਰਦੀਪ ਸਿੰਘ ਰਾਣੋ ਦੀ ਕੋਠੀ 'ਤੇ ਪੀਲਾ ਪੰਜਾ ਚਲਾਉਣ ਪੁੱਜੇ ਤਾਂ ਪਰਿਵਾਰਕ ਮੈਂਬਰਾਂ ਨੇ ਅਦਾਲਤੀ ਕੇਸ ਅਤੇ ਕੁਝ ਕਾਗਜ਼ਾਤ ਦਿਖਾਏ ਪਰ ਗਲਾਡਾ ਦੇ ਅਧਿਕਾਰੀ ਇਸ ਤੋਂ ਸੰਤੁਸ਼ਟ ਨਾ ਹੋਏ। ਉਨ੍ਹਾਂ ਕਿਹਾ ਕਿ ਜੇ ਕੋਈ ਸਟੇਅ ਆਰਡਰ ਹੈ ਤਾਂ ਉਹ ਦਿਖਾਇਆ ਜਾਵੇ। ਗਲਾਡਾ ਦੇ ਅਧਿਕਾਰੀਆਂ ਨੇ ਦੱਸਿਆ ਕਿ ਕੋਠੀ ਦੀ ਉਸਾਰੀ ਤੋਂ ਪਹਿਲਾਂ ਗਲਾਡਾ ਕੋਲੋਂ ਨਕਸ਼ਾ ਪਾਸ ਨਹੀਂ ਕਰਵਾਇਆ ਗਿਆ ਸੀ ਅਤੇ ਬਿਨਾਂ ਮਨਜ਼ੂਰੀ ਤੋਂ ਇਹ ਕੋਠੀ ਗੈਰ-ਕਾਨੂੰਨੀ ਢੰਗ ਨਾਲ ਬਣਾਈ ਗਈ ਹੈ। ਇਸ ਦੌਰਾਨ ਸਾਬਕਾ ਸਰਪੰਚ ਦੇ ਪਰਿਵਾਰਕ ਮੈਂਬਰਾਂ ਅਤੇ ਪਤਨੀ ਸਰਬਜੀਤ ਕੌਰ ਨੇ ਗਲਾਡਾ ਅਧਿਕਾਰੀਆਂ ਤੇ ਪੁਲਿਸ ਮੁਲਾਜ਼ਮਾਂ ਨੂੰ ਕਾਗਜ਼ਾਤ ਦਿਖਾਉਂਦਿਆਂ ਗੱਲਬਾਤ ਕਰਨ ਲਈ ਕਿਹਾ ਪਰ ਗਲਾਡਾ ਅਧਿਕਾਰੀ ਕਾਰਵਾਈ ਮੁਕੰਮਲ ਕਰ ਕੇ ਉੱਥੋਂ ਚਲਦੇ ਬਣੇ। ਪਰਿਵਾਰਕ ਮੈਂਬਰਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਹੜੀ ਪ੍ਰਾਪਰਟੀ ਟ੍ਰਿਬਿਊਨਲ ਅਤੇ ਈ ਡੀ ਵੱਲੋਂ ਫ਼ਰੀਜ਼ ਕੀਤੀ ਗਈ ਹੋਵੇ ਉਸ 'ਤੇ ਕੋਈ ਵੀ (ਦੂਜੀ) ਕਾਰਵਾਈ ਨਹੀਂ ਕੀਤੀ ਜਾ ਸਕਦੀ ਪਰ ਇਹ ਸਰਾਸਰ ਧੱਕਾ ਕੀਤਾ ਗਿਆ ਹੈ। ਇਸ ਮੌਕੇ ਡੀ ਐੱਸ ਪੀ ਕਰਮਜੀਤ ਸਿੰਘ ਗਰੇਵਾਲ, ਡੀ ਐੱਸ ਪੀ ਪਵਨ ਕੁਮਾਰ, ਐੱਸ.ਐੱਚ.ਓ. ਤਰਵਿੰਦਰ ਕੁਮਾਰ ਬੇਦੀ, ਐੱਸ ਐੱਚ ਓ ਆਕਾਸ਼ ਦੱਤ, ਬੀ ਡੀ ਪੀ ਓ ਦੋਰਾਹਾ ਸੁਮਰਿਤਾ ਅਤੇ ਗਲਾਡਾ ਦੇ ਹੋਰ ਅਧਿਕਾਰੀ ਹਾਜ਼ਰ ਸਨ।

# ਵਿਧਾਇਕ ਰਾਜਾ ਗਿੱਲ ਨੇ ਵਿਕਾਸ ਕਾਰਜਾਂ ਦੀ ਪ੍ਰਗਤੀ ਦੀ ਕੀਤੀ ਸਮੀਖਿਆ, ਅਧਿਕਾਰੀਆਂ ਨੂੰ ਕੰਮਾਂ 'ਚ ਤੇਜ਼ੀ ਲਿਆਉਣ ਦੇ ਦਿੱਤੇ ਨਿਰਦੇਸ਼

- ਉੜਮੁੜ ਵਿਧਾਨ ਸਭਾ ਹਲਕੇ ਦੀਆਂ ਪ੍ਰਮੁੱਖ ਸੜਕਾਂ, ਪੁੱਲ ਅਤੇ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ
- ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਤੈਅ ਸਮੇਂ 'ਚ ਪ੍ਰੋਜੈਕਟ ਪੂਰੇ ਕਰਨ ਦੇ ਅਧਿਕਾਰੀਆਂ ਨੂੰ ਦਿੱਤੇ ਨਿਰਦੇਸ਼

ਹੁਸ਼ਿਆਰਪੁਰ, (ਰਵਿੰਦਰ ਸਿੰਘ ਟਾਂਡਾ) : ਵਿਧਾਨ ਸਭਾ ਹਲਕਾ ਉੜਮੁੜ ਦੇ ਸਰਵਪੱਖੀ ਵਿਕਾਸ ਨੂੰ ਤੇਜ਼ ਕਰਨ ਦੇ ਉਦੇਸ਼ ਨਾਲ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਅੱਜ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਮੌਜੂਦਗੀ ਵਿਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਇਕ ਮਹੱਤਵਪੂਰਨ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਵਿਚ ਹਲਕੇ ਵਿਚ ਚੱਲ ਰਹੇ ਅਤੇ ਪ੍ਰਸਤਾਵਿਤ ਵਿਕਾਸ ਕੰਮਾਂ ਦੀ ਪ੍ਰਗਤੀ ਦਾ ਵਿਸਥਾਰ ਨਾਲ ਜਾਇਜ਼ਾ ਲਿਆ ਗਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਨਿਰਧਾਰਤ ਸਮੇਂ ਅੰਦਰ ਕੰਮਾਂ ਨੂੰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ। ਇਸ ਮੌਕੇ ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਦੇ ਚੇਅਰਮੈਨ ਗੁਰਵਿੰਦਰ ਸਿੰਘ ਪਾਬਲਾ ਅਤੇ ਐਸਡੀਐਮ ਲਵਪ੍ਰੀਤ ਸਿੰਘ ਵੀ ਮੌਜੂਦ ਸਨ।

ਵਿਧਾਇਕ ਰਾਜਾ ਗਿੱਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਹਰੇਕ ਹਲਕੇ ਵਿਚ ਸੰਤੁਲਿਤ ਅਤੇ ਯੋਜਨਾਬੱਧ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਉੜਮੁੜ ਵਿਧਾਨ ਸਭਾ ਹਲਕੇ ਵਿਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਬਣਾਉਣ ਅਤੇ ਲੋਕਾਂ ਨੂੰ ਬਿਹਤਰ ਸੁਵਿਧਾਵਾਂ ਉਪਲਬੱਧ ਕਰਵਾਉਣ ਲਈ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਵਿਚ ਤੇਜ਼ੀ ਨਾਲ ਕੰਮ ਕੀਤੇ ਜਾ ਰਹੇ ਹਨ।



ਮੀਟਿੰਗ ਦੌਰਾਨ ਵਿਧਾਇਕ ਨੇ ਟਾਂਡਾ-ਰੜਾ ਪੁੱਲ ਸੜਕ (ਟਾਂਡਾ ਤੋਂ ਰੜਾ ਪੁੱਲ ਰੋਡ) ਦੀ ਮੁਰੰਮਤ ਦੇ ਕੰਮਾਂ ਵਿਚ ਤੇਜ਼ੀ ਲਿਆਉਣ ਲਈ ਰਾਸ਼ਟਰੀ ਰਾਜ ਮਾਰਗ ਅਥਾਰਿਟੀ ਦੇ ਅਧਿਕਾਰੀਆਂ ਨੂੰ ਕੰਮ ਵਿਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਉਨ੍ਹਾਂ ਐਕਸੀਅਨ ਮੰਡੀ ਬੋਰਡ ਨੂੰ ਪਿੰਡ ਪ੍ਰੇਮਪੁਰ ਰਸਤੇ 'ਤੇ ਪੁੱਲ ਨਿਰਮਾਣ ਅਤੇ ਚੋਹਾਨਾ ਤੋਂ ਟਾਹਲੀ ਸੜਕ ਨਿਰਮਾਣ ਕੰਮ ਵਿਚ ਤੇਜ਼ੀ ਲਿਆਉਣ ਲਈ ਕਿਹਾ। ਉਨ੍ਹਾਂ ਨੇ ਐਕਸੀਅਨ ਲੋਕ ਨਿਰਮਾਣ ਵਿਭਾਗ ਨਾਲ ਪਿੰਡ ਖੁੱਡਾ ਤੋਂ ਭੱਟੀਆਂ ਵਾਇਆ ਖੁਣਖੁਣ ਕਲਾਂ ਦੇ ਰਸਤੇ ਸੜਕ ਨਿਰਮਾਣ ਪ੍ਰੋਜੈਕਟ ਦੀ ਪ੍ਰਗਤੀ ਦੀ ਸਮੀਖਿਆ ਵੀ ਕੀਤੀ। ਉਨ੍ਹਾਂ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੰਮਾਂ ਦੀ ਮੌਜੂਦਾ ਸਥਿਤੀ ਦੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਸਾਰੇ ਪ੍ਰੋਜੈਕਟਾਂ ਵਿਚ ਗੁਣਵੱਤਾ ਮਿਆਰਾਂ ਦਾ ਵਿਸ਼ੇਸ਼ ਧਿਆਨ ਰੱਖਣ ਦੇ ਨਿਰਦੇਸ਼ ਦਿੱਤੇ।

ਵਿਧਾਇਕ ਰਾਜਾ ਗਿੱਲ ਨੇ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਦੇ ਪੂਰਾ ਹੋਣ ਨਾਲ ਖੇਤਰ ਦੇ ਲੋਕਾਂ ਨੂੰ ਬਿਹਤਰ ਆਵਾਜਾਈ ਸੁਵਿਧਾਵਾਂ ਮਿਲਣਗੀਆਂ, ਪੇਂਡੂ ਸੰਪਰਕ ਸੜਕਾਂ ਵਿਚ ਸੁਧਾਰ ਹੋਵੇਗਾ ਅਤੇ ਆਵਾਜਾਈ ਸੁਖਾਲੀ ਅਤੇ ਸੁਰੱਖਿਅਤ ਬਣੇਗੀ। ਉਨ੍ਹਾਂ ਕਿਹਾ ਕਿ ਸੜਕ ਅਤੇ ਪੁੱਲ ਸਬੰਧੀ ਇਹ ਵਿਕਾਸ ਕਾਰਜ ਹਲਕੇ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਵੀ ਨਵੀਂ ਗਤੀ ਪ੍ਰਦਾਨ ਕਰਨਗੇ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਲੋਕਹਿਤ ਨਾਲ ਜੁੜੇ ਵਿਕਾਸ ਕੰਮਾਂ ਵਿਚ ਕਿਸੇ ਪ੍ਰਕਾਰ ਦੀ ਢਿੱਲ ਨਾ ਵਰਤੀ ਜਾਵੇ ਅਤੇ ਸਾਰੇ ਪ੍ਰੋਜੈਕਟਾਂ ਨੂੰ ਪਹਿਲ ਦੇ ਆਧਾਰ 'ਤੇ ਸਮੇਂ ਸਿਰ ਪੂਰਾ ਕੀਤਾ ਜਾਵੇ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਵੀ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਵਿਕਾਸ ਕੰਮਾਂ ਦੀ ਲਗਾਤਾਰ ਨਿਗਰਾਨੀ ਯਕੀਨੀ ਬਣਾਉਣ ਅਤੇ ਨਿਰਧਾਰਤ ਸਮੇਂ ਅੰਦਰ ਪ੍ਰੋਜੈਕਟਾਂ ਨੂੰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਿਕਾਸ ਪ੍ਰੋਜੈਕਟਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਤਾਂ ਜੋ ਹਲਕਾ ਵਾਸੀਆਂ ਨੂੰ ਇਨ੍ਹਾਂ ਯੋਜਨਾਵਾਂ ਦਾ ਲਾਭ ਸਮਾਂਬੱਧ ਢੰਗ ਨਾਲ ਮਿਲ ਸਕੇ।

### ਮੁਹਾਲੀ 'ਚ ਮੁਲਾਜ਼ਮਾਂ ਦਾ ਵੱਡਾ ਹੱਲਾਬੋਲ

# ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਵੱਲ ਕੂਚ; ਪੁਲਿਸ ਨੇ ਭਾਰੀ ਬੈਰੀਕੇਡ ਲਗਾ ਕੇ ਰੋਕਿਆ ਰਸਤਾ









ਮੁਹਾਲੀ (ਐਸ.ਏ.ਐਸ. ਨਗਰ): ਪੰਜਾਬ ਦੇ ਕੱਚੇ, ਠੇਕੇ (Contractual) ਅਤੇ ਆਰਜ਼ੀ ਮੁਲਾਜ਼ਮਾਂ ਦਾ ਗੁੱਸਾ ਇੱਕ ਵਾਰ ਫਿਰ ਸੂਬਾ ਸਰਕਾਰ ਖ਼ਿਲਾਫ਼ ਬੁਰੀ ਤਰ੍ਹਾਂ ਭੜਕ ਉੱਠਿਆ ਹੈ। ਆਪਣੀਆਂ ਸੇਵਾਵਾਂ ਨੂੰ ਪੱਕਾ (Regularize) ਕਰਨ ਅਤੇ ਬਿਹਤਰ ਨੌਕਰੀ ਸ਼ਰਤਾਂ ਦੀ ਮੰਗ ਨੂੰ ਲੈ ਕੇ ਹਜ਼ਾਰਾਂ ਸਰਕਾਰੀ ਮੁਲਾਜ਼ਮਾਂ ਨੇ ਸਾਂਝੇ ਤੌਰ 'ਤੇ ਮੁਹਾਲੀ ਵਿਖੇ ਇਕੱਠੇ ਹੋ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਚੰਡੀਗੜ੍ਹ ਸਥਿਤ ਸਰਕਾਰੀ ਰਿਹਾਇਸ਼ ਵੱਲ ਰੋਸ ਮਾਰਚ ਸ਼ੁਰੂ ਕਰ ਦਿੱਤਾ।

ਇਸ ਮਾਰਚ ਦੇ ਮੱਦੇਨਜ਼ਰ ਮੁਹਾਲੀ-ਚੰਡੀਗੜ੍ਹ ਸਰਹੱਦ 'ਤੇ ਸਥਿਤੀ ਉਸ ਵੇਲੇ ਤਣਾਅਪੂਰਨ ਹੋ ਗਈ, ਜਦੋਂ ਪੁਲਿਸ ਪ੍ਰਸ਼ਾਸਨ ਨੇ ਮੁਲਾਜ਼ਮਾਂ ਨੂੰ ਚੰਡੀਗੜ੍ਹ ਵਿੱਚ ਦਾਖਲ ਹੋਣ ਤੋਂ ਰੋਕਣ ਲਈ ਮੁੱਖ ਸੜਕਾਂ 'ਤੇ ਭਾਰੀ ਬੈਰੀਕੇਡ (Barricades) ਲਗਾ ਕੇ ਰਸਤੇ ਪੂਰੀ ਤਰ੍ਹਾਂ ਬੰਦ ਕਰ ਦਿੱਤੇ।

**ਹੱਕਾਂ ਲਈ ਆਰਪਾਰ ਦੀ ਲੜਾਈ** ਪ੍ਰਦਰਸ਼ਨਕਾਰੀ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਉਹ ਲੰਮੇ ਸਮੇਂ ਤੋਂ ਵਿਭਾਗਾਂ ਵਿੱਚ ਨਿਸ਼ਕਾਮ ਸੇਵਾਵਾਂ ਨਿਭਾ ਰਹੇ ਹਨ, ਪਰ ਉਨ੍ਹਾਂ ਨੂੰ ਅਜੇ ਤੱਕ ਬਣਦੇ ਲਾਭ ਅਤੇ ਪੱਕੀਆਂ ਨੌਕਰੀਆਂ ਨਹੀਂ ਦਿੱਤੀਆਂ ਗਈਆਂ। ਸਰਕਾਰ ਵੱਲੋਂ ਕੀਤੇ ਗਏ ਵਾਅਦੇ ਸਿਰਫ਼ ਕਾਗਜ਼ਾਂ ਤੱਕ ਹੀ ਸੀਮਤ ਰਹਿ ਗਏ ਹਨ, ਜਿਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਨਿਰਾਸ਼ਾ ਹੈ। ਜਦੋਂ ਮੁਲਾਜ਼ਮਾਂ ਨੇ ਬੈਰੀਕੇਡ ਤੋੜ ਕੇ ਅੱਗੇ ਵਧਣ ਦੀ ਕੋਸ਼ਿਸ਼ ਕੀਤੀ, ਤਾਂ ਪੁਲਿਸ ਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਤਿੱਖੀ ਬਹਿਸ ਅਤੇ ਖਿੱਚਧੂਹ ਵੀ ਦੇਖਣ ਨੂੰ ਮਿਲੀ।

**ਮੁਲਾਜ਼ਮਾਂ ਦਾ ਦੋ-ਟੁੱਕ ਫ਼ੈਸਲਾ:** ਪ੍ਰਸ਼ਾਸਨਿਕ ਰੁਕਾਵਟਾਂ, ਇਜਾਜ਼ਤ ਨਾ ਮਿਲਣ ਅਤੇ ਪੁਲਿਸ ਦੀ ਸਖ਼ਤੀ ਦੇ ਬਾਵਜੂਦ ਮੁਲਾਜ਼ਮ ਸੜਕ 'ਤੇ ਹੀ ਧਰਨਾ ਲਗਾ ਕੇ ਬੈਠ ਗਏ ਹਨ। ਉਨ੍ਹਾਂ ਸਾਫ਼ ਚੇਤਾਵਨੀ ਦਿੱਤੀ ਹੈ ਕਿ ਜਦੋਂ ਤੱਕ ਮੁੱਖ ਮੰਤਰੀ ਜਾਂ ਸਰਕਾਰ ਦੇ ਉੱਚ ਅਧਿਕਾਰੀਆਂ ਨਾਲ ਉਨ੍ਹਾਂ ਦੀ ਪੈਨਲ ਮੀਟਿੰਗ ਕਰਵਾ ਕੇ ਮੰਗਾਂ ਦਾ ਠੋਸ ਹੱਲ ਨਹੀਂ ਕੱਢਿਆ ਜਾਂਦਾ, ਉਨ੍ਹਾਂ ਦਾ ਇਹ ਸੰਘਰਸ਼ ਅਤੇ ਪੱਕਾ ਮੋਰਚਾ ਇਸੇ ਤਰ੍ਹਾਂ ਜਾਰੀ ਰਹੇਗਾ।

### ਲੁਧਿਆਣਾ 'ਚ ਕਿਸਾਨੀ ਅੰਦੋਲਨ ਦਾ ਵੱਡਾ ਧਮਾਕਾ

# DC ਦਫ਼ਤਰ ਅੱਗੇ ਲਾਇਆ ਪੱਕਾ ਮੋਰਚਾ; MSP ਦੀ ਕਾਨੂੰਨੀ ਗਾਰੰਟੀ ਅਤੇ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਆਰਪਾਰ ਦੀ ਲੜਾਈ






ਲੁਧਿਆਣਾ: ਪੰਜਾਬ ਦੇ ਕਿਸਾਨਾਂ ਅਤੇ ਸਰਕਾਰੀ ਨੀਤੀਆਂ ਵਿਚਕਾਰ ਚੱਲ ਰਿਹਾ ਤਣਾਅ ਇੱਕ ਵਾਰ ਫਿਰ ਵੱਡੇ ਸੰਘਰਸ਼ ਦਾ ਰੂਪ ਧਾਰਨ ਕਰ ਗਿਆ ਹੈ। ਲੁਧਿਆਣਾ ਵਿਖੇ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਡਿਪਟੀ ਕਮਿਸ਼ਨਰ (DC) ਦਫ਼ਤਰ ਦੇ ਬਾਹਰ ਇੱਕ ਵਿਸ਼ਾਲ ਅਤੇ ਜ਼ੋਰਦਾਰ ਰੋਸ ਪ੍ਰਦਰਸ਼ਨ ਸ਼ੁਰੂ ਕੀਤਾ ਗਿਆ ਹੈ। 'ਸੰਯੁਕਤ ਕਿਸਾਨ ਮੋਰਚਾ' (SKM) ਦੀ ਅਗਵਾਈ ਹੇਠ ਸ਼ੁਰੂ ਹੋਇਆ ਇਹ ਅੰਦੋਲਨ ਹੁਣ ਤੇਜ਼ੀ ਨਾਲ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਫੈਲ ਰਿਹਾ ਹੈ, ਜਿਸ ਨਾਲ ਪ੍ਰਸ਼ਾਸਨਿਕ ਹਲਕਿਆਂ ਵਿੱਚ ਹਲਚਲ ਮਚ ਗਈ ਹੈ।

ਕਿਸਾਨ ਜਥੇਬੰਦੀਆਂ ਨੇ ਲੁਧਿਆਣਾ ਵਰਗੇ ਪ੍ਰਮੁੱਖ ਜ਼ਿਲ੍ਹਾ ਪ੍ਰਸ਼ਾਸਨਿਕ ਦਫ਼ਤਰਾਂ ਦਾ ਘਿਰਾਓ ਕਰਨ ਦੀ ਰਣਨੀਤੀ ਅਪਣਾਈ ਹੈ। ਇਸ ਦਾ ਮੁੱਖ ਮਕਸਦ ਸਥਾਨਕ ਪ੍ਰਸ਼ਾਸਨ ਰਾਹੀਂ ਰਾਜਪਾਲ ਅਤੇ ਕੇਂਦਰ ਸਰਕਾਰ ਤੱਕ ਆਪਣੀ ਆਵਾਜ਼ ਪਹੁੰਚਾਉਣਾ ਅਤੇ ਉਨ੍ਹਾਂ 'ਤੇ ਮੰਗਾਂ ਮੰਨਣ ਲਈ ਵੱਡਾ ਸਿਆਸੀ ਤੇ ਪ੍ਰਸ਼ਾਸਨਿਕ ਦਬਾਅ ਬਣਾਉਣਾ ਹੈ।

ਕਿਸਾਨਾਂ ਦੇ ਗੁੱਸੇ ਦੇ 3 ਮੁੱਖ ਵੱਡੇ ਕਾਰਨ: ਕਿਸਾਨ ਆਗੂਆਂ ਮੁਤਾਬਕ ਮੌਜੂਦਾ ਸਮੇਂ ਖੇਤੀਬਾੜੀ ਪੂਰੀ ਤਰ੍ਹਾਂ ਘਾਟੇ ਦਾ ਸੌਦਾ ਬਣ ਚੁੱਕੀ ਹੈ, ਜਿਸ ਦੇ ਪਿੱਛੇ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਹਨ। ਅੰਦੋਲਨ ਦੇ ਮੁੱਖ ਮੁੱਦੇ ਹੇਠ ਲਿਖੇ ਹਨ:

**1. ਖੇਤੀ ਲਾਗਤਾਂ 'ਚ ਵਾਧਾ ਅਤੇ ਮਹਿੰਗਾਈ:** ਡੀਜ਼ਲ, ਪੈਟਰੋਲ ਅਤੇ ਰਸੋਈ ਗੈਸ ਦੀਆਂ ਅਸਮਾਨ ਛੂਹ ਰਹੀਆਂ ਕੀਮਤਾਂ ਨੇ ਕਿਸਾਨਾਂ ਦਾ ਲੱਕ ਤੋੜ ਦਿੱਤਾ ਹੈ। ਟਰੈਕਟਰ ਚਲਾਉਣ ਤੋਂ ਲੈ ਕੇ ਖੇਤੀ ਦੀ ਸਾਂਭ-ਸੰਭਾਲ ਦਾ ਖਰਚਾ ਦੁੱਗਣਾ ਹੋ ਗਿਆ ਹੈ। ਇਸ ਦੇ ਨਾਲ ਹੀ ਐਨ ਮੌਕੇ 'ਤੇ ਡੀ.ਐਮੀ.ਪੀ. (DAP) ਵਰਗੀਆਂ ਜ਼ਰੂਰੀ ਖਾਦਾਂ ਦੀ ਕਿੱਲਤ ਅਤੇ ਬਲੈਕ ਮਾਰਕੀਟਿੰਗ ਨੇ ਕਿਸਾਨਾਂ ਨੂੰ ਸੜਕਾਂ 'ਤੇ ਆਉਣ ਲਈ ਮਜਬੂਰ ਕੀਤਾ ਹੈ।

**2. ਪੰਜਾਬ ਦੇ ਪਾਣੀਆਂ 'ਤੇ ਡਾਕਾ:** ਕਿਸਾਨਾਂ ਵਿੱਚ ਕੇਂਦਰ ਸਰਕਾਰ ਦੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (BBMB) ਦੇ ਨਿਯਮਾਂ ਵਿੱਚ ਬਦਲਾਅ ਅਤੇ 'ਡੈਮ ਸੇਫਟੀ ਐਕਟ' ਵਿਰੁੱਧ ਭਾਰੀ ਰੋਸ ਹੈ। ਕਿਸਾਨਾਂ ਦਾ ਸਿੱਧਾ ਦੋਸ਼ ਹੈ ਕਿ ਇਨ੍ਹਾਂ ਕਾਨੂੰਨਾਂ ਰਾਹੀਂ ਕੇਂਦਰ ਸਰਕਾਰ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਆਪਣਾ ਅਧਿਕਾਰ ਜਮਾਉਣਾ ਚਾਹੁੰਦੀ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਸੂਬਾ ਬੰਦਰਗਾਹ (ਮਾਰੂਥਲ) ਬਣ ਜਾਵੇਗਾ।

**3. MSP ਦੀ ਕਾਨੂੰਨੀ ਗਾਰੰਟੀ ਦੀ ਮੰਗ:** ਕਿਸਾਨਾਂ ਦੀ ਸਭ ਤੋਂ ਵੱਡੀ ਮੰਗ ਹੈ ਕਿ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (MSP) ਨੂੰ ਡਾਕਟਰ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਦੇ 32+50% ਫਾਰਮੂਲੇ (ਕੁੱਲ ਲਾਗਤ 'ਤੇ 50 ਫੀਸਦੀ ਮੁਨਾਫਾ) ਮੁਤਾਬਕ ਲਾਗੂ ਕੀਤਾ ਜਾਵੇ ਅਤੇ ਇਸ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ ਤਾਂ ਜੋ ਨਿੱਜੀ ਵਪਾਰੀ ਕਿਸਾਨਾਂ ਦੀ ਲੁੱਟ ਨਾ ਕਰ ਸਕਣ।




**ਕਿਸਾਨਾਂ ਦੀ ਦੋ-ਟੁੱਕ ਚੇਤਾਵਨੀ:** 'ਜਦੋਂ ਤੱਕ ਕੇਂਦਰ ਅਤੇ ਸੂਬਾ ਸਰਕਾਰ ਪਾਣੀ ਦੇ ਪ੍ਰਬੰਧਨ, ਖੇਤੀ ਖਰਚੇ ਘਟਾਉਣ ਅਤੇ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ ਵਰਗੇ ਆਪਣੇ ਪੁਰਾਣੇ ਵਾਅਦਿਆਂ ਨੂੰ ਪੂਰਾ ਨਹੀਂ ਕਰਦੀ, ਉਦੋਂ ਤੱਕ ਪੰਜਾਬ ਦੇ ਸਾਰੇ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਇਹ ਸੰਘਰਸ਼ ਇਸੇ ਤਰ੍ਹਾਂ ਅਣਮਿੱਥੇ ਸਮੇਂ ਲਈ ਜਾਰੀ ਰਹੇਗਾ।'

**ਪੱਛਮੀ ਪਰਿਭਾਸ਼ਾਵਾਂ ਦੀਆਂ ਸੀਮਾਵਾਂ ਅਤੇ ਸਿੱਖ ਧਰਮ ਦਾ ਵਿਸ਼ਵਵਿਆਪੀ ਸੰਦੇਸ਼**

ਸਿੱਖ ਚਿੰਤਨ ਅਤੇ ਇਤਿਹਾਸ ਦੇ ਸਨਮੁਖ ਅੱਜ ਇੱਕ ਅਜਿਹਾ ਗੰਭੀਰ ਮੋੜ ਆ ਖੜ੍ਹਾ ਹੈ, ਜਿੱਥੇ ਸਾਡੀਆਂ ਆਪਣੀਆਂ ਬੁਨਿਆਦੀ ਸੰਸਥਾਵਾਂ ਅਤੇ ਸਿਧਾਂਤਾਂ ਨੂੰ ਵੱਖ ਕਰਕੇ ਦੇਖਣ ਦੀ ਇੱਕ ਅਣਜਾਣੇ ਵਿੱਚ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਹਫ਼ਤੇ, ਅਸੀਂ ਆਪਣੇ ਪਾਠਕਾਂ ਲਈ ਡਾ. ਗੁਰਿੰਦਰ ਸਿੰਘ ਗ੍ਰੇਵਾਲ (MD) ਦਾ ਇੱਕ ਬੇਹੱਦ ਮਹੱਤਵਪੂਰਨ ਅਤੇ ਖੋਜ-ਭਰਪੂਰ ਲੇਖ ਲੈ ਕੇ ਹਾਜ਼ਰ ਹੋਏ ਹਾਂ, ਜੋ 'ਸਿੱਖ ਪੰਥ' ਅਤੇ 'ਸਿੱਖ ਧਰਮ' ਦੇ ਵਿਚਕਾਰ ਬਣਾਏ ਜਾ ਰਹੇ ਇੱਕ ਨਕਲੀ ਵਖਰੇਵੇਂ ਅਤੇ ਇਤਿਹਾਸਕ ਭੁਲੇਖੇ ਨੂੰ ਜੜ੍ਹੋਂ ਨਕਾਰਦਾ ਹੈ। ਅਕਸਰ ਪੱਛਮੀ ਚਿੰਤਨ ਦੀਆਂ ਸੀਮਤ ਪਰਿਭਾਸ਼ਾਵਾਂ ਜਾਂ ਸਿਧਾਂਤਕ ਅਗਿਆਨਤਾ ਕਾਰਨ ਇਹ ਭੁਲੇਖਾ ਪੈਦਾ ਹੁੰਦਾ ਹੈ ਕਿ 'ਧਰਮ' (ਅਧਿਆਤਮਿਕਤਾ) ਅਤੇ 'ਪੰਥ' (ਸਮੂਹਿਕ ਸੰਗਠਨ) ਦੋ ਵੱਖਰੇ ਰਾਹ ਹਨ। ਪਰ ਗੁਰਬਾਣੀ ਦੇ ਅਟੱਲ ਪ੍ਰਮਾਣਾਂ ਅਤੇ ਸਾਡੇ ਸ਼ਾਨਾਮੱਤੇ ਇਤਿਹਾਸ ਦੇ ਆਇਨੇ ਵਿੱਚ ਇਹ ਸਪੱਸ਼ਟ ਹੈ ਕਿ ਇਹ ਦੋਵੇਂ ਇੱਕੋ ਸਿੱਕੇ ਦੇ ਦੋ ਪਾਸੇ ਹਨ—ਧਰਮ ਜੇਕਰ ਇਸ ਸਭਿਅਤਾ ਦੀ ਰੂਹ ਹੈ, ਤਾਂ ਪੰਥ ਉਸਦਾ ਜਿਉਂਦਾ-ਜਾਗਦਾ ਸਰੀਰ ਹੈ। ਗੁਰੂ ਨਾਨਕ ਦੇਵ ਜੀ ਨੇ ਕਿਸੇ ਪੁਰਾਣੇ ਚਲੇ ਆ ਰਹੇ ਧਰਮ ਵਿੱਚ ਸਿਰਫ਼ ਸੁਧਾਰ ਨਹੀਂ ਕੀਤਾ ਸੀ, ਬਲਕਿ 'ਇੱਕ ਓਅੰਕਾਰ' ਦੀ ਇਲਾਹੀ ਰਜ਼ਾ, 'ਦਇਆ' ਅਤੇ 'ਸਚੁ ਆਚਾਰੁ' 'ਤੇ ਅਧਾਰਤ ਇੱਕ ਬਿਲਕੁਲ ਨਵੀਂ ਨੈਤਿਕ ਸਭਿਅਤਾ ਦੀ ਨੀਂਹ ਰੱਖੀ ਸੀ, ਜਿਸਨੂੰ ਦਸਾਂ ਪਾਤਸ਼ਾਹੀਆਂ ਨੇ ਆਪਣੇ ਖੂਨ ਅਤੇ ਅਦੁੱਤੀ ਸੰਸਥਾਵਾਂ ਨਾਲ ਸਿੰਜ ਕੇ 1699 ਵਿੱਚ ਖਾਲਸਾ ਪੰਥ ਦੇ ਰੂਪ ਵਿੱਚ ਸੰਪੂਰਨਤਾ ਬਖਸ਼ੀ। ਆਓ, ਇਸ ਹਫ਼ਤੇ ਕੈਲੀਫੋਰਨੀਆਂ ਅਮਰੀਕਾ ਤੋਂ ਸਿੱਖ ਪੰਥ ਦੇ ਮਹਾਨ ਚਿੰਤਕ ਅਤੇ ਘੱਟਗਿਣਤੀਆਂ ਦੀਆਂ ਬੇਬਾਕ ਅਵਾਜ਼ ਡਾ. ਗੁਰਿੰਦਰ ਸਿੰਘ ਗ੍ਰੇਵਾਲ (MD) ਜੀ ਦੇ ਵਿਸ਼ੇਸ਼ ਲੇਖ ਰਾਹੀਂ ਆਪਣੇ ਗੌਰਵਮਈ ਵਿਰਸੇ ਦੇ ਇਸ ਬੁਨਿਆਦੀ ਸਿਧਾਂਤ ਨੂੰ ਮੁੜ ਸੁਰਜੀਤ ਕਰੀਏ ਅਤੇ ਗੁਰਮਤਿ ਦੀ ਅਸਲ ਰੋਸ਼ਨੀ ਵਿੱਚ ਪੰਥ ਅਤੇ ਧਰਮ ਦੀ ਇਸ ਅਟੁੱਟ ਸਾਂਝ ਨੂੰ ਸਮਝੀਏ। --ਸਤਨਾਮ ਸਿੰਘ ਖਾਲਸਾ



ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

## ਪੰਥ ਅਤੇ ਧਰਮ ਵਿੱਚ ਪਾਏ ਜਾ ਰਹੇ ਭੁਲੇਖਿਆਂ ਦਾ ਸਿਧਾਂਤ ਦੀ ਰੋਸ਼ਨੀ ਵਿੱਚ ਅੰਤ

# ਗੁਰਮਤਿ ਧਰਮ : ਕਰਮਕਾਂਡਾਂ ਤੋਂ ਮੁਕਤ ਇੱਕ ਨਵੀਂ ਸਭਿਅਤਾ

ਸਮਕਾਲੀ ਸਿੱਖ ਅਧਿਐਨ ਵਿੱਚ ਇੱਕ ਲਗਾਤਾਰ ਚੁਣੌਤੀ ਇਸ ਆਮ ਭੁਲੇਖੇ ਤੋਂ ਪੈਦਾ ਹੁੰਦੀ ਹੈ ਕਿ 'ਸਿੱਖ ਪੰਥ' ਅਤੇ 'ਸਿੱਖ ਧਰਮ' ਬੁਨਿਆਦੀ ਤੌਰ 'ਤੇ ਵੱਖਰੀਆਂ ਅਤੇ ਇੱਕ-ਦੂਜੇ ਦੇ ਉਲਟ ਸ਼੍ਰੇਣੀਆਂ ਹਨ। ਇਹ ਲੇਖ ਇਹ ਦਲੀਲ ਪੇਸ਼ ਕਰਦਾ ਹੈ ਕਿ ਇਹ ਵਖਰੇਵਾਂ ਨਾ ਸਿਰਫ਼ ਇਤਿਹਾਸਕ ਤੌਰ 'ਤੇ ਗਲਤ ਹੈ, ਬਲਕਿ ਦਾਰਸ਼ਨਿਕ ਪੱਖੋਂ ਵੀ ਨੁਕਸਦਾਰ ਹੈ। ਮੁੱਢਲੇ ਸਰੋਤਾਂ, ਗੁਰਬਾਣੀ ਦੇ ਹਵਾਲਿਆਂ ਅਤੇ ਇਤਿਹਾਸਕ ਵਿਕਾਸ ਦੇ ਡੂੰਘੇ ਵਿਸ਼ਲੇਸ਼ਣ ਦੁਆਰਾ, ਇਹ ਅਧਿਐਨ ਸਿੱਖ ਪੰਥ ਅਤੇ ਸਿੱਖ ਧਰਮ ਦੇ ਆਪਸੀ ਅਟੁੱਟ ਅਤੇ ਅਟੁੱਟ ਸੰਬੰਧਾਂ ਨੂੰ ਸਾਬਤ ਕਰਦਾ ਹੈ।

ਪੰਥ ਸ਼ਬਦ ਦਾ ਸ਼ਾਬਦਿਕ ਅਰਥ ਹੈ:
- ਰਸਤਾ,
- ਰਾਹ,
- ਜਾਂ ਇੱਕ ਅਨੁਸ਼ਾਸਿਤ ਸਮੂਹਿਕ ਪਰੰਪਰਾ।

ਭਾਰਤੀ ਸਭਿਅਤਾ ਵਿੱਚ, ਪੰਥ ਦਾ ਅਰਥ ਇੱਕ ਸੰਗਠਿਤ ਅਧਿਆਤਮਿਕ ਰਸਤੇ ਤੋਂ ਹੈ। ਇਸੇ ਤਰ੍ਹਾਂ ਈਸਾਈ ਧਰਮ ਨੂੰ 'ਰਾਹ (the way)' ਕਿਹਾ ਜਾਂਦਾ ਹੈ; ਬੁੱਧ ਧਰਮ ਨੂੰ 'ਅਸ਼ਟਾਂਗ ਮਾਰਗ (ਪਵਿੱਤਰ ਅੱਠ-ਪੜਾਵੀ ਰਸਤਾ)' ਅਤੇ ਇਸਲਾਮ ਨੂੰ 'ਸਿੱਧਾ ਰਾਹ (ਸਿਰਾਤ-ਅਲ-ਮੁਸਤਕੀਮ)' ਕਿਹਾ ਜਾਂਦਾ ਹੈ। ਕਿਸੇ ਪਰੰਪਰਾ ਨੂੰ 'ਰਾਹ' ਜਾਂ 'ਮਾਰਗ' ਕਹਿਣ ਨਾਲ ਉਹ ਧਰਮ ਨਾਲੋਂ ਘੱਟ ਨਹੀਂ ਹੋ ਜਾਂਦੀ।

ਇਸ ਮੁਤਾਬਕ, ਸਿੱਖ ਪੰਥ ਇਤਿਹਾਸਕ ਤੌਰ 'ਤੇ ਸਿੱਖ ਧਰਮ ਦੇ ਸੰਸਥਾਗਤ ਅਤੇ ਸਮੂਹਿਕ ਰੂਪ ਵਜੋਂ ਪ੍ਰਗਟ ਹੋਇਆ, ਜੋ ਇੱਕ ਸਾਂਝੇ ਭਾਈਚਾਰਕ ਸੰਦਰਭ ਵਿੱਚ ਇਸਦੇ ਬੁਨਿਆਦੀ ਨੈਤਿਕ ਅਤੇ ਅਧਿਆਤਮਿਕ ਉਪਦੇਸ਼ਾਂ ਨੂੰ ਅਮਲੀ ਰੂਪ ਦਿੰਦਾ ਹੈ।

ਗੁਰੂ ਨਾਨਕ ਦੇਵ ਜੀ ਨੂੰ ਕੋਈ ਪਹਿਲਾਂ ਤੋਂ ਬਣਿਆ-ਬਣਾਇਆ ਧਰਮ 'ਵਿਰਸੇ' ਵਿੱਚ ਨਹੀਂ ਸੀ ਮਿਲਿਆ; ਉਨ੍ਹਾਂ ਨੇ ਨਾਮ, ਸਚੁ (ਸੱਚ) ਅਤੇ ਨੈਤਿਕ ਕਰਮਾਂ 'ਤੇ ਅਧਾਰਤ ਇੱਕ ਨਵੇਂ ਧਰਮ ਦੀ ਨੀਂਹ ਰੱਖੀ—ਜੋ ਵੈਦਿਕ, ਪੁਰਾਨਿਕ, ਯੋਗਿਕ ਜਾਂ ਇਸਲਾਮੀ ਢਾਂਚੇ ਤੋਂ ਬਿਲਕੁਲ ਵੱਖਰਾ ਸੀ। ਉਨ੍ਹਾਂ ਤੋਂ ਬਾਅਦ ਦੇ ਗੁਰੂ ਸਾਹਿਬਾਨ ਨੇ ਇਸ ਸਿੱਖ ਧਰਮ ਨੂੰ ਸੰਸਥਾਗਤ ਰੂਪ ਦਿੱਤਾ, ਇਸਦਾ ਵਿਸਤਾਰ ਕੀਤਾ ਅਤੇ ਇਸਨੂੰ ਸੰਪੂਰਨਤਾ ਤੱਕ ਪਹੁੰਚਾਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੇਠ ਲਿਖੇ ਪੰਜ ਗੁਰਬਾਣੀ ਪ੍ਰਮਾਣ ਇਸ ਗੱਲ ਦਾ ਸਿੱਧਾ ਲਿਖਤੀ ਸਬੂਤ ਪੇਸ਼ ਕਰਦੇ ਹਨ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥(ਅੰਗ 1412)

**ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਿੱਖ ਧਰਮ ਦੇ ਗੁਰਬਾਣੀ ਅਧਾਰ**

| ਨੰਬਰ | ਗੁਰਬਾਣੀ (ਗੁਰਮੁਖੀ) | ਅੰਗ ਪੰਜਾਬੀ ਅਰਥ | ਅੰਗਰੇਜ਼ੀ ਅਰਥ | ਸਿੱਖ ਧਰਮ ਲਈ ਮਹੱਤਵ |
|---|---|---|---|---|
| 1 | ਧੌਲੁ ਧਰਮੁ ਦਇਆ ਕਾ ਪੂਤੁ ॥ 3 | ਧਰਮ ਦਇਆ ਤੋਂ ਜਨਮ ਲੈਂਦਾ ਹੈ। | "Dharam is the child of compassion." | ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਕਰਮਕਾਂਡਾਂ ਜਾਂ ਜਾਤੀ ਫਰਜ਼ਾਂ ਦੀ ਬਜਾਏ ਦਇਆ 'ਤੇ ਅਧਾਰਤ ਨੈਤਿਕ ਜੀਵਨ ਵਜੋਂ ਦੁਬਾਰਾ ਪਰਿਭਾਸ਼ਿਤ ਕੀਤਾ। ਇਹ ਜਪੁਜੀ ਸਾਹਿਬ ਵਿੱਚ ਸਿੱਖ ਧਰਮ ਦਾ ਬੁਨਿਆਦੀ ਸਿਧਾਂਤਕ ਬਿਆਨ ਹੈ। |
| 2 | ਅਮੁਲੁ ਧਰਮੁ ਅਮੁਲੁ ਦੀਬਾਣੁ ॥ 4 | ਧਰਮ ਅਤੇ ਰੱਬੀ ਦਰਬਾਰ ਅਮੋਲਕ ਹਨ। | "Priceless is Dharam, priceless is the Divine Court." | ਧਰਮ ਸਿੱਧਾ ਰੱਬੀ ਨਿਆਂ ਅਤੇ ਹੁਕਮ ਨਾਲ ਜੁੜਿਆ ਹੋਇਆ ਹੈ, ਨਾ ਕਿ ਬ੍ਰਾਹਮਣਵਾਦੀ ਵਰਣ-ਆਸ਼ਰਮ ਜਾਂ ਕਰਮਕਾਂਡਾਂ ਦੀ ਲੜੀ ਨਾਲ। ਗੁਰੂ ਨਾਨਕ ਦੇਵ ਜੀ ਨੇ ਇੱਕ ਨਵਾਂ ਅਧਿਆਤਮਿਕ ਸੰਸਾਰ-ਦ੍ਰਿਸ਼ਟੀਕੋਣ ਸਥਾਪਿਤ ਕੀਤਾ। |
| 3 | ਧਰਮ ਕਾ ਗਹਣਾ ਸਚੁ ਆਚਾਰੁ ॥ 56 | ਸੱਚਾ ਆਚਰਨ ਹੀ ਧਰਮ ਦਾ ਗਹਿਣਾ ਹੈ। | "Truthful conduct is the ornament of Dharam." | ਸਿੱਖ ਧਰਮ ਸੱਚੇ ਜੀਵਨ, ਨੈਤਿਕ ਆਚਰਨ ਅਤੇ ਅੰਦਰੂਨੀ ਇਮਾਨਦਾਰੀ 'ਤੇ ਟਿਕਿਆ ਹੋਇਆ ਹੈ—ਨਾ ਕਿ ਬਾਹਰੀ ਪਵਿੱਤਰਤਾ, ਸੰਨਿਆਸ ਜਾਂ ਖੋਖਲੀਆਂ ਰਸਮਾਂ 'ਤੇ। |
| 4 | ਸੰਤ ਜਨਾ ਕੈ ਹਿਰਦੈ ਸਭਿ ਧਰਮ ॥ 294 | ਸੰਤਾਂ ਦੇ ਹਿਰਦੇ ਵਿੱਚ ਸਾਰੇ ਧਰਮ (ਗੁਣ) ਵੱਸਦੇ ਹਨ। | "All virtues and righteousness dwell in the hearts of saints." | ਧਰਮ ਅਧਿਆਤਮਿਕ ਤੌਰ 'ਤੇ ਜਾਗਰੂਕ ਮਨੁੱਖਾਂ ਦੇ ਅੰਦਰ ਵਸਦਾ ਹੈ। ਗੁਰੂ ਨਾਨਕ ਦੇਵ ਜੀ ਅਤੇ ਬਾਕੀ ਸਿੱਖ ਗੁਰੂਆਂ ਨੇ ਬਾਹਰੀ ਪਛਾਣ ਦੇ ਚਿੰਨ੍ਹਾਂ ਨਾਲੋਂ ਕਿਰਦਾਰ ਅਤੇ ਅਧਿਆਤਮਿਕ ਚੇਤਨਾ 'ਤੇ ਵੱਧ ਜ਼ੋਰ ਦਿੱਤਾ। |
| 5 | ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮੁ ॥ 299 | ਪ੍ਰਭੂ ਦਾ ਕੀਰਤਨ ਕਰਨਾ ਸੱਚਾ ਅਤੇ ਅਟੱਲ ਧਰਮ ਹੈ। | "Singing God's praise is the eternal Dharam." | ਸਿੱਖ ਧਰਮ ਦਾ ਕੇਂਦਰ ਨਾਮ, ਕੀਰਤਨ ਅਤੇ ਪ੍ਰਭੂ ਦੀ ਬੰਦਗੀ ਹੈ। ਇਹ ਗੁਰੂ ਰਾਹੀਂ ਪ੍ਰਗਟ ਹੋਏ ਇੱਕ ਵਿਲੱਖਣ ਨਾਮ-ਕੇਂਦਰਿਤ ਅਧਿਆਤਮਿਕ ਮਾਰਗ ਦੀ ਸਥਾਪਨਾ ਕਰਦਾ ਹੈ। |

ਗੁਰੂ ਨਾਨਕ ਦੇਵ ਜੀ ਦੀ ਇਸ ਬਾਣੀ ਨੇ ਸਿੱਖਾਂ ਨੂੰ ਆਪਣੀ ਜਾਨ ਕੁਰਬਾਨ ਕਰਨ ਲਈ ਤਿਆਰ ਕੀਤਾ, ਜਿਸਦੀ ਦੁਹਰਾਈ ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਖਾਲਸੇ ਦੀ ਸਿਰਜਣਾ ਵੇਲੇ ਕੀਤੀ—ਉਹੀ ਮੰਗ ਜੋ ਗੁਰੂ ਨਾਨਕ ਦੇਵ ਜੀ ਨੇ ਬਿਲਕੁਲ ਸ਼ੁਰੂਆਤ ਵਿੱਚ ਰੱਖੀ ਸੀ।

1. ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਮੁਢਲੇ ਤੌਰ 'ਤੇ ਨਵੇਂ ਸਿਰੇ ਤੋਂ ਪਰਿਭਾਸ਼ਿਤ ਕੀਤਾ
- ਨਾ ਕਿ ਕਰਮਕਾਂਡ ਵਜੋਂ
- ਨਾ ਕਿ ਜਾਤ-ਪਾਤ ਦੇ ਫਰਜ਼ ਵਜੋਂ
- ਨਾ ਕਿ ਸੰਨਿਆਸ ਵਜੋਂ
- ਨਾ ਕਿ ਧਾਰਮਿਕ ਗ੍ਰੰਥਾਂ ਦੀ ਸਿਰਫ਼ ਲਫ਼ਜ਼ੀ ਕਾਨੂੰਨੀ ਪਾਲਣਾ ਵਜੋਂ

ਉਨ੍ਹਾਂ ਨੇ ਇੱਕ ਨਵੇਂ ਧਰਮ ਦੀ ਨੀਂਹ ਰੱਖੀ ਜੋ ਇਹਨਾਂ 'ਤੇ ਅਧਾਰਤ ਸੀ:
- ਦਇਆ
- ਸਚੁ (ਸੱਚ)
- ਨਾਮ (ਰੱਬੀ ਸਿਮਰਨ)
- ਸੇਵਾ
- ਹੁਕਮ (ਰੱਬੀ ਰਜ਼ਾ)

2. ਬਾਅਦ ਦੇ ਗੁਰੂ ਸਾਹਿਬਾਨ ਨੇ ਇਸ ਧਰਮ ਨੂੰ ਸੰਸਥਾਗਤ ਰੂਪ ਦਿੱਤਾ
- ਗੁਰੂ ਅੰਗਦ ਦੇਵ ਜੀ : ਗੁਰਮੁਖੀ ਲਿਪੀ ਦੀ ਸਥਾਪਨਾ
- ਗੁਰੂ ਅਮਰਦਾਸ ਜੀ : ਮੰਜੀ ਪ੍ਰਥਾ ਦੀ ਸ਼ੁਰੂਆਤ
- ਗੁਰੂ ਰਾਮਦਾਸ ਜੀ : ਰਹਿਤ ਦੀਆਂ ਨੀਹਾਂ ਅਤੇ ਅੰਮ੍ਰਿਤ ਸਰੋਵਰ
- ਗੁਰੂ ਅਰਜਨ ਦੇਵ ਜੀ : ਆਦਿ ਗ੍ਰੰਥ ਸਾਹਿਬ ਦਾ ਸੰਪਾਦਨ + ਸੰਸਥਾਗਤ ਅਨੁਸ਼ਾਸਨ
- ਗੁਰੂ ਹਰਗੋਬਿੰਦ ਸਾਹਿਬ ਜੀ : ਮੀਰੀ-ਪੀਰੀ ਦਾ ਸਿਧਾਂਤ
- ਗੁਰੂ ਗੋਬਿੰਦ ਸਿੰਘ ਜੀ : ਖਾਲਸਾ ਧਰਮ ਦੀ ਪ੍ਰਗਟਤਾ


3. ਗੁਰਬਾਣੀ ਦੇ ਹਵਾਲੇ ਸਾਰੇ ਗੁਰੂ ਸਾਹਿਬਾਨ ਵਿੱਚ ਧਰਮ ਦੀ ਇੱਕੋ ਜਿਹੀ ਅਤੇ ਵਿਲੱਖਣ ਪਰਿਭਾਸ਼ਾ ਦਰਸਾਉਂਦੇ ਹਨ


ਇਹ ਨਾ ਹਿੰਦੂ ਧਰਮ ਹੈ, ਨਾ ਬੁੱਧ ਧਰਮ (ਧੰਮ), ਅਤੇ ਨਾ ਹੀ ਇਸਲਾਮੀ ਦੀਨ ਹੈ। ਇਹ ਗੁਰਮਤਿ ਧਰਮ ਹੈ।

"ਧਰਮ ਕਾ ਗਹਣਾ ਸਚੁ ਆਚਾਰੁ ॥" (ਅੰਗ 56)

ਗੁਰੂ ਨਾਨਕ ਦੇਵ ਜੀ ਨੇ ਖੋਖਲੇ ਕਰਮਕਾਂਡਾਂ ਨੂੰ ਲਗਾਤਾਰ ਨਕਾਰਿਆ ਅਤੇ ਨਾਲ ਹੀ ਨੈਤਿਕ-ਅਧਿਆਤਮਿਕ ਜੀਵਨ ਨੂੰ ਧਰਮ ਦਾ ਅਸਲ ਤੱਤ ਮੰਨਿਆ। ਇਸ ਲਈ, ਸਿੱਖ ਧਰਮ ਨੂੰ ਮਹਿਜ਼ ਇੱਕ ਫਿਰਕੇ ਦੇ ਨਾਮ ਜਾਂ ਕਿਸੇ ਅਮੂਰਤ (abstract) ਧਾਰਮਿਕ ਸ਼੍ਰੇਣੀ ਵਜੋਂ ਨਹੀਂ, ਬਲਕਿ ਮਨੁੱਖੀ ਹੋਂਦ ਲਈ ਇੱਕ ਸੰਪੂਰਨ ਨੈਤਿਕ, ਸਦਾਚਾਰਕ ਅਤੇ ਅਧਿਆਤਮਿਕ ਢਾਂਚੇ ਵਜੋਂ ਘੜਿਆ ਗਿਆ ਸੀ, ਜਿਵੇਂ ਕਿ ਸਿੱਖ ਗ੍ਰੰਥਾਂ ਅਤੇ ਪਰੰਪਰਾ ਤੋਂ ਸਪੱਸ਼ਟ ਹੁੰਦਾ ਹੈ।

ਸਿੱਖ ਪੰਥ ਇਤਿਹਾਸਕ ਤੌਰ 'ਤੇ ਇਸ ਧਰਮ ਦੇ ਅਨੁਸਾਰ ਜੀਵਨ ਜਿਊਣ ਲਈ ਵਚਨਬੱਧ ਇੱਕ ਅਨੁਸ਼ਾਸਿਤ ਸਮੂਹਿਕ ਭਾਈਚਾਰੇ ਵਜੋਂ ਉਭਰਿਆ। ਸਿੱਖ ਧਰਮ ਨਾ ਸਿਰਫ਼ ਇੱਕ ਅਮੂਰਤ ਫਲਸਫਾ ਹੈ ਬਲਕਿ ਇੱਕ ਜੀਵਿਆ ਅਤੇ ਸੰਗਠਿਤ ਇਤਿਹਾਸ ਵੀ ਹੈ, ਜਿਸਦਾ ਪ੍ਰਗਟਾਵਾ ਸਿੱਖ ਪੰਥ ਵਜੋਂ ਹੁੰਦਾ ਹੈ। ਪੰਥ ਸਿੱਖ ਧਰਮ ਦਾ ਹਿੱਸਾ ਹੈ, ਜੋ ਇਸਦੇ ਇਤਿਹਾਸਕ ਅਤੇ ਸਮੂਹਿਕ ਰੂਪ ਵਜੋਂ ਕੰਮ ਕਰਦਾ ਹੈ। ਸਿੱਖ ਧਰਮ ਪੰਥ ਨੂੰ ਨੈਤਿਕ, ਅਧਿਆਤਮਿਕ ਅਤੇ ਬ੍ਰਹਮ ਦਿਸ਼ਾ ਦਿੰਦਾ ਹੈ, ਜਦੋਂ ਕਿ ਪੰਥ ਸਿੱਖ ਲੋਕਾਂ ਦੇ ਜੀਵਨ, ਕਰਮਾਂ ਅਤੇ ਸੰਸਥਾਵਾਂ ਰਾਹੀਂ ਇਹਨਾਂ ਸਿਧਾਂਤਾਂ ਨੂੰ ਅਮਲੀ ਰੂਪ ਪ੍ਰਦਾਨ ਕਰਦਾ ਹੈ। ਅਸਲ ਵਿੱਚ, ਸਿੱਖ ਧਰਮ ਮਾਰਗਦਰਸ਼ਕ ਰੂਹ ਅਤੇ ਨੈਤਿਕ ਦ੍ਰਿਸ਼ਟੀ ਹੈ, ਅਤੇ ਪੰਥ ਉਹ ਸਮੂਹਿਕ ਸਰੀਰ ਹੈ ਜੋ ਇਹਨਾਂ ਕਦਰਾਂ-ਕੀਮਤਾਂ ਨੂੰ ਲਾਗੂ ਕਰਦਾ ਹੈ। ਇਹ ਦੋਵੇਂ ਮਿਲ ਕੇ ਇੱਕ ਸੰਪੂਰਨ ਪਰੰਪਰਾ ਬਣਾਉਂਦੇ ਹਨ, ਜਿਸ ਵਿੱਚ ਧਰਮ ਆਤਮਾ ਹੈ ਅਤੇ ਪੰਥ ਜਿਉਂਦਾ ਸਰੀਰ ਹੈ, ਜੋ ਸਿੱਖ ਸਿਧਾਂਤਾਂ ਨੂੰ ਸੰਸਾਰ ਵਿੱਚ ਲੈ ਕੇ ਜਾਂਦਾ ਹੈ।



| Domain | The 1980s Crisis | The Modern Equivalent (2020s) |
|---|---|---|
| Human Rights & Security | State-enabled massacres and absolute impunity. | Transnational assassinations and ED raids on dissenters. |
| Institutional Integrity | Operation Blue Star: Military Military assault on the Akal Takht. | SGPC interference, Haryana split, and unpunished sacrilege of scripture. |
| State Autonomy | Imposition of central rule and stripping of river waters. | Top-down imposition of Farm Laws and permanent UT status for Chandigarh. |

The tactics evolve, but the underlying pattern remains unbroken: the systematic marginalization of Sikh identity and federal rights.

NotebookLM

**ਸਿੱਖ ਅਰਦਾਸ ਵਿੱਚ 'ਧਰਮ' ਸ਼ਬਦ**
**ਸਿੱਖਾਂ ਦੀ ਨਿੱਤ ਦੀ ਅਰਦਾਸ ਵਿੱਚ 'ਧਰਮ' ਸ਼ਬਦ 3 ਵਾਰ ਆਉਂਦਾ ਹੈ:**

| ਵਿਸ਼ਾ | ਪੰਜਾਬੀ ਪਾਠ | ਮੁੱਖ ਮਨੋਰਥ |
|---|---|---|
| ਧਰਮ ਲਈ ਕੁਰਬਾਨੀ | ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ... | ਸਿੱਖਾਂ ਦੀ ਕੁਰਬਾਨੀ, ਅਟੱਲਤਾ, ਅਤੇ ਸੱਚ ਤੇ ਵਿਸ਼ਵਾਸ ਲਈ ਸ਼ਹੀਦੀ। |
| ਸਿੱਖ ਸ਼ਹੀਦ ਅਤੇ ਅਟੁੱਟ ਕੇਸ | ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸਵਾਸਾਂ ਨਾਲ ਨਿਭਾਈ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ! ਬੋਲੋ ਜੀ ਵਾਹਿਗੁਰੂ! | ਸਿੱਖ ਪਛਾਣ, ਅਣਕੱਟੇ ਕੇਸ ਅਤੇ ਸ਼ਹੀਦਾਂ ਦੀ ਯਾਦ। |
| ਕੇਂਦਰੀ ਸੰਦੇਸ਼ | ਖਾਲਸਾ ਜੀ! ਬੋਲੋ ਜੀ ਵਾਹਿਗੁਰੂ! | ਅਧਿਆਤਮਿਕ ਸਿਮਰਨ ਅਤੇ ਸਮੂਹਿਕ ਪ੍ਰਵਾਨਗੀ। |

ਇਸ ਦਾਅਵੇ ਦਾ ਖੰਡਨ ਕਿ 'ਗੁਰੂ ਨਾਨਕ ਦੇਵ ਜੀ ਨੇ ਧਰਮ ਦੀ ਸਥਾਪਨਾ ਨਹੀਂ ਕੀਤੀ'

ਇਹ ਦਲੀਲ ਕਿ ਗੁਰੂ ਨਾਨਕ ਦੇਵ ਜੀ ਨੇ ਕਿਸੇ ਧਰਮ ਦੀ ਸਥਾਪਨਾ ਨਹੀਂ ਕੀਤੀ, ਅਕਸਰ ਕਈ ਗਲਤ ਧਾਰਨਾਵਾਂ ਤੋਂ ਪੈਦਾ ਹੁੰਦੀ ਹੈ:
1. ਧਰਮ ਦੀ ਇੱਕ ਸੀਮਤ ਪੱਛਮੀ ਪ੍ਰੋਟੈਸਟੈਂਟ (Western Protestant) ਪਰਿਭਾਸ਼ਾ,
2. ਭਾਰਤੀ 'ਧਰਮ' ਦੇ ਸੰਕਲਪ ਨੂੰ ਨਾ ਸਮਝਣਾ,
3. ਜਾਂ ਸਿੱਖ ਇਤਿਹਾਸ ਨੂੰ ਬਹੁਤ ਘਟਾ ਕੇ ਦੇਖਣਾ।

ਧਰਮ ਦੀਆਂ ਕਈ ਪੱਛਮੀ ਪਰਿਭਾਸ਼ਾਵਾਂ ਇਹਨਾਂ ਗੱਲਾਂ 'ਤੇ ਜ਼ੋਰ ਦਿੰਦੀਆਂ ਹਨ:
- ਪੱਕਾ ਸਿਧਾਂਤ (dogma),
- ਵੱਖਰੀਆਂ ਅਤੇ ਤੈਅਸ਼ੁਦਾ ਧਾਰਮਿਕ ਹੱਦਾਂ,
- ਇੱਕ ਕੇਂਦਰੀ ਧਾਰਮਿਕ ਅਥਾਰਟੀ,
- ਅਤੇ ਆਲੇ-ਦੁਆਲੇ ਦੀਆਂ ਪ੍ਰੰਪਰਾਵਾਂ ਤੋਂ ਪੂਰੀ ਤਰ੍ਹਾਂ ਸੰਸਥਾਗਤ ਵੱਖਰੇਵਾਂ।

ਹਾਲਾਂਕਿ, ਦੁਨੀਆ ਦੇ ਬਹੁਤੇ ਧਰਮ ਇਤਿਹਾਸਕ ਤੌਰ 'ਤੇ ਹੌਲੀ-ਹੌਲੀ ਵਿਕਸਤ ਹੋਏ ਹਨ, ਨਾ ਕਿ ਆਪਣੇ ਬਾਨੀ ਦੇ ਸਮੇਂ ਹੀ ਪੂਰੀ ਤਰ੍ਹਾਂ ਤਿਆਰ ਰੂਪ ਵਿੱਚ ਸਾਹਮਣੇ ਆ ਗਏ ਸਨ। ਈਸਾਈ ਧਰਮ ਅਤੇ ਬੁੱਧ ਧਰਮ ਆਪਣੇ ਸੰਸਥਾਪਕਾਂ ਦੀਆਂ ਸਿੱਖਿਆਵਾਂ ਤੋਂ ਸਦੀਆਂ ਦੌਰਾਨ ਵਿਕਸਤ ਹੋਏ ਅਤੇ ਇਸਲਾਮ ਵੀ ਇਸੇ ਤਰ੍ਹਾਂ ਪਵਿੱਤਰ ਗ੍ਰੰਥਾਂ, ਕਾਨੂੰਨ ਅਤੇ ਭਾਈਚਾਰੇ ਰਾਹੀਂ ਹੌਲੀ-ਹੌਲੀ ਸੰਸਥਾਗਤ ਰੂਪ ਵਿੱਚ ਆਇਆ।

ਇਸੇ ਤਰ੍ਹਾਂ, ਸਿੱਖ ਧਰਮ ਇਤਿਹਾਸਕ ਤੌਰ 'ਤੇ ਇਹਨਾਂ ਪੜਾਵਾਂ ਰਾਹੀਂ ਵਿਕਸਤ ਹੋਇਆ:
- ਇਲਾਹੀ ਬਾਣੀ (Revelation),
- ਪਵਿੱਤਰ ਗ੍ਰੰਥ (ਗੁਰੂ ਗ੍ਰੰਥ ਸਾਹਿਬ),
- ਸੰਸਥਾਵਾਂ (ਸੰਗਤ-ਪੰਗਤ),
- ਸਮੂਹਿਕ ਅਭਿਆਸ,
- ਨੈਤਿਕ ਸਿੱਖਿਆਵਾਂ,
- ਸ਼ਹੀਦੀਆਂ,
- ਪਵਿੱਤਰ ਭੂਗੋਲ (ਧਾਰਮਿਕ ਸਥਾਨ),
- ਸਮੂਹਿਕ ਅਨੁਸ਼ਾਸਨ,
- ਅਖੀਰ ਵਿੱਚ, ਖਾਲਸਾ ਪੰਥ ਦੀ ਸਾਜਨਾ।

ਇਹ ਦਲੀਲ ਦੇਣੀ ਕਿ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਸਥਾਪਨਾ ਨਹੀਂ ਕੀਤੀ ਕਿਉਂਕਿ ਬਾਅਦ ਦੇ ਗੁਰੂਆਂ ਨੇ ਇਸਨੂੰ ਹੋਰ ਸੰਸਥਾਗਤ ਰੂਪ ਦਿੱਤਾ, ਇਹ ਨਾ ਸਮਝਣ ਬਰਾਬਰ ਹੈ ਕਿ ਧਾਰਮਿਕ ਸਭਿਅਤਾਵਾਂ ਇਤਿਹਾਸਕ ਤੌਰ 'ਤੇ ਕਿਵੇਂ ਵਿਕਸਤ ਹੁੰਦੀਆਂ ਹਨ।

ਗੁਰੂ ਨਾਨਕ ਦੇਵ ਜੀ ਨੇ ਸਪੱਸ਼ਟ ਤੌਰ 'ਤੇ ਸਥਾਪਿਤ ਕੀਤਾ:
- 'ਇੱਕ ਓਅੰਕਾਰ' 'ਤੇ ਅਧਾਰਤ ਇੱਕ ਵਿਲੱਖਣ ਅਧਿਆਤਮਿਕ ਦ੍ਰਿਸ਼ਟੀਕੋਣ,
- ਜਾਤ-ਪਾਤ ਦੇ ਭੇਦਭਾਵ ਦਾ ਖੰਡਨ,
- ਕਰਮਕਾਂਡੀ ਵਖਰੇਵਿਆਂ ਦਾ ਤਿਆਗ,
- ਸੰਗਤ ਅਤੇ ਲੰਗਰ ਦੀਆਂ ਸੰਸਥਾਵਾਂ,
- ਗੁਰਗੱਦੀ ਦੀ ਪਰੰਪਰਾ,
- ਅਤੇ ਇੱਕ ਅਨੁਸ਼ਾਸਿਤ, ਨੈਤਿਕ-ਅਧਿਆਤਮਿਕ ਭਾਈਚਾਰਾ। ਇਹ ਸਾਰੀਆਂ ਇੱਕ ਵਿਲੱਖਣ ਧਾਰਮਿਕ ਪਰੰਪਰਾ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ ਹਨ।

ਇਸ ਤੋਂ ਇਲਾਵਾ, ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਮਹਿਜ਼ ਪਹਿਲਾਂ ਤੋਂ ਮੌਜੂਦ ਧਰਮਾਂ ਦੇ ਅੰਦਰ ਇੱਕ ਸੁਧਾਰਕ ਵਜੋਂ ਪੇਸ਼ ਨਹੀਂ ਕੀਤਾ। ਉਨ੍ਹਾਂ ਦੀਆਂ ਸਿੱਖਿਆਵਾਂ ਨੇ ਲਗਾਤਾਰ ਦੋਵਾਂ ਨੂੰ ਚੁਣੌਤੀ ਦਿੱਤੀ:
- ਬ੍ਰਾਹਮਣਵਾਦੀ ਕਰਮਕਾਂਡਾਂ ਦੀ ਲੜੀ,
- ਅਤੇ ਕੱਟੜ ਇਸਲਾਮੀ ਸ਼ਰੀਅਤ (ਕਾਨੂੰਨੀ ਪ੍ਰਣਾਲੀ)।

ਉਨ੍ਹਾਂ ਦਾ ਪ੍ਰਸਿੱਧ ਬਿਆਨ: ÷ਨਾ ਕੋ ਹਿੰਦੂ ਨਾ ਕੋ ਮੁਸਲਮਾਨ÷ ਇੱਕ ਅਜਿਹੀ ਕ੍ਰਾਂਤੀਕਾਰੀ ਅਧਿਆਤਮਿਕ ਆਲੋਚਨਾ ਸੀ ਜੋ ਉਸ ਸਮੇਂ ਦੀਆਂ ਸਥਾਪਿਤ ਸਮੂਹਿਕ ਸ਼੍ਰੇਣੀਆਂ ਤੋਂ ਉੱਪਰ ਉੱਠ ਚੁੱਕੀ ਸੀ।

ਇਸ ਦੇ ਨਾਲ ਹੀ, ਗੁਰੂ ਨਾਨਕ ਦੇਵ ਜੀ ਨੇ ਕਿਸੇ ਧਾਰਮਿਕ ਸੁੰਨ ਜਾਂ ਸਮੂਹਿਕ ਪਛਾਣ ਦੀ ਅਣਹੋਂਦ ਦੀ ਵਕਾਲਤ ਨਹੀਂ ਕੀਤੀ। ਇਸ ਦੀ ਬਜਾਏ, ਉਨ੍ਹਾਂ ਨੇ ਇੱਕ ਨਵੀਂ ਨੈਤਿਕ-ਅਧਿਆਤਮਿਕ ਸਭਿਅਤਾ ਦੀ ਸ਼ੁਰੂਆਤ ਕੀਤੀ ਜੋ ਇਹਨਾਂ ਸਿਧਾਂਤਾਂ 'ਤੇ ਟਿਕੀ ਹੋਈ ਸੀ:
- ਸੱਚ,
- ਬਰਾਬਰੀ,
- ਨਿਆਂ,
- ਪ੍ਰਭੂ ਸਿਮਰਨ,
- ਅਤੇ ਮਨੁੱਖੀ ਮਾਣ-ਸਨਮਾਨ।

ਬਾਅਦ ਦੇ ਸਿੱਖ ਗੁਰੂਆਂ ਨੇ ਇਸ ਦ੍ਰਿਸ਼ਟੀਕੋਣ ਦਾ ਵਿਸਤਾਰ ਕੀਤਾ ਅਤੇ ਇਸਨੂੰ ਸੰਸਥਾਗਤ ਰੂਪ ਦਿੱਤਾ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਅਧੀਨ ਖਾਲਸਾ ਪੰਥ ਵਜੋਂ ਸਿਖਰ 'ਤੇ ਪਹੁੰਚਿਆ। ਇਸ ਲਈ, ਇਤਿਹਾਸਕ ਤੌਰ 'ਤੇ ਦੇਖੀਏ ਤਾਂ ਸਿੱਖ ਧਰਮ ਅਚਾਨਕ 1699 ਵਿੱਚ ਹੀ ਪੈਦਾ ਨਹੀਂ ਹੋਇਆ ਸੀ। ਖਾਲਸਾ ਉਸ ਭਾਈਚਾਰੇ ਦਾ ਰਸਮੀ ਪ੍ਰਗਟਾਵਾ ਸੀ ਜੋ ਦੋ ਸਦੀਆਂ ਤੋਂ ਵੱਧ ਸਮੇਂ ਤੋਂ ਵਿਕਸਤ ਹੋ ਰਿਹਾ ਸੀ।

ਸਿੱਖ ਧਰਮ ਇੱਕ ਨੈਤਿਕ ਸਭਿਅਤਾ ਵਜੋਂ

ਇੱਕ ਹੋਰ ਵੱਡਾ ਭੁਲੇਖਾ ਉਦੋਂ ਪੈਦਾ ਹੁੰਦਾ ਹੈ ਜਦੋਂ ਸਿੱਖ ਧਰਮ ਨੂੰ ਸਿਰਫ਼ ਪੂਜਾ-ਪਾਠ ਜਾਂ ਰਸਮਾਂ ਤੱਕ ਸੀਮਤ ਕਰ ਦਿੱਤਾ ਜਾਂਦਾ ਹੈ। ਸਿੱਖ ਗੁਰੂਆਂ ਨੇ ਇੱਕ ਬਹੁਤ ਵੱਡੀ ਨੈਤਿਕ ਸਭਿਅਤਾ ਦੀ ਕਲਪਨਾ ਕੀਤੀ ਸੀ।

ਗੁਰੂ ਗ੍ਰੰਥ ਸਾਹਿਬ ਵਾਰ-ਵਾਰ ਇਹਨਾਂ ਗੱਲਾਂ 'ਤੇ ਜ਼ੋਰ ਦਿੰਦੇ ਹਨ:
- ਸੱਚੀ ਸੁੱਚੀ ਕਿਰਤ,
- ਦਇਆ,
- ਨਿਮਰਤਾ,
- ਇਮਾਨਦਾਰੀ ਦੀ ਕਮਾਈ,
- ਸਮਾਜਿਕ ਨਿਆਂ,
- ਬਰਾਬਰੀ,
- ਅਤੇ ਮਜ਼ਲੂਮਾਂ ਦੀ ਰੱਖਿਆ।

ਸਿੱਖੀ ਵਿੱਚ ਧਰਮ ਦਾ ਸੰਕਲਪ ਇਨ੍ਹਾਂ ਚੀਜ਼ਾਂ ਨੂੰ ਆਪਸ 'ਚ ਜੋੜਦਾ ਹੈ:
- ਅਧਿਆਤਮਿਕਤਾ,
- ਨੈਤਿਕਤਾ,
- ਅਰਥਚਾਰਾ,
- ਸ਼ਾਸਨ ਪ੍ਰਣਾਲੀ,
- ਅਤੇ ਸਮਾਜਿਕ ਜ਼ਿੰਮੇਵਾਰੀ।

**ਉਦਾਹਰਣ ਵਜੋਂ:**
- ਇਮਾਨਦਾਰੀ ਦੀ ਕਮਾਈ (ਕਿਰਤ ਕਰਨੀ) ਇੱਕ ਅਧਿਆਤਮਿਕ ਫਰਜ਼ ਬਣ ਗਈ,
- ਵੰਡ ਕੇ ਛਕਣਾ (ਵੰਡ ਛਕਣਾ) ਸਮਾਜਿਕ ਨੈਤਿਕਤਾ ਬਣ ਗਿਆ,
- ਲੰਗਰ ਨੇ ਸਮਾਜਿਕ ਬਰਾਬਰੀ ਨੂੰ ਸੰਸਥਾਗਤ ਰੂਪ ਦਿੱਤਾ,
- ਅਤੇ ਮੀਰੀ-ਪੀਰੀ ਨੇ ਅਧਿਆਤਮਿਕਤਾ ਨੂੰ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਨਾਲ ਜੋੜਿਆ। ਇਹ ਨੈਤਿਕ ਪੱਖ ਸਿੱਖ ਧਰਮ ਨੂੰ ਨਿਰੇ ਕਰਮਕਾਂਡੀ ਧਰਮਾਂ ਤੋਂ ਵੱਖਰਾ ਕਰਦਾ ਹੈ।

ਇਹ ਆਲੋਚਨਾ ਅਜੋਕੇ ਸੰਸਾਰ ਵਿੱਚ ਵੀ ਪੂਰੀ ਤਰ੍ਹਾਂ ਢੁਕਵੀਂ ਹੈ। ਗੁਰੂ ਸਾਹਿਬਾਨ ਨੇ ਪਛਾਣ ਲਿਆ ਸੀ ਕਿ ਸਮਾਜ ਉਦੋਂ ਤਬਾਹ ਹੋ ਜਾਂਦੇ ਹਨ ਜਦੋਂ:
- ਨੈਤਿਕਤਾ ਦੀ ਜਗ੍ਹਾ ਕਰਮਕਾਂਡ ਲੈ ਲੈਂਦੇ ਹਨ,
- ਨਿਆਂ ਦੀ ਜਗ ?ਹਾ ਲਾਲਚ ਲੈ ਲੈਂਦਾ ਹੈ,
- ਦਇਆ ਦੀ ਜਗ੍ਹਾ ਤਾਕਤ ਲੈ ਲੈਂਦੀ ਹੈ,
- ਅਤੇ ਧਰਮ ਆਪਣੀ ਨੈਤਿਕ ਜ਼ਿੰਮੇਵਾਰੀ ਗੁਆ ਬੈਠਦਾ ਹੈ।

ਇਸ ਤਰ੍ਹਾਂ, ਸਿੱਖ ਧਰਮ ਅਧਿਆਤਮਿਕ ਤੌਰ 'ਤੇ ਜੁੜਿਆ, ਨੈਤਿਕ ਤੌਰ 'ਤੇ ਪ੍ਰਪੱਕ, ਸਮਾਜਿਕ ਤੌਰ 'ਤੇ ਸਰਗਰਮ ਅਤੇ ਸਮਾਜ ਨੂੰ ਬਦਲਣ ਵਾਲੀ ਸਭਿਅਤਾ ਵਜੋਂ ਉਭਰਿਆ। ਖਾਲਸੇ ਨੇ ਬਾਅਦ ਵਿੱਚ ਸੰਤ-ਸਿਪਾਹੀ ਦੇ ਸੰਕਲਪ ਰਾਹੀਂ ਇਨ੍ਹਾਂ ਆਦਰਸ਼ਾਂ ਨੂੰ ਅਪਣਾਇਆ, ਜਿਸ ਵਿੱਚ ਸ਼ਾਮਲ ਸਨ:
- ਅਧਿਆਤਮਿਕ ਅਨੁਸ਼ਾਸਨ,
- ਨੈਤਿਕ ਦਲੇਰੀ,
- ਅਤੇ ਨਿਆਂ ਦੀ ਰੱਖਿਆ। ਇਹ ਆਦਰਸ਼ ਕਿਸੇ ਇਲਾਕੇ ਨੂੰ ਜਿੱਤਣ ਲਈ ਫੌਜੀਵਾਦ (militarism) ਨਹੀਂ ਸੀ, ਬਲਕਿ ਮਨੁੱਖੀ ਮਾਣ-ਸਨਮਾਨ ਦੀ ਰੱਖਿਆ ਕਰਨ ਅਤੇ ਜ਼ੁਲਮ ਦੇ ਖਿਲਾਫ ਖੜ੍ਹੇ ਹੋਣ ਦੀ ਨੈਤਿਕ ਜ਼ਿੰਮੇਵਾਰੀ ਸੀ।

**ਸਿੱਟਾ :** ਇਤਿਹਾਸਕ, ਦਾਰਸ਼ਨਿਕ, ਗੁਰਬਾਣੀ ਅਤੇ ਸੰਸਥਾਗਤ ਪ੍ਰਮਾਣਾਂ ਦਾ ਇੱਕ ਸੰਪੂਰਨ ਵਿਸ਼ਲੇਸ਼ਣ ਇਹ ਨਿਰਣਾਇਕ ਤੌਰ 'ਤੇ ਸਾਬਤ ਕਰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇੱਕ ਵਿਲੱਖਣ ਸਿੱਖ ਧਰਮ ਦੀ ਸ਼ੁਰੂਆਤ ਕੀਤੀ ਸੀ। ਇਹ ਧਰਮ ਦਸ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਸੰਸਥਾਗਤ ਕਾਰਜਾਂ ਰਾਹੀਂ ਕੁਦਰਤੀ ਤੌਰ 'ਤੇ ਵਿਕਸਤ ਹੋਇਆ, ਜੋ 1699 ਵਿੱਚ ਖਾਲਸਾ ਪੰਥ ਦੀ ਸਾਜਨਾ ਦੇ ਰੂਪ ਵਿੱਚ ਸੰਪੂਰਨ ਹੋਇਆ।

ਇਹ ਦਾਅਵਾ ਕਿ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਸਥਾਪਨਾ ਨਹੀਂ ਕੀਤੀ, ਮੁੱਖ ਤੌਰ 'ਤੇ ਭਾਰਤੀ ਸੰਦਰਭ ਵਿੱਚ 'ਧਰਮ' ਦੇ ਅਸਲ ਅਰਥਾਂ ਨੂੰ ਨਾ ਸਮਝਣ ਕਾਰਨ ਪੈਦਾ ਹੁੰਦਾ ਹੈ। ਭਾਰਤੀ ਸੰਦਰਭ ਵਿੱਚ 'ਧਰਮ' ਸ਼ਬਦ ਨੂੰ ਸਿਰਫ਼ ਅੰਗਰੇਜ਼ੀ ਦੇ 'religion' (ਮਜ਼ਹਬ) ਸ਼ਬਦ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਇਸ ਵਿੱਚ ਸ਼ਾਮਲ ਹਨ:
- ਨੈਤਿਕ ਜ਼ਿੰਮੇਵਾਰੀ,
- ਸੱਚਾ ਜੀਵਨ,
- ਨਿਆਂ,
- ਅਧਿਆਤਮਿਕ ਅਨੁਸ਼ਾਸਨ,
- ਸਮਾਜਿਕ ਸਦਭਾਵਨਾ,
- ਅਤੇ ਬ੍ਰਹਿਮੰਡੀ ਵਿਵਸਥਾ।

ਇਸ ਲਈ, ਸਿੱਖ ਧਰਮ ਸਿਰਫ਼ ਇੱਕ ਧਾਰਮਿਕ ਸਿਧਾਂਤ ਵਜੋਂ ਨਹੀਂ, ਬਲਕਿ ਇੱਕ ਸੰਪੂਰਨ ਨੈਤਿਕ-ਅਧਿਆਤਮਿਕ ਸਭਿਅਤਾ ਵਜੋਂ ਉਭਰਿਆ। ਗੁਰੂ ਨਾਨਕ ਦੇਵ ਜੀ ਨੇ ਇਲਾਹੀ ਬਾਣੀ, ਨੈਤਿਕ ਸਿੱਖਿਆਵਾਂ, ਸੰਗਤ, ਲੰਗਰ, ਗੁਰਗੱਦੀ ਦੀ ਪਰੰਪਰਾ ਅਤੇ ਇੱਕ ਅਨੁਸ਼ਾਸਿਤ ਅਧਿਆਤਮਿਕ ਭਾਈਚਾਰੇ ਰਾਹੀਂ ਇਸ ਸਭਿਅਤਾ ਦੀ ਨੀਂਹ ਰੱਖੀ। ਬਾਅਦ ਦੇ ਸਿੱਖ ਗੁਰੂਆਂ ਨੇ ਗੁਰਮੁਖੀ, ਪ੍ਰਚਾਰਕ ਜਥੇਬੰਦੀਆਂ, ਪਵਿੱਤਰ ਅਸਥਾਨਾਂ, ਗੁਰਬਾਣੀ ਦੇ ਸੰਪਾਦਨ, ਸ਼ਹੀਦੀਆਂ, ਮੀਰੀ-ਪੀਰੀ, ਜ਼ਮੀਰ ਦੀ ਰਾਖੀ ਅਤੇ ਅਖੀਰ ਵਿੱਚ ਖਾਲਸਾ ਪੰਥ ਰਾਹੀਂ ਇਸ ਵਿਜ਼ਨ ਦਾ ਵਿਸਤਾਰ ਕੀਤਾ।

ਸਿੱਖ ਪੰਥ ਸਿੱਖ ਧਰਮ ਦਾ ਇਤਿਹਾਸਕ ਰੂਪ ਹੈ—ਇਸਦਾ ਕੋਈ ਬਦਲ ਜਾਂ ਵੱਖਰੀ ਚੀਜ਼ ਨਹੀਂ। 1699 ਦੇ ਖਾਲਸੇ ਨੇ ਧਾਰਮਿਕ ਅਤੇ ਭਾਈਚਾਰਕ ਸਿਰਜਣਾ ਦੀ ਉਸ ਪ੍ਰਕਿਰਿਆ ਨੂੰ ਮੁਕੰਮਲ ਕੀਤਾ ਜੋ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਕੀਤੀ ਸੀ।

ਇਸ ਲਈ, ਗੁਰੂ ਨਾਨਕ ਦੇਵ ਜੀ ਨੂੰ ਮਹਿਜ਼ ਇੱਕ ਰਹੱਸਵਾਦੀ ਕਵੀ ਜਾਂ ਸਮਾਜ ਸੁਧਾਰਕ ਵਜੋਂ ਨਹੀਂ, ਬਲਕਿ 'ਇੱਕ ਓਅੰਕਾਰ', ਸੱਚੇ ਆਚਾਰ, ਬਰਾਬਰੀ, ਨਿਆਂ, ਦਇਆ ਅਤੇ ਮਨੁੱਖੀ ਮਾਣ-ਸਨਮਾਨ 'ਤੇ ਅਧਾਰਤ ਇੱਕ ਵਿਲੱਖਣ ਨੈਤਿਕ-ਅਧਿਆਤਮਿਕ ਸਭਿਅਤਾ ਦੇ ਬਾਨੀ ਵਜੋਂ ਸਮਝਿਆ ਜਾਣਾ ਚਾਹੀਦਾ ਹੈ। ਸਿੱਖ ਗੁਰੂਆਂ ਨੇ ਧਰਮ ਨੂੰ ਸਿਰਫ਼ ਕਰਮਕਾਂਡਾਂ ਅਤੇ ਜਾਤ-ਪਾਤ ਦੀਆਂ ਰਸਮਾਂ ਵਿੱਚੋਂ ਕੱਢ ਕੇ ਮਨੁੱਖਤਾ ਲਈ ਇੱਕ ਵਿਆਪਕ ਨੈਤਿਕ-ਅਧਿਆਤਮਿਕ ਢਾਂਚੇ ਵਿੱਚ ਬਦਲ ਦਿੱਤਾ। ਇਸ ਤਰ੍ਹਾਂ, ਸਿੱਖ ਧਰਮ ਇੱਕ ਧਰਮ ਵੀ ਹੈ ਅਤੇ ਇੱਕ ਨੈਤਿਕ ਸਭਿਅਤਾ ਦਾ ਵਿਜ਼ਨ ਵੀ, ਜੋ ਸਿੱਖ ਭਾਈਚਾਰੇ ਤੋਂ ਬਾਹਰ ਵੀ ਪੂਰੇ ਸੰਸਾਰ ਲਈ ਉਨਾ ਹੀ ਮਹੱਤਵਪੂਰਨ ਹੈ।

## ਬਿਜਨੌਰ 'ਚ ਮੁੱਖ ਮੰਤਰੀ ਯੋਗੀ ਦਾ ਵੱਡਾ ਕਦਮ

# 'ਜਨ ਸੁਵਿਧਾ ਕੇਂਦਰ' ਦਾ ਉਦਘਾਟਨ, ਪਾਕਿਸਤਾਨ ਤੋਂ ਉੱਜੜ ਕੇ ਆਏ ਪਰਿਵਾਰਾਂ ਨੂੰ ਵੰਡੇ ਜ਼ਮੀਨੀ ਹੱਕਾਂ ਦੇ ਦਸਤਾਵੇਜ਼






ਬਿਜਨੌਰ : ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸੋਮਵਾਰ ਨੂੰ ਬਿਜਨੌਰ ਦੌਰੇ ਦੌਰਾਨ ਸਥਾਨਕ ਲੋਕਾਂ ਨੂੰ ਸਰਕਾਰੀ ਸਹੂਲਤਾਂ ਦਾ ਸਿੱਧਾ ਲਾਭ ਪਹੁੰਚਾਉਣ ਲਈ ਇੱਕ ਨਵੇਂ 'ਜਨ ਸੁਵਿਧਾ ਕੇਂਦਰ' ਦਾ ਰਸਮੀ ਉਦਘਾਟਨ ਕੀਤਾ। ਇਸ ਉਦਘਾਟਨੀ ਸਮਾਰੋਹ ਦੌਰਾਨ ਉਸ ਵੇਲੇ ਇੱਕ ਇਤਿਹਾਸਕ ਅਤੇ ਭਾਵੁਕ ਪਲ ਦੇਖਣ ਨੂੰ ਮਿਲਿਆ, ਜਦੋਂ ਮੁੱਖ ਮੰਤਰੀ ਨੇ ਪਾਕਿਸਤਾਨ ਤੋਂ ਉੱਜੜ ਕੇ ਭਾਰਤ ਆਏ ਵਿਸਥਾਪਿਤ ਪਰਿਵਾਰਾਂ (Displaced Families) ਦੀ ਸਹਾਇਤਾ ਲਈ ਵੱਡਾ ਕਦਮ ਚੁੱਕਿਆ।

ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸਮਾਰੋਹ ਦੌਰਾਨ ਪਾਕਿਸਤਾਨ ਤੋਂ ਆਏ ਇਹਨਾਂ ਪ੍ਰਭਾਵਿਤ ਪਰਿਵਾਰਾਂ ਦੇ ਮੈਂਬਰਾਂ ਨੂੰ ਆਪਣੇ ਹੱਥੀਂ ਜ਼ਮੀਨੀ ਮਾਲਕੀ ਹੱਕਾਂ ਦੇ ਅਧਿਕਾਰਤ ਦਸਤਾਵੇਜ਼ (Land Rights Documents) ਸੌਂਪੇ। ਲੰਮੇ ਸਮੇਂ ਤੋਂ ਆਪਣੇ ਹੱਕਾਂ ਦੀ ਉਡੀਕ ਕਰ ਰਹੇ ਇਹਨਾਂ ਪਰਿਵਾਰਾਂ ਦੇ ਚਿਹਰਿਆਂ 'ਤੇ ਇਸ ਮੌਕੇ ਵੱਡੀ ਖੁਸ਼ੀ ਦੇਖਣ ਨੂੰ ਮਿਲੀ।

ਆਮ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੋਵੇਗਾ ਤੁਰੰਤ ਨਿਪਟਾਰਾ ਨਵੇਂ ਲਾਂਚ ਕੀਤੇ ਗਏ 'ਜਨ ਸੁਵਿਧਾ ਕੇਂਦਰ' ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਕੇਂਦਰ ਆਮ ਨਾਗਰਿਕਾਂ ਨੂੰ ਇੱਕੋ ਛੱਤ ਹੇਠ ਸਾਰੀਆਂ ਪ੍ਰਮੁੱਖ ਸਰਕਾਰੀ ਯੋਜਨਾਵਾਂ ਅਤੇ ਕਾਗਜ਼ੀ ਕਾਰਵਾਈਆਂ ਦੀ ਸਹੂਲਤ ਪ੍ਰਦਾਨ ਕਰੇਗਾ। ਇਸ ਨਾਲ ਲੋਕਾਂ ਨੂੰ ਦਫ਼ਤਰਾਂ ਦੇ ਚੱਕਰ ਨਹੀਂ ਕੱਟਣੇ ਪੈਣਗੇ ਅਤੇ ਭ੍ਰਿਸ਼ਟਾਚਾਰ 'ਤੇ ਲਗਾਮ ਲੱਗੇਗੀ।

ਵਿਸਥਾਪਿਤ ਪਰਿਵਾਰਾਂ ਨੂੰ ਮੁੜ ਵਸਾਉਣ ਦੇ ਫ਼ੈਸਲੇ 'ਤੇ ਜ਼ੋਰ ਦਿੰਦਿਆਂ ਸੀਐਮ ਯੋਗੀ ਨੇ ਕਿਹਾ ਕਿ ਦੇਸ਼ ਦੀ ਵੰਡ ਅਤੇ ਪਾਕਿਸਤਾਨ ਵਿੱਚ ਅੱਤਿਆਚਾਰਾਂ ਦਾ ਸ਼ਿਕਾਰ ਹੋ ਕੇ ਆਏ ਭਰਾ-ਭੈਣਾਂ ਨੂੰ ਸਨਮਾਨਜਨਕ ਜ਼ਿੰਦਗੀ ਦੇਣਾ ਉਨ੍ਹਾਂ ਦੀ ਸਰਕਾਰ ਦੀ ਮੁੱਖ ਤਰਜੀਹ ਹੈ। ਜ਼ਮੀਨੀ ਹੱਕ ਮਿਲਣ ਨਾਲ ਇਹ ਪਰਿਵਾਰ ਹੁਣ ਸਮਾਜ ਦੀ ਮੁੱਖ ਧਾਰਾ ਨਾਲ ਪੂਰੀ ਤਰ੍ਹਾਂ ਜੁੜ ਸਕਣਗੇ। ਇਸ ਮੌਕੇ ਪ੍ਰਸ਼ਾਸਨਿਕ ਅਧਿਕਾਰੀਆਂ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸਥਾਨਕ ਲੋਕ ਵੀ ਮੌਜੂਦ ਸਨ।

## 42 ਸਾਲਾਂ ਬਾਅਦ ਵੀ ਇਨਸਾਫ਼ ਦੀ ਉਡੀਕ

# ਲਖਨਊ ਵਿਕਾਸ ਅਥਾਰਟੀ (LDA) ਦੇ ਮੁੱਖ ਦਫ਼ਤਰ ਅੱਗੇ ਭਾਰਤੀ ਕਿਸਾਨ ਯੂਨੀਅਨ ਦਾ ਜ਼ੋਰਦਾਰ ਪ੍ਰਦਰਸ਼ਨ





ਲਖਨਊ : ਲਖਨਊ ਵਿਕਾਸ ਅਥਾਰਟੀ (LDA) ਵੱਲੋਂ ਚਾਰ ਦਹਾਕੇ ਪਹਿਲਾਂ ਐਕੁਆਇਰ ਕੀਤੀ ਗਈ ਜ਼ਮੀਨ ਦੇ ਪੂਰੇ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਕਿਸਾਨਾਂ ਦਾ ਗੁੱਸਾ ਇੱਕ ਵਾਰ ਫਿਰ ਭੜਕ ਉੱਠਿਆ ਹੈ। ਸੋਮਵਾਰ ਨੂੰ ਭਾਰਤੀ ਕਿਸਾਨ ਯੂਨੀਅਨ (ਰਾਸ਼ਟਰਵਾਦੀ-ਅਰਾਜਨੈਤਿਕ) ਦੇ ਬੈਨਰ ਹੇਠ ਸੈਂਕੜੇ ਕਿਸਾਨਾਂ ਨੇ ਲਖਨਊ ਸਥਿਤ ਐਲ.ਡੀ.ਏ. (LDA) ਦੇ ਮੁੱਖ ਦਫ਼ਤਰ ਦਾ ਘਿਰਾਓ ਕੀਤਾ ਅਤੇ ਆਪਣੀਆਂ ਮੰਗਾਂ ਨੂੰ ਲੈ ਕੇ ਜ਼ੋਰਦਾਰ ਪ੍ਰਦਰਸ਼ਨ ਕੀਤਾ।

ਇਹ ਪੂਰਾ ਮਾਮਲਾ ਸਾਲ 1984 ਦਾ ਹੈ, ਜਦੋਂ ਐਲ.ਡੀ.ਏ. ਨੇ 'ਗੋਮਤੀ ਨਗਰ ਐਕਸਟੈਂਸ਼ਨ ਸਕੀਮ' ਦੇ ਫੇਜ਼-2 (Phase-2) ਲਈ ਕਿਸਾਨਾਂ ਦੀਆਂ ਜ਼ਮੀਨਾਂ ਐਕੁਆਇਰ ਕੀਤੀਆਂ ਸਨ। ਕਿਸਾਨਾਂ ਦਾ ਦੋਸ਼ ਹੈ ਕਿ 42 ਸਾਲ ਬੀਤ ਜਾਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਆਪਣੀ ਹੀ ਜ਼ਮੀਨ ਦਾ ਪੂਰਾ ਅਤੇ ਬਣਦਾ ਮੁਆਵਜ਼ਾ ਨਹੀਂ ਮਿਲਿਆ ਹੈ, ਜਿਸ ਕਾਰਨ ਉਹ ਲੰਮੇ ਸਮੇਂ ਤੋਂ ਪ੍ਰਸ਼ਾਸਨਿਕ ਅਣਦੇਖੀ ਦਾ ਸ਼ਿਕਾਰ ਹੋ ਰਹੇ ਹਨ।

ਵਾਅਦੇ ਪੂਰੇ ਨਾ ਹੋਣ 'ਤੇ ਕਿਸਾਨਾਂ ਨੇ ਜਤਾਇਆ ਰੋਸ ਯੂਨੀਅਨ ਦੇ ਆਗੂਆਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਿਸਾਨਾਂ ਨਾਲ ਵਾਰ-ਵਾਰ ਸਿਰਫ਼ ਵਾਅਦੇ ਕੀਤੇ ਗਏ, ਪਰ ਜ਼ਮੀਨੀ ਪੱਧਰ 'ਤੇ ਉਨ੍ਹਾਂ ਨੂੰ ਇਨਸਾਫ਼ ਨਹੀਂ ਦਿੱਤਾ ਗਿਆ। ਇੱਕ ਪਾਸੇ ਜਿੱਥੇ ਗੋਮਤੀ ਨਗਰ ਐਕਸਟੈਂਸ਼ਨ ਇਲਾਕਾ ਅੱਜ ਲਖਨਊ ਦੇ ਸਭ ਤੋਂ ਪੌਸ਼ ਇਲਾਕਿਆਂ ਵਿੱਚ ਤਬਦੀਲ ਹੋ ਚੁੱਕਾ ਹੈ, ਉੱਥੇ ਹੀ ਦੂਜੇ ਪਾਸੇ ਇਸ ਜ਼ਮੀਨ ਦੇ ਅਸਲ ਮਾਲਕ (ਕਿਸਾਨ) ਅਜੇ ਵੀ ਆਪਣੇ ਹੱਕੀ ਮੁਆਵਜ਼ੇ ਲਈ ਦਫ਼ਤਰਾਂ ਦੇ ਚੱਕਰ ਕੱਟਣ ਲਈ ਮਜਬੂਰ ਹਨ।

ਧਰਨੇ 'ਤੇ ਬੈਠੇ ਕਿਸਾਨਾਂ ਨੇ ਸਾਫ਼ ਚੇਤਾਵਨੀ ਦਿੱਤੀ ਹੈ ਕਿ ਜਦੋਂ ਤੱਕ ਐਲ.ਡੀ.ਏ. ਦੇ ਉੱਚ ਅਧਿਕਾਰੀ ਮੁਆਵਜ਼ੇ ਦੀ ਬਕਾਇਆ ਰਾਸ਼ੀ ਜਾਰੀ ਕਰਨ ਲਈ ਕੋਈ ਠੋਸ ਅਤੇ ਸਮਾਂ ਬੱਧ ਯੋਜਨਾ ਪੇਸ਼ ਨਹੀਂ ਕਰਦੇ, ਉਦੋਂ ਤੱਕ ਉਨ੍ਹਾਂ ਦਾ ਇਹ ਪ੍ਰਦਰਸ਼ਨ ਜਾਰੀ ਰਹੇਗਾ। ਕਿਸਾਨਾਂ ਦੇ ਇਸ ਤਿੱਖੇ ਰੁਖ਼ ਨੂੰ ਦੇਖਦੇ ਹੋਏ ਅਥਾਰਟੀ ਦੇ ਦਫ਼ਤਰ ਦੇ ਬਾਹਰ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ।

## ਬੰਗਾਲ ਵਿੱਚ ਮਹਿਲਾ ਸ਼ਕਤੀਕਰਨ ਵੱਲ ਵੱਡਾ ਕਦਮ

# ਕੋਲਕਾਤਾ ਸਮੇਤ ਪੂਰੇ ਸੂਬੇ ਵਿੱਚ ਮਹਿਲਾਵਾਂ ਲਈ ਮੁਫ਼ਤ ਬੱਸ ਸਫ਼ਰ ਯੋਜਨਾ ਸ਼ੁਰੂ





ਕੋਲਕਾਤਾ : ਪੱਛਮੀ ਬੰਗਾਲ ਦੀ ਨਵੀਂ ਬਣੀ ਸਰਕਾਰ ਵੱਲੋਂ ਤੋਂ ਸੂਬੇ ਦੀਆਂ ਮਹਿਲਾਵਾਂ ਲਈ ਇੱਕ ਇਤਿਹਾਸਕ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਹੈ। ਸੋਮਵਾਰ ਨੂੰ ਕੋਲਕਾਤਾ ਸਮੇਤ ਪੂਰੇ ਪੱਛਮੀ ਬੰਗਾਲ ਵਿੱਚ ਸਰਕਾਰੀ ਬੱਸਾਂ ਵਿੱਚ ਮਹਿਲਾਵਾਂ ਲਈ 'ਮੁਫ਼ਤ ਬੱਸ ਸਫ਼ਰ ਯੋਜਨਾ' ਅਧਿਕਾਰਤ ਤੌਰ 'ਤੇ ਲਾਗੂ ਹੋ ਗਈ ਹੈ। ਇਹ ਯੋਜਨਾ ਸੂਬਾ ਸਰਕਾਰ ਦੀ ਚੋਣਵੀਂ ਗਾਰੰਟੀ 'ਭਰੋਸੇ ਦੀ ਸਹੁੰ' (Oath of Trust) ਦੇ ਤਹਿਤ ਲਾਗੂ ਕੀਤੀ ਗਈ ਹੈ।

ਯੋਜਨਾ ਦੇ ਪਹਿਲੇ ਦਿਨ ਕੋਲਕਾਤਾ ਦੇ ਵੱਖ-ਵੱਖ ਬੱਸ ਅੱਡਿਆਂ 'ਤੇ ਉਤਸ਼ਾਹ ਦਾ ਮਾਹੌਲ ਦੇਖਣ ਨੂੰ ਮਿਲਿਆ। ਮਹਿਲਾ ਮੁਸਾਫ਼ਰਾਂ ਨੇ ਬੱਸਾਂ ਵਿੱਚ ਚੜ੍ਹ ਕੇ ਕੰਡਕਟਰਾਂ ਨੂੰ ਆਪਣੇ ਸਰਕਾਰੀ ਪਛਾਣ ਪੱਤਰ (ਜਿਵੇਂ ਆਧਾਰ ਕਾਰਡ, ਵੋਟਰ ਆਈਡੀ) ਦਿਖਾਏ, ਜਿਸ ਤੋਂ ਬਾਅਦ ਉਨ੍ਹਾਂ ਨੂੰ 'ਜ਼ੀਰੋ-ਵੈਲਿਊ' (ਮੁਫ਼ਤ) ਟਿਕਟਾਂ ਜਾਰੀ ਕੀਤੀਆਂ ਗਈਆਂ।

ਪਹਾੜਾਂ ਤੋਂ ਲੈ ਕੇ ਮੈਦਾਨਾਂ ਤੱਕ ਮਿਲੇਗਾ ਲਾਭ ਮੁੱਖ ਮੰਤਰੀ ਸੁਵੇਂਦੂ ਅਧਿਕਾਰੀ ਨੇ ਸੋਸ਼ਲ ਮੀਡੀਆ 'ਤੇ ਇਸ ਦੀ ਘੋਸ਼ਣਾ ਕਰਦਿਆਂ ਕਿਹਾ ਕਿ ਇਹ ਯੋਜਨਾ ਪਹਾੜੀ ਇਲਾਕਿਆਂ ਤੋਂ ਲੈ ਕੇ ਮੈਦਾਨੀ ਇਲਾਕਿਆਂ ਤੱਕ, ਸਾਰੇ ਸਰਕਾਰੀ ਰੂਟਾਂ 'ਤੇ ਲਾਗੂ ਹੋਵੇਗੀ। ਇਹ ਸਹੂਲਤ 'ਵੈਸਟ ਬੰਗਾਲ ਟਰਾਂਸਪੋਰਟ ਕਾਰਪੋਰੇਸ਼ਨ' (WBTC) ਸਮੇਤ ਸਾਰੀਆਂ ਸੂਬਾ-ਪੱਧਰੀ ਸਰਕਾਰੀ ਬੱਸਾਂ (ਸ਼ਾਰਟ ਰੂਟ ਅਤੇ ਲਾਂਗ ਰੂਟ) ਵਿੱਚ ਮਿਲੇਗੀ।

ਸਰਕਾਰ ਨੇ ਸਾਫ਼ ਕੀਤਾ ਹੈ ਕਿ ਮੌਜੂਦਾ ਸਮੇਂ ਵਿੱਚ ਮਹਿਲਾਵਾਂ ਕੋਈ ਵੀ ਸਰਕਾਰੀ ਫ਼ੋਟੋ ਆਈਡੀ ਦਿਖਾ ਕੇ ਮੁਫ਼ਤ ਸਫ਼ਰ ਕਰ ਸਕਦੀਆਂ ਹਨ, ਪਰ ਆਉਣ ਵਾਲੇ ਦਿਨਾਂ ਵਿੱਚ ਇਸ ਪ੍ਰਕਿਰਿਆ ਨੂੰ ਹੋਰ ਸੁਖਾਲਾ ਬਣਾਉਣ ਅਤੇ ਕਿਸੇ ਵੀ ਗਲਤ ਵਰਤੋਂ ਨੂੰ ਰੋਕਣ ਲਈ ਵਿਸ਼ੇਸ਼ 'ਡਿਜੀਟਲ ਸਮਾਰਟ ਕਾਰਡ' (ਕਿਊਆਰ ਕੋਡ ਅਤੇ ਫ਼ੋਟੋ ਸਹਿਤ) ਜਾਰੀ ਕੀਤੇ ਜਾਣਗੇ।

ਮਹਿਲਾਵਾਂ ਨੇ ਜਤਾਈ ਖ਼ੁਸ਼ੀ, ਬੱਸਾਂ ਦੀ ਗਿਣਤੀ ਵਧਾਉਣ ਦੀ ਮੰਗ ਕੋਲਕਾਤਾ ਵਿੱਚ ਰੋਜ਼ਾਨਾ ਸਫ਼ਰ ਕਰਨ ਵਾਲੀਆਂ ਕਈ ਨੌਕਰੀਪੇਸ਼ਾ ਮਹਿਲਾਵਾਂ ਅਤੇ ਕਾਲਜ ਦੀਆਂ ਵਿਦਿਆਰਥਣਾਂ ਨੇ ਇਸ ਫ਼ੈਸਲੇ ਦਾ ਜ਼ੋਰਦਾਰ ਸਵਾਗਤ ਕੀਤਾ ਹੈ। ਮਹਿਲਾਵਾਂ ਦਾ ਕਹਿਣਾ ਹੈ ਕਿ ਇਸ ਨਾਲ ਉਨ੍ਹਾਂ ਦੇ ਮਹੀਨੇ ਦੇ ਸਫ਼ਰ ਦੇ ਖ਼ਰਚੇ ਵਿੱਚ ਵੱਡੀ ਬੱਚਤ ਹੋਵੇਗੀ, ਜਿਸ ਨਾਲ ਉਨ੍ਹਾਂ ਦੀ ਆਰਥਿਕ ਸਥਿਤੀ ਮਜ਼ਬੂਤ ਹੋਵੇਗੀ। ਹਾਲਾਂਕਿ, ਕਈ ਮੁਸਾਫ਼ਰਾਂ ਨੇ ਸਰਕਾਰ ਨੂੰ ਇਹ ਅਪੀਲ ਵੀ ਕੀਤੀ ਹੈ ਕਿ ਮਹਿਲਾਵਾਂ ਦੀ ਵਧਦੀ ਭੀੜ ਨੂੰ ਦੇਖਦੇ ਹੋਏ ਸੜਕਾਂ 'ਤੇ ਸਰਕਾਰੀ ਬੱਸਾਂ ਦੀ ਗਿਣਤੀ (Frequency) ਨੂੰ ਹੋਰ ਵਧਾਇਆ ਜਾਵੇ।

# ਅਸਾਈਲਮ ਧੋਖਾਧੜੀ ਰੋਕਣ ਲਈ ICE ਪ੍ਰੌਸੀਕਿਊਟਰਾਂ ਨੂੰ ਮਿਲੇ ਬੇਅੰਤ ਅਧਿਕਾਰ; ਟਰੰਪ ਪ੍ਰਸ਼ਾਸਨ ਦਾ ਵੱਡਾ ਫੈਸਲਾ

## ਝੂਠੇ ਕੇਸ ਅਤੇ ਗਲਤ ਸਲਾਹ ਦੇਣ ਵਾਲੇ ਵਕੀਲ ਆਏ ਸਿੱਧੇ ਨਿਸ਼ਾਨੇ 'ਤੇ; ਹੋਵੇਗੀ ਲੰਬੀ ਜੇਲ੍ਹ ਅਤੇ ਕਰੋੜਾਂ ਦਾ ਜੁਰਮਾਨਾ

ਵਾਸ਼ਿੰਗਟਨ/ਡੀ.ਸੀ., (ਸਾਡੇ ਲੋਕ) : ਅਮਰੀਕਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਜੜ੍ਹੋਂ ਬਦਲਣ ਦੇ ਮਕਸਦ ਨਾਲ ਟਰੰਪ ਪ੍ਰਸ਼ਾਸਨ ਨੇ ਅਸਾਈਲਮ (ਸਿਆਸੀ ਸ਼ਰਨ) ਦੇ ਨਾਂ 'ਤੇ ਹੋ ਰਹੀ ਧੋਖਾਧੜੀ ਨੂੰ ਨੱਥ ਪਾਉਣ ਲਈ ਹੁਣ ਤੱਕ ਦਾ ਸਭ ਤੋਂ ਵੱਡਾ ਅਤੇ ਸਖ਼ਤ ਕਦਮ ਚੁੱਕਿਆ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (DHS) ਨੇ 26 ਮਈ 2026 ਨੂੰ ਇੱਕ ਅਹਿਮ ਨੀਤੀ ਦਾ ਐਲਾਨ ਕਰਦਿਆਂ ਦੱਸਿਆ ਕਿ ਹੁਣ 'ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ' (ICE) ਦੇ ਸਰਕਾਰੀ ਵਕੀਲਾਂ (Prosecutors) ਨੂੰ ਅਸਾਈਲਮ ਕੇਸਾਂ ਵਿੱਚ ਧੋਖਾਧੜੀ ਦੀ ਸਿੱਧੀ ਜਾਂਚ ਕਰਨ ਅਤੇ ਸਖ਼ਤ ਕਾਰਵਾਈ ਅਮਲ ਵਿੱਚ ਲਿਆਉਣ ਲਈ ਵਿਸ਼ੇਸ਼ ਅਧਿਕਾਰ ਸੌਂਪ ਦਿੱਤੇ ਗਏ ਹਨ।

ਇਸ ਨਵੀਂ ਕ੍ਰਾਂਤੀਕਾਰੀ ਨੀਤੀ ਤਹਿਤ ICE ਦੇ ਸਰਕਾਰੀ ਵਕੀਲ ਹੁਣ ਸਿਰਫ਼ ਅਦਾਲਤਾਂ ਵਿੱਚ ਕੇਸ ਲੜਨ ਤੱਕ ਸੀਮਤ ਨਹੀਂ ਰਹਿਣਗੇ। ਉਨ੍ਹਾਂ ਕੋਲ ਹੁਣ ਇਹ ਪਾਵਰ ਹੋਵੇਗੀ ਕਿ ਉਹ ਇਮੀਗ੍ਰੇਸ਼ਨ ਅਦਾਲਤਾਂ ਵਿੱਚ ਪੇਸ਼ ਕੀਤੇ ਗਏ ਸ਼ੱਕੀ ਦਸਤਾਵੇਜ਼ਾਂ, ਗਲਤ ਬਿਆਨਾਂ ਜਾਂ ਫਰਜ਼ੀ ਦਾਅਵਿਆਂ ਦੀ ਖੁਦ ਸੁਤੰਤਰ ਅਤੇ ਡੂੰਘਾਈ ਨਾਲ ਜਾਂਚ ਕਰ ਸਕਣਗੇ ਅਤੇ ਦੋਸ਼ੀਆਂ ਵਿਰੁੱਧ ਮੌਕੇ 'ਤੇ ਹੀ ਸਿੱਧੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਸਕਣਗੇ।

**ਗਲਤ ਰਸਤਾ ਦਿਖਾਉਣ ਵਾਲੇ ਵਕੀਲ ਅਤੇ ਲਾਅ ਫਰਮਾਂ 'ਤੇ ਸ਼ਿਕੰਜਾ :** ਇਸ ਨਵੇਂ ਫੈਸਲੇ ਦਾ ਸਭ ਤੋਂ ਵੱਡਾ ਝਟਕਾ ਇਮੀਗ੍ਰੇਸ਼ਨ ਉਦਯੋਗ ਦੇ ਉਨ੍ਹਾਂ ਪੇਸ਼ੇਵਰਾਂ ਨੂੰ ਲੱਗੇਗਾ ਜੋ ਮਿਲੀਭੁਗਤ ਨਾਲ ਫਰਜ਼ੀ ਕੇਸ ਤਿਆਰ ਕਰਦੇ ਹਨ। ਨਵੀਂ ਨੀਤੀ ਮੁਤਾਬਕ ਹੁਣ ਸਿਰਫ਼ ਅਸਾਈਲਮ ਮੰਗਣ ਵਾਲੇ ਹੀ ਨਹੀਂ, ਬਲਕਿ ਉਨ੍ਹਾਂ ਦੇ ਕਾਨੂੰਨੀ ਸਲਾਹਕਾਰ ਵੀ ਬਰਾਬਰ ਦੇ ਦੋਸ਼ੀ ਮੰਨੇ ਜਾਣਗੇ:

***ਗਲਤ ਸਲਾਹ ਦੇਣ 'ਤੇ ਸਿੱਧੀ ਕਾਰਵਾਈ:*** ਜੇਕਰ ਕਿਸੇ ਇਮੀਗ੍ਰੇਸ਼ਨ ਵਕੀਲ ਜਾਂ ਲਾਅ ਫਰਮ 'ਤੇ ਆਪਣੇ ਮੁਅੱਕਲ (ਕਲਾਇੰਟ) ਨੂੰ ਝੂਠਾ ਬਿਆਨ ਦੇਣ, ਮਨਘੜਤ ਕਹਾਣੀਆਂ ਘੜਨ ਜਾਂ ਅਸਲ ਤੱਥਾਂ ਨੂੰ ਛੁਪਾਉਣ ਦੀ ਸਲਾਹ ਦੇਣ ਦੇ ਦੋਸ਼ ਸਾਬਤ ਹੋਦੇ ਹਨ, ਤਾਂ ਉਨ੍ਹਾਂ ਵਿਰੁੱਧ ਫੈਡਰਲ ਕਾਨੂੰਨ ਤਹਿਤ ਮੁਕੱਦਮਾ ਚੱਲੇਗਾ।

**ਮਾਰਚ 2025 ਦੇ ਰਾਸ਼ਟਰਪਤੀ ਮੈਮੋਰੈਂਡਮ ਦਾ ਅਸਰ:** ਇਹ ਸਖ਼ਤ ਕਦਮ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਮਾਰਚ 2025 ਵਿੱਚ ਜਾਰੀ ਕੀਤੇ ਗਏ ਇੱਕ ਵਿਸ਼ੇਸ਼ ਮੈਮੋਰੈਂਡਮ ਦੇ ਆਧਾਰ 'ਤੇ ਚੁੱਕਿਆ ਗਿਆ ਹੈ। ਉਸ ਮੈਮੋਰੈਂਡਮ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਕੁਝ ਖਾਸ ਇਮੀਗ੍ਰੇਸ਼ਨ ਵਕੀਲ ਅਤੇ ਵੱਡੀਆਂ ਲਾਅ ਫਰਮਾਂ ਸੰਗਠਿਤ ਤਰੀਕੇ ਨਾਲ ਅਸਾਈਲਮ ਮੰਗਣ ਵਾਲਿਆਂ ਨੂੰ ਗਲਤ ਜਾਣਕਾਰੀ ਪੇਸ਼ ਕਰਨ ਲਈ ਉਕਸਾ ਰਹੀਆਂ ਹਨ।

'ਅਮਰੀਕੀ ਅਸਾਈਲਮ ਪ੍ਰਣਾਲੀ ਦੀ ਨੀਂਹ ਉਨ੍ਹਾਂ ਮਜ਼ਲੂਮ ਲੋਕਾਂ ਦੀ ਰੱਖਿਆ ਲਈ ਰੱਖੀ ਗਈ ਸੀ ਜੋ ਆਪਣੇ ਦੇਸ਼ਾਂ ਵਿੱਚ ਨਸਲ, ਧਰਮ, ਕੌਮੀਅਤ, ਰਾਜਨੀਤਿਕ ਵਿਚਾਰਾਂ ਜਾਂ ਕਿਸੇ ਖਾਸ ਸਮਾਜਿਕ ਸਮੂਹ ਨਾਲ ਸਬੰਧਿਤ ਹੋਣ ਕਰਕੇ ਜ਼ੁਲਮ ਦਾ ਸ਼ਿਕਾਰ ਹੋਣਦੇ ਹਨ। ਪਰ ਅੱਜ ਕਈ ਕੇਸਾਂ ਵਿੱਚ ਇਸ ਮਨੁੱਖਤਾਵਾਦੀ ਪ੍ਰਣਾਲੀ ਦੀ ਸ਼ਰੇਆਮ ਦੁਰਵਰਤੋਂ ਹੋ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।'
**— ਜੇਮਜ਼ ਪਰਸੀਵਲ, ਜਨਰਲ ਕੌਂਸਲ (DHS)**

**ਭਾਰਤੀ ਅਤੇ ਪੰਜਾਬੀ ਭਾਈਚਾਰੇ ਲਈ ਇਸ ਦੇ ਕੀ ਮਾਇਨੇ ਹਨ?**

ਪਿਛਲੇ ਕੁਝ ਸਾਲਾਂ ਵਿੱਚ ਪੰਜਾਬ ਅਤੇ ਭਾਰਤ ਦੇ ਹੋਰ ਹਿੱਸਿਆਂ ਤੋਂ ਅਮਰੀਕਾ ਜਾ ਕੇ ਅਸਾਈਲਮ ਲੈਣ ਵਾਲਿਆਂ ਦੀ ਗਿਣਤੀ ਵਿੱਚ ਵੱਡਾ ਉਛਾਲ ਆਇਆ ਹੈ। ਇਸ ਲਈ ਇਸ ਨਵੇਂ ਕਾਨੂੰਨ ਦਾ ਭਾਈਚਾਰੇ 'ਤੇ ਸਿੱਧਾ ਅਤੇ ਗੰਭੀਰ ਅਸਰ ਪਵੇਗਾ:

1. ਸੱਚੇ ਕੇਸਾਂ ਨੂੰ ਕੋਈ ਖ਼ਤਰਾ ਨਹੀਂ: DHS ਨੇ ਸਾਫ਼ ਸ਼ਬਦਾਂ ਵਿੱਚ ਸਪੱਸ਼ਟ ਕੀਤਾ ਹੈ ਕਿ ਇਸ ਫੈਸਲੇ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਹਰ ਇੱਕ ਅਸਾਈਲਮ ਕੇਸ ਨੂੰ ਰੱਦ ਕਰ ਦਿੱਤਾ ਜਾਵੇਗਾ। ਜਿਨ੍ਹਾਂ ਲੋਕਾਂ ਦੇ ਕੇਸ ਸੱਚੇ ਤੱਥਾਂ, ਅਸਲ ਹਾਲਾਤਾਂ ਅਤੇ ਪੁਖ਼ਤਾ ਸਬੂਤਾਂ 'ਤੇ ਆਧਾਰਿਤ ਹਨ, ਉਨ੍ਹਾਂ ਦੀ ਕਾਨੂੰਨੀ ਪ੍ਰਕਿਰਿਆ ਪਹਿਲਾਂ ਵਾਂਗ ਹੀ ਨਿਰਵਿਘਨ ਜਾਰੀ ਰਹੇਗੀ।

2. **'ਬਣਾਵਟੀ ਕਹਾਣੀਆਂ'** ਅਤੇ ਫਰਜ਼ੀ ਕਾਗਜ਼ਾਤਾਂ ਦਾ ਦੌਰ ਖ਼ਤਮ: ਅਕਸਰ ਦੇਖਿਆ ਜਾਂਦਾ ਹੈ ਕਿ ਕਈ ਗੈਰ-ਕਾਨੂੰਨੀ ਏਜੰਟ ਜਾਂ ਸਲਾਹਕਾਰ ਅਸਾਈਲਮ ਲੈਣ ਲਈ ਇੱਕੋ ਜਿਹੀਆਂ ਰਟੀਆਂ-ਰਟਾਈਆਂ ਝੂਠੀਆਂ ਕਹਾਣੀਆਂ (ਜਿਵੇਂ ਰਾਜਨੀਤਿਕ ਤਸ਼ੱਦਦ ਜਾਂ ਧਾਰਮਿਕ ਅੱਤਿਆਚਾਰ) ਤਿਆਰ ਕਰਦੇ ਹਨ ਅਤੇ ਫਰਜ਼ੀ ਪੁਲਿਸ ਰਿਪੋਰਟਾਂ ਲਗਾਉਂਦੇ ਹਨ। ਹੁਣ ICE ਦੇ ਵਕੀਲ ਹਰ ਇੱਕ ਦਸਤਾਵੇਜ਼ ਦੀ ਬਾਰੀਕੀ ਨਾਲ ਜਾਂਚ (Cross-Verification) ਕਰਨਗੇ। ਜੇਕਰ ਕੋਈ ਵੀ ਕਾਗਜ਼ ਝੂਠਾ ਪਾਇਆ ਗਿਆ ਤਾਂ:

- ਕੇਸ ਤੁਰੰਤ ਰੱਦ (Denial) ਕਰ ਦਿੱਤਾ ਜਾਵੇਗਾ।
- ਡਿਪੋਰਟੇਸ਼ਨ (ਦੇਸ਼ ਨਿਕਾਲੇ) ਦੀ ਪ੍ਰਕਿਰਿਆ ਤੇਜ਼ ਹੋ ਜਾਵੇਗੀ।
- ਅਮਰੀਕਾ ਵਿੱਚ ਹਮੇਸ਼ਾ ਲਈ ਦਾਖਲੇ 'ਤੇ ਲਾਈਫਟਾਈਮ ਬੈਨ (ਪੱਕੀ ਪਾਬੰਦੀ) ਲੱਗ ਜਾਵੇਗੀ।

**ਧੋਖਾਧੜੀ ਦੇ ਦੋਸ਼ੀ ਪਾਏ ਜਾਣ 'ਤੇ ਮਿਲਣ ਵਾਲੀਆਂ ਸਖ਼ਤ ਸਜ਼ਾਵਾਂ**

ਅਮਰੀਕੀ ਪ੍ਰਣਾਲੀ ਵਿੱਚ ਇਮੀਗ੍ਰੇਸ਼ਨ ਧੋਖਾਧੜੀ ਲਈ ਕੋਈ ਰਹਿਮ ਨਹੀਂ ਹੈ। ਇਨ੍ਹਾਂ ਸਜ਼ਾਵਾਂ ਨੂੰ ਦੋ ਮੁੱਖ ਹਿੱਸਿਆਂ ਵਿੱਚ ਵੰਡਿਆ ਗਿਆ ਹੈ:

ੳ) ਇਮੀਗ੍ਰੇਸ਼ਨ ਪ੍ਰਸ਼ਾਸਨਿਕ ਸਜ਼ਾਵਾਂ (Administrative Penalties)

ਇਹ ਸਜ਼ਾਵਾਂ ਇਮੀਗ੍ਰੇਸ਼ਨ ਅਦਾਲਤ ਜਾਂ 'ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼' (USCIS) ਵੱਲੋਂ ਦਿੱਤੀਆਂ ਜਾਂਦੀਆਂ ਹਨ:

- ਫਰਜ਼ੀ ਅਸਾਈਲਮ ਦਾ ਫੈਸਲਾ — "Frivolous" Asylum Finding (INA § 208(d)(6)): ਜੇਕਰ ਇਹ ਸਾਬਤ ਹੋ ਜਾਵੇ ਕਿ ਬਿਨੈਕਾਰ ਨੇ ਜਾਣਬੁੱਝ ਕੇ ਕੇਸ ਵਿੱਚ ਝੂਠ ਬੋਲਿਆ ਹੈ, ਤਾਂ ਉਸ 'ਤੇ ਅਮਰੀਕਾ ਵਿੱਚ ਕੋਈ ਵੀ ਇਮੀਗ੍ਰੇਸ਼ਨ ਲਾਭ ਲੈਣ 'ਤੇ ਹਮੇਸ਼ਾ ਲਈ ਪਾਬੰਦੀ ਲੱਗ ਜਾਂਦੀ ਹੈ। ਉਹ ਵਿਅਕਤੀ ਅਮਰੀਕਾ ਵਿੱਚ ਕਦੇ ਵੀ ਗ੍ਰੀਨ ਕਾਰਡ ਜਾਂ ਨਾਗਰਿਕਤਾ ਹਾਸਲ ਨਹੀਂ ਕਰ ਸਕਦਾ — ਭਾਵੇਂ ਉਹ ਬਾਅਦ ਵਿੱਚ ਕਿਸੇ ਅਮਰੀਕੀ ਨਾਗਰਿਕ ਨਾਲ ਵਿਆਹ ਹੀ ਕਿਉਂ ਨਾ ਕਰ ਲਵੇ।

ਜਾਣਬੁੱਝ ਕੇ ਧੋਖਾਧੜੀ — Material Misrepresentation (INA § 212(a)(6)(3)(i)): ਫਰਜ਼ੀ ਕਾਗਜ਼ਾਤ ਪੇਸ਼ ਕਰਨ 'ਤੇ ਪੱਕੀ ਅਯੋਗਤਾ ਮਿਲਦੀ ਹੈ। ਇਸ ਕੇਸ ਵਿੱਚ ਮੁਆਫ਼ੀ (I-601 Waiver) ਮਿਲਣਾ ਅਸੰਭਵ ਵਰਗਾ ਹੈ, ਕਿਉਂਕਿ ਇਸ ਲਈ ਅਮਰੀਕੀ ਨਾਗਰਿਕ ਬੱਚਿਆਂ ਦੀ ਤਕਲੀਫ਼ ਨੂੰ ਕਾਨੂੰਨੀ ਆਧਾਰ ਨਹੀਂ ਬਣਾਇਆ ਜਾ ਸਕਦਾ; ਸਿਰਫ਼ ਪਤੀ/ਪਤਨੀ ਜਾਂ ਮਾਪਿਆਂ ਦੀ ਅੰਤਾਂ ਦੀ ਮੁਸ਼ਕਲ (Extreme Hardship) ਹੀ ਦਿਖਾਉਣੀ ਪੈਂਦੀ ਹੈ।

ਤੁਰੰਤ ਦੇਸ਼ ਨਿਕਾਲਾ (Removal Proceedings): ਮੌਜੂਦਾ ਵਰਕ ਪਰਮਿਟ (EAD) ਤੁਰੰਤ ਰੱਦ ਕਰ ਕੇ ਡਿਪੋਰਟੇਸ਼ਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਜਾਂਦੀ ਹੈ।

ਅ) ਫੈਡਰਲ ਅਪਰਾਧਿਕ ਸਜ਼ਾਵਾਂ (Federal Criminal Penalties)

ਅਸਾਈਲਮ ਵਿੱਚ ਧੋਖਾਧੜੀ ਕਰਨਾ ਇੱਕ ਗੰਭੀਰ ਸੰਘੀ ਅਪਰਾਧ (Federal Crime) ਹੈ। ਫੈਡਰਲ ਅਦਾਲਤ ਵੱਲੋਂ ਹੇਠ ਲਿਖੀਆਂ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ:

ਨੋਟ (Aggravated Felony): ਜੇਕਰ ਕਿਸੇ ਵਿਅਕਤੀ ਨੂੰ ਇਮੀਗ੍ਰੇਸ਼ਨ ਅਪਰਾਧ ਵਿੱਚ 1 ਸਾਲ ਜਾਂ ਉਸ ਤੋਂ ਵੱਧ ਦੀ ਸਜ਼ਾ ਹੁੰਦੀ ਹੈ, ਤਾਂ ਇਸ ਨੂੰ 'ਸੰਗੀਨ ਅਪਰਾਧ' ਮੰਨਿਆ ਜਾਂਦਾ ਹੈ, ਜਿਸ ਤੋਂ ਬਾਅਦ ਬਿਨਾਂ ਕਿਸੇ ਅਪੀਲ ਦੇ ਸਿੱਧਾ ਦੇਸ਼ ਨਿਕਾਲਾ (Mandatory Deportation) ਦਿੱਤਾ ਜਾਂਦਾ ਹੈ।

ੲ) ਗਲਤ ਸਲਾਹ ਦੇਣ ਵਾਲੇ ਵਕੀਲਾਂ ਅਤੇ ਏਜੰਟਾਂ ਲਈ ਸਜ਼ਾ

ਕਾਨੂੰਨ 18 U.ÃC. § 1546 ਦੇ ਤਹਿਤ ਜੇਕਰ ਕੋਈ ਵਕੀਲ, ਫਾਰਮ ਭਰਨ ਵਾਲਾ (Preparer) ਜਾਂ ਟਰਾਂਸਲੇਟਰ ਜਾਣਬੁੱਝ ਕੇ ਝੂਠੀ ਕਹਾਣੀ ਲਿਖਦਾ ਹੈ ਜਾਂ ਫਰਜ਼ੀ ਕਾਗਜ਼ਾਤ ਤਿਆਰ ਕਰਦਾ ਹੈ, ਤਾਂ ਉਸ ਨੂੰ ਪ੍ਰਤੀ ਕੇਸ 10 ਤੋਂ 15 ਸਾਲ ਤੱਕ ਦੀ ਫੈਡਰਲ ਜੇਲ੍ਹ ਹੋ ਸਕਦੀ ਹੈ ਅਤੇ ਉਸ ਦਾ ਵਕਾਲਤ ਦਾ ਲਾਇਸੈਂਸ ਹਮੇਸ਼ਾ ਲਈ ਰੱਦ (Disbarment) ਕਰ ਦਿੱਤਾ ਜਾਵੇਗਾ।



| ਅਪਰਾਧਿਕ ਧਾਰਾ | ਯੂ.ਐੱਸ. ਕ੍ਰਿਮੀਨਲ ਕੋਡ | ਵੱਧ ਤੋਂ ਵੱਧ ਜੇਲ੍ਹ ਦੀ ਸਜ਼ਾ | ਵੱਧ ਤੋਂ ਵਧ ਜੁਰਮਾਨਾ |
|---|---|---|---|
| ਇਮੀਗ੍ਰੇਸ਼ਨ / ਅਸਾਈਲਮ ਧੋਖਾਧੜੀ | 18 U.S.C. § 1546 | 10 ਸਾਲ ਤੱਕ ਦੀ ਜੇਲ੍ਹ (ਅੱਤਵਾਦ ਨਾਲ ਸਬੰਧ ਹੋਣ 'ਤੇ 15 ਸਾਲ) | $250,000 (ਤਕਰੀਬਨ 2 ਕਰੋੜ ਰੁਪਏ) |
| ਕਸਮ ਖਾ ਕੇ ਝੂਠ ਬੋਲਣਾ (Perjury) | 18 U.S.C. § 1621 | 5 ਸਾਲ ਤੱਕ ਦੀ ਜੇਲ੍ਹ | $250,000 |
| ਗਲਤ ਬਿਆਨ ਦੇਣਾ | 18 U.S.C. § 1001 | 5 ਸਾਲ ਤੱਕ ਦੀ ਜੇਲ੍ਹ | $250,000 |

**ਇਮੀਗ੍ਰੇਸ਼ਨ ਮਾਹਿਰਾਂ ਦੀ ਅਹਿਮ ਸਲਾਹ**

ਬਦਲਦੇ ਹਾਲਾਤਾਂ ਨੂੰ ਦੇਖਦਿਆਂ ਕਾਨੂੰਨੀ ਮਾਹਿਰਾਂ ਨੇ ਅਸਾਈਲਮ ਅਪਲਾਈ ਕਰਨ ਵਾਲੇ ਪ੍ਰਵਾਸੀਆਂ ਨੂੰ ਕੁਝ ਬੇਹੱਦ ਜ਼ਰੂਰੀ ਸਲਾਹਾਂ ਦਿੱਤੀਆਂ ਹਨ:

ਪੂਰੀ ਤਰ੍ਹਾਂ ਸੱਚ ਦਾ ਸਾਥ ਦਿਓ: ਆਪਣੇ ਅਸਾਈਲਮ ਫਾਰਮ (Form I-589) ਵਿੱਚ ਜੋ ਵੀ ਲਿਖੋ, ਉਹ 100% ਸੱਚ ਹੋਣਾ ਚਾਹੀਦਾ ਹੈ। ਅਤੀਤ ਵਿੱਚ ਜਿਨ੍ਹਾਂ ਛੋਟੀਆਂ-ਮੋਟੀਆਂ ਗਲਤੀਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਸੀ, ਹੁਣ ਉਨ੍ਹਾਂ ਦੇ ਆਧਾਰ 'ਤੇ ਵੀ ਕੇਸ ਖ਼ਾਰਜ ਹੋ ਸਕਦਾ ਹੈ।

ਸਿਰਫ਼ ਲਾਇਸੈਂਸਸ਼ੁਦਾ ਵਕੀਲਾਂ ਦੀ ਮਦਦ ਲਓ: ਗੈਰ-ਕਾਨੂੰਨੀ ਏਜੰਟਾਂ, ਨੋਟਰੀ ਪਬਲਿਕ ਜਾਂ ਫਰਜ਼ੀ ਸਲਾਹਕਾਰਾਂ ਦੇ ਚੱਕਰਾਂ ਵਿੱਚ ਆਉਣ ਦੀ ਬਜਾਏ ਸਿਰਫ਼ ਅਮਰੀਕੀ ਬਾਰ ਐਸੋਸੀਏਸ਼ਨ ਤੋਂ ਮਾਨਤਾ ਪ੍ਰਾਪਤ ਅਤੇ ਭਰੋਸੇਮੰਦ ਇਮੀਗ੍ਰੇਸ਼ਨ ਵਕੀਲਾਂ ਦੀਆਂ ਸੇਵਾਵਾਂ ਹੀ ਲਓ।

ਸਬੂਤਾਂ ਦੀ ਖੁਦ ਪੜਤਾਲ ਕਰੋ: ਆਪਣੇ ਪਿੱਛੋਂ (ਭਾਰਤ/ਪੰਜਾਬ ਤੋਂ) ਮੰਗਵਾਏ ਗਏ ਹਰ ਇੱਕ ਦਸਤਾਵੇਜ਼ ਦੀ ਅਸਲੀਅਤ ਨੂੰ ਯਕੀਨੀ ਬਣਾਓ, ਕਿਉਂਕਿ ਇੱਕ ਵੀ ਜਾਅਲੀ ਕਾਗਜ਼ ਤੁਹਾਡੇ ਪੂਰੇ ਕੇਸ ਨੂੰ ਬਰਬਾਦ ਕਰ ਸਕਦਾ ਹੈ।

ਕਾਨੂੰਨ ਦੀ ਨਜ਼ਰ ਵਿੱਚ ਸੱਚਾਈ ਦਾ ਮਿਆਰ: ਅਮਰੀਕੀ ਅਦਾਲਤਾਂ ਮੁਤਾਬਕ, ਜੇਕਰ ਕਿਸੇ ਕੋਲੋਂ ਅਣਜਾਣੇ ਵਿੱਚ, ਭਾਸ਼ਾ ਦੀ ਸਮੱਸਿਆ ਕਰਕੇ (Poor Translation) ਜਾਂ ਯਾਦਦਾਸ਼ਤ ਦੀ ਕਮੀ ਕਰਕੇ ਕੋਈ ਗਲਤੀ ਹੁੰਦੀ ਹੈ, ਤਾਂ ਉਸ ਨੂੰ ਧੋਖਾਧੜੀ ਨਹੀਂ ਮੰਨਿਆ ਜਾਂਦਾ। ਇਹ ਸਖ਼ਤ ਸਜ਼ਾਵਾਂ ਸਿਰਫ਼ ਉਦੋਂ ਹੀ ਲਾਗੂ ਹੁੰਦੀਆਂ ਹਨ ਜਦੋਂ ਸਰਕਾਰ ਇਹ ਸਾਬਤ ਕਰ ਦੇਵੇ ਕਿ ਬਿਨੈਕਾਰ ਨੇ ਕੇਸ ਜਿੱਤਣ ਲਈ ਜਾਣਬੁੱਝ ਕੇ ਅਤੇ ਸੋਚ-ਸਮਝ ਕੇ ਝੂਠ ਦਾ ਸਹਾਰਾ ਲਿਆ ਸੀ।

# ਰਵਨੀਤ ਸਿੰਘ ਬਿੱਟੂ ਮੰਤਰੀ ਦੀ ਕੁਰਸੀ ਅਤੇ ਰਾਜ ਸਭਾ ਸੀਟ ਗੁਆ ਦੇਵੇਗਾ: ਭਗਵੰਤ ਮਾਨ

ਚੰਡੀਗੜ੍ਹ : ਕਦੇ ਸਭ ਤੋਂ ਚੰਗੇ ਦੋਸਤ ਰਹੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਹੁਣ ਇੱਕ ਦੂਜੇ ਦੇ ਵਿਰੋਧੀ ਬਣ ਗਏ ਹਨ। ਅੱਜ ਮੀਡੀਆ ਕਰਮਚਾਰੀਆਂ ਨਾਲ ਗੱਲਬਾਤ ਕਰਦਿਆਂ ਮਾਨ ਨੇ ਕਿਹਾ ਕਿ ਬਿੱਟੂ ਜਲਦੀ ਹੀ ਨਾ ਸਿਰਫ ਆਪਣਾ ਮੰਤਰਾਲਾ ਗੁਆਉਣਗੇ, ਸਗੋਂ ਆਪਣੀ ਰਾਜ ਸਭਾ ਸੀਟ ਵੀ ਗੁਆ ਦੇਣਗੇ। ਉਨ੍ਹਾਂ ਕਿਹਾ, 'ਉਨ੍ਹਾਂ (ਭਾਜਪਾ ਦੀ ਚੋਟੀ ਦੀ ਲੀਡਰਸ਼ਿਪ ਦਾ ਹਵਾਲਾ ਦਿੰਦੇ ਹੋਏ) ਨੇ ਉਸ ਨੂੰ ਵਿਧਾਨ ਸਭਾ ਚੋਣ ਲੜ ਕੇ ਅਤੇ ਜਿੱਤ ਕੇ ਆਪਣੀ ਸਿਆਸੀ ਸਮਰੱਥਾ ਸਾਬਤ ਕਰਨ ਲਈ ਕਿਹਾ ਹੈ। ਇਸੇ ਲਈ ਉਹ ਕਹਿ ਰਿਹਾ ਹੈ ਕਿ 'ਬਹੁਤ ਹੋ ਗਿਆ ਰਾਜ ਸਭਾ ਅਤੇ ਲੋਕ ਸਭਾ'।'

ਮਾਨ ਅਤੇ ਬਿੱਟੂ, ਜੋ 2022 ਵਿੱਚ ਆਮ ਆਦਮੀ ਪਾਰਟੀ ਦੇ ਸੱਤਾ ਵਿੱਚ ਆਉਣ ਅਤੇ ਮਾਨ ਦੇ ਮੁੱਖ ਮੰਤਰੀ ਬਣਨ ਤੋਂ ਬਹੁਤ ਪਹਿਲਾਂ ਦੋਸਤ ਬਣ ਗਏ ਸਨ, ਹਾਲ ਹੀ ਤੱਕ ਕਰੀਬੀ ਦੋਸਤ ਰਹੇ ਸਨ। ਜੇ ਅੰਦਰੂਨੀ ਸੂਤਰਾਂ ਦੀ ਮੰਨੀਏ ਤਾਂ ਦੋਵੇਂ ਅਕਸਰ ਇੱਕ-ਦੂਜੇ ਨਾਲ ਗੱਲਬਾਤ ਕਰਦੇ ਸਨ ਅਤੇ ਨਾ ਸਿਰਫ਼ ਸਿਆਸੀ ਗੱਲਾਂ, ਸਗੋਂ ਆਪਣੇ ਨਿੱਜੀ ਮੁੱਦਿਆਂ ਦਾ ਵੀ ਆਦਾਨ-ਪ੍ਰਦਾਨ ਕਰਦੇ ਸਨ। ਪਰ ਹੁਣ ਜਿਵੇਂ-ਜਿਵੇਂ 'ਆਪ' ਅਤੇ ਭਾਜਪਾ ਦੋਵੇਂ ਚੋਣ ਮੋਡ ਵਿੱਚ ਆ ਰਹੀਆਂ ਹਨ, ਉਨ੍ਹਾਂ ਦੀ ਨਿੱਜੀ ਦੋਸਤੀ ਉਨ੍ਹਾਂ ਦੀ ਵਿਅਕਤੀਗਤ ਰਾਜਨੀਤੀ ਦੀ ਬਲੀ ਚੜ੍ਹਦੀ ਜਾਪਦੀ ਹੈ।

ਉਨ੍ਹਾਂ ਦੇ ਮਤਭੇਦ ਪਿਛਲੇ ਮਹੀਨੇ ਸ਼ਹਿਰੀ ਸਥਾਨਕ ਸਰਕਾਰਾਂ ਦੀਆਂ ਚੋਣਾਂ ਵਾਲੇ ਦਿਨ ਸਾਹਮਣੇ ਆਏ ਸਨ, ਜਦੋਂ ਬਿੱਟੂ ਭਾਜਪਾ ਆਗੂ ਪ੍ਰੋਫੈਸਰ ਓਂਕਾਰ ਸਿੰਘ ਦਾ ਸਮਰਥਨ ਕਰਨ ਲਈ ਮਾਨ ਦੇ ਗੜ੍ਹ ਧੂਰੀ ਅਤੇ ਸੰਗਰੂਰ ਵਿੱਚ ਦਾਖਲ ਹੋਏ ਸਨ। ਓਂਕਾਰ ਸਿੰਘ ਨੂੰ ਸੰਗਰੂਰ ਪੁਲੀਸ ਨੇ ਗੈਰ-ਕਾਨੂੰਨੀ ਤੌਰ 'ਤੇ ਚੋਣ ਵਾਲੇ ਖੇਤਰ ਸੰਗਰੂਰ ਵਿੱਚ ਰਹਿਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ, ਹਾਲਾਂਕਿ ਉਹ ਉੱਥੋਂ ਦਾ ਵੋਟਰ ਨਹੀਂ ਸੀ।

ਓਂਕਾਰ, ਜੋ ਕਦੇ ਮਾਨ ਦੇ ਸਭ ਤੋਂ ਕਰੀਬੀ ਸਹਾਇਕਾਂ ਵਿੱਚੋਂ ਇੱਕ ਸੀ, ਨੂੰ ਮਾਨ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਦਾ ਓਐਸਡੀ (OSD) ਨਿਯੁਕਤ ਕੀਤਾ ਗਿਆ ਸੀ। ਬਾਅਦ ਵਿੱਚ ਉਸ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਸਮਾਂ ਬੀਤਣ ਦੇ ਨਾਲ, ਉਹ ਭਾਜਪਾ ਵਿੱਚ ਸ਼ਾਮਲ ਹੋ ਗਿਆ ਅਤੇ ਮਾਨ ਦੇ ਹਲਕੇ ਧੂਰੀ ਵਿੱਚ ਸਿਆਸੀ ਤੌਰ 'ਤੇ ਸਰਗਰਮ ਰਿਹਾ ਹੈ। ਮਾਨ ਦੇ ਘਰੇਲੂ ਇਲਾਕੇ ਵਿੱਚ ਬਿੱਟੂ ਵੱਲੋਂ ਓਂਕਾਰ ਦਾ ਸਮਰਥਨ ਕਰਨਾ ਮੁੱਖ ਮੰਤਰੀ ਨੂੰ ਚੰਗਾ ਨਹੀਂ ਲੱਗਿਆ, ਜਿਸ ਕਾਰਨ ਕਦੇ ਚੰਗੇ ਦੋਸਤ ਰਹੇ ਦੋਵਾਂ ਆਗੂਆਂ ਵਿਚਕਾਰ ਕੁੜੱਤਣ ਵਧ ਗਈ ਹੈ।





**ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼**

**ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼**

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ



## ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

# ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲਫ਼ਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ

)ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਸਰਸ਼ਾਰ ਹੁੰਦਾ ਮਨ-ਮੰਦਿਰ:** ਰਸਮਾਂ ਦਾ ਸਿਲਸਿਲਾ 'ਖਾਰੇ ਦੀ ਰਸਮ' ਵੀ ਮੈਂ ਪਹਿਲੀ ਵਾਰੀ ਆਪਣੇ ਨਾਨਕੇ ਪਿੰਡ ਹੀ ਦੇਖੀ। ਕੁੜੀ ਦਾ ਵਿਆਹ ਸੀ। ਵਿਆਹ ਵਾਲੇ ਘਰੋਂ ਸਾਡੇ ਘਰ ਸੱਦਾ ਆਇਆ। ਮੈਂ ਆਪਣੀ ਮਾਮੀ ਜੀ ਦੀ ਉਂਗਲੀ ਫੜੀ ਮੂੰਹ-ਹਨ੍ਹੇਰੇ ਵਿਆਹ ਵਾਲੇ ਘਰ ਤੁਰ ਪਈ। ਘਰ ਵਿਚ ਬਣੇ ਗ਼ੁਸਲਖਾਨੇ ਦੇ ਦੁਆਲੇ ਬਹੁਤ ਸਾਰੀਆਂ ਔਰਤਾਂ ਗਾ ਰਹੀਆਂ ਸਨ ਅਤੇ ਇੱਕ ਔਰਤ ਉਸ ਕੁੜੀ ਨੂੰ ਵਟਣਾ ਤੇ ਸਾਬਣ ਲਗਾ ਕੇ ਮਲ ਰਹੀ ਸੀ। ਮੈਂ ਇਸ ਰਸਮ ਨੂੰ ਦੇਖ ਕੇ ਘਬਰਾ ਗਈ ਸਾਂ। ਮੇਰੇ ਮਨ ਵਿਚ ਕਈ ਸਵਾਲ ਪੈਦਾ ਹੋ ਗਏ। ਮੈਂ ਉੱਥੇ ਖੜ੍ਹੀ ਕਦੀ ਗਾਏ ਜਾ ਰਹੇ ਸੁਹਾਗਾਂ ਨੂੰ ਸੁਣਨ ਦੀ ਕੋਸ਼ਿਸ਼ ਕਰਦੀ ਅਤੇ ਕਦੀ ਮੁੜ ਆਪਣੇ ਸਵਾਲਾਂ ਵਿਚ ਗੁੰਮ ਜਾਂਦੀ। ਇਸ ਤੋਂ ਬਾਅਦ ਜਦ ਕਦੀ ਵੀ ਕਿਸੇ ਵਿਆਹ ਵਾਲੇ ਘਰ ਜਾਣ ਦਾ ਮੌਕਾ ਮਿਲਦਾ, ਤਾਂ ਉੱਥੇ ਗਾਏ ਜਾਣ ਵਾਲੇ ਕਈ ਲੋਕਗੀਤ ਮੈਨੂੰ ਇੱਕ ਵਾਰੀ ਸੁਣ ਕੇ ਹੀ ਯਾਦ ਹੋ ਜਾਂਦੇ। ਮੈਂ ਮਨ ਹੀ ਮਨ ਨਵੇਂ ਸੁਣੇ ਗੀਤਾਂ ਨੂੰ ਗੁਣਗੁਣਾਉਂਦੀ ਸਰਸ਼ਾਰ (ਗਦਗਦ) ਹੋ ਜਾਂਦੀ। ਇਸ ਤਰ੍ਹਾਂ ਮੇਰੇ ਮਨ-ਮੰਦਿਰ ਵਿਚ ਬਣਿਆ ਗੀਤਾਂ ਦਾ ਸਰੋਵਰ ਹਰ ਵਾਰੀ ਥੋੜ੍ਹਾ ਜਿਹਾ ਹੋਰ ਭਰ ਜਾਂਦਾ ਸੀ।

ਮੇਰੇ ਆਪਣੇ ਵਿਆਹ ਤੋਂ ਇੱਕ ਦਿਨ ਪਹਿਲਾਂ, ਰਾਤ ਦੇ ਗਾਉਣ ਵੇਲੇ ਮੱਠੀ-ਮੱਠੀ ਭੂਰ (ਕਾਣੀ-ਕਣੀ ਮੀਂਹ) ਪੈ ਰਹੀ ਸੀ। ਆਪਣੇ ਮਹਿੰਦੀ ਲੱਗੇ ਹੱਥਾਂ ਨਾਲ ਬੈਠੀ ਮੈਂ ਸੁਹਾਗ ਸੁਣ ਰਹੀ ਸਾਂ। ਮੇਰੀਆਂ ਚਾਚੀਆਂ-ਤਾਈਆਂ ਗਾ ਰਹੀਆਂ ਸਨ:

**ਭੈਣ ਵਿਆਹ ਡੋਲੇ ਪਾ ਮੇਰੇ ਵੀਰਾ,**
**ਫੇਰ ਗੰਗਾ ਵਿਚ ਨਾਵ੍ਹੇਂਗਾ।**

ਮੈਂ ਬਾਬਲ ਦੇ ਵਿਹੜੇ ਵਿਚ ਇੱਕ ਵੱਡਾ ਪ੍ਰਸ਼ਨ-ਚਿੰਨ੍ਹ ਬਣ ਕੇ ਬੈਠੀ ਸੀ—ਕੀ ਕੱਲ੍ਹ ਨੂੰ ਮੇਰਾ ਭਰਾ ਸੱਚਮੁੱਚ ਗੰਗਾ ਨਹਾਵੇਗਾ? ਪੁਨਰ-ਪਵਿੱਤਰ ਹੋ ਜਾਵੇਗਾ?



**ਸਮੁੰਦਰੋਂ ਪਾਰ ਯਾਦਾਂ ਦੇ ਦੀਵੇ: ਅਮਰੀਕਾ ਦੀ ਧਰਤੀ 'ਤੇ 'ਤੀਆਂ'**

ਪੰਜਾਬੀ ਲੋਕਗੀਤਾਂ ਦਾ ਆਲੋਚਨਾਤਮਕ ਅਧਿਐਨ ਪੜ੍ਹਨ-ਪੜ੍ਹਾਉਣ ਅਤੇ ਸੱਭਿਆਚਾਰ ਬਾਰੇ ਗਹਿਰੀ ਖੋਜ ਤੋਂ ਬਾਅਦ ਮੈਂ ਇਹ ਦਾਅਵੇ ਨਾਲ ਆਖ ਸਕਦੀ ਹਾਂ ਕਿ ਜ਼ਿੰਦਗੀ ਦੇ ਜਟਿਲ ਵਰਤਾਰੇ ਦੀ ਨਿਰਛੱਲ ਪੇਸ਼ਕਾਰੀ ਕਰਨ ਦੇ ਸਮਰੱਥ ਲੋਕਗੀਤਾਂ ਵਿਚਲੀ ਸਾਦਗੀ ਹੀ ਇਨ੍ਹਾਂ ਦੀ ਅਸਲ ਸੁੰਦਰਤਾ ਅਤੇ ਲੰਮੇਰੀ ਉਮਰ ਦਾ ਮੁੱਖ ਕਾਰਨ ਹੈ।

ਵਿਆਹ ਤੋਂ ਬਾਅਦ ਮੈਂ ਜਲਦੀ ਹੀ ਅਮਰੀਕਾ ਆ ਗਈ। ਇੱਥੇ 18 ਜੁਲਾਈ 2012 ਨੂੰ 'ਗੋਲਡਨ ਪੰਜਾਬ ਕਲੱਬ ਯੂ. ਐਸ. ਏ.' (ਨਾਨ-ਪ੍ਰਾਫਿਟ) ਦੇ ਜਨਰਲ ਸਕੱਤਰ ਪ੍ਰੋ. ਬਲਜਿੰਦਰ ਸਿੰਘ ਨੇ ਮੈਨੂੰ 'ਤੀਆਂ' ਦੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਇਹ ਨਵਾਂ ਅਨੁਭਵ ਮੇਰੀ ਜ਼ਿੰਦਗੀ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕਰ ਗਿਆ। ਮੇਲੇ ਦੌਰਾਨ ਕਈ ਭੁੱਲੇ-ਵਿਸਰੇ ਲੋਕਗੀਤ ਅਤੇ ਗਿੱਧੇ ਦੀਆਂ ਬੋਲੀਆਂ ਆਪ-ਮੁਹਾਰੇ ਮੇਰੀ ਜ਼ਬਾਨ 'ਤੇ ਆ ਗਏ। ਇਹ ਲੋਕਗੀਤ ਅਤੇ ਲੋਕ-ਬੋਲੀਆਂ ਉੱਠਦੇ-ਬੈਠਦੇ ਮੇਰੇ ਨਾਲ ਤੁਰਨ ਲੱਗ ਪਏ। ਇਨ੍ਹਾਂ ਦਿਨਾਂ ਵਿਚ ਮੈਂ ਇਹ ਸੁਹਾਗ ਵਾਰ-ਵਾਰ ਗੁਣਗੁਣਾਇਆ:

**ਚੜ੍ਹ ਵੇ ਚੰਦਵਿੰਦਿਆ ਚੰਦਾ ਚਾਨਣ ਕਰੀਂ ਵੇ ਚੁਫ਼ੇਰੇ,**
**ਕਿਹੜੇ ਰਾਜੇ ਨੇ ਢੁੱਕਣਾ, ਧਰਮੀ ਬਾਬਲ ਦੇ ਵੇਹੜੇ।**

ਇਸ ਸੁਹਾਗ ਨੂੰ ਗੁਣਗੁਣਾਉਂਦੇ ਹੀ ਮੈਂ ਖਿਆਲ-ਉਡਾਰੀ ਰਾਹੀਂ ਪਲਾਂ ਵਿਚ ਆਪਣੀ ਦਾਦੀ ਦੇ ਵਿਹੜੇ ਅਤੇ ਬਾਬੇ ਦੇ ਖੇੜੇ ਪੁੱਜ ਜਾਂਦੀ। ਮੇਰੀਆਂ ਅੱਖਾਂ ਅੱਗੇ ਆਪਣੇ ਵਿਆਹ ਦਾ ਦ੍ਰਿਸ਼ ਵਾਰ-ਵਾਰ ਘੁੰਮਦਾ। ਮੈਂ ਵਿਆਹ ਦੀ ਮੂਵੀ ਲਗਾ ਕੇ ਆਪਣੀ ਅੰਮੜੀ ਅਤੇ ਬਾਬਲ ਦੇ ਸ਼ਗਨਾਂ ਭਰੇ ਵਿਹੜੇ ਨੂੰ ਨਿਹਾਰਦੀ। 22 ਵਰ੍ਹੇ ਪਹਿਲਾਂ ਢੁੱਕੀ ਜੰਞ ਵਿਚ ਭਰਾਵਾਂ ਸੰਗ ਵਰ ਦੇ ਰੂਪ ਵਿਚ ਸਿਹਰਾ ਬੰਨ੍ਹੀਂ ਖੜ੍ਹੇ ਆਪਣੇ ਜੀਵਨ ਸਾਥੀ 'ਲਾਜ' ਨੂੰ ਤੱਕ ਕੇ, ਮੂਨਕ ਕਲਾਂ ਤੋਂ ਤੂਰਾਂ (ਸਹੁਰਾ ਪਿੰਡ) ਅਤੇ ਤੂਰਾਂ ਤੋਂ ਅਮਰੀਕਾ ਤੱਕ ਦੇ ਰੰਗੀਨ ਜੀਵਨ-ਪੰਧ ਨੂੰ ਯਾਦ ਕਰਦਿਆਂ ਯਾਦਾਂ ਦੇ ਦੀਵੇ ਬਾਲਦੀ ਰਹੀ। ਮੇਰੀਆਂ ਅੱਖਾਂ ਵਿਚ ਨੀਰ (ਹੰਝੂ) ਭਰਦਾ ਰਿਹਾ। ਮੈਂ ਆਪਣੇ ਵਿਛੜੇ ਜਨਮ-ਦਾਤੇ ਨੂੰ ਯਾਦ ਕਰਕੇ ਹਾਉਕੇ ਭਰਦੀ ਹੋਈ ਗਾਉਂਦੀ ਰਹੀ:

**ਕਣਕ ਤਾਂ ਛੋਲਿਆਂ ਦਾ ਖੇਤ,**
**ਹੌਲੀ-ਹੌਲੀ ਨਿਸਰ ਗਿਆ।**
**ਬਾਬਲ ਸਧਰਮੀ ਦਾ ਦੇਸ,**
**ਹੌਲੀ-ਹੌਲੀ ਵਿਸਰ ਗਿਆ।**

**ਸਾਹਿਤਕ ਸਫ਼ਰ ਅਤੇ ਪਰਿਵਾਰਕ ਸਹਿਯੋਗ**

ਇੱਕ ਦਿਨ ਮੈਂ ਕਿਹਾ, "ਲਾਜ! ਮੈਂ ਤਾਂ ਸੋਚ ਰਹੀ ਹਾਂ ਜਿੰਨੀਆਂ ਕੁ ਬੋਲੀਆਂ ਆਉਂਦੀਆਂ ਹਨ, ਸਭ ਨੂੰ ਲਿਖ ਕੇ ਇੱਕ ਕਿਤਾਬ ਛਪਵਾ ਦੇਵਾਂ।"ਲਾਜ ਨੇ ਖ਼ੁਸ਼ ਹੋ ਕੇ ਕਿਹਾ, "ਨੀਲਮ, ਤੇਰੀ ਤਾਂ ਇਸ ਵਿਸ਼ੇ 'ਤੇ ਪੂਰੀ ਪਕੜ ਹੈ।

(ਚਲਦਾ)

## ਪਟਨਾ 'ਚ ਸਿਹਤ ਕਰਮਚਾਰੀਆਂ ਦਾ ਹੱਲਾਬੋਲ

# ਵਧੇਰੇ ਤਨਖ਼ਾਹਾਂ ਅਤੇ ਭੱਤਿਆਂ ਦੀ ਮੰਗ ਨੂੰ ਲੈ ਕੇ ਸੜਕਾਂ 'ਤੇ ਉਤਰੇ ਹਜ਼ਾਰਾਂ ਮੁਲਾਜ਼ਮ

ਪਟਨਾ : ਬਿਹਾਰ ਦੀ ਰਾਜਧਾਨੀ ਪਟਨਾ ਵਿੱਚ ਸੋਮਵਾਰ ਨੂੰ ਸਿਹਤ ਵਿਭਾਗ ਦੇ ਕਰਮਚਾਰੀਆਂ ਨੇ ਆਪਣੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਲੈ ਕੇ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ। ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਹਜ਼ਾਰਾਂ ਸਿਹਤ ਕਰਮਚਾਰੀਆਂ (Health Workers) ਨੇ ਇਕੱਠੇ ਹੋ ਕੇ ਵਧੇਰੇ ਤਨਖ਼ਾਹਾਂ (Higher Wages), ਪੱਕੀ ਨੌਕਰੀ ਅਤੇ ਬਿਹਤਰ ਸਹੂਲਤਾਂ ਦੀ ਮੰਗ ਲਈ ਇੱਕ ਵਿਸ਼ਾਲ ਅਤੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ।

ਪ੍ਰਦਰਸ਼ਨਕਾਰੀ ਮੁਲਾਜ਼ਮਾਂ, ਜਿਨ੍ਹਾਂ ਵਿੱਚ ਪੈਰਾਮੈਡੀਕਲ ਸਟਾਫ਼, ਨਰਸਾਂ ਅਤੇ ਕੰਟਰੈਕਟ (ਠੇਕੇ) 'ਤੇ ਕੰਮ ਕਰਨ ਵਾਲੇ ਸਿਹਤ ਕਰਮੀ ਸ਼ਾਮਲ ਸਨ, ਨੇ ਪਟਨਾ ਦੀਆਂ ਸੜਕਾਂ 'ਤੇ ਮਾਰਚ ਕੱਢਿਆ ਅਤੇ ਸਿਹਤ ਮੰਤਰਾਲੇ ਤੇ ਸੂਬਾ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ।





ਮਹਿੰਗਾਈ ਦੇ ਦੌਰ ਵਿੱਚ ਗੁਜ਼ਾਰਾ ਕਰਨਾ ਮੁਸ਼ਕਿਲ ਸੰਗਠਨ ਦੇ ਆਗੂਆਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੋਸ਼ ਲਾਇਆ ਕਿ ਕੋਰੋਨਾ ਕਾਲ ਤੋਂ ਲੈ ਕੇ ਹੁਣ ਤੱਕ ਸਿਹਤ ਕਰਮਚਾਰੀਆਂ ਨੇ ਦਿਨ-ਰਾਤ ਜਨਤਾ ਦੀ ਸੇਵਾ ਕੀਤੀ ਹੈ, ਪਰ ਸਰਕਾਰ ਉਨ੍ਹਾਂ ਦੀ ਆਰਥਿਕ ਸਥਿਤੀ ਵੱਲ ਕੋਈ ਧਿਆਨ ਨਹੀਂ ਦੇ ਰਹੀ। ਮੌਜੂਦਾ ਸਮੇਂ ਵਿੱਚ ਉਨ੍ਹਾਂ ਨੂੰ ਮਿਲ ਰਹੀ ਤਨਖ਼ਾਹ ਬਹੁਤ ਘੱਟ ਹੈ, ਜਿਸ ਕਾਰਨ ਇਸ ਭਿਆਨਕ ਮਹਿੰਗਾਈ ਦੇ ਦੌਰ ਵਿੱਚ ਪਰਿਵਾਰ ਦਾ ਗੁਜ਼ਾਰਾ ਕਰਨਾ ਬੇਹੱਦ ਮੁਸ਼ਕਿਲ ਹੋ ਗਿਆ ਹੈ।

ਉਨ੍ਹਾਂ ਮੰਗ ਕੀਤੀ ਕਿ ਸਮਾਨ ਕੰਮ ਲਈ ਸਮਾਨ ਤਨਖ਼ਾਹ ਦੀ ਨੀਤੀ ਲਾਗੂ ਕੀਤੀ ਜਾਵੇ ਅਤੇ ਸਾਰੇ ਮਾਨਤਾ ਪ੍ਰਾਪਤ ਸਿਹਤ ਕਰਮਚਾਰੀਆਂ ਦੇ ਮਾਸਿਕ ਭੱਤਿਆਂ ਵਿੱਚ ਤੁਰੰਤ ਵਾਧਾ ਕੀਤਾ ਜਾਵੇ।

ਮੰਗਾਂ ਨਾ ਮੰਨਣ 'ਤੇ ਹੜਤਾਲ ਦੀ ਚੇਤਾਵਨੀ ਪ੍ਰਦਰਸ਼ਨ ਦੀ ਉਗਰਤਾ ਨੂੰ ਦੇਖਦੇ ਹੋਏ ਪਟਨਾ ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ ਅਤੇ ਕਈ ਥਾਵਾਂ 'ਤੇ ਬੈਰੀਕੇਡ ਲਗਾ ਕੇ ਪ੍ਰਦਰਸ਼ਨਕਾਰੀਆਂ ਨੂੰ ਰੋਕਿਆ ਗਿਆ। ਸਿਹਤ ਮੁਲਾਜ਼ਮਾਂ ਦੇ ਯੂਨੀਅਨ ਆਗੂਆਂ ਨੇ ਸਾਫ਼ ਸ਼ਬਦਾਂ ਵਿੱਚ ਚੇਤਾਵਨੀ ਦਿੱਤੀ ਹੈ ਕਿ ਜੇਕਰ ਬਿਹਾਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ 'ਤੇ ਤੁਰੰਤ ਕੋਈ ਸਕਾਰਾਤਮਕ ਫ਼ੈਸਲਾ ਨਾ ਲਿਆ, ਤਾਂ ਆਉਣ ਵਾਲੇ ਦਿਨਾਂ ਵਿੱਚ ਸੂਬੇ ਭਰ ਵਿੱਚ ਸਿਹਤ ਸੇਵਾਵਾਂ ਨੂੰ ਮੁਕੰਮਲ ਤੌਰ 'ਤੇ ਠੱਪ ਕਰਕੇ ਇੱਕ ਅਣਮਿੱਥੇ ਸਮੇਂ ਦੀ ਹੜਤਾਲ ਸ਼ੁਰੂ ਕੀਤੀ ਜਾਵੇਗੀ।

### ਆਜ਼ਾਦੀ ਦੇ 250 ਸਾਲ - ਇੱਕ ਮਹਾਨ ਸੰਕਲਪ ਦੀ ਅਮਰ ਗਾਥਾ

ਅੱਜ ਤੋਂ ਠੀਕ ਢਾਈ ਸਦੀਆਂ ਪਹਿਲਾਂ, ਜੁਲਾਈ 1776 ਦੇ ਉਨ੍ਹਾਂ ਇਤਿਹਾਸਕ ਦਿਨਾਂ ਵਿੱਚ, ਫਿਲਾਡੈਲਫੀਆ ਦੀ ਇੱਕ ਸਭਾ ਵਿੱਚ ਮਨੁੱਖੀ ਇਤਿਹਾਸ ਦਾ ਸਭ ਤੋਂ ਸਾਹਸੀ ਅਤੇ ਪਰਿਵਰਤਨਕਾਰੀ ਦਸਤਾਵੇਜ਼ ਲਿਖਿਆ ਗਿਆ ਸੀ—'ਆਜ਼ਾਦੀ ਦਾ ਐਲਾਨਨਾਮਾ' (The Declaration of Independence)। ਅੱਜ ਜਦੋਂ ਅਸੀਂ ਇਸ ਮਹਾਨ ਘੋਸ਼ਣਾ-ਪੱਤਰ ਦੀ 250ਵੀਂ ਇਤਿਹਾਸਕ ਵਰ੍ਹੇਗੰਢ (Semicuincentennial) ਮਨਾ ਰਹੇ ਹਾਂ, ਤਾਂ ਇਤਿਹਾਸ ਦੇ ਉਹ ਦ੍ਰਿੜ ਇਰਾਦੇ ਸਾਡੇ ਸਾਹਮਣੇ ਸਾਕਾਰ ਹੋ ਉੱਠਦੇ ਹਨ ਜਿਨ੍ਹਾਂ ਨੇ ਇੱਕ ਮਹਾਨ ਰਾਸ਼ਟਰ ਨੂੰ ਜਨਮ ਦਿੱਤਾ ਅਤੇ ਆਉਣ ਵਾਲੀਆਂ ਨਸਲਾਂ ਦੀ ਤਕਦੀਰ ਬਦਲ ਦਿੱਤੀ। ਇਹ ਕੇਵਲ ਤੇਰਾਂ ਬਸਤੀਆਂ ਵੱਲੋਂ ਬ੍ਰਿਟਿਸ਼ ਤਾਜ ਦੇ ਖ਼ਿਲਾਫ਼ ਕਿਸੇ ਸਧਾਰਨ ਬਗਾਵਤ ਦਾ ਐਲਾਨ ਨਹੀਂ ਸੀ, ਬਲਕਿ ਇਹ ਮਨੁੱਖੀ ਆਜ਼ਾਦੀ, ਬਰਾਬਰੀ ਅਤੇ ਸਵੈ-ਮਾਣ ਦਾ ਇੱਕ ਅਜਿਹਾ ਵਿਸ਼ਵਵਿਆਪੀ ਮੈਨੀਫੈਸਟੋ (ਸੰਕਲਪ-ਪੱਤਰ) ਸੀ ਜਿਸ ਨੇ ਰਾਜਿਆਂ ਅਤੇ ਤਾਨਾਸ਼ਾਹਾਂ ਦੇ ਸਦੀਆਂ ਪੁਰਾਣੇ ਹੰਕਾਰ ਨੂੰ ਚੂਰ-ਚੂਰ ਕਰ ਦਿੱਤਾ। ਇਹ ਦਸਤਾਵੇਜ਼ ਸਿਰਫ਼ ਅਮਰੀਕਾ ਦੀ ਜਾਇਦਾਦ ਨਹੀਂ, ਸਗੋਂ ਦੁਨੀਆ ਭਰ ਵਿੱਚ ਜਬਰ, ਜ਼ੁਲਮ ਅਤੇ ਗੁਲਾਮੀ ਵਿਰੁੱਧ ਲੜਨ ਵਾਲੀ ਹਰ ਰੂਹ ਲਈ ਇੱਕ ਅਮਰ ਪ੍ਰੇਰਨਾ ਸਰੋਤ ਹੈ, ਜਿਸ ਨੇ ਪੂਰੀ ਦੁਨੀਆ ਵਿੱਚ ਆਧੁਨਿਕ ਲੋਕਤੰਤਰ ਦੀ ਨੀਂਹ ਰੱਖੀ। ਇੱਕ ਅਮਰ ਫ਼ਲਸਫ਼ਾ: 'ਸਾਰੇ ਮਨੁੱਖ ਬਰਾਬਰ ਹਨ' ਥਾਮਸ ਜੈਫਰਸਨ ਦੀ ਸ਼ਾਹਕਾਰ ਕਲਮ ਅਤੇ ਜੌਨ ਹੈਨਕੌਕ ਸਮੇਤ 56 ਅਮਰ ਹਸਤਾਖ਼ਰਾਂ ਦੁਆਰਾ ਪ੍ਰਮਾਣਿਤ ਇਹ ਲਿਖਤ ਕੋਈ ਸਧਾਰਨ ਸਿਆਸੀ ਸਮਝੌਤਾ ਨਹੀਂ ਸੀ। ਇਸ ਦੀਆਂ ਸ਼ੁਰੂਆਤੀ ਲਾਈਨਾਂ ਅੱਜ ਵੀ ਮਨੁੱਖਤਾ ਦੇ ਦਿਲਾਂ ਵਿੱਚ ਇੱਕ ਨਵਾਂ ਹੌਂਸਲਾ ਅਤੇ ਕੰਬਣੀ ਪੈਦਾ ਕਰਦੀਆਂ ਹਨ: 'ਅਸੀਂ ਇਨ੍ਹਾਂ ਸੱਚਾਈਆਂ ਨੂੰ ਸਵੈ-ਸਿੱਧ ਅਤੇ ਸਪੱਸ਼ਟ ਮੰਨਦੇ ਹਾਂ, ਕਿ ਸਾਰੇ ਮਨੁੱਖ ਬਰਾਬਰ ਪੈਦਾ ਕੀਤੇ ਗਏ ਹਨ ਅਤੇ ਉਨ੍ਹਾਂ ਦੇ ਸਿਰਜਣਹਾਰ ਦੁਆਰਾ ਉਨ੍ਹਾਂ ਨੂੰ ਕੁਝ ਅਜਿਹੇ ਅਟੁੱਟ ਅਧਿਕਾਰ ਦਿੱਤੇ ਗਏ ਹਨ, ਜਿਨ੍ਹਾਂ ਵਿੱਚ ਜੀਵਨ, ਆਜ਼ਾਦੀ ਅਤੇ ਖੁਸ਼ੀ ਦੀ ਭਾਲ ਸ਼ਾਮਲ ਹੈ...' ਇਹ ਸ਼ਬਦ ਉਸ ਦੌਰ ਵਿੱਚ ਲਿਖੇ ਗਏ ਸਨ ਜਦੋਂ ਦੁਨੀਆ ਭਰ ਵਿੱਚ ਰਾਜਿਆਂ ਦਾ 'ਦੈਵੀ ਅਧਿਕਾਰ' (Divine Right of Kings) ਚੱਲਦਾ ਸੀ, ਜਿੱਥੇ ਰਾਜੇ ਨੂੰ ਹੀ ਰੱਬ ਦਾ ਰੂਪ ਮੰਨਿਆ ਜਾਂਦਾ ਸੀ। ਇਸ ਐਲਾਨਨਾਮੇ ਨੇ ਪਹਿਲੀ ਵਾਰ ਦੁਨੀਆ ਨੂੰ ਹਲੂਣ ਕੇ ਦੱਸਿਆ ਕਿ ਸਰਕਾਰਾਂ ਲੋਕਾਂ ਉੱਤੇ ਹਕੂਮਤ ਕਰਨ ਲਈ ਨਹੀਂ, ਬਲਕਿ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਰੱਖਿਆ ਕਰਨ ਲਈ ਬਣਦੀਆਂ ਹਨ। ਜੇਕਰ ਕੋਈ ਵੀ ਸਰਕਾਰ ਤਾਨਾਸ਼ਾਹ ਬਣ ਕੇ ਇਨ੍ਹਾਂ ਉਦੇਸ਼ਾਂ ਨੂੰ ਕੁਚਲਦੀ ਹੈ, ਤਾਂ ਉਸ ਨੂੰ ਬਦਲ ਦੇਣਾ ਜਾਂ ਉਖਾੜ ਸੁੱਟਣਾ ਜਨਤਾ ਦਾ ਜਨਮਸਿੱਧ ਅਧਿਕਾਰ ਅਤੇ ਫ਼ਰਜ਼ ਹੈ। ਇਸ ਵਿਸ਼ੇਸ਼ ਅੰਕ ਵਿੱਚ, ਅਸੀਂ ਤੁਹਾਡੇ ਲਈ 'ਆਜ਼ਾਦੀ ਦਾ ਐਲਾਨਨਾਮਾ' ਪੂਰੇ ਵਿਸਥਾਰ ਅਤੇ ਸ਼ੁੱਧ ਪੰਜਾਬੀ ਅਨੁਵਾਦ ਵਿੱਚ ਲੈ ਕੇ ਆਏ ਹਾਂ। ਬ੍ਰਿਟਿਸ਼ ਰਾਜੇ ਜੌਰਜ 999 ਵਿਰੁੱਧ ਲਗਾਏ ਗਏ ਉਹ 27 ਇਤਿਹਾਸਕ ਦੋਸ਼—ਜਿਨ੍ਹਾਂ ਵਿੱਚ ਟੈਕਸਾਂ ਦੀ ਮਨਮਰਜ਼ੀ, ਨਿਆਂ ਵਿੱਚ ਰੁਕਾਵਟਾਂ, ਅਤੇ ਫ਼ੌਜੀ ਜ਼ੁਲਮ ਸ਼ਾਮਲ ਸਨ—ਅੱਜ ਵੀ ਸਾਨੂੰ ਯਾਦ ਦਿਵਾਉਂਦੇ ਹਨ ਕਿ ਲੋਕਤੰਤਰ ਅਤੇ ਆਜ਼ਾਦੀ ਨੂੰ ਬਣਾਈ ਰੱਖਣ ਲਈ ਹਰ ਦੌਰ ਵਿੱਚ ਕਿੰਨੀ ਵੱਡੀ ਕੀਮਤ ਚੁਕਾਉਣੀ ਪੈਂਦੀ ਹੈ। ਤਾਨਾਸ਼ਾਹੀ ਦੀਆਂ ਜ਼ੰਜੀਰਾਂ ਨੂੰ ਤੋੜਨ ਵਾਲਾ ਇਹ ਐਲਾਨਨਾਮਾ ਢਾਈ ਸਦੀਆਂ ਬਾਅਦ ਵੀ ਉੰਨਾ ਹੀ ਪ੍ਰਾਸੰਗਿਕ, ਤਾਜ਼ਾ ਅਤੇ ਸ਼ਕਤੀਸ਼ਾਲੀ ਹੈ। ਇਹ ਇਤਿਹਾਸਕ ਪਾਠ ਕੇਵਲ ਅਤੀਤ ਦੀ ਕੋਈ ਯਾਦ ਨਹੀਂ, ਸਗੋਂ ਵਰਤਮਾਨ ਲਈ ਇੱਕ ਹੋਕਾ ਹੈ। ਆਓ, ਇਸ 250ਵੀਂ ਵਰ੍ਹੇਗੰਢ ਦੇ ਮਹਾਨ ਪੜਾਅ 'ਤੇ ਉਨ੍ਹਾਂ 56 ਦੇਸ਼ਭਗਤਾਂ ਦੇ ਹੌਸਲੇ ਨੂੰ ਸਲਾਮ ਕਰੀਏ ਜਿਨ੍ਹਾਂ ਨੇ ਇਸ ਦਸਤਾਵੇਜ਼ ਦੇ ਅਖੀਰ ਵਿੱਚ ਆਪਣਾ ਸਭ ਕੁਝ ਦਾਅ 'ਤੇ ਲਾਉਂਦੇ ਹੋਏ ਲਿਖਿਆ ਸੀ ਕਿ ਉਹ ਇਸ ਆਜ਼ਾਦੀ ਲਈ 'ਆਪਣੀਆਂ ਜਾਨਾਂ, ਆਪਣੀਆਂ ਜਾਇਦਾਦਾਂ ਅਤੇ ਆਪਣੀ ਪਵਿੱਤਰ ਅਣਖ' ਦੀ ਸਹੁੰ ਖਾਂਦੇ ਹਨ। ਆਓ, ਇਸ ਵਿਸ਼ੇਸ਼ ਅਨੁਵਾਦ ਰਾਹੀਂ ਇਤਿਹਾਸ ਦੇ ਉਨ੍ਹਾਂ ਸੁਨਹਿਰੀ ਪੰਨਿਆਂ ਨੂੰ ਮੁੜ ਜਿਊਂਈਏ ਅਤੇ ਆਪਣੇ ਦਿਲਾਂ ਵਿੱਚ ਆਜ਼ਾਦੀ ਦੇ ਇਸ ਪਵਿੱਤਰ ਦੀਵੇ ਦੀ ਲਾਟ ਨੂੰ ਹਮੇਸ਼ਾ ਬਲਦਾ ਰੱਖੀਏ। - ਸਤਨਾਮ ਸਿੰਘ ਖਾਲਸਾ

# ਆਜ਼ਾਦੀ ਦਾ ਐਲਾਨਨਾਮਾ (The Declaration of Independence)

## ਅਮਰੀਕੀ ਬਸਤੀਆਂ ਦੀ ਦੂਜੀ ਮਹਾਂਦੀਪੀ ਕਾਂਗਰਸ ਦੀ ਕਾਰਵਾਈ - 4 ਜੁਲਾਈ, 1776

## ਅਮਰੀਕਾ ਦੀਆਂ ਤੇਰਾਂ ਸੰਯੁਕਤ ਰਿਆਸਤਾਂ ਵੱਲੋਂ ਸਰਬਸੰਮਤੀ ਨਾਲ ਜਾਰੀ ਕੀਤਾ ਗਿਆ ਇੱਕਮਤ ਇਤਿਹਾਸਕ ਐਲਾਨਨਾਮਾ

ਜਦੋਂ ਮਨੁੱਖੀ ਇਤਿਹਾਸ ਦੇ ਦੌਰਾਨ, ਇੱਕ ਕੌਮ ਲਈ ਉਨ੍ਹਾਂ ਰਾਜਨੀਤਿਕ ਬੰਧਨਾਂ ਨੂੰ ਤੋੜਨਾ ਜ਼ਰੂਰੀ ਹੋ ਜਾਂਦਾ ਹੈ ਜਿਨ੍ਹਾਂ ਨੇ ਉਨ੍ਹਾਂ ਨੂੰ ਦੂਜੀ ਕੌਮ ਨਾਲ ਜੋੜਿਆ ਹੋਇਆ ਸੀ ਅਤੇ ਧਰਤੀ ਦੀਆਂ ਸ਼ਕਤੀਆਂ ਦੇ ਵਿਚਕਾਰ ਉਹ ਵੱਖਰਾ ਅਤੇ ਬਰਾਬਰ ਦਾ ਸਥਾਨ ਹਾਸਲ ਕਰਨਾ ਹੁੰਦਾ ਹੈ ਜਿਸਦੇ ਕੁਦਰਤ ਦੇ ਨਿਯਮ ਅਤੇ ਕੁਦਰਤ ਦੇ ਰੱਬ ਉਨ੍ਹਾਂ ਨੂੰ ਹੱਕਦਾਰ ਬਣਾਉਂਦੇ ਹਨ, ਤਾਂ ਮਨੁੱਖਤਾ ਦੇ ਵਿਚਾਰਾਂ ਪ੍ਰਤੀ ਇੱਕ ਉਚਿਤ ਸਤਿਕਾਰ ਇਹ ਮੰਗ ਕਰਦਾ ਹੈ ਕਿ ਉਹ ਉਨ੍ਹਾਂ ਕਾਰਨਾਂ ਦਾ ਖੁਲਾਸਾ ਕਰਨ ਜੋ ਉਨ੍ਹਾਂ ਨੂੰ ਵੱਖ ਹੋਣ ਲਈ ਮਜਬੂਰ ਕਰਦੇ ਹਨ।

ਅਸੀਂ ਇਨ੍ਹਾਂ ਸੱਚਾਈਆਂ ਨੂੰ ਸਵੈ-ਸਿੱਧ ਅਤੇ ਸਪੱਸ਼ਟ ਮੰਨਦੇ ਹਾਂ, ਕਿ ਸਾਰੇ ਮਨੁੱਖ ਬਰਾਬਰ ਪੈਦਾ ਕੀਤੇ ਗਏ ਹਨ ਅਤੇ ਉਨ੍ਹਾਂ ਦੇ ਸਿਰਜਣਹਾਰ ਦੁਆਰਾ ਉਨ੍ਹਾਂ ਨੂੰ ਕੁਝ ਅਜਿਹੇ ਅਟੁੱਟ ਅਧਿਕਾਰ ਦਿੱਤੇ ਗਏ ਹਨ, ਜਿਨ੍ਹਾਂ ਵਿੱਚ ਜੀਵਨ, ਆਜ਼ਾਦੀ ਅਤੇ ਖੁਸ਼ੀ ਦੀ ਭਾਲ ਸ਼ਾਮਲ ਹੈ—ਕਿ ਇਨ੍ਹਾਂ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਲਈ, ਮਨੁੱਖਾਂ ਵਿੱਚ ਸਰਕਾਰਾਂ ਸਥਾਪਿਤ ਕੀਤੀਆਂ ਜਾਂਦੀਆਂ ਹਨ, ਜੋ ਆਪਣੀਆਂ ਜਾਇਜ਼ ਸ਼ਕਤੀਆਂ ਸ਼ਾਸਿਤ ਜਨਤਾ ਦੀ ਸਹਿਮਤੀ ਤੋਂ ਪ੍ਰਾਪਤ ਕਰਦੀਆਂ ਹਨ।

ਜਦੋਂ ਵੀ ਕੋਈ ਸਰਕਾਰ ਇਨ੍ਹਾਂ ਉਦੇਸ਼ਾਂ ਲਈ ਵਿਨਾਸ਼ਕਾਰੀ ਬਣ ਜਾਂਦੀ ਹੈ, ਤਾਂ ਇਹ ਜਨਤਾ ਦਾ ਅਧਿਕਾਰ ਹੈ ਕਿ ਉਹ ਉਸਨੂੰ ਬਦਲ ਦੇਵੇ ਜਾਂ ਖ਼ਤਮ ਕਰ ਦੇਵੇ ਅਤੇ ਇੱਕ ਨਵੀਂ ਸਰਕਾਰ ਦੀ ਸਥਾਪਨਾ ਕਰੇ, ਜਿਸਦੀ ਨੀਂਹ ਅਜਿਹੇ ਸਿਧਾਂਤਾਂ 'ਤੇ ਰੱਖੀ ਜਾਵੇ ਅਤੇ ਉਸਦੀਆਂ ਸ਼ਕਤੀਆਂ ਨੂੰ ਅਜਿਹੇ ਰੂਪ ਵਿੱਚ ਸੰਗਠਿਤ ਕੀਤਾ ਜਾਵੇ, ਜੋ ਉਨ੍ਹਾਂ ਨੂੰ ਆਪਣੀ ਸੁਰੱਖਿਆ ਅਤੇ ਖੁਸ਼ੀ ਲਈ ਸਭ ਤੋਂ ਵੱਧ ਯੋਗ ਲੱਗੇ।

ਬੇਸ਼ੱਕ, ਸਮਝਦਾਰੀ ਇਹ ਕਹੇਗੀ ਕਿ ਲੰਮੇ ਸਮੇਂ ਤੋਂ ਸਥਾਪਿਤ ਸਰਕਾਰਾਂ ਨੂੰ ਮਾਮੂਲੀ ਅਤੇ ਅਸਥਾਈ ਕਾਰਨਾਂ ਕਰਕੇ ਬਦਲਿਆ ਨਹੀਂ ਜਾਣਾ ਚਾਹੀਦਾ; ਅਤੇ ਉਸਦੇ ਮੁਤਾਬਕ ਸਾਰੇ ਤਜ਼ਰਬਿਆਂ ਨੇ ਇਹ ਦਿਖਾਇਆ ਹੈ, ਕਿ ਮਨੁੱਖਤਾ ਉਨ੍ਹਾਂ ਪ੍ਰਣਾਲੀਆਂ ਨੂੰ ਖ਼ਤਮ ਕਰਕੇ ਆਪਣੇ ਆਪ ਨੂੰ ਸੁਧਾਰਨ ਨਾਲੋਂ—ਜਿਨ੍ਹਾਂ ਦੀ ਉਹ ਆਦੀ ਹੋ ਚੁੱਕੀ ਹੈ—ਬੁਰਾਈਆਂ ਨੂੰ ਸਹਿਣ ਲਈ ਜ਼ਿਆਦਾ ਤਿਆਰ ਹੁੰਦੀ ਹੈ, ਜਦੋਂ ਤੱਕ ਕਿ ਉਹ ਬੁਰਾਈਆਂ ਸਹਿਣਯੋਗ ਹੋਣ।

ਪਰ ਜਦੋਂ ਲਗਾਤਾਰ ਹੋਣ ਵਾਲੇ ਅੱਤਿਆਚਾਰਾਂ ਅਤੇ ਧੱਕੇਸ਼ਾਹੀਆਂ ਦੀ ਇੱਕ ਲੰਮੀ ਲੜੀ, ਹਮੇਸ਼ਾ ਇੱਕੋ ਮਕਸਦ ਦਾ ਪਿੱਛਾ ਕਰਦੇ ਹੋਏ, ਲੋਕਾਂ ਨੂੰ ਇੱਕ ਪੂਰਨ ਤਾਨਾਸ਼ਾਹੀ ਦੇ ਅਧੀਨ ਲਿਆਉਣ ਦਾ ਇਰਾਦਾ ਜ਼ਾਹਰ ਕਰਦੀ ਹੈ, ਤਾਂ ਇਹ ਉਨ੍ਹਾਂ ਦਾ ਅਧਿਕਾਰ ਹੈ, ਇਹ ਉਨ੍ਹਾਂ ਦਾ ਫ਼ਰਜ਼ ਹੈ, ਕਿ ਉਹ ਅਜਿਹੇ ਨਿਰੰਕੁਸ਼ ਸ਼ਾਸਨ ਨੂੰ ਉਖਾੜ ਸੁੱਟਣ, ਅਤੇ ਆਪਣੀ ਭਵਿੱਖ ਦੀ ਸੁਰੱਖਿਆ ਲਈ ਨਵੇਂ ਰਾਖੇ ਨਿਯੁਕਤ ਕਰਨ।

ਇਨ੍ਹਾਂ ਬਸਤੀਆਂ ਨੇ ਅਜਿਹੇ ਹੀ ਸਬਰ ਨਾਲ ਦੁੱਖ ਝੱਲੇ ਹਨ; ਅਤੇ ਹੁਣ ਇਹੀ ਉਹ ਲੋੜ ਹੈ ਜੋ ਉਨ੍ਹਾਂ ਨੂੰ ਆਪਣੀਆਂ ਪੁਰਾਣੀਆਂ ਸਰਕਾਰਾਂ ਦੀਆਂ ਪ੍ਰਣਾਲੀਆਂ ਨੂੰ ਬਦਲਣ ਲਈ ਮਜਬੂਰ ਕਰ ਰਹੀ ਹੈ। ਗ੍ਰੇਟ-ਬ੍ਰਿਟੇਨ ਦੇ ਮੌਜੂਦਾ ਰਾਜੇ ਦਾ ਇਤਿਹਾਸ ਵਾਰ-ਵਾਰ ਕੀਤੇ ਗਏ ਜ਼ੁਲਮਾਂ ਅਤੇ ਧੱਕੇਸ਼ਾਹੀਆਂ ਦਾ ਇਤਿਹਾਸ ਹੈ, ਜਿਨ੍ਹਾਂ ਸਾਰਿਆਂ ਦਾ ਸਿੱਧਾ ਉਦੇਸ਼ ਇਨ੍ਹਾਂ ਰਾਜਾਂ ਉੱਤੇ ਇੱਕ ਪੂਰਨ ਨਿਰੰਕੁਸ਼ ਰਾਜ ਸਥਾਪਿਤ ਕਰਨਾ ਹੈ। ਇਸ ਨੂੰ ਸਾਬਤ ਕਰਨ ਲਈ, ਆਓ ਇਨ੍ਹਾਂ ਤੱਥਾਂ ਨੂੰ ਨਿਰਪੱਖ ਸੰਸਾਰ ਦੇ ਸਾਹਮਣੇ ਪੇਸ਼ ਕਰੀਏ:

**ਬ੍ਰਿਟਿਸ਼ ਰਾਜੇ ਵਿਰੁੱਧ ਲਗਾਏ ਗਏ ਮੁੱਖ ਦੋਸ਼ ਅਤੇ ਤੱਥ**

- ਉਸਨੇ ਉਨ੍ਹਾਂ ਕਾਨੂੰਨਾਂ ਨੂੰ ਆਪਣੀ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਜੋ ਜਨਤਕ ਭਲਾਈ ਲਈ ਸਭ ਤੋਂ ਵੱਧ ਫਾਇਦੇਮੰਦ ਅਤੇ ਜ਼ਰੂਰੀ ਹਨ।
- ਉਸਨੇ ਆਪਣੇ ਗਵਰਨਰਾਂ ਨੂੰ ਤੁਰੰਤ ਅਤੇ ਬਹੁਤ ਮਹੱਤਵਪੂਰਨ ਕਾਨੂੰਨ ਪਾਸ ਕਰਨ ਤੋਂ ਮਨ੍ਹਾ ਕਰ ਦਿੱਤਾ ਹੈ, ਜਦੋਂ ਤੱਕ ਕਿ ਉਸਦੀ ਪ੍ਰਵਾਨਗੀ ਮਿਲਣ ਤੱਕ ਉਨ੍ਹਾਂ ਦੇ ਲਾਗੂ ਹੋਣ 'ਤੇ ਰੋਕ ਨਾ ਲਗਾ ਦਿੱਤੀ ਜਾਵੇ; ਅਤੇ ਜਦੋਂ ਇਸ ਤਰ੍ਹਾਂ ਰੋਕ ਲਗਾਈ ਗਈ, ਤਾਂ ਉਸਨੇ ਉਨ੍ਹਾਂ ਵੱਲ ਬਿਲਕੁਲ ਵੀ ਧਿਆਨ ਨਹੀਂ ਦਿੱਤਾ।
- ਉਸਨੇ ਵੱਡੇ ਇਲਾਕਿਆਂ ਦੇ ਲੋਕਾਂ ਦੀ ਸਹੂਲਤ ਲਈ ਹੋਰ ਕਾਨੂੰਨ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਜਦੋਂ ਤੱਕ ਉਹ ਲੋਕ ਵਿਧਾਨ ਸਭਾ ਵਿੱਚ ਪ੍ਰਤੀਨਿਧਤਾ ਦੇ ਆਪਣੇ ਅਧਿਕਾਰ ਨੂੰ ਤਿਆਗਣ ਲਈ ਤਿਆਰ ਨਾ ਹੋਣ—ਇੱਕ ਅਜਿਹਾ ਅਧਿਕਾਰ ਜੋ ਉਨ੍ਹਾਂ ਲਈ ਅਣਮੁੱਲਾ ਹੈ, ਅਤੇ ਸਿਰਫ਼ ਜ਼ਾਲਮ ਸ਼ਾਸਕਾਂ ਲਈ ਹੀ ਡਰਾਉਣਾ ਹੈ।
- ਉਸਨੇ ਵਿਧਾਨਕ ਸੰਸਥਾਵਾਂ ਨੂੰ ਅਜਿਹੀਆਂ ਥਾਵਾਂ 'ਤੇ ਇਕੱਠੇ ਬੁਲਾਇਆ ਹੈ ਜੋ ਅਸਾਧਾਰਨ, ਅਸੁਵਿਧਾਜਨਕ ਅਤੇ ਉਨ੍ਹਾਂ ਦੇ ਜਨਤਕ ਰਿਕਾਰਡਾਂ ਦੇ ਭੰਡਾਰ ਤੋਂ ਦੂਰ ਹਨ, ਜਿਸਦਾ ਇੱਕੋ-ਇੱਕ ਉਦੇਸ਼ ਉਨ੍ਹਾਂ ਨੂੰ ਥਕਾ ਕੇ ਆਪਣੇ ਫੈਸਲਿਆਂ ਦੀ ਪਾਲਣਾ ਕਰਨ ਲਈ ਮਜਬੂਰ ਕਰਨਾ ਹੈ।
- ਉਸਨੇ ਲੋਕਾਂ ਦੇ ਅਧਿਕਾਰਾਂ 'ਤੇ ਹੋਣ ਵਾਲੇ ਹਮਲਿਆਂ ਦਾ ਬਹਾਦਰੀ ਅਤੇ ਦ੍ਰਿੜਤਾ ਨਾਲ ਵਿਰੋਧ ਕਰਨ ਦੇ ਕਾਰਨ, ਪ੍ਰਤੀਨਿਧੀ ਸਦਨਾਂ (Representative Houses) ਨੂੰ ਵਾਰ-ਵਾਰ ਭੰਗ ਕੀਤਾ ਹੈ।
- ਉਸਨੇ ਅਜਿਹੇ ਭੰਗ ਕੀਤੇ ਜਾਣ ਤੋਂ ਬਾਅਦ, ਲੰਮੇ ਸਮੇਂ ਤੱਕ ਦੂਜੇ ਨਵੇਂ ਪ੍ਰਤੀਨਿਧ ਚੁਣਨ ਤੋਂ ਇਨਕਾਰ ਕੀਤਾ ਹੈ; ਜਿਸਦੇ ਸਿੱਟੇ ਵਜੋਂ, ਵਿਧਾਨਕ ਸ਼ਕਤੀਆਂ (ਜੋ ਕਿ ਪੂਰੀ ਤਰ੍ਹਾਂ ਨਸ਼ਟ ਨਹੀਂ ਹੋ ਸਕਦੀਆਂ) ਆਮ ਜਨਤਾ ਕੋਲ ਵਾਪਸ ਆ ਗਈਆਂ ਹਨ ਤਾਂ ਜੋ ਉਹ ਖੁਦ ਇਸਦਾ ਇਸਤੇਮਾਲ ਕਰ ਸਕਣ; ਜਦੋਂ ਕਿ ਇਹ ਰਾਜ ਇਸ ਦੌਰਾਨ ਬਾਹਰੀ ਹਮਲਿਆਂ ਦੇ ਸਾਰੇ ਖ਼ਤਰਿਆਂ ਅਤੇ ਅੰਦਰੂਨੀ ਗੜਬੜੀਆਂ ਨਾਲ ਜੂਝਦਾ ਰਿਹਾ।
- ਉਸਨੇ ਇਨ੍ਹਾਂ ਰਾਜਾਂ ਦੀ ਆਬਾਦੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੈ; ਉਸ ਮੰਤਵ ਲਈ ਵਿਦੇਸ਼ੀਆਂ ਦੀ ਨਾਗਰਿਕਤਾ ਦੇ ਕਾਨੂੰਨਾਂ ਵਿੱਚ ਰੁਕਾਵਟਾਂ ਪਾਈਆਂ; ਦੂਜਿਆਂ ਨੂੰ ਇੱਥੇ ਆਉਣ ਲਈ ਉਤਸ਼ਾਹਿਤ ਕਰਨ ਵਾਲੇ ਕਾਨੂੰਨ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਜ਼ਮੀਨ ਦੀ ਨਵੀਂ ਵੰਡ ਦੀਆਂ ਸ਼ਰਤਾਂ ਨੂੰ ਸਖ਼ਤ ਕਰ ਦਿੱਤਾ।




'ਇਤਿਹਾਸ ਦੇ ਪੰਨਿਆਂ ਤੋਂ: 1776 ਦੀ ਕ੍ਰਾਂਤੀ ਅਤੇ ਆਜ਼ਾਦੀ ਦੀ ਬੁਨਿਆਦ ਦੀ ਇੱਕ ਝਲਕ; ਅਮਰੀਕੀ ਆਜ਼ਾਦੀ ਦੇ ਸੰਗਰਾਮ ਦੌਰਾਨ ਮਿੱਟੀ ਨਾਲ ਲਿਪਟੇ ਮੈਦਾਨ, ਲੱਕੜ ਦੇ ਕੈਬਿਨ ਅਤੇ ਲਹਿਰਾਉਂਦੇ ਸ਼ੁਰੂਆਤੀ ਅਮਰੀਕੀ ਝੰਡੇ ਦੇ ਵਿਚਕਾਰ ਇੱਕ ਫ਼ੌਜੀ ਕੈਂਪ ਦਾ ਦ੍ਰਿਸ਼, ਜਿੱਥੇ ਆਜ਼ਾਦੀ ਦੇ ਪਰਵਾਨੇ ਦੇਸ਼ ਦੀ ਖ਼ਾਤਰ ਜੰਗ ਦੇ ਮੈਦਾਨ ਵਿੱਚ ਡਟੇ ਹੋਏ ਦਿਖਾਈ ਦੇ ਰਹੇ ਹਨ।'

- ਉਸਨੇ ਅਦਾਲਤੀ ਸ਼ਕਤੀਆਂ ਸਥਾਪਿਤ ਕਰਨ ਵਾਲੇ ਕਾਨੂੰਨਾਂ ਨੂੰ ਆਪਣੀ ਪ੍ਰਵਾਨਗੀ ਨਾ ਦੇ ਕੇ, ਨਿਆਂ ਦੇ ਪ੍ਰਸ਼ਾਸਨ ਵਿੱਚ ਰੁਕਾਵਟ ਪਾਈ ਹੈ।
- ਉਸਨੇ ਜੱਜਾਂ ਨੂੰ ਉਨ੍ਹਾਂ ਦੇ ਅਹੁਦੇ ਦੀ ਮਿਆਦ ਅਤੇ ਉਨ੍ਹਾਂ ਦੀਆਂ ਤਨਖਾਹਾਂ ਦੀ ਮਾਤਰਾ ਤੇ ਭੁਗਤਾਨ ਲਈ ਪੂਰੀ ਤਰ੍ਹਾਂ ਸਿਰਫ਼ ਆਪਣੀ ਮਰਜ਼ੀ 'ਤੇ ਨਿਰਭਰ ਕਰ ਦਿੱਤਾ ਹੈ।
- ਉਸਨੇ ਵੱਡੀ ਗਿਣਤੀ ਵਿੱਚ ਨਵੇਂ ਦਫ਼ਤਰ ਬਣਾਏ ਹਨ, ਅਤੇ ਸਾਡੇ ਲੋਕਾਂ ਨੂੰ ਤੰਗ ਕਰਨ ਅਤੇ ਉਨ੍ਹਾਂ ਦੇ ਸਰੋਤਾਂ ਨੂੰ ਲੁੱਟਣ ਲਈ ਅਫ਼ਸਰਾਂ ਦੀਆਂ ਧਾੜਾਂ (ਝੁੰਡ) ਇੱਥੇ ਭੇਜੀਆਂ ਹਨ।
- ਉਸਨੇ ਸ਼ਾਂਤੀ ਦੇ ਸਮੇਂ ਵਿੱਚ ਵੀ, ਸਾਡੀਆਂ ਵਿਧਾਨ ਸਭਾਵਾਂ ਦੀ ਸਹਿਮਤੀ ਤੋਂ ਬਿਨਾਂ, ਸਾਡੇ ਵਿਚਕਾਰ ਸਥਾਈ ਫ਼ੌਜਾਂ ਰੱਖੀਆਂ ਹਨ।
- ਉਸਨੇ ਫ਼ੌਜ ਨੂੰ ਨਾਗਰਿਕ ਸ਼ਕਤੀ (ਸਿਵਲ ਪਾਵਰ) ਤੋਂ ਸੁਤੰਤਰ ਅਤੇ ਉਸ ਨਾਲੋਂ ਉੱਪਰ ਬਣਾਉਣ ਦਾ ਯਤਨ ਕੀਤਾ ਹੈ।
- ਉਸਨੇ ਸਾਡੇ ਸੰਵਿਧਾਨ ਤੋਂ ਬਾਹਰ ਅਤੇ ਸਾਡੇ ਕਾਨੂੰਨਾਂ ਦੁਆਰਾ ਅਣਪਛਾਤੇ ਅਧਿਕਾਰ ਖੇਤਰ ਦੇ ਅਧੀਨ ਸਾਨੂੰ ਲਿਆਉਣ ਲਈ ਦੂਜਿਆਂ ਨਾਲ ਗਠਜੋੜ ਕੀਤਾ ਹੈ; ਅਤੇ ਉਨ੍ਹਾਂ ਦੇ ਕਥਿਤ ਗੈਰ-ਕਾਨੂੰਨੀ ਕਾਨੂੰਨਾਂ ਨੂੰ ਆਪਣੀ ਪ੍ਰਵਾਨਗੀ ਦਿੱਤੀ ਹੈ:
- ਸਾਡੇ ਵਿਚਕਾਰ ਹਥਿਆਰਬੰਦ ਫ਼ੌਜਾਂ ਦੇ ਵੱਡੇ ਦਸਤਿਆਂ ਨੂੰ ਟਿਕਾਉਣ (ਰਿਹਾਇਸ਼ ਦੇਣ) ਲਈ;
- ਇੱਕ ਦਿਖਾਵਟੀ ਮੁਕੱਦਮੇ (ਮੌਕ ਟਰਾਇਲ) ਰਾਹੀਂ, ਉਨ੍ਹਾਂ ਫ਼ੌਜੀਆਂ ਨੂੰ ਉਨ੍ਹਾਂ ਕਤਲਾਂ ਦੀ ਸਜ਼ਾ ਤੋਂ ਬਚਾਉਣ ਲਈ ਜੋ ਉਹ ਇਨ੍ਹਾਂ ਰਾਜਾਂ ਦੇ ਨਿਵਾਸੀਆਂ 'ਤੇ ਕਰਦੇ ਹਨ;
- ਸੰਸਾਰ ਦੇ ਸਾਰੇ ਹਿੱਸਿਆਂ ਨਾਲ ਸਾਡਾ ਵਪਾਰ ਰੋਕਣ ਲਈ;
- ਸਾਡੀ ਸਹਿਮਤੀ ਤੋਂ ਬਿਨਾਂ ਸਾਡੇ 'ਤੇ ਜਬਰਨ ਟੈਕਸ ਲਗਾਉਣ ਲਈ;
- ਕਈ ਮਾਮਲਿਆਂ ਵਿੱਚ, ਸਾਨੂੰ ਜਿਊਰੀ ਦੁਆਰਾ ਮੁਕੱਦਮੇ ਦੇ ਬੁਨਿਆਦੀ ਲਾਭ ਤੋਂ ਵਾਂਝਾ ਕਰਨ ਲਈ;
- ਸਾਨੂੰ ਕਥਿਤ ਅਪਰਾਧਾਂ ਦੇ ਮੁਕੱਦਮੇ ਚਲਾਉਣ ਲਈ ਸਮੁੰਦਰੋਂ ਪਾਰ ਲੈ ਜਾਣ ਲਈ;
- ਇੱਕ ਗੁਆਂਢੀ ਸੂਬੇ ਵਿੱਚ ਅੰਗਰੇਜ਼ੀ ਕਾਨੂੰਨਾਂ ਦੀ ਮੁਫ਼ਤ ਪ੍ਰਣਾਲੀ ਨੂੰ ਖ਼ਤਮ ਕਰਨ, ਉੱਥੇ ਇੱਕ ਮਨਮਰਜ਼ੀ ਦੀ ਨਿਰੰਕੁਸ਼ ਸਰਕਾਰ ਸਥਾਪਿਤ ਕਰਨ ਅਤੇ ਉਸਦੀਆਂ ਸਰਹੱਦਾਂ ਨੂੰ ਵਧਾਉਣ ਲਈ, ਤਾਂ ਜੋ ਉਸਨੂੰ ਤੁਰੰਤ ਇੱਕ ਉਦਾਹਰਨ ਅਤੇ ਇਨ੍ਹਾਂ ਬਸਤੀਆਂ ਵਿੱਚ ਉਹੀ ਨਿਰੰਕੁਸ਼ ਸ਼ਾਸਨ ਲਾਗੂ ਕਰਨ ਲਈ ਇੱਕ ਢੁਕਵਾਂ ਹਥਿਆਰ ਬਣਾਇਆ ਜਾ ਸਕੇ;
- ਸਾਡੇ ਅਧਿਕਾਰ ਪੱਤਰਾਂ (ਚਾਰਟਰਾਂ) ਨੂੰ ਖੋਹਣ, ਸਾਡੇ ਸਭ ਤੋਂ ਕੀਮਤੀ ਕਾਨੂੰਨਾਂ ਨੂੰ ਖ਼ਤਮ ਕਰਨ ਅਤੇ ਸਾਡੀਆਂ ਸਰਕਾਰਾਂ ਦੇ ਸਰੂਪ ਨੂੰ ਬੁਨਿਆਦੀ ਤੌਰ 'ਤੇ ਬਦਲਣ ਲਈ;
- ਸਾਡੀਆਂ ਆਪਣੀਆਂ ਵਿਧਾਨ ਸਭਾਵਾਂ ਨੂੰ ਮੁਅੱਤਲ ਕਰਨ, ਅਤੇ ਹਰ ਤਰ੍ਹਾਂ ਦੇ ਮਾਮਲਿਆਂ ਵਿੱਚ ਸਾਡੇ ਲਈ ਕਾਨੂੰਨ ਬਣਾਉਣ ਦੀ ਸ਼ਕਤੀ ਆਪਣੇ ਹੱਥਾਂ ਵਿੱਚ ਲੈਣ ਦਾ ਐਲਾਨ ਕਰਨ ਲਈ।

**ਜ਼ੁਲਮ ਅਤੇ ਬੇਰਹਿਮੀ ਦੀ ਚਰਮ ਸੀਮਾ**

- ਉਸਨੇ ਸਾਨੂੰ ਆਪਣੀ ਸੁਰੱਖਿਆ ਤੋਂ ਬਾਹਰ ਘੋਸ਼ਿਤ ਕਰਕੇ ਅਤੇ ਸਾਡੇ ਵਿਰੁੱਧ ਜੰਗ ਛੇੜ ਕੇ, ਇੱਥੇ ਸ਼ਾਸਨ ਦਾ ਤਿਆਗ ਕਰ ਦਿੱਤਾ ਹੈ।
- ਉਸਨੇ ਸਾਡੇ ਸਮੁੰਦਰਾਂ ਨੂੰ ਲੁੱਟਿਆ ਹੈ, ਸਾਡੇ ਤੱਟਾਂ ਨੂੰ ਉਜਾੜਿਆ ਹੈ, ਸਾਡੇ ਸ਼ਹਿਰਾਂ ਨੂੰ ਸਾੜ ਦਿੱਤਾ ਹੈ ਅਤੇ ਸਾਡੇ ਲੋਕਾਂ ਦੀਆਂ ਜ਼ਿੰਦਗੀਆਂ ਤਬਾਹ ਕਰ ਦਿੱਤੀਆਂ ਹਨ।
- ਉਸਨੇ ਇਸ ਸਮੇਂ, ਮੌਤ, ਉਜਾੜੇ ਅਤੇ ਜ਼ੁਲਮ ਦੇ ਉਨ੍ਹਾਂ ਕੰਮਾਂ ਨੂੰ ਪੂਰਾ ਕਰਨ ਲਈ ਵਿਦੇਸ਼ੀ ਭਾੜੇ ਦੇ ਸੈਨਿਕਾਂ ਦੀਆਂ ਵੱਡੀਆਂ ਫ਼ੌਜਾਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਹਨ, ਜੋ ਪਹਿਲਾਂ ਹੀ ਅਜਿਹੀ ਬੇਰਹਿਮੀ ਅਤੇ ਵਿਸ਼ਵਾਸਘਾਤ ਦੇ ਨਾਲ ਸ਼ੁਰੂ ਕੀਤੇ ਜਾ ਚੁੱਕੇ ਹਨ ਜਿਸਦੀ ਮਿਸਾਲ ਸਭ ਤੋਂ ਵਹਿਸ਼ੀ ਯੁੱਗਾਂ ਵਿੱਚ ਵੀ ਮੁਸ਼ਕਿਲ ਨਾਲ ਮਿਲਦੀ ਹੈ ਅਤੇ ਜੋ ਇੱਕ ਸਭਿਅਕ ਕੌਮ ਦੇ ਮੁਖੀ ਲਈ ਪੂਰੀ ਤਰ੍ਹਾਂ ਅਯੋਗ ਹੈ।
- ਉਸਨੇ ਖੁੱਲ੍ਹੇ ਸਮੁੰਦਰਾਂ ਵਿੱਚ ਬੰਦੀ ਬਣਾਏ ਗਏ ਸਾਡੇ ਸਾਥੀ ਨਾਗਰਿਕਾਂ ਨੂੰ ਆਪਣੇ ਹੀ ਦੇਸ਼ ਵਿਰੁੱਧ ਹਥਿਆਰ ਚੁੱਕਣ, ਆਪਣੇ ਦੋਸਤਾਂ ਅਤੇ ਭਰਾਵਾਂ ਦੇ ਜੱਲਾਦ ਬਣਨ, ਜਾਂ ਖੁਦ ਉਨ੍ਹਾਂ ਦੇ ਹੱਥੋਂ ਮਰਨ ਲਈ ਮਜਬੂਰ ਕੀਤਾ ਹੈ।
- ਉਸਨੇ ਸਾਡੇ ਵਿਚਕਾਰ ਘਰੇਲੂ ਬਗਾਵਤਾਂ ਨੂੰ ਭੜਕਾਇਆ ਹੈ, ਅਤੇ ਸਾਡੀਆਂ ਸਰਹੱਦਾਂ ਦੇ ਨਿਵਾਸੀਆਂ 'ਤੇ ਬੇਰਹਿਮ ਇੰਡੀਅਨ ਆਦਿਵਾਸੀਆਂ ਹੱਥੋਂ ਹਮਲੇ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਨ੍ਹਾਂ ਦਾ ਯੁੱਧ ਦਾ ਜਾਣਿਆ-ਪਛਾਣਿਆ ਨਿਯਮ ਹਰ ਉਮਰ, ਲਿੰਗ ਅਤੇ ਸਥਿਤੀ ਦੇ ਲੋਕਾਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਬੇਰਹਿਮੀ ਨਾਲ ਖ਼ਤਮ ਕਰਨਾ ਹੈ।

**ਬ੍ਰਿਟਿਸ਼ ਨਾਗਰਿਕਾਂ ਅਤੇ ਸ਼ਾਸਕਾਂ ਦੀ ਬੇਪਰਵਾਹੀ**

ਇਨ੍ਹਾਂ ਅੱਤਿਆਚਾਰਾਂ ਦੇ ਹਰ ਪੜਾਅ 'ਤੇ ਅਸੀਂ ਬਹੁਤ ਹੀ ਨਿਮਰ ਸ਼ਬਦਾਂ ਵਿੱਚ ਇਨਸਾਫ਼ ਦੀ ਗੁਹਾਰ ਲਗਾਈ ਹੈ: ਸਾਡੀਆਂ ਵਾਰ-ਵਾਰ ਕੀਤੀਆਂ ਬੇਨਤੀਆਂ ਦਾ ਜਵਾਬ ਸਿਰਫ਼ ਵਾਰ-ਵਾਰ ਦਿੱਤੇ ਗਏ ਜ਼ਖਮਾਂ ਅਤੇ ਨੁਕਸਾਨਾਂ ਨਾਲ ਮਿਲਿਆ ਹੈ। ਇੱਕ ਰਾਜਾ, ਜਿਸਦਾ ਚਰਿੱਤਰ ਅਜਿਹੇ ਹਰ ਕਾਰਜ ਦੁਆਰਾ ਚਿੰਨ੍ਹਤ ਹੈ ਜੋ ਇੱਕ ਤਾਨਾਸ਼ਾਹ ਨੂੰ ਪਰਿਭਾਸ਼ਿਤ ਕਰ ਸਕਦਾ ਹੈ, ਉਹ ਇੱਕ ਸੁਤੰਤਰ ਲੋਕਾਂ ਦਾ ਸ਼ਾਸਕ ਹੋਣ ਦੇ ਬਿਲਕੁਲ ਯੋਗ ਨਹੀਂ ਹੈ।

ਨਾ ਹੀ ਅਸੀਂ ਆਪਣੇ ਬ੍ਰਿਟਿਸ਼ ਭਰਾਵਾਂ ਵੱਲ ਧਿਆਨ ਦੇਣ ਵਿੱਚ ਕੋਈ ਕਮੀ ਰੱਖੀ ਹੈ। ਅਸੀਂ ਸਮੇਂ-ਸਮੇਂ 'ਤੇ ਉਨ੍ਹਾਂ ਨੂੰ ਉਨ੍ਹਾਂ ਦੀ ਵਿਧਾਨ ਸਭਾ ਦੁਆਰਾ ਸਾਡੇ 'ਤੇ ਇੱਕ ਨਾਜਾਇਜ਼ ਅਧਿਕਾਰ ਖੇਤਰ ਵਧਾਉਣ ਦੀਆਂ ਕੋਸ਼ਿਸ਼ਾਂ ਬਾਰੇ ਚੇਤਾਵਨੀ ਦਿੱਤੀ ਹੈ। ਅਸੀਂ ਉਨ੍ਹਾਂ ਨੂੰ ਇੱਥੇ ਆਪਣੇ ਪ੍ਰਵਾਸ (ਆਉਣ) ਅਤੇ ਵਸੇਬੇ ਦੇ ਹਾਲਾਤਾਂ ਬਾਰੇ ਯਾਦ ਦਿਵਾਇਆ ਹੈ। ਅਸੀਂ ਉਨ੍ਹਾਂ ਦੇ ਸੁਭਾਵਿਕ ਨਿਆਂ ਅਤੇ ਉਦਾਰਤਾ ਨੂੰ ਅਪੀਲ ਕੀਤੀ ਹੈ ਅਤੇ ਅਸੀਂ ਉਨ੍ਹਾਂ ਨੂੰ ਸਾਡੇ ਸਾਂਝੇ ਖ਼ੂਨ ਦੇ ਰਿਸ਼ਤਿਆਂ ਦਾ ਵਾਸਤਾ ਦੇ ਕੇ ਇਨ੍ਹਾਂ ਧੱਕੇਸ਼ਾਹੀਆਂ ਨੂੰ ਰੱਦ ਕਰਨ ਲਈ ਕਿਹਾ ਹੈ, ਜੋ ਕਿ ਲਾਜ਼ਮੀ ਤੌਰ 'ਤੇ ਸਾਡੇ ਸਬੰਧਾਂ ਅਤੇ ਪੱਤਰ-ਵਿਹਾਰ ਵਿੱਚ ਰੁਕਾਵਟ ਪਾਉਣਗੀਆਂ।

ਪਰ ਉਹ ਵੀ ਨਿਆਂ ਅਤੇ ਖ਼ੂਨ ਦੇ ਰਿਸ਼ਤੇ ਦੀ ਇਸ ਪਵਿੱਤਰ ਆਵਾਜ਼ ਪ੍ਰਤੀ ਪੂਰੀ ਤਰ੍ਹਾਂ ਬੇਪਰਵਾਹ ਰਹੇ ਹਨ। ਇਸ ਲਈ, ਸਾਨੂੰ ਲਾਜ਼ਮੀ ਤੌਰ 'ਤੇ ਉਸ ਲੋੜ ਨੂੰ ਸਵੀਕਾਰ ਕਰਨਾ ਪਵੇਗਾ ਜੋ ਸਾਡੇ ਵੱਖ ਹੋਣ ਦਾ ਐਲਾਨ ਕਰਦੀ ਹੈ ਅਤੇ ਉਨ੍ਹਾਂ ਨੂੰ ਉਸੇ ਤਰ੍ਹਾਂ ਮੰਨਣਾ ਪਵੇਗਾ ਜਿਵੇਂ ਅਸੀਂ ਬਾਕੀ ਮਨੁੱਖਤਾ ਨੂੰ ਮੰਨਦੇ ਹਾਂ—ਜੰਗ ਵਿੱਚ ਦੁਸ਼ਮਣ, ਸ਼ਾਂਤੀ ਵਿੱਚ ਦੋਸਤ।

**ਅੰਤਿਮ ਇਤਿਹਾਸਕ ਘੋਸ਼ਣਾ** : ਇਸ ਲਈ, ਅਸੀਂ, ਜਨਰਲ ਕਾਂਗਰਸ ਵਿੱਚ ਇਕੱਠੇ ਹੋਏ, ਅਮਰੀਕਾ ਦੀਆਂ ਸੰਯੁਕਤ ਰਿਆਸਤਾਂ ਦੇ ਪ੍ਰਤੀਨਿਧ, ਆਪਣੇ ਇਰਾਦਿਆਂ ਦੀ ਨੇਕੀ ਅਤੇ ਸੱਚਾਈ ਲਈ ਸੰਸਾਰ ਦੇ ਸਰਵਉੱਚ ਜੱਜ (ਪਰਮਾਤਮਾ) ਅੱਗੇ ਅਪੀਲ ਕਰਦੇ ਹੋਏ, ਇਨ੍ਹਾਂ ਬਸਤੀਆਂ ਦੇ ਭਲੇ ਲੋਕਾਂ ਦੇ ਨਾਮ 'ਤੇ ਅਤੇ ਉਨ੍ਹਾਂ ਦੇ ਅਧਿਕਾਰ ਦੁਆਰਾ, ਪੂਰੀ ਗੰਭੀਰਤਾ ਨਾਲ ਇਹ ਪ੍ਰਕਾਸ਼ਿਤ ਅਤੇ ਘੋਸ਼ਿਤ ਕਰਦੇ ਹਾਂ:

'ਕਿ ਇਹ ਸੰਯੁਕਤ ਬਸਤੀਆਂ ਅਧਿਕਾਰਤ ਅਤੇ ਕਾਨੂੰਨੀ ਤੌਰ 'ਤੇ ਮੁਕਤ ਅਤੇ ਸੁਤੰਤਰ ਰਾਜ ਹਨ ਅਤੇ ਹੋਣੀਆਂ ਚਾਹੀਦੀਆਂ ਹਨ; ਕਿ ਉਨ੍ਹਾਂ ਨੂੰ ਬ੍ਰਿਟਿਸ਼ ਤਾਜ ਪ੍ਰਤੀ ਸਾਰੀ ਵਫ਼ਾਦਾਰੀ ਤੋਂ ਮੁਕਤ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੇ ਅਤੇ ਗ੍ਰੇਟ-ਬ੍ਰਿਟੇਨ ਦੇ ਰਾਜ ਵਿਚਕਾਰ ਸਾਰੇ ਰਾਜਨੀਤਿਕ ਸਬੰਧ ਪੂਰੀ ਤਰ੍ਹਾਂ ਖ਼ਤਮ ਕਰ ਦਿੱਤੇ ਗਏ ਹਨ।'

ਅਤੇ ਮੁਕਤ ਤੇ ਸੁਤੰਤਰ ਰਾਜਾਂ ਵਜੋਂ, ਉਨ੍ਹਾਂ ਕੋਲ ਜੰਗ ਛੇੜਨ, ਸ਼ਾਂਤੀ ਦਾ ਸਮਝੌਤਾ ਕਰਨ, ਗੱਠਜੋੜ ਕਰਨ, ਵਪਾਰ ਸਥਾਪਿਤ ਕਰਨ ਅਤੇ ਉਹ ਸਾਰੇ ਕਾਰਜ ਅਤੇ ਕੰਮ ਕਰਨ ਦੀ ਪੂਰੀ ਰਾਜਨੀਤਿਕ ਸ਼ਕਤੀ ਹੈ ਜੋ ਸੁਤੰਤਰ ਰਾਜਾਂ ਨੂੰ ਅਧਿਕਾਰਤ ਤੌਰ 'ਤੇ ਕਰਨ ਦਾ ਹੱਕ ਹੁੰਦਾ ਹੈ।

ਅਤੇ ਇਸ ਮਹਾਨ ਐਲਾਨਨਾਮੇ ਦੇ ਸਮਰਥਨ ਲਈ, ਬ੍ਰਹਮ ਪਰਮਾਤਮਾ ਦੀ ਮਿਹਰ ਅਤੇ ਸੁਰੱਖਿਆ 'ਤੇ ਪੂਰੇ ਭਰੋਸੇ ਦੇ ਨਾਲ, ਅਸੀਂ ਆਪਸ ਵਿੱਚ ਇੱਕ ਦੂਜੇ ਨਾਲ ਆਪਣੀਆਂ ਜਾਨਾਂ, ਆਪਣੀਆਂ ਜਾਇਦਾਦਾਂ ਅਤੇ ਆਪਣੀ ਪਵਿੱਤਰ ਅਣਖ (ਸਨਮਾਨ) ਦੀ ਗੰਭੀਰ ਸਹੁੰ ਖਾਂਦੇ ਹਾਂ।

ਦਸਤਖਤ ਕਰਨ ਵਾਲੇ ਅਮਰ ਮੈਂਬਰ (Signatories)

- ਜੌਨ ਹੈਨਕੌਕ (John Hancock)
- ਸੈਮੂਅਲ ਚੇਜ਼ (Samuel Chase)
- ਵਿਲੀਅਮ ਪਾਕਾ (Wm. Paca)
- ਥਾਮਸ ਸਟੋਨ (Tho. Stone)
- ਚਾਰਲਸ ਕੈਰੋਲ ਆਫ਼ ਕੈਰੋਲਟਨ (Charles Carroll of Carrollton)
- ਜੌਰਜ ਵਾਈਥ (George Wythe)
- ਰਿਚਰਡ ਹੈਨਰੀ ਲੀ (Richard Henry Lee)
- ਥਾਮਸ ਜੈਫਰਸਨ (Th. Jefferson)
- ਬੈਂਜਾਮਿਨ ਹੈਰੀਸਨ (Benj.a Harrison)
- ਥਾਮਸ ਨੈਲਸਨ ਜੂਨੀਅਰ (Tho. Nelson jr.)
- Francis ਲਾਈਟਫੁੱਟ ਲੀ (Francis Lightfoot Lee)
- ਕਾਰਟਰ ਬ੍ਰੈਕਸਟਨ (Carter Braxton)
- ਰੌਬਰਟ ਮੌਰਿਸ (Rob.t Morris)
- ਬੈਂਜਾਮਿਨ ਰਸ਼ (Benjamin Rush)
- ਬੈਂਜਾਮਿਨ ਫਰੈਂਕਲਿਨ (Benj.n Franklin)
- ਜੌਨ ਮੋਰਟਨ (John Morton)
- ਜੌਰਜ ਕਲਾਈਮਰ (Geo. Clymer)
- ਜੇਮਜ਼ ਸਮਿਥ (Ja.s Smith)
- ਜੌਰਜ ਟੇਲਰ (Geo. Taylor)
- ਜੇਮਜ਼ ਵਿਲਸਨ (James Wilson)
- ਜੌਰਜ ਰੌਸ (Geo. Ross)
- ਸੀਜ਼ਰ ਰੌਡਨੀ (Caesar Rodney)
- ਜੌਰਜ ਰੀਡ (Geo. Read)
- ਥਾਮਸ ਐਮ. ਕੀਨ (Tho M. Kean)
- ਵਿਲੀਅਮ ਫਲੌਇਡ (Wm. Floyd)
- ਫਿਲਿਪ ਲਿਵਿੰਗਸਟਨ (Phil. Livingston)
- ਆਰਥਰ ਮਿਡਲਟਨ (Arthur Middleton)
- ਬਟਨ ਗਵਿਨੇਟ (Button Gwinnett)
- ਫਰਾਂਸਿਸ ਲੇਵਿਸ (Fran.s Lewis)
- ਲੇਵਿਸ ਮੌਰਿਸ (Lewis Morris)
- ਰਿਚਰਡ ਸਟਾਕਟਨ (Rich.d Stockton)
- ਜੌਨ ਵਿਦਰਸਪੂਨ (Jn.o Witherspoon)
- ਫਰਾਂਸਿਸ ਹੌਪਕਿਨਸਨ (Fra.s Hopkinson)
- ਜੌਨ ਹਾਰਟ (John Hart)
- ਅਬ੍ਰਾਹਮ ਕਲਾਰਕ (Abra. Clark)
- ਜੋਸਫ਼ ਬਾਰਟਲੇਟ (Josiah Bartlett)
- ਵਿਲੀਅਮ ਵਹਿਪਲ (Wm. Whipple)
- ਸੈਮੂਅਲ ਐਡਮਜ਼ (Sam.l Adams)
- ਜੌਨ ਐਡਮਜ਼ (John Adams)
- ਰੌਬਰਟ ਟਰੀਟ ਪੇਨ (Rob.t Treat Paine)
- ਐਲਬ੍ਰਿਜ ਗੈਰੀ (Elbridge Gerry)
- ਸਟੀਫਨ ਹੌਪਕਿਨਜ਼ (Step. Hopkins)
- ਵਿਲੀਅਮ ਐਲਰੀ (William Ellery)
- ਰੌਜਰ ਸ਼ਰਮਨ (Roger Sherman)
- ਸੈਮੂਅਲ ਹੰਟਿੰਗਟਨ (Sam.l Huntington)
- ਵਿਲੀਅਮ ਵਿਲੀਅਮਜ਼ (Wm. Williams)
- ਓਲੀਵਰ ਵੋਲਕੋਟ (Oliver Wolcott)
- ਮੈਥਿਊ ਥੋਰਨਟਨ (Matthew Thornton)
- ਵਿਲੀਅਮ ਹੂਪਰ (Wm. Hooper)
- ਜੋਸਫ਼ ਹਿਊਜ਼ (Joseph Hewes)
- ਜੌਨ ਪੈਨ (John Penn)
- ਐਡਵਰਡ ਰੂਟਲੈੱਜ (Edward Rutledge)
- ਥਾਮਸ ਹੇਵਰਡ ਜੂਨੀਅਰ (Tho.s Heyward Jun.r)
- ਥਾਮਸ ਲਿੰਚ ਜੂਨੀਅਰ (Thomas Lynch Jun.r)
- ਲਾਈਮਨ ਹਾਲ (Lyman Hall)
- ਜੌਰਜ ਵਾਲਟਨ (Geo. Walton)

ਬੇਦਾਅਵਾ (Disclaimer) 'ਇਹ ਪ੍ਰਕਾਸ਼ਨ ਅਮਰੀਕੀ ਸੰਵਿਧਾਨ ਦਾ ਪੰਜਾਬੀ ਅਨੁਵਾਦ ਕੇਵਲ ਪਾਠਕਾਂ ਦੀ ਸਿੱਖਿਆ ਅਤੇ ਆਮ ਜਾਣਕਾਰੀ ਲਈ ਹੈ। ਅਮਰੀਕੀ ਸੰਵਿਧਾਨ ਦਾ ਅਧਿਕਾਰਤ ਅਤੇ ਕਾਨੂੰਨੀ ਪਾਠ ਕੇਵਲ ਅੰਗਰੇਜ਼ੀ ਭਾਸ਼ਾ ਵਿੱਚ ਹੀ ਮਾਨਤਾ ਪ੍ਰਾਪਤ ਹੈ। ਇਸ ਅਨੁਵਾਦ ਨੂੰ ਕਿਸੇ ਵੀ ਅਦਾਲਤੀ, ਸਰਕਾਰੀ ਜਾਂ ਕਾਨੂੰਨੀ ਕਾਰਵਾਈ ਲਈ ਅਧਿਕਾਰਤ ਦਸਤਾਵੇਜ਼ ਵਜੋਂ ਨਹੀਂ ਵਰਤਿਆ ਜਾਣਾ ਚਾਹੀਦਾ। ਅਸੀਂ ਇਸ ਅਨੁਵਾਦ ਦੀ ਸ਼ੁੱਧਤਾ ਲਈ ਪੂਰੀ ਕੋਸ਼ਿਸ਼ ਕੀਤੀ ਹੈ, ਪਰ ਕਿਸੇ ਵੀ ਤਰ੍ਹਾਂ ਦੀ ਅਣਜਾਣੇ ਵਿੱਚ ਹੋਈ ਤਰੁੱਟੀ (Error) ਲਈ ਪ੍ਰਕਾਸ਼ਕ ਜਾਂ ਅਖਬਾਰ ਜ਼ਿੰਮੇਵਾਰ ਨਹੀਂ ਹੋਵੇਗਾ। ਕਿਸੇ ਵੀ ਕਾਨੂੰਨੀ ਮਾਮਲੇ ਲਈ ਕਿਰਪਾ ਕਰਕੇ ਅਮਰੀਕੀ ਸੰਵਿਧਾਨ ਦੇ ਅਧਿਕਾਰਤ ਅੰਗਰੇਜ਼ੀ ਦਸਤਾਵੇਜ਼ ਦਾ ਹਵਾਲਾ ਹੀ ਲਓ।

### ਗਾਜ਼ੀਆਬਾਦ 'ਚ ਭਿਆਨਕ ਗਰਮੀ ਦਾ ਕਹਿਰ

# ਕਮਲਾ ਨਹਿਰੂ ਨਗਰ ਵਿਖੇ ਖੇਤਾਂ 'ਚ ਬਣੇ ਪਾਣੀ ਦੇ ਹੌਦ 'ਚ ਨਹਾ ਕੇ ਬੱਚਿਆਂ ਨੇ ਲਾਹੀ ਤਪਸ਼



ਗਾਜ਼ੀਆਬਾਦ : ਉੱਤਰ ਭਾਰਤ ਵਿੱਚ ਗਰਮੀ ਦਾ ਪ੍ਰਕੋਪ ਲਗਾਤਾਰ ਵਧਦਾ ਜਾ ਰਿਹਾ ਹੈ, ਜਿਸ ਨੇ ਆਮ ਜਨਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਦਿੱਲੀ-ਐਨਸੀਆਰ (NCR) ਦੇ ਪ੍ਰਮੁੱਖ ਸ਼ਹਿਰ ਗਾਜ਼ੀਆਬਾਦ ਵਿੱਚ ਸੋਮਵਾਰ ਨੂੰ ਪਾਰੇ ਨੇ ਸਾਰੇ ਰਿਕਾਰਡ ਤੋੜ ਦਿੱਤੇ, ਜਿਸ ਕਾਰਨ ਲੋਕ ਗਰਮੀ ਅਤੇ ਲੂ ਦੇ ਥਪੇੜਿਆਂ ਤੋਂ ਬਚਣ ਲਈ ਵੱਖ-ਵੱਖ ਤਰੀਕੇ ਅਪਣਾ ਰਹੇ ਹਨ।

ਇਸ ਅਸਹਿ ਗਰਮੀ ਅਤੇ ਤਪਸ਼ ਤੋਂ ਰਾਹਤ ਪਾਉਣ ਲਈ ਗਾਜ਼ੀਆਬਾਦ ਦੇ ਕਮਲਾ ਨਹਿਰੂ ਨਗਰ ਇਲਾਕੇ ਵਿੱਚ ਬੱਚਿਆਂ ਅਤੇ ਨੌਜਵਾਨਾਂ ਨੇ ਇੱਕ ਦੇਸੀ ਜੁਗਾੜ ਲੱਭਿਆ। ਇਲਾਕੇ ਦੇ ਖੇਤਾਂ ਵਿੱਚ ਸਿੰਚਾਈ ਲਈ ਬਣਾਏ ਗਏ ਪਾਣੀ ਦੇ ਇੱਕ ਵੱਡੇ ਹੌਦ (Reservoir) ਵਿੱਚ ਕਈ ਬੱਚੇ ਇਕੱਠੇ ਹੋ ਕੇ ਨਹਾਉਂਦੇ ਅਤੇ ਮੌਜ-ਮਸਤੀ ਕਰਦੇ ਨਜ਼ਰ ਆਏ। ਕੜਕਦੀ ਧੁੱਪ ਦੇ ਬਾਵਜੂਦ, ਬੱਚੇ ਇਸ ਠੰਡੇ ਪਾਣੀ ਦੇ ਹੌਦ ਵਿੱਚ ਡੁਬਕੀਆਂ ਲਗਾ ਕੇ ਖੁਦ ਨੂੰ ਠੰਡਾ ਰੱਖਣ ਅਤੇ ਗਰਮੀ ਤੋਂ ਨਿਜਾਤ ਪਾਉਣ ਦੀ ਕੋਸ਼ਿਸ਼ ਕਰ ਰਹੇ ਸਨ।

ਪੇਂਡੂ ਅਤੇ ਅਰਧ-ਸ਼ਹਿਰੀ ਇਲਾਕਿਆਂ ਵਿੱਚ ਦੇਸੀ ਤਰੀਕੇ ਬਣੇ ਸਹਾਰਾ ਤੇਜ਼ ਹੁੰਮਸ ਅਤੇ ਵਧਦੇ ਤਾਪਮਾਨ ਕਾਰਨ ਘਰਾਂ ਦੇ ਅੰਦਰ ਲੱਗੇ ਕੂਲਰ ਅਤੇ ਪੱਖੇ ਵੀ ਫੇਲ੍ਹ ਸਾਬਤ ਹੋ ਰਹੇ ਹਨ। ਅਜਿਹੇ ਵਿੱਚ ਸ਼ਹਿਰ ਦੇ ਬਾਹਰੀ ਅਤੇ ਅਰਧ-ਸ਼ਹਿਰੀ ਇਲਾਕਿਆਂ ਵਿੱਚ ਖੇਤਾਂ 'ਚ ਚੱਲਣ ਵਾਲੇ ਟਿਊਬਵੈੱਲ ਅਤੇ ਪਾਣੀ ਦੇ ਟੈਂਕ (ਹੌਦ) ਬੱਚਿਆਂ ਲਈ 'ਵਾਟਰ ਪਾਰਕ' ਬਣ ਗਏ ਹਨ। ਖੇਤਾਂ ਵਿੱਚ ਨਹਾ ਰਹੇ ਬੱਚਿਆਂ ਨੇ ਦੱਸਿਆ ਕਿ ਦਿਨ ਵੇਲੇ ਬਹੁਤ ਜ਼ਿਆਦਾ ਗਰਮੀ ਹੁੰਦੀ ਹੈ, ਇਸ ਲਈ ਉਹ ਦੁਪਹਿਰ ਦੇ ਸਮੇਂ ਇੱਥੇ ਆ ਕੇ ਨਹਾਉਂਦੇ ਹਨ, ਜਿਸ ਨਾਲ ਉਨ੍ਹਾਂ ਨੂੰ ਗਰਮੀ ਤੋਂ ਵੱਡੀ ਰਾਹਤ ਮਿਲਦੀ ਹੈ।

ਮੌਸਮ ਵਿਭਾਗ ਮੁਤਾਬਕ ਆਉਣ ਵਾਲੇ ਦਿਨਾਂ ਵਿੱਚ ਗਰਮੀ ਹੋਰ ਵਧਣ ਦੀ ਸੰਭਾਵਨਾ ਹੈ, ਜਿਸ ਕਾਰਨ ਪ੍ਰਸ਼ਾਸਨ ਨੇ ਲੋਕਾਂ ਨੂੰ ਦੁਪਹਿਰ ਵੇਲੇ ਘਰਾਂ ਦੇ ਅੰਦਰ ਰਹਿਣ ਅਤੇ ਵੱਧ ਤੋਂ ਵੱਧ ਪਾਣੀ ਪੀਣ ਦੀ ਸਲਾਹ ਦਿੱਤੀ ਹੈ।

# 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਤਹਿਤ ਪਟਿਆਲਾ ਤੋਂ ਸ਼ਰਧਾਲੂਆਂ ਦਾ ਜੱਥਾ ਰਵਾਨਾ

## ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਲਈ ਮੁਫ਼ਤ ਬੱਸ ਸੇਵਾ ਸ਼ੁਰੂ

ਪਟਿਆਲਾ : ਪੰਜਾਬ ਸਰਕਾਰ ਦੀ ਵੱਕਾਰੀ ਅਤੇ ਸ਼ਰਧਾ ਭਰਪੂਰ ਯੋਜਨਾ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' (Mukh Mantri Tirath Yatra Yojna) ਦੇ ਤਹਿਤ ਐਤਵਾਰ ਨੂੰ ਸ਼ਾਹੀ ਸ਼ਹਿਰ ਪਟਿਆਲਾ ਤੋਂ ਸ਼ਰਧਾਲੂਆਂ ਦਾ ਇੱਕ ਹੋਰ ਜੱਥਾ ਇੱਕ ਪਵਿੱਤਰ ਅਤੇ ਅਧਿਆਤਮਕ ਯਾਤਰਾ ਲਈ ਰਵਾਨਾ ਹੋਇਆ। ਇਸ ਵਿਸ਼ੇਸ਼ ਮੁਫ਼ਤ ਬੱਸ ਰਾਹੀਂ ਇਲਾਕੇ ਦੇ ਬਜ਼ੁਰਗ ਅਤੇ ਲੋੜਵੰਦ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ (ਸਵਰਨ ਮੰਦਿਰ), ਅੰਮ੍ਰਿਤਸਰ ਦੇ ਦਰਸ਼ਨ-ਦੀਦਾਰ ਕਰਨ ਲਈ ਬੇਹੱਦ ਉਤਸ਼ਾਹ ਨਾਲ ਰਵਾਨਾ ਹੋਏ।

ਰਵਾਨਗੀ ਮੌਕੇ ਪਟਿਆਲਾ ਦੇ ਬੱਸ ਅੱਡੇ 'ਤੇ ਮਾਹੌਲ ਪੂਰੀ ਤਰ੍ਹਾਂ ਅਧਿਆਤਮਕ ਰੰਗ ਵਿੱਚ ਰੰਗਿਆ ਹੋਇਆ ਸੀ। ਸ਼ਰਧਾਲੂਆਂ ਨੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੀ ਗੂੰਜ ਵਿੱਚ ਬੱਸਾਂ ਵਿੱਚ ਬੋਰਡ ਕੀਤਾ (ਸਵਾਰੀ ਕੀਤੀ)। ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਅਤੇ ਸਥਾਨਕ ਆਗੂਆਂ ਨੇ ਸ਼ਰਧਾਲੂਆਂ ਨੂੰ ਹਾਰ ਪਹਿਨਾ ਕੇ ਅਤੇ ਸਿਰੋਪਾਓ ਦੇ ਕੇ ਯਾਤਰਾ ਲਈ ਸ਼ੁਭਕਾਮਨਾਵਾਂ ਸਹਿਤ ਵਿਦਾ ਕੀਤਾ।

ਸਰਕਾਰ ਵੱਲੋਂ ਰਹਿਣ, ਖਾਣ-ਪੀਣ ਦੇ ਪੁਖ਼ਤਾ ਪ੍ਰਬੰਧ ਇਸ ਯੋਜਨਾ ਦੇ ਤਹਿਤ ਯਾਤਰਾ 'ਤੇ ਜਾਣ ਵਾਲੇ ਸਾਰੇ ਸ਼ਰਧਾਲੂਆਂ ਲਈ ਸਫ਼ਰ, ਰਹਿਣ-ਸਹਿਣ, ਖਾਣ-ਪੀਣ (ਲੰਗਰ) ਅਤੇ ਮੈਡੀਕਲ ਸਹੂਲਤਾਂ ਦਾ ਸਾਰਾ ਖ਼ਰਚਾ ਪੂਰੀ ਤਰ੍ਹਾਂ ਪੰਜਾਬ ਸਰਕਾਰ ਵੱਲੋਂ ਚੁੱਕਿਆ ਜਾ ਰਿਹਾ ਹੈ। ਬੱਸਾਂ ਵਿੱਚ ਸ਼ਰਧਾਲੂਆਂ ਦੀ ਸਹੂਲਤ ਅਤੇ ਗਾਈਡੈਂਸ ਲਈ ਵਿਸ਼ੇਸ਼ ਸਰਕਾਰੀ ਨੋਡਲ ਅਧਿਕਾਰੀ ਵੀ ਤਾਇਨਾਤ ਕੀਤੇ ਗਏ ਹਨ।



ਬਜ਼ੁਰਗਾਂ ਅਤੇ ਮਹਿਲਾਵਾਂ ਨੇ ਜਤਾਇਆ ਮੁੱਖ ਮੰਤਰੀ ਦਾ ਆਭਾਰ ਯਾਤਰਾ 'ਤੇ ਜਾ ਰਹੇ ਬਜ਼ੁਰਗਾਂ, ਮਹਿਲਾਵਾਂ ਅਤੇ ਹੋਰ ਸ਼ਰਧਾਲੂਆਂ ਨੇ ਖ਼ੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਆਰਥਿਕ ਤੰਗੀ ਜਾਂ ਸਾਧਨਾਂ ਦੀ ਕਮੀ ਕਾਰਨ ਉਹ ਲੰਮੇ ਸਮੇਂ ਤੋਂ ਪਵਿੱਤਰ ਅਸਥਾਨਾਂ ਦੇ ਦਰਸ਼ਨ ਨਹੀਂ ਸਨ ਕਰ ਪਾ ਰਹੇ। ਸਰਕਾਰ ਦੀ ਇਸ ਸ਼ਲਾਘਾਯੋਗ ਪਹਿਲਕਦਮੀ ਕਾਰਨ ਅੱਜ ਉਨ੍ਹਾਂ ਦਾ ਸ੍ਰੀ ਅੰਮ੍ਰਿਤਸਰ ਸਾਹਿਬ ਨਤਮਸਤਕ ਹੋਣ ਦਾ ਸੁਪਨਾ ਪੂਰਾ ਹੋ ਰਿਹਾ ਹੈ। ਪ੍ਰਸ਼ਾਸਨ ਮੁਤਾਬਕ ਆਉਣ ਵਾਲੇ ਦਿਨਾਂ ਵਿੱਚ ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਹਲਕਿਆਂ ਤੋਂ ਦੇਸ਼ ਅਤੇ ਸੂਬੇ ਦੇ ਹੋਰਨਾਂ ਧਾਰਮਿਕ ਸਥਾਨਾਂ ਲਈ ਵੀ ਅਜਿਹੀਆਂ ਮੁਫ਼ਤ ਬੱਸਾਂ ਅਤੇ ਰੇਲ ਗੱਡੀਆਂ ਰਵਾਨਾ ਕੀਤੀਆਂ ਜਾਣਗੀਆਂ।

### ਰੇਹੜੀ-ਫੜ੍ਹੀ ਵਾਲਿਆਂ ਨੂੰ ਹਟਾਉਣ ਖ਼ਿਲਾਫ਼ ਕੋਲਕਾਤਾ 'ਚ ਹੰਗਾਮਾ

# 'ਸੀਟੂ' (CITU) ਵੱਲੋਂ ਐਂਟਾਲੀ ਤੋਂ ਸੀਆਲਦਾਹ ਤੱਕ ਵਿਸ਼ਾਲ ਰੋਸ ਰੈਲੀ



ਕੋਲਕਾਤਾ : ਕੋਲਕਾਤਾ ਨਗਰ ਨਿਗਮ ਅਤੇ ਸਥਾਨਕ ਪ੍ਰਸ਼ਾਸਨ ਵੱਲੋਂ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚੋਂ ਹਾਕਰਾਂ (ਰੇਹੜੀ-ਫੜ੍ਹੀ ਵਾਲਿਆਂ) ਨੂੰ ਹਟਾਉਣ ਦੀ ਚਲਾਈ ਜਾ ਰਹੀ ਮੁਹਿੰਮ ਖ਼ਿਲਾਫ਼ ਖੱਬੇ ਪੱਖੀ ਮਜ਼ਦੂਰ ਸੰਗਠਨਾਂ ਨੇ ਮੋਰਚਾ ਖੋਲ੍ਹ ਦਿੱਤਾ ਹੈ। ਸੋਮਵਾਰ ਨੂੰ 'ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ਼' (CITU) ਦੇ ਬੈਨਰ ਹੇਠ ਹਜ਼ਾਰਾਂ ਮੈਂਬਰਾਂ ਅਤੇ ਸਥਾਨਕ ਹਾਕਰਾਂ ਨੇ ਪ੍ਰਸ਼ਾਸਨਿਕ ਕਾਰਵਾਈ ਦੇ ਵਿਰੋਧ ਵਿੱਚ ਕੇਂਦਰੀ ਕੋਲਕਾਤਾ ਦੇ ਐਂਟਾਲੀ (Entally) ਤੋਂ ਸੀਆਲਦਾਹ (Sealdah) ਤੱਕ ਇੱਕ ਵਿਸ਼ਾਲ ਰੋਸ ਮਾਰਚ ਅਤੇ ਰੈਲੀ ਕੱਢੀ।

ਲਾਲ ਝੰਡੇ ਅਤੇ ਤਖ਼ਤੀਆਂ ਹੱਥਾਂ ਵਿੱਚ ਫੜੀ ਪ੍ਰਦਰਸ਼ਨਕਾਰੀਆਂ ਨੇ ਸੜਕਾਂ 'ਤੇ ਉਤਰ ਕੇ ਨਗਰ ਨਿਗਮ ਅਤੇ ਸੂਬਾ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਰੋਸ ਰੈਲੀ ਕਾਰਨ ਕੇਂਦਰੀ ਕੋਲਕਾਤਾ ਦੇ ਕਈ ਮੁੱਖ ਮਾਰਗਾਂ 'ਤੇ ਘੰਟਿਆਂਬੱਧੀ ਭਾਰੀ ਟਰੈਫਿਕ ਜਾਮ ਲੱਗ ਗਿਆ, ਜਿਸ ਕਾਰਨ ਆਮ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ।

ਰੁਜ਼ਗਾਰ ਖੋਹਣ ਦਾ ਲਾਇਆ ਦੋਸ਼, ਮੁੜ ਵਸੇਬੇ ਦੀ ਮੰਗ 'ਸੀਟੂ' (CITU) ਦੇ ਸੀਨੀਅਰ ਆਗੂਆਂ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਸ਼ਾਸਨ 'ਸੁੰਦਰੀਕਰਨ' ਦੇ ਨਾਂ 'ਤੇ ਗਰੀਬ ਹਾਕਰਾਂ ਦੇ ਪੇਟ 'ਤੇ ਲੱਤ ਮਾਰ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਬਿਨਾਂ ਕੋਈ ਵਿਕਲਪਿਕ ਜਗ੍ਹਾ ਜਾਂ ਮੁੜ ਵਸੇਬੇ (Rehabilitation) ਦਾ ਇੰਤਜ਼ਾਮ ਕੀਤੇ, ਪੁਲਿਸ ਅਤੇ ਨਿਗਮ ਦੀਆਂ ਟੀਮਾਂ ਵੱਲੋਂ ਜ਼ਬਰਦਸਤੀ ਹਾਕਰਾਂ ਦੇ ਸਟਾਲਾਂ ਨੂੰ ਉਖਾੜਿਆ ਜਾ ਰਿਹਾ ਹੈ, ਜਿਸ ਨਾਲ ਹਜ਼ਾਰਾਂ ਪਰਿਵਾਰਾਂ ਦੇ ਰੁਜ਼ਗਾਰ 'ਤੇ ਸੰਕਟ ਖੜ੍ਹਾ ਹੋ ਗਿਆ ਹੈ।

ਯੂਨੀਅਨ ਨੇ ਸਾਫ਼ ਚੇਤਾਵਨੀ ਦਿੱਤੀ ਹੈ ਕਿ ਜਦੋਂ ਤੱਕ ਹਾਕਰਾਂ ਨੂੰ ਬਾਕਾਇਦਾ ਲਾਇਸੈਂਸ ਦੇ ਕੇ ਉਨ੍ਹਾਂ ਦੀ ਸੁਰੱਖਿਆ ਯਕੀਨੀ ਨਹੀਂ ਬਣਾਈ ਜਾਂਦੀ ਅਤੇ ਬਿਨਾਂ ਉਜਾੜੇ ਕੋਈ ਠੋਸ ਨੀਤੀ ਨਹੀਂ ਬਣਾਈ ਜਾਂਦੀ, ਉਦੋਂ ਤੱਕ ਇਹ ਅੰਦੋਲਨ ਰੁਕਣ ਵਾਲਾ ਨਹੀਂ ਹੈ। ਪ੍ਰਦਰਸ਼ਨ ਦੇ ਮੱਦੇਨਜ਼ਰ ਕਿਸੇ ਵੀ ਅਣਸੁਖਾਵੀਂ ਸਥਿਤੀ ਨੂੰ ਰੋਕਣ ਲਈ ਪੂਰੇ ਰੂਟ 'ਤੇ ਕੋਲਕਾਤਾ ਪੁਲਿਸ ਦੇ ਭਾਰੀ ਜਵਾਨ ਤਾਇਨਾਤ ਕੀਤੇ ਗਏ ਸਨ।

### ਕਸ਼ਮੀਰ ਘਾਟੀ 'ਚ ਝੋਨੇ ਦੀ ਲਵਾਈ ਦਾ ਸੀਜ਼ਨ ਸ਼ੁਰੂ

# ਬਡਗਾਮ 'ਚ ਖੇਤਾਂ ਦੀ ਮਿੱਟੀ ਅਤੇ ਪਾਣੀ ਨਾਲ ਜੂਝਦੇ ਹੋਏ ਕਿਸਾਨਾਂ ਨੇ ਸ਼ੁਰੂ ਕੀਤੀ ਪਨੀਰੀ ਦੀ ਲੁਆਈ





ਬਡਗਾਮ (ਜੰਮੂ-ਕਸ਼ਮੀਰ): ਜੰਮੂ-ਕਸ਼ਮੀਰ ਦੀ ਖ਼ੂਬਸੂਰਤ ਕਸ਼ਮੀਰ ਘਾਟੀ ਵਿੱਚ ਇਨੀਂ ਦਿਨੀਂ ਖੇਤੀਬਾੜੀ ਦੀਆਂ ਗਤੀਵਿਧੀਆਂ ਪੂਰੇ ਜ਼ੋਰਾਂ 'ਤੇ ਹਨ। ਮੱਧ ਕਸ਼ਮੀਰ ਦੇ ਬਡਗਾਮ ਜ਼ਿਲ੍ਹੇ ਵਿੱਚ ਝੋਨੇ (ਧਾਨ) ਦੀ ਬੀਜਾਈ ਅਤੇ ਲੁਆਈ ਦਾ ਰਵਾਇਤੀ ਸੀਜ਼ਨ ਅਧਿਕਾਰਤ ਤੌਰ 'ਤੇ ਸ਼ੁਰੂ ਹੋ ਗਿਆ ਹੈ। ਐਤਵਾਰ ਨੂੰ ਇਲਾਕੇ ਦੇ ਵੱਖ-ਵੱਖ ਪਿੰਡਾਂ ਵਿੱਚ ਹਜ਼ਾਰਾਂ ਕਿਸਾਨ, ਮਹਿਲਾਵਾਂ ਅਤੇ ਮਜ਼ਦੂਰ ਆਪਣੇ ਖੇਤਾਂ ਵਿੱਚ ਝੋਨੇ ਦੀ ਪਨੀਰੀ (Rice saplings) ਲਗਾਉਣ ਦੇ ਕੰਮ ਵਿੱਚ ਰੁੱਝੇ ਹੋਏ ਨਜ਼ਰ ਆਏ।

ਕਸ਼ਮੀਰ ਵਿੱਚ ਝੋਨੇ ਦੀ ਖੇਤੀ ਨੂੰ ਸਥਾਨਕ ਭਾਸ਼ਾ ਵਿੱਚ 'ਧਾਨ' ਦੀ ਫ਼ਸਲ ਕਿਹਾ ਜਾਂਦਾ ਹੈ ਅਤੇ ਇਹ ਇੱਥੋਂ ਦੇ ਮੁੱਖ ਭੋਜਨ (ਚੌਲ) ਦਾ ਸਭ ਤੋਂ ਵੱਡਾ ਸਰੋਤ ਹੈ। ਕਿਸਾਨਾਂ ਵੱਲੋਂ ਪਾਣੀ ਅਤੇ ਗਾਰੇ ਨਾਲ ਲੱਦਪੱਦ ਹੋਏ ਮਿੱਟੀ ਦੇ ਖੇਤਾਂ ਵਿੱਚ ਨੰਗੇ ਪੈਰੀਂ ਉਤਰ ਕੇ ਬੜੀ ਬਾਰੀਕੀ ਨਾਲ ਲਾਈਨਾਂ ਵਿੱਚ ਪਨੀਰੀ ਟਰਾਂਸਪਲਾਂਟ (Transplant) ਕੀਤੀ ਜਾ ਰਹੀ ਹੈ।

ਕੁਦਰਤੀ ਪਾਣੀ ਅਤੇ ਮੌਸਮ 'ਤੇ ਨਿਰਭਰਤਾ ਸਥਾਨਕ ਕਿਸਾਨਾਂ ਮੁਤਾਬਕ, ਕਸ਼ਮੀਰ ਵਿੱਚ ਝੋਨੇ ਦੀ ਲਵਾਈ ਪਹਾੜਾਂ ਤੋਂ ਪਿਘਲ ਕੇ ਆਉਣ ਵਾਲੇ ਗਲੇਸ਼ੀਅਰਾਂ ਦੇ ਠੰਡੇ ਪਾਣੀ (ਕੁਦਰਤੀ ਨਹਿਰਾਂ ਅਤੇ ਚਸ਼ਮਿਆਂ) 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ। ਇਸ ਸਾਲ ਮੌਸਮ ਅਨੁਕੂਲ ਰਹਿਣ ਕਾਰਨ ਸਮੇਂ ਸਿਰ ਪਾਣੀ ਉਪਲਬਧ ਹੋ ਗਿਆ ਹੈ, ਜਿਸ ਕਾਰਨ ਲਵਾਈ ਦਾ ਕੰਮ ਨਿਰਵਿਘਨ ਚੱਲ ਰਿਹਾ ਹੈ।

ਖੇਤਾਂ ਵਿੱਚ ਕੰਮ ਕਰ ਰਹੇ ਕਿਸਾਨਾਂ ਨੇ ਉਮੀਦ ਜਤਾਈ ਕਿ ਜੇਕਰ ਆਉਣ ਵਾਲੇ ਮਹੀਨਿਆਂ ਵਿੱਚ ਮੌਸਮ ਨੇ ਸਾਥ ਦਿੱਤਾ, ਤਾਂ ਇਸ ਵਾਰ ਝੋਨੇ ਦੀ ਬੰਪਰ ਫ਼ਸਲ ਹੋਵੇਗੀ। ਇਸ ਸੀਜ਼ਨ ਦੌਰਾਨ ਪੂਰੀ ਘਾਟੀ ਵਿੱਚ ਇੱਕ ਵੱਖਰਾ ਹੀ ਉਤਸ਼ਾਹ ਦੇਖਣ ਨੂੰ ਮਿਲਦਾ ਹੈ, ਜਿੱਥੇ ਪਰਿਵਾਰ ਦੇ ਸਾਰੇ ਮੈਂਬਰ ਇਕੱਠੇ ਹੋ ਕੇ ਖੇਤਾਂ ਵਿੱਚ ਹੱਥ ਵਟਾਉਂਦੇ ਹਨ।

### ਪੰਜਾਬ ਦੀਆਂ ਧੀਆਂ ਦੀ ਅਸਮਾਨੀ ਉਡਾਣ

# ਮਹਿਕਪ੍ਰੀਤ ਨੇ ਦੇਸ਼ ਭਰ 'ਚੋਂ ਕੀਤਾ ਟਾਪ, ਕੋਮਲਪ੍ਰੀਤ ਨੇ NDA 'ਚ ਗੱਡੇ ਝੰਡੇ!

ਚੰਡੀਗੜ੍ਹ: (ਸਾਡੇ ਲੋਕ) : ਪੰਜਾਬ ਦੀਆਂ ਧੀਆਂ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਜੇਕਰ ਉਨ੍ਹਾਂ ਨੂੰ ਉੱਡਣ ਲਈ ਖੰਭ ਮਿਲਣ, ਤਾਂ ਉਹ ਅਸਮਾਨ ਦੀਆਂ ਬੁਲੰਦੀਆਂ ਨੂੰ ਛੂਹਣ ਦਾ ਦਮ ਰੱਖਦੀਆਂ ਹਨ। ਸੂਬੇ ਦੀਆਂ ਦੋ ਹੋਣਹਾਰ ਧੀਆਂ ਨੇ ਰੱਖਿਆ ਸੇਵਾਵਾਂ ਵਿੱਚ ਇਤਿਹਾਸਕ ਪ੍ਰਾਪਤੀ ਹਾਸਲ ਕਰਕੇ ਪੂਰੇ ਦੇਸ਼ ਵਿੱਚ ਪੰਜਾਬ ਦਾ ਨਾਂ ਸੁਨਹਿਰੀ ਅੱਖਰਾਂ ਵਿੱਚ ਲਿਖ ਦਿੱਤਾ ਹੈ।

ਪੰਜਾਬ ਦੀ ਧੀ ਮਹਿਕਪ੍ਰੀਤ ਕੌਰ ਨੇ 'ਏਅਰ ਫੋਰਸ ਅਕੈਡਮੀ' (AFA) ਦੀ ਪ੍ਰੀਖਿਆ ਵਿੱਚੋਂ ਦੇਸ਼ ਭਰ ਵਿੱਚੋਂ ਪਹਿਲਾ (Ast) ਰੈਂਕ ਹਾਸਲ ਕਰਕੇ ਮਿਸਾਲੀ ਸਫ਼ਲਤਾ ਪ੍ਰਾਪਤ ਕੀਤੀ ਹੈ। ਦੂਜੇ ਪਾਸੇ, ਇੱਕ ਹੋਰ ਮਾਣਮੱਤੀ ਧੀ ਕੋਮਲਪ੍ਰੀਤ ਕੌਰ ਨੇ ਵੱਕਾਰੀ 'ਨੈਸ਼ਨਲ ਡਿਫੈਂਸ ਅਕੈਡਮੀ' (NDA) ਵਿੱਚੋਂ 18ਵਾਂ ਰੈਂਕ ਪ੍ਰਾਪਤ ਕਰਕੇ ਸੂਬੇ ਦਾ ਸਿਰ ਫ਼ਖ਼ਰ ਨਾਲ ਉੱਚਾ ਕਰ ਦਿੱਤਾ ਹੈ।





**ਮਾਪਿਆਂ ਅਤੇ ਅਧਿਆਪਕਾਂ ਦੀ ਮਿਹਨਤ ਨੂੰ ਸਲਾਮ** : ਇਸ ਇਤਿਹਾਸਕ ਪ੍ਰਾਪਤੀ ਪਿੱਛੇ ਇਨ੍ਹਾਂ ਬੱਚੀਆਂ ਦੀ ਅਣਥੱਕ ਮਿਹਨਤ, ਉਨ੍ਹਾਂ ਦੇ ਮਾਪਿਆਂ ਦੀ ਬਿਨਾਂ ਸ਼ਰਤ ਹਮਾਇਤ ਅਤੇ ਅਧਿਆਪਕਾਂ ਦੇ ਯੋਗ ਮਾਰਗਦਰਸ਼ਨ ਦੀ ਵੱਡੀ ਤੇ ਮਾਣਮੱਤੀ ਦੇਣ ਹੈ। ਅੱਜ ਪੂਰਾ ਪੰਜਾਬ ਇਨ੍ਹਾਂ ਦੇਸ਼ ਦੇ ਭਵਿੱਖ ਦੇ ਰੱਖਵਾਲਿਆਂ 'ਤੇ ਮਾਣ ਮਹਿਸੂਸ ਕਰ ਰਿਹਾ ਹੈ।

**ਸਰਕਾਰ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ:** 'ਪੰਜਾਬ ਦੀਆਂ ਧੀਆਂ ਇਸੇ ਤਰ੍ਹਾਂ ਅਸਮਾਨੀ ਉਡਾਣਾਂ ਭਰਦੀਆਂ ਰਹਿਣ ਅਤੇ ਬੁਲੰਦੀਆਂ ਨੂੰ ਛੂਹਦੀਆਂ ਰਹਿਣ। 'ਤੁਹਾਡੀ ਸਰਕਾਰ' ਹਰ ਕਦਮ 'ਤੇ ਤੁਹਾਡੇ ਨਾਲ ਖੜ੍ਹੀ ਹੈ।'

ਇਸ ਮੌਕੇ ਦੁਨੀਆ ਭਰ ਵਿੱਚ ਵੱਸਦੇ ਪੰਜਾਬੀਆਂ ਵੱਲੋਂ ਦੋਵਾਂ ਧੀਆਂ ਨੂੰ ਸੋਸ਼ਲ ਮੀਡੀਆ ਅਤੇ ਹੋਰ ਮਾਧਿਅਮਾਂ ਰਾਹੀਂ ਰਿਕਾਰਡਤੋੜ ਵਧਾਈਆਂ ਅਤੇ ਦੁਆਵਾਂ ਦਿੱਤੀਆਂ ਜਾ ਰਹੀਆਂ ਹਨ। ਇਹ ਸਫ਼ਲਤਾ ਪੰਜਾਬ ਦੀਆਂ ਹੋਰ ਹਜ਼ਾਰਾਂ ਧੀਆਂ ਲਈ ਦੇਸ਼ ਦੀ ਸੇਵਾ ਵਿੱਚ ਅੱਗੇ ਵਧਣ ਲਈ ਇੱਕ ਵੱਡੀ ਪ੍ਰੇਰਨਾ ਸਰੋਤ ਬਣੇਗੀ।

# ਅੰਮ੍ਰਿਤਸਰ ਦੇ ਰਾਮਬਾਗ ਬਾਜ਼ਾਰ 'ਚ ਭਿਆਨਕ ਅੱਗ ਦਾ ਤਾਂਡਵ

## 25 ਦੇ ਕਰੀਬ ਦੁਕਾਨਾਂ ਸੜ ਕੇ ਸੁਆਹ, ਹਾਦਸੇ 'ਚ ਇੱਕ ਵਿਅਕਤੀ ਦੀ ਮੌਤ













ਅੰਮ੍ਰਿਤਸਰ : ਗੁਰੂ ਨਗਰੀ ਅੰਮ੍ਰਿਤਸਰ ਦੇ ਇਤਿਹਾਸਕ ਅਤੇ ਪ੍ਰਮੁੱਖ ਰਾਮਬਾਗ ਇਲਾਕੇ ਵਿੱਚ ਸਥਿਤ ਬਾਂਸ ਬਾਜ਼ਾਰ (ਬੈਂਬੂ ਮਾਰਕੀਟ) ਵਿੱਚ ਅਚਾਨਕ ਭਿਆਨਕ ਅੱਗ ਲੱਗ ਗਈ। ਅੱਗ ਇੰਨੀ ਤੇਜ਼ੀ ਨਾਲ ਫੈਲੀ ਕਿ ਦੇਖਦਿਆਂ ਹੀ ਦੇਖਦਿਆਂ ਇਸ ਨੇ ਪੂਰੇ ਬਾਜ਼ਾਰ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਅਸਮਾਨ ਵਿੱਚ ਕਾਲੇ ਧੂੰਏਂ ਦੇ ਉੱਚੇ ਗੁਬਾਰ ਉੱਠਦੇ ਦੇਖ ਕੇ ਆਲੇ-ਦੁਆਲੇ ਦੇ ਇਲਾਕੇ ਵਿੱਚ ਅਫ਼ਰਾ-ਤਫ਼ਰੀ ਅਤੇ ਦਹਿਸ਼ਤ ਦਾ ਮਾਹੌਲ ਬਣ ਗਿਆ। ਇਸ ਬੇਹੱਦ ਮੰਦਭਾਗੇ ਹਾਦਸੇ ਵਿੱਚ ਇੱਕ ਬਾਂਸ ਦੀ ਦੁਕਾਨ ਦੇ ਅੰਦਰ ਫਸੇ ਦਿਵਿਆਂਗ (ਅਪਾਹਜ) ਦੁਕਾਨਦਾਰ ਦੀ ਜ਼ਿੰਦਾ ਸੜ ਜਾਣ ਕਾਰਨ ਮੌਤ ਹੋ ਗਈ। ਉਹ ਆਪਣੀ ਸਰੀਰਕ ਅਸਮਰੱਥਾ ਕਾਰਨ ਸਮੇਂ ਸਿਰ ਦੁਕਾਨ ਤੋਂ ਬਾਹਰ ਨਹੀਂ ਨਿਕਲ ਸਕਿਆ।

ਸ਼ਾਰਟ ਸਰਕਟ ਬਣਿਆ ਕਾਰਨ: ਸ਼ੁਰੂਆਤੀ ਜਾਂਚ ਅਤੇ ਪੁਲਿਸ ਮੁਤਾਬਕ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਮੰਨਿਆ ਜਾ ਰਿਹਾ ਹੈ। ਬਾਜ਼ਾਰ ਵਿੱਚ ਬਾਂਸ, ਲੱਕੜ ਦੀਆਂ ਪੌੜੀਆਂ ਅਤੇ ਹੋਰ ਜਲਦੀ ਅੱਗ ਫੜਨ ਵਾਲਾ ਸਾਮਾਨ ਹੋਣ ਕਰਕੇ ਅੱਗ ਨੇ ਮਿੰਟਾਂ ਵਿੱਚ ਹੀ ਵਿਕਰਾਲ ਰੂਪ ਧਾਰਨ ਕਰ ਲਿਆ।

ਭਾਰੀ ਮਾਲੀ ਨੁਕਸਾਨ: ਫਾਇਰ ਬ੍ਰਿਗੇਡ ਦੀਆਂ ਕਈ ਗੱਡੀਆਂ ਨੇ ਮੌਕੇ 'ਤੇ ਪਹੁੰਚ ਕੇ ਮੁਸ਼ੱਕਤ ਨਾਲ ਅੱਗ 'ਤੇ ਕਾਬੂ ਪਾਇਆ। ਸਥਾਨਕ ਪ੍ਰਸ਼ਾਸਨ ਅਤੇ ਵਿਧਾਇਕ ਅਜੇ ਗੁਪਤਾ ਮੁਤਾਬਕ ਲਗਭਗ 20 ਤੋਂ 25 ਦੁਕਾਨਾਂ/ਖੋਖੇ ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਏ ਹਨ, ਜਿਸ ਕਾਰਨ ਵਪਾਰੀਆਂ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਅੱਗ ਦੀ ਲਪੇਟ ਵਿੱਚ ਆਉਣ ਕਾਰਨ ਨੇੜੇ ਲੱਗਾ ਇੱਕ ਮੋਬਾਈਲ ਟਾਵਰ ਵੀ ਪ੍ਰਭਾਵਿਤ ਹੋਇਆ।

ਸਰਕਾਰ ਵੱਲੋਂ ਮੁਆਵਜ਼ੇ ਦਾ ਭਰੋਸਾ: ਮੌਕੇ 'ਤੇ ਪਹੁੰਚੇ ਆਮ ਆਦਮੀ ਪਾਰਟੀ ਦੇ ਵਿਧਾਇਕ ਨੇ ਪੀੜਤਾਂ ਨਾਲ ਹਮਦਰਦੀ ਪ੍ਰਗਟਾਈ ਅਤੇ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਨਾਲ ਗੱਲ ਕਰਕੇ ਪ੍ਰਭਾਵਿਤ ਦੁਕਾਨਦਾਰਾਂ ਦੇ ਹੋਏ ਨੁਕਸਾਨ ਦਾ ਉਚਿਤ ਮੁਆਵਜ਼ਾ ਦਿਵਾਉਣਗੇ।

# ਕਿਸਾਨ ਮਸੀਹਾ ਚੌਧਰੀ ਮਹਿੰਦਰ ਸਿੰਘ ਟਿਕੈਤ ਦੀ ਬਰਸੀ 'ਤੇ ਦਿੱਲੀ 'ਚ ਜੁੱਟੇ ਦਿੱਗਜ

## ਰਾਕੇਸ਼ ਟਿਕੈਤ, ਸੰਜੇ ਸਿੰਘ ਅਤੇ ਦੀਪੇਂਦਰ ਹੁੱਡਾ ਨੇ ਲਾਠੀ ਲਹਿਰਾ ਕੇ ਕਿਸਾਨੀ ਏਕਤਾ ਦਾ ਦਿੱਤਾ ਸੁਨੇਹਾ







ਨਵੀਂ ਦਿੱਲੀ : ਭਾਰਤੀ ਕਿਸਾਨ ਯੂਨੀਅਨ (BKU) ਦੇ ਸੰਸਥਾਪਕ ਅਤੇ ਦੇਸ਼ ਦੇ ਸਭ ਤੋਂ ਕੱਦਵਾਰ ਕਿਸਾਨ ਆਗੂਆਂ ਵਿੱਚੋਂ ਇੱਕ ਰਹੇ ਮਰਹੂਮ ਚੌਧਰੀ ਮਹਿੰਦਰ ਸਿੰਘ ਟਿਕੈਤ (ਬਾਬਾ ਟਿਕੈਤ) ਦੀ ਪੁੰਨਤਿਥੀ (ਬਰਸੀ) ਦੇ ਮੱਦੇਨਜ਼ਰ ਰਾਜਧਾਨੀ ਦਿੱਲੀ ਵਿੱਚ ਇੱਕ ਵਿਸ਼ਾਲ ਯਾਦਗਾਰੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਸਿਆਸੀ ਪਾਰਟੀਆਂ ਦੇ ਪ੍ਰਮੁੱਖ ਆਗੂਆਂ ਅਤੇ ਕਿਸਾਨ ਨੇਤਾਵਾਂ ਨੇ ਇੱਕ ਮੰਚ 'ਤੇ ਇਕੱਠੇ ਹੋ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਸਮਾਰੋਹ ਦੌਰਾਨ ਉਸ ਵੇਲੇ ਇੱਕ ਬੇਹੱਦ ਦਮਦਾਰ ਅਤੇ ਰਵਾਇਤੀ ਦ੍ਰਿਸ਼ ਦੇਖਣ ਨੂੰ ਮਿਲਿਆ, ਜਦੋਂ ਭਾਰਤੀ ਕਿਸਾਨ ਯੂਨੀਅਨ ਦੇ ਰਾਸ਼ਟਰੀ ਬੁਲਾਰੇ ਚੌਧਰੀ ਰਾਕੇਸ਼ ਟਿਕੈਤ (Rakesh Tikait), ਆਮ ਆਦਮੀ ਪਾਰਟੀ (AAP) ਦੇ ਸੀਨੀਅਰ ਆਗੂ ਤੇ ਸੰਸਦ ਮੈਂਬਰ ਸੰਜੇ ਸਿੰਘ (Sanjay Singh), ਕਾਂਗਰਸ ਦੇ ਸੀਨੀਅਰ ਨੇਤਾ ਦੀਪੇਂਦਰ ਸਿੰਘ ਹੁੱਡਾ (Deepender Singh Hooda) ਅਤੇ ਜੰਮੂ-ਕਸ਼ਮੀਰ ਦੇ ਉਪ-ਮੁੱਖ ਮੰਤਰੀ ਸੁਰਿੰਦਰ ਕੁਮਾਰ ਚੌਧਰੀ (Surender Kumar Choudhary) ਨੇ ਸਾਂਝੇ ਤੌਰ 'ਤੇ ਹੱਥਾਂ ਵਿੱਚ ਕਿਸਾਨੀ ਪ੍ਰਤੀਕ 'ਲਾਠੀ' (Club/Staff) ਨੂੰ ਹਵਾ ਵਿੱਚ ਲਹਿਰਾਇਆ। ਇਹ ਕਦਮ ਦੇਸ਼ ਦੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਅਟੁੱਟ ਏਕਤਾ ਅਤੇ ਸੰਘਰਸ਼ ਨੂੰ ਦਰਸਾਉਂਦਾ ਹੈ।






ਬਾਬਾ ਟਿਕੈਤ ਦੇ ਨਕਸ਼ੇ-ਕਦਮਾਂ 'ਤੇ ਚੱਲਣ ਦਾ ਲਿਆ ਸੰਕਲਪ ਸ਼ਰਧਾਂਜਲੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਰਾਕੇਸ਼ ਟਿਕੈਤ ਨੇ ਕਿਹਾ ਕਿ ਬਾਬਾ ਮਹਿੰਦਰ ਸਿੰਘ ਟਿਕੈਤ ਨੇ ਹਮੇਸ਼ਾ ਦੇਸ਼ ਦੇ ਦੱਬੇ-ਕੁਚਲੇ, ਗਰੀਬਾਂ ਅਤੇ ਕਿਸਾਨਾਂ ਦੇ ਹੱਕਾਂ ਲਈ ਸੜਕਾਂ 'ਤੇ ਉਤਰ ਕੇ ਲੜਾਈ ਲੜੀ ਹੈ। ਅੱਜ ਵੀ ਉਨ੍ਹਾਂ ਦੇ ਵਿਚਾਰ ਅਤੇ ਸਿਧਾਂਤ ਚੱਲ ਰਹੇ ਕਿਸਾਨੀ ਅੰਦੋਲਨਾਂ ਲਈ ਚਾਨਣ ਮੁਨਾਰਾ ਹਨ।

ਮੰਚ 'ਤੇ ਮੌਜੂਦ ਵਿਰੋਧੀ ਧਿਰ ਦੇ ਨੇਤਾਵਾਂ—ਸੰਜੇ ਸਿੰਘ ਅਤੇ ਦੀਪੇਂਦਰ ਹੁੱਡਾ ਨੇ ਵੀ ਕਿਸਾਨੀ ਮੰਗਾਂ ਦਾ ਜ਼ੋਰਦਾਰ ਸਮਰਥਨ ਕਰਦਿਆਂ ਕਿਹਾ ਕਿ ਉਹ ਸੜਕ ਤੋਂ ਲੈ ਕੇ ਸੰਸਦ ਤੱਕ ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਦੇ ਰਹਿਣਗੇ। ਜੰਮੂ-ਕਸ਼ਮੀਰ ਦੇ ਡਿਪਟੀ ਸੀਐਮ ਸੁਰਿੰਦਰ ਕੁਮਾਰ ਚੌਧਰੀ ਨੇ ਵੀ ਘਾਟੀ ਦੇ ਕਿਸਾਨਾਂ ਵੱਲੋਂ ਬਾਬਾ ਟਿਕੈਤ ਦੇ ਯੋਗਦਾਨ ਨੂੰ ਯਾਦ ਕੀਤਾ। ਇਸ ਸਮਾਰੋਹ ਵਿੱਚ ਦੇਸ਼ ਭਰ ਤੋਂ ਆਏ ਹਜ਼ਾਰਾਂ ਕਿਸਾਨਾਂ ਅਤੇ ਯੂਨੀਅਨ ਦੇ ਕਾਰਕੁਨਾਂ ਨੇ ਬਾਬਾ ਟਿਕੈਤ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਭੇਟ ਕਰਕੇ ਉਨ੍ਹਾਂ ਦੀ ਵਿਰਾਸਤ ਨੂੰ ਅੱਗੇ ਵਧਾਉਣ ਦਾ ਪ੍ਰਣ ਲਿਆ।

# ਮੁਹਾਲੀ 'ਚ ਗਰਜੇ ਪੰਜਾਬ ਦੇ ਸਰਕਾਰੀ ਮੁਲਾਜ਼ਮ

## ਪੁਰਾਣੀ ਪੈਨਸ਼ਨ, ਪੁਰਾਣਾ ਪੇ-ਸਕੇਲ ਅਤੇ ਰੋਕੇ ਹੋਏ ਭੱਤੇ ਬਹਾਲ ਕਰਨ ਲਈ ਵਿਸ਼ਾਲ ਰੋਸ ਪ੍ਰਦਰਸ਼ਨ









ਮੁਹਾਲੀ : ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸਰਕਾਰ ਖ਼ਿਲਾਫ਼ ਖੋਲ੍ਹਿਆ ਗਿਆ ਮੋਰਚਾ ਹੁਣ ਹੋਰ ਤਿੱਖਾ ਹੁੰਦਾ ਜਾ ਰਿਹਾ ਹੈ। ਮੁਹਾਲੀ ਵਿਖੇ 'ਪੁਰਾਣੀ ਸਕੇਲ, ਪੁਰਾਣੀ ਪੈਨਸ਼ਨ ਅਤੇ ਭੱਤੇ ਬਹਾਲੀ ਮੋਰਚਾ' ਦੇ ਬੈਨਰ ਹੇਠ ਹਜ਼ਾਰਾਂ ਮੁਲਾਜ਼ਮਾਂ ਨੇ ਇਕੱਠੇ ਹੋ ਕੇ ਸੂਬਾ ਸਰਕਾਰ ਵਿਰੁੱਧ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ। ਇਸ ਪ੍ਰਦਰਸ਼ਨ ਦੌਰਾਨ ਮੁਲਾਜ਼ਮਾਂ ਨੇ ਪੁਰਾਣੀ ਪੈਨਸ਼ਨ ਸਕੀਮ (OPS) ਨੂੰ ਹੂਬਹੂ ਲਾਗੂ ਕਰਨ, ਪੁਰਾਣੇ ਪੇ-ਸਕੇਲ ਬਹਾਲ ਕਰਨ ਅਤੇ ਲੰਮੇ ਸਮੇਂ ਤੋਂ ਲਟਕ ਰਹੇ ਡੀ.ਏ. (ਮਹਿਗਾਈ ਭੱਤੇ) ਦੀ ਬਕਾਇਆ ਰਾਸ਼ੀ ਜਾਰੀ ਕਰਨ ਲਈ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਪ੍ਰਦਰਸ਼ਨ ਵਾਲੀ ਜਗ੍ਹਾ ਤੋਂ ਮਿਲੀਆਂ ਤਸਵੀਰਾਂ ਅਤੇ ਵੀਡੀਓਜ਼ (Visuals) ਮੁਲਾਜ਼ਮਾਂ ਦੇ ਭਾਰੀ ਇਕੱਠ ਅਤੇ ਸਰਕਾਰ ਪ੍ਰਤੀ ਉਨ੍ਹਾਂ ਦੇ ਤਿੱਖੇ ਰੋਸ ਨੂੰ ਬਿਆਨ ਕਰਦੀਆਂ ਹਨ। ਸਥਿਤੀ ਨੂੰ ਕੰਟਰੋਲ ਵਿੱਚ ਰੱਖਣ ਲਈ ਮੌਕੇ 'ਤੇ ਭਾਰੀ ਪੁਲਿਸ ਬਲ ਤਾਇਨਾਤ ਕਰਨਾ ਪਿਆ।

**ਮੁਲਾਜ਼ਮ ਆਗੂਆਂ ਦੇ ਵੱਡੇ ਬਿਆਨ (Soundbites):** ਮੋਰਚੇ ਦੇ ਸੂਬਾ ਕਨਵੀਨਰਾਂ (State Convenors) ਵਿਕਰਮ ਦੇਵ ਸਿੰਘ ਅਤੇ ਕੁਲਦੀਪ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਕਾਰ 'ਤੇ ਵਾਅਦਾਖ਼ਿਲਾਫ਼ੀ ਦੇ ਗੰਭੀਰ ਦੋਸ਼ ਲਾਏ:

ਵਿਕਰਮ ਦੇਵ ਸਿੰਘ (ਸੂਬਾ ਕਨਵੀਨਰ): 'ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਮੁਲਾਜ਼ਮਾਂ ਨਾਲ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਵੱਡਾ ਵਾਅਦਾ ਕੀਤਾ ਸੀ, ਪਰ ਅੱਜ ਤੱਕ ਇਸ ਨੂੰ ਹਕੀਕਤ ਵਿੱਚ ਲਾਗੂ ਨਹੀਂ ਕੀਤਾ ਗਿਆ। ਮੁਲਾਜ਼ਮਾਂ ਦੇ ਪੁਰਾਣੇ ਪੇ-ਸਕੇਲਾਂ 'ਤੇ ਕੈਂਚੀ ਚਲਾ ਦਿੱਤੀ ਗਈ ਹੈ ਅਤੇ ਸਾਡੇ ਬਣਦੇ ਭੱਤੇ ਰੋਕ ਲਏ ਗਏ ਹਨ। ਅਸੀਂ ਆਪਣਾ ਹੱਕ ਲਏ ਬਿਨਾਂ ਪਿੱਛੇ ਨਹੀਂ ਹਟਾਂਗੇ।'

ਕੁਲਦੀਪ ਸਿੰਘ (ਸੂਬਾ ਕਨਵੀਨਰ): 'ਮਹਿੰਗਾਈ ਲਗਾਤਾਰ ਵਧ ਰਹੀ ਹੈ, ਪਰ ਮੁਲਾਜ਼ਮਾਂ ਦਾ ਪੈਂਡਿੰਗ ਡੀ.ਏ. (DA) ਜਾਰੀ ਨਹੀਂ ਕੀਤਾ ਜਾ ਰਿਹਾ। ਅੱਜ ਪੰਜਾਬ ਦਾ ਹਰ ਵਰਗ ਸੜਕਾਂ 'ਤੇ ਉਤਰਨ ਲਈ ਮਜਬੂਰ ਹੈ। ਜੇਕਰ ਸਰਕਾਰ ਨੇ ਸਾਡੀਆਂ ਮੰਗਾਂ ਦਾ ਤੁਰੰਤ ਹੱਲ ਨਾ ਕੱਢਿਆ, ਤਾਂ ਇਹ ਮੋਰਚਾ ਆਉਣ ਵਾਲੇ ਦਿਨਾਂ ਵਿੱਚ ਗੁਪਤ ਹੜਤਾਲਾਂ ਅਤੇ ਤਿੱਖੇ ਸੰਘਰਸ਼ ਦਾ ਰੂਪ ਧਾਰਨ ਕਰੇਗਾ, ਜਿਸ ਦੀ ਜ਼ਿੰਮੇਵਾਰੀ ਸਿੱਧੀ ਪ੍ਰਸ਼ਾਸਨ ਦੀ ਹੋਵੇਗੀ।'




ਮੁਲਾਜ਼ਮ ਜਥੇਬੰਦੀਆਂ ਨੇ ਸਾਫ਼ ਚੇਤਾਵਨੀ ਦਿੱਤੀ ਹੈ ਕਿ ਜਦੋਂ ਤੱਕ ਨੋਟੀਫਿਕੇਸ਼ਨ ਜਾਰੀ ਕਰਕੇ ਪੁਰਾਣੀ ਪੈਨਸ਼ਨ ਅਤੇ ਪੇ-ਸਕੇਲ ਬਹਾਲ ਨਹੀਂ ਕੀਤੇ ਜਾਂਦੇ, ਉਨ੍ਹਾਂ ਦਾ ਇਹ ਸੂਬਾ ਪੱਧਰੀ ਅੰਦੋਲਨ ਇਸੇ ਤਰ੍ਹਾਂ ਜਾਰੀ ਰਹੇਗਾ।


# ਭਾਰਤ-ਬਰਤਾਨੀਆ ਸਬੰਧਾਂ 'ਚ ਨਵਾਂ ਅਧਿਆਏ

## ਕੇਂਦਰੀ ਮੰਤਰੀ ਪਿਊਸ਼ ਗੋਇਲ ਅਤੇ ਬ੍ਰਿਟੇਨ ਦੇ ਵਪਾਰ ਮੰਤਰੀ ਪੀਟਰ ਕਾਇਲ ਵਿਚਾਲੇ ਦਿੱਲੀ 'ਚ ਉੱਚ-ਪੱਧਰੀ ਬੈਠਕ; ਦੁਵੱਲੇ ਵਪਾਰ 'ਤੇ ਚਰਚਾ

ਨਵੀਂ ਦਿੱਲੀ : ਭਾਰਤ ਅਤੇ ਯੂਨਾਈਟਿਡ ਕਿੰਗਡਮ (UK) ਵਿਚਾਲੇ ਆਪਸੀ ਵਪਾਰਕ ਅਤੇ ਰਣਨੀਤਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਮੰਗਲਵਾਰ ਨੂੰ ਰਾਜਧਾਨੀ ਦਿੱਲੀ ਵਿੱਚ ਇੱਕ ਬੇਹੱਦ ਅਹਿਮ ਅਤੇ ਉੱਚ-ਪੱਧਰੀ ਬੈਠਕ ਹੋਈ। ਕੇਂਦਰੀ ਕਾਮਰਸ ਅਤੇ ਇੰਡਸਟਰੀ (ਵਣਜ ਤੇ ਉਦਯੋਗ) ਮੰਤਰੀ ਪਿਊਸ਼ ਗੋਇਲ (Piyush Goyal) ਨੇ ਬ੍ਰਿਟੇਨ ਦੇ ਬਿਜ਼ਨਸ ਅਤੇ ਟਰੇਡ (ਵਪਾਰ) ਸਕੱਤਰ ਪੀਟਰ ਕਾਇਲ (Peter Kyle) ਨਾਲ ਮੁਲਾਕਾਤ ਕੀਤੀ। ਨਵੀਂ ਦਿੱਲੀ ਵਿਖੇ ਦੋਵਾਂ ਆਗੂਆਂ ਵਿਚਾਲੇ ਇਹ ਵਫ਼ਦ-ਪੱਧਰੀ (Delegation-level) ਅਧਿਕਾਰਤ ਬੈਠਕ ਹੋਈ, ਜਿਸ ਵਿੱਚ ਦੋਵਾਂ ਦੇਸ਼ਾਂ ਦੇ ਉੱਚ ਅਧਿਕਾਰੀ ਵੀ ਸ਼ਾਮਲ ਸਨ।

ਇਸ ਮੁਲਾਕਾਤ ਦਾ ਮੁੱਖ ਮਕਸਦ ਭਾਰਤ ਅਤੇ ਯੂਕੇ ਵਿਚਾਲੇ ਚੱਲ ਰਹੇ ਆਰਥਿਕ ਸਹਿਯੋਗ ਨੂੰ ਵਧਾਉਣਾ ਅਤੇ ਦੁਵੱਲੇ ਸਬੰਧਾਂ ਨੂੰ ਨਵੀਆਂ ਉਚਾਈਆਂ 'ਤੇ ਲੈ ਕੇ ਜਾਣਾ ਹੈ।





**ਮੁਕਤ ਵਪਾਰ ਸਮਝੌਤੇ (FTA) ਅਤੇ ਨਿਵੇਸ਼ 'ਤੇ ਵਿਸ਼ੇਸ਼ ਜ਼ੋਰ**

ਬੈਠਕ ਦੌਰਾਨ ਦੋਵਾਂ ਦੇਸ਼ਾਂ ਦੇ ਨੁਮਾਇੰਦਿਆਂ ਨੇ ਆਪਸੀ ਹਿੱਤਾਂ ਨਾਲ ਜੁੜੇ ਕਈ ਪ੍ਰਮੁੱਖ ਮੁੱਦਿਆਂ 'ਤੇ ਸਕਾਰਾਤਮਕ ਚਰਚਾ ਕੀਤੀ:

ਫ੍ਰੀ ਟਰੇਡ ਐਗਰੀਮੈਂਟ (FTA): ਸੂਤਰਾਂ ਮੁਤਾਬਕ, ਬੈਠਕ ਵਿੱਚ ਭਾਰਤ-ਯੂਕੇ ਮੁਕਤ ਵਪਾਰ ਸਮਝੌਤੇ (FTA) ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ। ਦੋਵਾਂ ਦੇਸ਼ਾਂ ਨੇ ਇਸ ਸਮਝੌਤੇ ਨੂੰ ਜਲਦ ਤੋਂ ਜਲਦ ਨੇਪਰੇ ਚਾੜ੍ਹਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ, ਤਾਂ ਜੋ ਆਪਸੀ ਵਪਾਰ ਦੀਆਂ ਰੁਕਾਵਟਾਂ ਨੂੰ ਦੂਰ ਕੀਤਾ ਜਾ ਸਕੇ।

ਨਿਵੇਸ਼ ਅਤੇ ਤਕਨਾਲੋਜੀ ਦਾ ਆਦਾਨ-ਪ੍ਰਦਾਨ: ਕੇਂਦਰੀ ਮੰਤਰੀ ਪਿਊਸ਼ ਗੋਇਲ ਨੇ ਬ੍ਰਿਟਿਸ਼ ਕੰਪਨੀਆਂ ਨੂੰ ਭਾਰਤ ਦੇ ਨਿਰਮਾਣ (Manufacturing) ਅਤੇ ਇਨੋਵੇਸ਼ਨ ਖੇਤਰ ਵਿੱਚ ਨਿਵੇਸ਼ ਕਰਨ ਦਾ ਸੱਦਾ ਦਿੱਤਾ। ਇਸ ਦੇ ਨਾਲ ਹੀ ਤਕਨਾਲੋਜੀ, ਸਪਲਾਈ ਚੇਨ ਅਤੇ ਹਰਿਤ ਊਰਜਾ (Green Energy) ਦੇ ਖੇਤਰ ਵਿੱਚ ਮਿਲ ਕੇ ਕੰਮ ਕਰਨ 'ਤੇ ਸਹਿਮਤੀ ਜਤਾਈ ਗਈ।

ਭਾਰਤ-ਯੂਕੇ ਸਾਂਝੇਦਾਰੀ ਦਾ ਨਵਾਂ ਦੌਰ: ਮੁਲਾਕਾਤ ਤੋਂ ਬਾਅਦ ਅਧਿਕਾਰੀਆਂ ਨੇ ਦੱਸਿਆ ਕਿ ਇਹ ਬੈਠਕ ਬੇਹੱਦ ਸਕਾਰਾਤਮਕ ਅਤੇ ਸਾਰਥਕ ਰਹੀ ਹੈ। ਭਾਰਤ ਅਤੇ ਬ੍ਰਿਟੇਨ ਦੇ ਮਜ਼ਬੂਤ ਇਤਿਹਾਸਕ ਅਤੇ ਆਰਥਿਕ ਸਬੰਧ ਹਨ, ਅਤੇ ਅਜਿਹੀਆਂ ਉੱਚ-ਪੱਧਰੀ ਬੈਠਕਾਂ ਦੋਵਾਂ ਦੇਸ਼ਾਂ ਦੇ ਵਪਾਰੀਆਂ, ਉਦਯੋਗਪਤੀਆਂ ਅਤੇ ਆਮ ਲੋਕਾਂ ਲਈ ਤਰੱਕੀ ਦੇ ਨਵੇਂ ਰਾਹ ਖੋਲ੍ਹਣਗੀਆਂ। ਇਸ ਫੇਰੀ ਨਾਲ ਆਉਣ ਵਾਲੇ ਸਮੇਂ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਅਰਬਾਂ ਡਾਲਰ ਦੇ ਵਪਾਰਕ ਸਮਝੌਤਿਆਂ ਨੂੰ ਹੋਰ ਗਤੀ ਮਿਲਣ ਦੀ ਉਮੀਦ ਹੈ।

### ਲੱਛਰ (Lasher) ਪਰਿਵਾਰ ਨੂੰ ਭਾਰੀ ਸਦਮਾ

# ਮਾਤਾ ਗੁਰਦੀਪ ਕੌਰ ਜੀ ਨਹੀਂ ਰਹੇ

ਲਿਵਿੰਗਸਟਨ/ਕੈਲੀਫੋਰਨੀਆ : ਲੱਛਰ (Lasher) ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਸਤਿਕਾਰਯੋਗ ਮਾਤਾ ਗੁਰਦੀਪ ਕੌਰ ਜੀ 31 ਮਈ, 2026 ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ। ਸਾਰੀ ਜ਼ਿੰਦਗੀ ਵਾਹਿਗੁਰੂ ਦਾ ਜਾਪ ਕਰਨ ਵਾਲੇ ਹਰ ਇੱਕ ਨੂੰ ਪਿਆਰ ਮੁਹੱਬਤ ਨਾਲ ਬਲਾਉਣ ਵਾਲੇ ਮਾਤਾ ਗੁਰਦੀਪ ਕੌਰ ਜੀ ਇੱਕ ਸੱਚੇ ਸੁਚੇ ਨੇਕ ਠੰਡੇ ਅਤੇ ਮਿੱਠੇ ਸੁਭਾਅ ਦੇ ਮਾਲਕ ਸਨ। ਮਾਤਾ ਜੀ ਨੇ ਵਿਸ਼ਵਾਸ, ਨਿਮਰਤਾ ਅਤੇ ਸੇਵਾ ਦੀ ਜ਼ਿੰਦਗੀ ਬਤੀਤ ਕੀਤੀ। ਉਨ੍ਹਾਂ ਹਮੇਸ਼ਾ ਦੂਜਿਆਂ ਨੂੰ ਆਪਣੇ ਤੋਂ ਪਹਿਲਾਂ ਰੱਖਿਆ। ਭਾਵੇਂ ਅੱਜ ਮਾਤਾ ਗੁਰਦੀਪ ਕੌਰ ਜੀ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਸਮੂਹ ਪ੍ਰਵਾਰ ਵਲੋਂ ਵਾਹਿਗੁਰੂ ਜੀ ਦੇ ਚਰਨਾ 'ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ 'ਚ ਨਿਵਾਸ ਬਖ਼ਸ਼ੀ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖ਼ਸ਼ੀ। ਉਨ੍ਹਾਂ ਦਾ ਅੰਤਿਮ ਸਸਕਾਰ 7 ਜੂਨ, 2026,



ਦਿਨ ਐਤਵਾਰ, 12.00 ਤੋਂ 2.00 PM Allen Mortuary 247 N Broadway Trulock, CA 95380 ਵਿਖੇ ਕੀਤਾ ਜਾਵੇਗਾ। ਭੋਗ ਅਤੇ ਅੰਤਿਮ ਅਰਦਾਸ ਦੁਪਹਿਰ 3.00 ਵਜੇ ਗੁਰੂ ਨਾਨਕ ਸਿੱਖ ਮਿਸ਼ਨ 884 B St, Livingston, CA 95334 ਹੋਵੇਗੀ। ਆਪ ਸਭ ਨੂੰ ਅੰਤਿਮ ਅਰਦਾਸ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।

# ਕੀਰਤਪੁਰ-ਮਨਾਲੀ ਨੈਸ਼ਨਲ ਹਾਈਵੇ 'ਤੇ ਨਿਹੰਗ ਜਥੇਬੰਦੀਆਂ ਵੱਲੋਂ 'ਖਾਲਸਾ ਟੈਕਸ' ਮੁਹਿੰਮ ਸ਼ੁਰੂ

ਕੀਰਤਪੁਰ ਸਾਹਿਬ : ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਸਰਹੱਦੀ ਇਲਾਕਿਆਂ ਵਿੱਚ ਲਗਾਏ ਗਏ ਐਂਟਰੀ ਟੈਕਸਾਂ ਦੇ ਵਿਰੋਧ ਵਿੱਚ ਨਿਹੰਗ ਸਿੰਘ ਜਥੇਬੰਦੀਆਂ ਨੇ ਕੀਰਤਪੁਰ-ਮਨਾਲੀ ਨੈਸ਼ਨਲ ਹਾਈਵੇ 'ਤੇ 'ਖਾਲਸਾ ਟੈਕਸ' ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਗਰਾਂ ਮੋੜਾ ਟੋਲ ਪਲਾਜ਼ਾ ਨੇੜੇ ਬਾਬਾ ਅੱਛਰ ਸਿੰਘ ਮਹਾਕਾਲ ਦੀ ਅਗਵਾਈ ਹੇਠ ਇਹ ਪ੍ਰਤੀਕਾਤਮਕ ਕਾਰਵਾਈ ਕੀਤੀ ਗਈ।

ਯਾਦ ਰਹੇ ਕਿ 1 ਜੂਨ ਨੂੰ ਕਿਸਾਨ ਜਥੇਬੰਦੀਆਂ, ਟੈਕਸੀ ਯੂਨੀਅਨਾਂ, ਸਰਹੱਦੀ ਇਲਾਕਿਆਂ ਦੇ ਵਸਨੀਕਾਂ ਅਤੇ ਨਿਹੰਗ ਜਥੇਬੰਦੀਆਂ ਵੱਲੋਂ ਹਿਮਾਚਲ ਦੇ ਐਂਟਰੀ ਟੈਕਸਾਂ ਦੇ ਵਿਰੋਧ ਵਿੱਚ ਚਾਰ ਘੰਟਿਆਂ ਲਈ ਆਵਾਜਾਈ ਰੋਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਉਸ ਮੌਕੇ ਨਿਹੰਗ ਸਿੰਘਾਂ ਨੇ ਐਲਾਨ ਕੀਤਾ ਸੀ ਕਿ ਜੇ ਹਿਮਾਚਲ ਸਰਕਾਰ ਇਹ ਟੈਕਸ ਵਾਪਸ ਨਹੀਂ ਲੈਂਦੀ ਤਾਂ ਹਿਮਾਚਲ ਤੋਂ ਪੰਜਾਬ ਆਉਣ ਵਾਲੇ ਵਾਹਨਾਂ ਲਈ 'ਖਾਲਸਾ ਟੈਕਸ' ਦੀਆਂ ਪਰਚੀਆਂ ਕੱਟੀਆਂ ਜਾਣਗੀਆਂ।

ਅੱਜ ਇਸ ਐਲਾਨ ਨੂੰ ਅਮਲੀ ਰੂਪ ਦਿੰਦਿਆਂ ਨਿਹੰਗ ਜਥੇਬੰਦੀਆਂ ਵੱਲੋਂ ਹਿਮਾਚਲ ਤੋਂ ਆਉਣ ਵਾਲੇ ਵਾਹਨਾਂ ਲਈ ਪਰਚੀਆਂ ਜਾਰੀ ਕੀਤੀਆਂ ਗਈਆਂ। ਹਾਲਾਂਕਿ ਕੋਈ ਨਿਸ਼ਚਿਤ ਰਕਮ ਤੈਅ ਨਹੀਂ ਕੀਤੀ ਗਈ ਸੀ ਅਤੇ ਵਾਹਨ ਚਾਲਕਾਂ ਦੀ ਇੱਛਾ ਅਨੁਸਾਰ 10, 20, 50 ਜਾਂ 100 ਰੁਪਏ ਦਾ ਯੋਗਦਾਨ ਲਿਆ ਗਿਆ। ਜਥੇਬੰਦੀਆਂ ਦਾ ਕਹਿਣਾ ਹੈ ਕਿ ਇਕੱਠੀ ਕੀਤੀ ਰਕਮ ਸਰਬੱਤ ਦੇ ਭਲੇ ਅਤੇ ਲੋੜਵੰਦਾਂ ਦੀ ਸਹਾਇਤਾ ਲਈ ਵਰਤੀ ਜਾਵੇਗੀ।



ਇਸ ਦੌਰਾਨ ਥਾਣਾ ਮੁਖੀ ਰਾਹੁਲ ਸ਼ਰਮਾ ਦੀ ਅਗਵਾਈ ਹੇਠ ਭਾਰੀ ਪੁਲੀਸ ਫੋਰਸ ਮੌਕੇ 'ਤੇ ਤੈਨਾਤ ਰਹੀ। ਪੁਲੀਸ ਪ੍ਰਸ਼ਾਸਨ ਵੱਲੋਂ ਨਿਹੰਗ ਸਿੰਘਾਂ ਨਾਲ ਗੱਲਬਾਤ ਕਰਕੇ ਕਾਨੂੰਨ-ਵਿਵਸਥਾ ਬਣਾਈ ਰੱਖਣ ਦੀ ਅਪੀਲ ਕੀਤੀ ਗਈ ਅਤੇ ਸਥਿਤੀ 'ਤੇ ਨਜ਼ਰ ਰੱਖੀ ਗਈ।

ਬਾਬਾ ਅੱਛਰ ਸਿੰਘ ਮਹਾਕਾਲ ਨੇ ਕਿਹਾ ਕਿ ਇਹ ਧਰਨਾ ਅਤੇ 'ਖਾਲਸਾ ਟੈਕਸ' ਮੁਹਿੰਮ ਹਿਮਾਚਲ ਸਰਕਾਰ ਨੂੰ ਜਗਾਉਣ ਲਈ ਇੱਕ ਸੰਕੇਤਕ ਕਦਮ ਹੈ। ਉਨ੍ਹਾਂ ਕਿਹਾ ਕਿ ਜਦ ਤੱਕ ਸਰਹੱਦੀ ਇਲਾਕਿਆਂ ਵਿੱਚ ਲਗਾਏ ਗਏ ਐਂਟਰੀ ਟੈਕਸ ਖਤਮ ਨਹੀਂ ਕੀਤੇ ਜਾਂਦੇ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ।

ਖ਼ਬਰ ਲਿਖੇ ਜਾਣ ਤੱਕ ਪੁਲੀਸ ਪ੍ਰਸ਼ਾਸਨ ਅਤੇ ਨਿਹੰਗ ਜਥੇਬੰਦੀਆਂ ਵਿਚਾਲੇ ਗੱਲਬਾਤ ਜਾਰੀ ਸੀ। ਇਸ ਦੌਰਾਨ ਕਈ ਵਾਹਨ ਚਾਲਕਾਂ ਨੇ ਆਪਣੀ ਮਰਜ਼ੀ ਨਾਲ ਸਰਬੱਤ ਦੇ ਭਲੇ ਲਈ ਯੋਗਦਾਨ ਵੀ ਦਿੱਤਾ।

# ਮਣੀਪੁਰ 'ਚ ਅਣਮਿੱਥੇ ਸਮੇਂ ਦੀ ਹੜਤਾਲ ਕਾਰਨ ਹਾਹਾਕਾਰ

# ਨੈਸ਼ਨਲ ਹਾਈਵੇਅ-39 'ਤੇ ਲੱਗਾ ਮੀਲਾਂ ਲੰਮਾ ਜਾਮ; ਸੈਂਕੜੇ ਗੱਡੀਆਂ ਅੱਧਵਾਟੇ ਫਸੀਆਂ









ਇੰਫਾਲ : ਮਣੀਪੁਰ ਵਿੱਚ ਚੱਲ ਰਹੇ ਤਣਾਅ ਦਰਮਿਆਨ ਸੂਬੇ ਦੀ ਆਰਥਿਕ ਜੀਵਨ ਰੇਖਾ ਮੰਨੇ ਜਾਣ ਵਾਲੇ ਨੈਸ਼ਨਲ ਹਾਈਵੇਅ-39 (NH-39) 'ਤੇ ਸਥਿਤੀ ਬੇਹੱਦ ਗੰਭੀਰ ਹੋ ਗਈ ਹੈ। ਜ਼ੈਲਿਆਂਗਰੋਂਗਪੁਈ (Zeliangrongpui) ਆਬਾਦੀ ਵਾਲੇ ਖੇਤਰਾਂ ਵਿੱਚ ਵੱਖ-ਵੱਖ ਜਥੇਬੰਦੀਆਂ ਵੱਲੋਂ ਸੱਦੀ ਗਈ ਅਣਮਿੱਥੇ ਸਮੇਂ ਦੀ ਹੜਤਾਲ (Indefinite Shutdown) ਕਾਰਨ ਮੰਗਲਵਾਰ ਨੂੰ ਇੰਫਾਲ-ਡਿਮਾਪੁਰ ਰੋਡ 'ਤੇ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਗਈ, ਜਿਸ ਕਾਰਨ ਆਮ ਜਨਤਾ ਅਤੇ ਵਪਾਰੀਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਹੜਤਾਲ ਦੇ ਪਹਿਲੇ ਹੀ ਦਿਨ ਹਾਈਵੇਅ 'ਤੇ ਸੁਰੱਖਿਆ ਦੇ ਮੱਦੇਨਜ਼ਰ ਅਤੇ ਪ੍ਰਦਰਸ਼ਨਕਾਰੀਆਂ ਵੱਲੋਂ ਲਾਏ ਗਏ ਜਾਮ ਕਾਰਨ ਜ਼ਰੂਰੀ ਵਸਤਾਂ, ਪੈਟਰੋਲ-ਡੀਜ਼ਲ ਅਤੇ ਯਾਤਰੀਆਂ ਨਾਲ ਭਰੀਆਂ ਸੈਂਕੜੇ ਗੱਡੀਆਂ ਤੇ ਟਰੱਕ ਵੱਖ-ਵੱਖ ਥਾਵਾਂ 'ਤੇ ਅੱਧਵਾਟੇ ਫਸ ਗਏ (Stranded)। ਸਪਲਾਈ ਚੇਨ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਇੰਫਾਲ-ਡਿਮਾਪੁਰ ਹਾਈਵੇਅ (NH-39) ਮਣੀਪੁਰ ਨੂੰ ਬਾਕੀ ਦੇਸ਼ ਨਾਲ ਜੋੜਨ ਵਾਲਾ ਸਭ ਤੋਂ ਅਹਿਮ ਰੂਟ ਹੈ। ਸਥਾਨਕ ਪ੍ਰਸ਼ਾਸਨ ਮੁਤਾਬਕ, ਜੇਕਰ ਇਹ ਹੜਤਾਲ ਅਤੇ ਜਾਮ ਅਗਲੇ ਕੁਝ ਦਿਨ ਹੋਰ ਜਾਰੀ ਰਿਹਾ, ਤਾਂ ਰਾਜਧਾਨੀ ਇੰਫਾਲ ਸਮੇਤ ਪੂਰੀ ਘਾਟੀ ਵਿੱਚ ਰਾਸ਼ਨ, ਦਵਾਈਆਂ ਅਤੇ ਰਸੋਈ ਗੈਸ ਵਰਗੀਆਂ ਜ਼ਰੂਰੀ ਚੀਜ਼ਾਂ ਦੀ ਭਾਰੀ ਕਿੱਲਤ ਪੈਦਾ ਹੋ ਸਕਦੀ ਹੈ, ਜਿਸ ਨਾਲ ਮਹਿੰਗਾਈ ਹੋਰ ਵਧੇਗੀ।

ਪ੍ਰਸ਼ਾਸਨ ਅਤੇ ਸੁਰੱਖਿਆ ਬਲ ਮੁਸਤੈਦ: ਹਾਈਵੇਅ 'ਤੇ ਬਣੇ ਤਣਾਅਪੂਰਨ ਹਾਲਾਤ ਨੂੰ ਦੇਖਦੇ ਹੋਏ ਮਣੀਪੁਰ ਪੁਲਿਸ ਅਤੇ ਕੇਂਦਰੀ ਸੁਰੱਖਿਆ ਬਲਾਂ ਦੀਆਂ ਟੁਕੜੀਆਂ ਨੂੰ ਸੰਵੇਦਨਸ਼ੀਲ ਇਲਾਕਿਆਂ ਵਿੱਚ ਤਾਇਨਾਤ ਕੀਤਾ ਗਿਆ ਹੈ। ਪ੍ਰਸ਼ਾਸਨ ਵੱਲੋਂ ਹੜਤਾਲ 'ਤੇ ਬੈਠੇ ਆਗੂਆਂ ਨਾਲ ਗੱਲਬਾਤ ਕਰਕੇ ਹਾਈਵੇਅ ਨੂੰ ਜਲਦ ਤੋਂ ਜਲਦ ਖੁਲ੍ਹਵਾਉਣ ਦੇ ਯਤਨ ਕੀਤੇ ਜਾ ਰਹੇ ਹਨ, ਤਾਂ ਜੋ ਫਸੇ ਹੋਏ ਮੁਸਾਫ਼ਰਾਂ ਅਤੇ ਗੱਡੀਆਂ ਨੂੰ ਸੁਰੱਖਿਅਤ ਲੰਘਾਇਆ ਜਾ ਸਕੇ। ਦੂਜੇ ਪਾਸੇ, ਹੜਤਾਲੀ ਜਥੇਬੰਦੀਆਂ ਆਪਣੀਆਂ ਮੰਗਾਂ 'ਤੇ ਅੜੀਆਂ ਹੋਈਆਂ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਸਰਕਾਰ ਉਨ੍ਹਾਂ ਦੀਆਂ ਮੰਗਾਂ ਦਾ ਠੋਸ ਹੱਲ ਨਹੀਂ ਕਰਦੀ, ਇਹ shutdown ਇਸੇ ਤਰ੍ਹਾਂ ਜਾਰੀ ਰਹੇਗਾ।

# ਬਿਹਾਰ ਦੀ ਵੈਸ਼ਾਲੀ ਅਦਾਲਤ ਦਾ ਇਤਿਹਾਸਕ ਫ਼ੈਸਲਾ

# 34 ਸਾਲ ਪੁਰਾਣੇ ਹਮਲੇ ਦੇ ਮਾਮਲੇ 'ਚ 85 ਸਾਲਾ ਬਜ਼ੁਰਗ ਸਮੇਤ 5 ਦੋਸ਼ੀਆਂ ਨੂੰ 10-10 ਸਾਲ ਦੀ ਸਖ਼ਤ ਸਜ਼ਾ

**ਅਦਾਲਤੀ ਕਾਰਵਾਈ ਤੋਂ ਬਾਅਦ ਵੈਸ਼ਾਲੀ ਕੋਰਟ ਕੰਪਲੈਕਸ ਵਿੱਚੋਂ ਬਾਹਰ ਆਉਂਦੇ ਹੋਏ 85 ਸਾਲਾ ਬਜ਼ੁਰਗ ਦੀਪਾ ਰਾਏ ਦੇ ਚਿਹਰੇ 'ਤੇ 34 ਸਾਲਾਂ ਬਾਅਦ ਆਏ ਇਸ ਫ਼ੈਸਲੇ ਅਤੇ ਸਜ਼ਾ ਦੀ ਗੰਭੀਰਤਾ ਸਾਫ਼ ਦੇਖੀ ਜਾ ਸਕਦੀ ਹੈ। ਉਮਰ ਦੇ ਇਸ ਪੜਾਅ 'ਤੇ ਅਦਾਲਤ ਵੱਲੋਂ ਸੁਣਾਈ ਗਈ ਸਖ਼ਤ ਸਜ਼ਾ ਕਾਨੂੰਨ ਦੇ ਸਖ਼ਤ ਰੁਖ਼ ਨੂੰ ਬਿਆਨ ਕਰਦੀ ਹੈ।**




ਵੈਸ਼ਾਲੀ (ਬਿਹਾਰ) : ਬਿਹਾਰ ਦੀ ਇੱਕ ਸਥਾਨਕ ਅਦਾਲਤ ਨੇ ਨਿਆਂ ਪ੍ਰਣਾਲੀ ਵਿੱਚ ਦੇਰੀ ਦੇ ਬਾਵਜੂਦ ਇਨਸਾਫ਼ ਦੀ ਇੱਕ ਵੱਡੀ ਮਿਸਾਲ ਕਾਇਮ ਕੀਤੀ ਹੈ। ਵੈਸ਼ਾਲੀ ਦੀ ਜ਼ਿਲ੍ਹਾ ਅਦਾਲਤ ਨੇ ਕਰੀਬ 34 ਸਾਲ ਪੁਰਾਣੇ ਜਾਨਲੇਵਾ ਹਮਲੇ ਅਤੇ ਕੁੱਟਮਾਰ ਦੇ ਇੱਕ ਮਾਮਲੇ ਵਿੱਚ ਸੁਣਵਾਈ ਕਰਦਿਆਂ ਮੰਗਲਵਾਰ ਨੂੰ ਵੱਡਾ ਫ਼ੈਸਲਾ ਸੁਣਾਇਆ ਹੈ। ਅਦਾਲਤ ਨੇ ਇਸ ਮਾਮਲੇ ਵਿੱਚ ਇੱਕ 85 ਸਾਲਾ ਬਜ਼ੁਰਗ ਦੀਪਾ ਰਾਏ (Deepa Rai) ਸਮੇਤ ਕੁੱਲ ਪੰਜ ਵਿਅਕਤੀਆਂ ਨੂੰ ਦੋਸ਼ੀ ਕਰਾਰ ਦਿੰਦਿਆਂ 10-10 ਸਾਲ ਦੀ ਸਖ਼ਤ ਕੈਦ (Rigorous Imprisonment) ਦੀ ਸਜ਼ਾ ਸੁਣਾਈ ਹੈ।

ਇਹ ਮਾਮਲਾ ਤਿੰਨ ਦਹਾਕੇ ਪਹਿਲਾਂ ਦਾ ਹੈ, ਜਿਸ ਦੀ ਲੰਮੀ ਕਾਨੂੰਨੀ ਪ੍ਰਕਿਰਿਆ ਅਤੇ ਗਵਾਹੀਆਂ ਤੋਂ ਬਾਅਦ ਆਖ਼ਰਕਾਰ ਅਦਾਲਤ ਨੇ ਦੋਸ਼ੀਆਂ ਨੂੰ ਸਜ਼ਾ ਦੇ ਹੁਕਮ ਜਾਰੀ ਕੀਤੇ।

ਉਮਰ ਦੇ ਆਖ਼ਰੀ ਪੜਾਅ 'ਚ ਮਿਲੀ ਜੇਲ੍ਹ ਯਾਤਰਾ ਮੰਗਲਵਾਰ ਨੂੰ ਜਿਵੇਂ ਹੀ ਅਦਾਲਤ ਨੇ ਸਜ਼ਾ ਦਾ ਐਲਾਨ ਕੀਤਾ, ਤਾਂ ਕੋਰਟ ਰੂਮ ਵਿੱਚ ਮੌਜੂਦ ਸਾਰੇ ਲੋਕ ਹੈਰਾਨ ਰਹਿ ਗਏ। ਇਸ ਮਾਮਲੇ ਦੇ ਮੁੱਖ ਦੋਸ਼ੀਆਂ ਵਿੱਚੋਂ ਇੱਕ, 85 ਸਾਲਾ ਬਜ਼ੁਰਗ ਦੀਪਾ ਰਾਏ ਜਦੋਂ ਸੁਣਵਾਈ ਤੋਂ ਬਾਅਦ ਅਦਾਲਤ ਦੇ ਕਮਰੇ ਵਿੱਚੋਂ ਬਾਹਰ ਆਏ, ਤਾਂ ਉਨ੍ਹਾਂ ਦੇ ਚਿਹਰੇ 'ਤੇ ਮੂਸਲਧਾਰ ਕਾਨੂੰਨੀ ਕਾਰਵਾਈ ਦਾ ਅਸਰ ਸਾਫ਼ ਦਿਖਾਈ ਦੇ ਰਿਹਾ ਸੀ। ਇੰਨੀ ਵਡੇਰੀ ਉਮਰ ਵਿੱਚ 10 ਸਾਲ ਦੀ ਸਖ਼ਤ ਸਜ਼ਾ ਮਿਲਣਾ ਪੂਰੇ ਇਲਾਕੇ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਕਾਨੂੰਨ ਦੇ ਹੱਥ ਲੰਮੇ ਹੁੰਦੇ ਹਨ: ਸਰਕਾਰੀ ਵਕੀਲ ਇਸ ਮਾਮਲੇ 'ਤੇ ਟਿੱਪਣੀ ਕਰਦਿਆਂ ਕਾਨੂੰਨੀ ਮਾਹਰਾਂ ਅਤੇ ਸਰਕਾਰੀ ਪੱਖ ਦੇ ਵਕੀਲਾਂ ਨੇ ਕਿਹਾ ਕਿ ਇਹ ਫ਼ੈਸਲਾ ਸਿੱਧ ਕਰਦਾ ਹੈ ਕਿ ਭਾਵੇਂ ਨਿਆਂ ਮਿਲਣ ਵਿੱਚ ਦੇਰੀ ਹੋ ਸਕਦੀ ਹੈ, ਪਰ ਅਪਰਾਧ ਕਰਨ ਵਾਲਾ ਕਦੇ ਵੀ ਕਾਨੂੰਨ ਦੀ ਪਕੜ ਤੋਂ ਬਚ ਨਹੀਂ ਸਕਦਾ। ਪੀੜਤ ਪੱਖ ਨੇ ਅਦਾਲਤ ਦੇ ਇਸ ਫ਼ੈਸਲੇ 'ਤੇ ਸੰਤੁਸ਼ਟੀ ਜਤਾਉਂਦਿਆਂ ਆਖਿਆ ਹੈ ਕਿ ਭਾਵੇਂ ਇਸ ਇਨਸਾਫ਼ ਲਈ ਉਨ੍ਹਾਂ ਨੂੰ 34 ਸਾਲ ਲੰਮੀ ਲੜਾਈ ਲੜਨੀ ਪਈ, ਪਰ ਅਖ਼ੀਰ ਸੱਚ ਦੀ ਜਿੱਤ ਹੋਈ ਹੈ। ਸਾਰੇ ਦੋਸ਼ੀਆਂ ਨੂੰ ਸਜ਼ਾ ਸੁਣਾਏ ਜਾਣ ਤੋਂ ਤੁਰੰਤ ਬਾਅਦ ਪੁਲਿਸ ਹਿਰਾਸਤ ਵਿੱਚ ਲੈ ਕੇ ਜੇਲ੍ਹ ਭੇਜ ਦਿੱਤਾ ਗਿਆ ਹੈ।

## ਯਾਗਰਾਜ 'ਚ ਸਨਸਨੀ

# ਦੱਖਣੀ ਮਲਕਾ ਇਲਾਕੇ ਦੇ ਇੱਕ ਘਰ ਵਿੱਚੋਂ ਇੱਕੋ ਪਰਿਵਾਰ ਦੇ 3 ਜੀਆਂ ਦੀਆਂ ਲਾਸ਼ਾਂ ਬਰਾਮਦ; ਪੁਲਿਸ ਜਾਂਚ 'ਚ ਜੁੱਟੀ





ਪ੍ਰਯਾਗਰਾਜ : ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਸ਼ਹਿਰ ਦੇ ਕੋਤਵਾਲੀ ਥਾਨਾ ਖੇਤਰ ਦੇ ਅਧੀਨ ਆਉਂਦੇ ਦੱਖਣੀ ਮਲਕਾ (Dakshin Malaka) ਇਲਾਕੇ ਵਿੱਚ ਮੰਗਲਵਾਰ ਨੂੰ ਉਸ ਵੇਲੇ ਭਾਰੀ ਸਨਸਨੀ ਅਤੇ ਦਹਿਸ਼ਤ ਫੈਲ ਗਈ, ਜਦੋਂ ਇੱਕ ਘਰ ਦੇ ਅੰਦਰੋਂ ਇੱਕੋ ਪਰਿਵਾਰ ਦੇ ਤਿੰਨ ਮੈਂਬਰਾਂ ਦੀਆਂ ਲਾਸ਼ਾਂ ਰਹੱਸਮਈ ਹਾਲਾਤ ਵਿੱਚ ਬਰਾਮਦ ਹੋਈਆਂ। ਘਟਨਾ ਦੀ ਸੂਚਨਾ ਮਿਲਦਿਆਂ ਹੀ ਸਥਾਨਕ ਲੋਕਾਂ ਦੀ ਭਾਰੀ ਭੀੜ ਇਕੱਠੀ ਹੋ ਗਈ ਅਤੇ ਇਲਾਕੇ ਵਿੱਚ ਹੜਕੰਪ ਮਚ ਗਿਆ।

ਸੂਚਨਾ ਮਿਲਦੇ ਸਾਰ ਹੀ ਪੁਲਿਸ ਦੇ ਉੱਚ ਅਧਿਕਾਰੀ, ਫੋਰੈਂਸਿਕ ਟੀਮ (Forensic Team) ਅਤੇ ਡੌਗ ਸਕੁਐਡ ਸਮੇਤ ਮੌਕੇ 'ਤੇ ਪਹੁੰਚੇ। ਪੁਲਿਸ ਮੁਲਾਜ਼ਮਾਂ ਨੇ ਘਰ ਦੀ ਘੇਰਾਬੰਦੀ ਕਰਕੇ ਜਾਂਚ ਸ਼ੁਰੂ ਕੀਤੀ ਅਤੇ ਤਿੰਨਾਂ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

ਮੌਤ ਦੇ ਕਾਰਨਾਂ ਬਾਰੇ ਰਹੱਸ ਬਰਕਰਾਰ ਪੁਲਿਸ ਮੁਤਾਬਕ ਸ਼ੁਰੂਆਤੀ ਤੌਰ 'ਤੇ ਇਹ ਮਾਮਲਾ ਬੇਹੱਦ ਸ਼ੱਕੀ ਨਜ਼ਰ ਆ ਰਿਹਾ ਹੈ। ਇਲਾਕੇ ਦੇ ਲੋਕਾਂ ਵੱਲੋਂ ਘਰ ਵਿੱਚੋਂ ਕੋਈ ਹਲਚਲ ਨਾ ਹੋਣ ਅਤੇ ਸ਼ੱਕ ਪੈਣ 'ਤੇ ਪੁਲਿਸ ਨੂੰ ਇਤਲਾਹ ਦਿੱਤੀ ਗਈ ਸੀ। ਪੁਲਿਸ ਇਸ ਗੱਲ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਕਿ ਇਹ ਸਮੂਹਿਕ ਖ਼ੁਦਕੁਸ਼ੀ (Suicide) ਦਾ ਮਾਮਲਾ ਹੈ ਜਾਂ ਫਿਰ ਇਸ ਦੇ ਪਿੱਛੇ ਕੋਈ ਵੱਡੀ ਅਪਰਾਧਿਕ ਸਾਜ਼ਿਸ਼ (ਕਤਲ) ਹੈ।

ਪੁਲਿਸ ਪ੍ਰਸ਼ਾਸਨ ਦਾ ਬਿਆਨ: ਮੌਕੇ 'ਤੇ ਪਹੁੰਚੇ ਸੀਨੀਅਰ ਪੁਲਿਸ ਅਧਿਕਾਰੀਆਂ ਨੇ ਮੀਡੀਆ ਨੂੰ ਦੱਸਿਆ ਕਿ ਘਟਨਾ ਸਥਾਨ ਤੋਂ ਹਰ ਤਰ੍ਹਾਂ ਦੇ ਸਬੂਤ ਇਕੱਠੇ ਕੀਤੇ ਜਾ ਰਹੇ ਹਨ। ਆਸ-ਪਾਸ ਦੇ ਲੋਕਾਂ ਅਤੇ ਰਿਸ਼ਤੇਦਾਰਾਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਨੇ ਭਰੋਸਾ ਦਿੱਤਾ ਹੈ ਕਿ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਮੌਤ ਦੇ ਅਸਲ ਕਾਰਨਾਂ ਦਾ ਪਤਾ ਲੱਗ ਸਕੇਗਾ ਅਤੇ ਮਾਮਲੇ ਦੀ ਸੱਚਾਈ ਜਲਦ ਹੀ ਸਾਹਮਣੇ ਲਿਆਂਦੀ ਜਾਵੇਗੀ।

## ਪਟਿਆਲਾ 'ਚ ਕੇਂਦਰ ਸਰਕਾਰ ਖ਼ਿਲਾਫ਼ ਕਿਸਾਨਾਂ ਦਾ ਹੱਲਾਬੋਲ

# ਲਟਕਦੀਆਂ ਮੰਗਾਂ ਨੂੰ ਲੈ ਕੇ ਸੜਕਾਂ 'ਤੇ ਲਾਇਆ ਪੱਕਾ ਧਰਨਾ (ਸਿਟ-ਇਨ ਪ੍ਰੋਟੈਸਟ)





ਪਟਿਆਲਾ (ਪੰਜਾਬ) : ਆਪਣੀਆਂ ਹੱਕੀ ਅਤੇ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਪੰਜਾਬ ਦੇ ਕਿਸਾਨਾਂ ਦਾ ਗੁੱਸਾ ਇੱਕ ਵਾਰ ਫਿਰ ਕੇਂਦਰ ਸਰਕਾਰ ਖ਼ਿਲਾਫ਼ ਬੁਰੀ ਤਰ੍ਹਾਂ ਭੜਕ ਉੱਠਿਆ ਹੈ। ਮੰਗਲਵਾਰ ਨੂੰ ਵੱਖ-ਵੱਖ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਹਜ਼ਾਰਾਂ ਕਿਸਾਨਾਂ ਨੇ ਸ਼ਾਹੀ ਸ਼ਹਿਰ ਪਟਿਆਲਾ ਵਿਖੇ ਇਕੱਠੇ ਹੋ ਕੇ ਕੇਂਦਰ ਦੀ ਭਾਜਪਾ ਸਰਕਾਰ ਵਿਰੁੱਧ ਮੋਰਚਾ ਖੋਲ੍ਹਦਿਆਂ ਇੱਕ ਵਿਸ਼ਾਲ 'ਸਿਟ-ਇਨ ਪ੍ਰੋਟੈਸਟ' (ਸੜਕ 'ਤੇ ਬੈਠ ਕੇ ਪੱਕਾ ਧਰਨਾ) ਸ਼ੁਰੂ ਕਰ ਦਿੱਤਾ ਹੈ।

ਹੱਥਾਂ ਵਿੱਚ ਕਿਸਾਨੀ ਝੰਡੇ ਅਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਤਖ਼ਤੀਆਂ ਫੜ ਕੇ ਕਿਸਾਨਾਂ ਨੇ ਮੁੱਖ ਮਾਰਗਾਂ 'ਤੇ ਜਾਮ ਲਗਾ ਦਿੱਤਾ ਅਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਮੁੱਖ ਮੰਗਾਂ 'ਤੇ ਅੜੇ ਕਿਸਾਨ ਧਰਨਾ ਵਾਲੀ ਜਗ੍ਹਾ ਤੋਂ ਕਿਸਾਨ ਆਗੂਆਂ ਨੇ ਸੰਬੋਧਨ ਕਰਦਿਆਂ ਸਾਫ਼ ਕੀਤਾ ਕਿ ਉਹ ਹੁਣ ਲਾਰੇ-ਲੱਪਿਆਂ ਵਿੱਚ ਆਉਣ ਵਾਲੇ ਨਹੀਂ ਹਨ। ਕਿਸਾਨਾਂ ਦੀਆਂ ਪ੍ਰਮੁੱਖ ਮੰਗਾਂ ਵਿੱਚ ਸ਼ਾਮਲ ਹਨ:

ਸਾਰੀਆਂ ਫ਼ਸਲਾਂ ਦੀ ਸਰਕਾਰੀ ਖਰੀਦ ਲਈ ਐਮ.ਐਸ.ਪੀ. (MSP) ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇ।

ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ੇ ਪੂਰੀ ਤਰ੍ਹਾਂ ਮੁਆਫ਼ ਕੀਤੇ ਜਾਣ।

ਪਿਛਲੇ ਕਿਸਾਨੀ ਅੰਦੋਲਨ ਦੌਰਾਨ ਦਰਜ ਕੀਤੇ ਗਏ ਸਾਰੇ ਪੁਲਿਸ ਕੇਸ ਤੁਰੰਤ ਵਾਪਸ ਲਏ ਜਾਣ।

ਲਖੀਮਪੁਰ ਖੀਰੀ ਕਾਂਡ ਦੇ ਪੀੜਤਾਂ ਨੂੰ ਪੂਰਾ ਇਨਸਾਫ਼ ਮਿਲੇ।

ਕਿਸਾਨ ਆਗੂਆਂ ਦੀ ਚੇਤਾਵਨੀ: ਪ੍ਰਦਰਸ਼ਨਕਾਰੀ ਕਿਸਾਨਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਨੇ ਵਾਰ-ਵਾਰ ਵਾਅਦੇ ਕਰਕੇ ਵੀ ਕਿਸਾਨਾਂ ਨਾਲ ਵਾਅਦਾਖ਼ਿਲਾਫ਼ੀ ਕੀਤੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਹੈ ਕਿ ਜਦੋਂ ਤੱਕ ਕੇਂਦਰ ਸਰਕਾਰ ਦੇ ਉੱਚ ਅਧਿਕਾਰੀ ਜਾਂ ਮੰਤਰੀ ਉਨ੍ਹਾਂ ਦੀਆਂ ਇਨ੍ਹਾਂ ਪੈਂਡਿੰਗ ਮੰਗਾਂ 'ਤੇ ਕੋਈ ਠੋਸ ਅਤੇ ਲਿਖਤੀ ਫ਼ੈਸਲਾ ਨਹੀਂ ਲੈਂਦੇ, ਉਨ੍ਹਾਂ ਦਾ ਇਹ ਅਣਮਿੱਥੇ ਸਮੇਂ ਦਾ ਧਰਨਾ ਇਸੇ ਤਰ੍ਹਾਂ ਜਾਰੀ ਰਹੇਗਾ। ਕਿਸਾਨਾਂ ਦੇ ਇਸ ਪੱਕੇ ਮੋਰਚੇ ਕਾਰਨ ਪ੍ਰਸ਼ਾਸਨ ਵੱਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ ਅਤੇ ਆਵਾਜਾਈ ਨੂੰ ਬਦਲਵੇਂ ਰੂਟਾਂ 'ਤੇ ਡਾਇਵਰਟ ਕੀਤਾ ਗਿਆ ਹੈ।

## ਅਮਰਨਾਥ ਯਾਤਰਾ ਤੋਂ ਪਹਿਲਾਂ ਜੰਮੂ 'ਚ ਹਾਈ ਅਲਰਟ

# ਪੁਲਿਸ ਅਤੇ ਸਪੈਸ਼ਲ ਆਪ੍ਰੇਸ਼ਨ ਗਰੁੱਪ (SOG) ਵੱਲੋਂ ਸਰਹੱਦੀ ਲਾਂਘਿਆਂ 'ਚ ਵੱਡੀ ਤਲਾਸ਼ੀ ਮੁਹਿੰਮ



ਜੰਮੂ : ਸਾਲਾਨਾ ਪਵਿੱਤਰ ਅਮਰਨਾਥ ਯਾਤਰਾ ਦੇ ਆਗਾਜ਼ ਤੋਂ ਪਹਿਲਾਂ ਜੰਮੂ-ਕਸ਼ਮੀਰ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਚੌਕਸ ਕਰਦਿਆਂ ਸਰਹੱਦੀ ਖੇਤਰਾਂ ਦੀ ਨਿਗਰਾਨੀ ਬੇਹੱਦ ਸਖ਼ਤ ਕਰ ਦਿੱਤੀ ਗਈ ਹੈ। ਮੰਗਲਵਾਰ ਨੂੰ ਜੰਮੂ-ਕਸ਼ਮੀਰ ਪੁਲਿਸ ਨੇ 'ਸਪੈਸ਼ਲ ਆਪ੍ਰੇਸ਼ਨ ਗਰੁੱਪ' (SOG) ਦੇ ਸੁਝਵਾਨ ਕਮਾਂਡੋਜ਼ ਨਾਲ ਮਿਲ ਕੇ ਜੰਮੂ ਦੇ ਵੱਖ-ਵੱਖ ਸੰਵੇਦਨਸ਼ੀਲ ਸਰਹੱਦੀ ਇਲਾਕਿਆਂ (Border Areas) ਵਿੱਚ ਇੱਕ ਵਿਸ਼ਾਲ ਸਰਚ ਅਪ੍ਰੇਸ਼ਨ ਚਲਾਇਆ। ਇਹ ਸਾਂਝੀ ਤਲਾਸ਼ੀ ਮੁਹਿੰਮ ਵਿਸ਼ੇਸ਼ ਤੌਰ 'ਤੇ ਉਨ੍ਹਾਂ ਰੂਟਾਂ ਅਤੇ ਪਿੰਡਾਂ ਵਿੱਚ ਚਲਾਈ ਗਈ, ਜੋ ਭੂਗੋਲਿਕ ਤੌਰ 'ਤੇ ਸਰਹੱਦ ਪਾਰੋਂ ਅੱਤਵਾਦੀਆਂ ਦੀ ਘੁਸਪੈਠ (Infiltration) ਦੇ ਰਵਾਇਤੀ ਅਤੇ ਇਤਿਹਾਸਕ ਲਾਂਘੇ ਰਹੇ ਹਨ।

ਡਰੋਨ ਅਤੇ ਡੌਗ ਸਕੁਐਡ ਦੀ ਲਈ ਜਾ ਰਹੀ ਮਦਦ ਸੁਰੱਖਿਆ ਅਧਿਕਾਰੀਆਂ ਮੁਤਾਬਕ, ਆਉਣ ਵਾਲੀ ਅਮਰਨਾਥ ਯਾਤਰਾ ਨੂੰ ਅਮਨ-ਅਮਾਨ ਅਤੇ ਨਿਰਵਿਘਨ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਇਹ ਕਦਮ ਚੁੱਕਿਆ ਗਿਆ ਹੈ, ਤਾਂ ਜੋ ਕੋਈ ਵੀ ਦੇਸ਼-ਵਿਰੋਧੀ ਅਨਸਰ ਸੂਬੇ ਦੀ ਸ਼ਾਂਤੀ ਨੂੰ ਭੰਗ ਨਾ ਕਰ ਸਕੇ। ਸਰਚ ਆਪ੍ਰੇਸ਼ਨ ਦੌਰਾਨ ਅੰਤਰਰਾਸ਼ਟਰੀ ਸਰਹੱਦ ਦੇ ਨਾਲ ਲੱਗਦੇ ਜੰਗਲੀ ਖੇਤਰਾਂ, ਨਦੀਆਂ, ਖੱਡਾਂ ਅਤੇ ਸ਼ੱਕੀ ਟਿਕਾਣਿਆਂ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ। ਸੁਰੱਖਿਆ ਬਲ ਇਸ ਕਾਰਵਾਈ ਵਿੱਚ ਆਧੁਨਿਕ ਡਰੋਨ ਕੈਮਰਿਆਂ ਅਤੇ ਸੁੰਘਣ ਵਾਲੇ ਕੁੱਤਿਆਂ (Dog Squad) ਦੀ ਵੀ ਮਦਦ ਲੈ ਰਹੇ ਹਨ।

ਸਥਾਨਕ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ: ਪੁਲਿਸ ਪ੍ਰਸ਼ਾਸਨ ਨੇ ਸਰਹੱਦੀ ਪਿੰਡਾਂ ਦੇ ਵਸਨੀਕਾਂ ਅਤੇ ਸਥਾਨਕ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪੂਰੀ ਤਰ੍ਹਾਂ ਚੌਕਸ ਰਹਿਣ। ਜੇਕਰ ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਕੋਈ ਵੀ ਅਣਜਾਣ ਵਿਅਕਤੀ, ਸ਼ੱਕੀ ਵਸਤੂ ਜਾਂ ਹਰਕਤ ਦਿਖਾਈ ਦਿੰਦੀ ਹੈ, ਤਾਂ ਉਹ ਤੁਰੰਤ ਇਸ ਦੀ ਸੂਚਨਾ ਨਜ਼ਦੀਕੀ ਸੁਰੱਖਿਆ ਪੋਸਟ ਜਾਂ ਪੁਲਿਸ ਸਟੇਸ਼ਨ ਨੂੰ ਦੇਣ। ਯਾਤਰਾ ਦੇ ਮੁੱਖ ਮਾਰਗਾਂ 'ਤੇ ਵੀ ਹਾਈਵੇਅ ਪੈਟਰੋਲਿੰਗ ਅਤੇ ਨਾਕੇਬੰਦੀ ਵਧਾ ਦਿੱਤੀ ਗਈ ਹੈ।

# NEET ਪੇਪਰ ਲੀਕ ਅਤੇ ਪੈਟਰੋਲ-ਡੀਜ਼ਲ ਤੇ ਰਸੋਈ ਗੈਸ ਦੀਆਂ ਵਧੀਆਂ ਕੀਮਤਾਂ ਖ਼ਿਲਾਫ਼ ਵੱਡਾ ਪ੍ਰਦਰਸ਼ਨ

ਪ੍ਰਯਾਗਰਾਜ : ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਸ਼ਹਿਰ ਵਿੱਚ ਮੰਗਲਵਾਰ ਨੂੰ ਸਮਾਜਵਾਦੀ ਪਾਰਟੀ (SP) ਦੇ ਆਗੂਆਂ ਅਤੇ ਕਾਰਕੁਨਾਂ ਵੱਲੋਂ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਨੀਤੀਆਂ ਖ਼ਿਲਾਫ਼ ਇੱਕ ਵਿਸ਼ਾਲ ਅਤੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ। ਸਪਾ ਵਰਕਰਾਂ ਨੇ ਦੇਸ਼ ਭਰ ਵਿੱਚ ਚਰਚਾ ਦਾ ਵਿਸ਼ਾ ਬਣੇ NEET ਪ੍ਰੀਖਿਆ ਦੇ ਪੇਪਰ ਲੀਕ ਮਾਮਲੇ ਅਤੇ ਲਗਾਤਾਰ ਵਧ ਰਹੀ ਮਹਿੰਗਾਈ—ਖ਼ਾਸ ਕਰਕੇ ਰਸੋਈ ਗੈਸ (LPG), ਡੀਜ਼ਲ ਅਤੇ ਪੈਟਰੋਲ ਦੀਆਂ ਕੀਮਤਾਂ ਵਿੱਚ ਕੀਤੇ ਗਏ ਵਾਧੇ ਨੂੰ ਲੈ ਕੇ ਸੜਕਾਂ 'ਤੇ ਉਤਰ ਕੇ ਹੱਲਾਬੋਲ ਕੀਤਾ। ਹੱਥਾਂ ਵਿੱਚ ਪਾਰਟੀ ਦੇ ਲਾਲ-ਹਰੇ ਝੰਡੇ, ਸਰਕਾਰ ਵਿਰੋਧੀ ਨਾਅਰਿਆਂ ਵਾਲੀਆਂ ਤਖ਼ਤੀਆਂ ਅਤੇ ਖਾਲੀ ਗੈਸ ਸਿਲੰਡਰ ਲੈ ਕੇ ਸਮਾਜਵਾਦੀ ਪਾਰਟੀ ਦੇ ਵਰਕਰਾਂ ਨੇ ਪ੍ਰਯਾਗਰਾਜ ਦੇ ਮੁੱਖ ਚੌਕ 'ਤੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਾਇਆ ਕਿ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋ ਰਹੀ ਹੈ।




**ਵਿਦਿਆਰਥੀਆਂ ਦੇ ਭਵਿੱਖ ਅਤੇ ਆਮ ਜਨਤਾ ਦੀ ਜੇਬ 'ਤੇ ਡਾਕਾ** : ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਸਥਾਨਕ ਸਪਾ ਆਗੂਆਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੋ ਮੰਗਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ:

NEET ਪੇਪਰ ਲੀਕ ਦੀ ਉੱਚ-ਪੱਧਰੀ ਜਾਂਚ: ਸਪਾ ਆਗੂਆਂ ਨੇ ਕਿਹਾ ਕਿ NEET ਵਰਗੀ ਵੱਕਾਰੀ ਪ੍ਰੀਖਿਆ ਦਾ ਪੇਪਰ ਲੀਕ ਹੋਣਾ ਦੇਸ਼ ਦੇ ਲੱਖਾਂ ਹੋਣਹਾਰ ਅਤੇ ਮਿਹਨਤੀ ਵਿਦਿਆਰਥੀਆਂ ਦੇ ਭਵਿੱਖ ਨਾਲ ਇੱਕ ਵੱਡਾ ਖਿਲਵਾੜ ਹੈ। ਪੇਪਰ ਲੀਕ ਮਾਫੀਆ ਨੂੰ ਸਰਕਾਰੀ ਸਰਪ੍ਰਸਤੀ ਹਾਸਲ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਪੂਰੇ ਘੁਟਾਲੇ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਨਿਰਪੱਖ ਜਾਂਚ ਕਰਵਾਈ ਜਾਵੇ।

**ਮਹਿੰਗਾਈ ਦੀ ਮਾਰ:** ਕਾਰਕੁਨਾਂ ਨੇ ਕਿਹਾ ਕਿ ਪਹਿਲਾਂ ਹੀ ਆਰਥਿਕ ਤੰਗੀ ਨਾਲ ਜੂਝ ਰਹੀ ਜਨਤਾ 'ਤੇ ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਵਧਾ ਕੇ ਸਰਕਾਰ ਨੇ ਹੋਰ ਬੋਝ ਪਾ ਦਿੱਤਾ ਹੈ। ਈਂਧਨ ਮਹਿੰਗਾ ਹੋਣ ਨਾਲ ਰੋਜ਼ਾਨਾ ਵਰਤੋਂ ਦੀਆਂ ਸਾਰੀਆਂ ਚੀਜ਼ਾਂ ਅਤੇ ਸਬਜ਼ੀਆਂ ਦੇ ਭਾਅ ਅਸਮਾਨੀ ਚੜ੍ਹ ਗਏ ਹਨ, ਜਿਸ ਨਾਲ ਗਰੀਬ ਅਤੇ ਮੱਧ ਵਰਗ ਦਾ ਜਿਊਣਾ ਦੁਸ਼ਵਾਰ ਹੋ ਗਿਆ ਹੈ। ਸਮਾਜਵਾਦੀ ਪਾਰਟੀ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਵਧੀਆਂ ਹੋਈਆਂ ਕੀਮਤਾਂ ਤੁਰੰਤ ਵਾਪਸ ਨਾ ਲਈਆਂ ਗਈਆਂ ਅਤੇ ਪੇਪਰ ਲੀਕ ਦੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਨਾ ਹੋਈ, ਤਾਂ ਇਹ ਅੰਦੋਲਨ ਪੂਰੇ ਉੱਤਰ ਪ੍ਰਦੇਸ਼ ਵਿੱਚ ਬਲਾਕ ਅਤੇ ਜ਼ਿਲ੍ਹਾ ਪੱਧਰ 'ਤੇ ਹੋਰ ਤਿੱਖਾ ਕੀਤਾ ਜਾਵੇਗਾ। ਪ੍ਰਦਰਸ਼ਨ ਦੇ ਮੱਦੇਨਜ਼ਰ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਮੌਕੇ 'ਤੇ ਭਾਰੀ ਪੁਲਿਸ ਬਲ ਤਾਇਨਾਤ ਰਿਹਾ।

## ਚੰਡੀਗੜ੍ਹ 'ਚ ਸਿਆਸੀ ਸਰਗਰਮੀਆਂ ਤੇਜ਼

# ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨਾਲ ਪੰਜਾਬ ਦੇ ਵੱਖ-ਵੱਖ ਖੇਤਰਾਂ ਤੋਂ ਆਏ ਵਫ਼ਦਾਂ ਨੇ ਕੀਤੀ ਮੁਲਾਕਾਤ; ਕੀਤਾ ਵਿਸ਼ੇਸ਼ ਸਨਮਾਨ

ਚੰਡੀਗੜ੍ਹ : ਹਰਿਆਣਾ ਅਤੇ ਪੰਜਾਬ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਵਿੱਚ ਮੰਗਲਵਾਰ ਨੂੰ ਇੱਕ ਅਹਿਮ ਸਿਆਸੀ ਅਤੇ ਸਮਾਜਿਕ ਮਿਲਣੀ ਦੇਖਣ ਨੂੰ ਮਿਲੀ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਪੰਜਾਬ ਦੇ ਵੱਖ-ਵੱਖ ਖੇਤਰਾਂ (ਮਾਲਵਾ, ਮਾਝਾ ਅਤੇ ਦੁਆਬਾ) ਤੋਂ ਆਏ ਕਈ ਪ੍ਰਮੁੱਖ ਵਫ਼ਦਾਂ ਨੇ ਇੱਕ ਵਿਸ਼ੇਸ਼ ਮੁਲਾਕਾਤ ਕੀਤੀ। ਚੰਡੀਗੜ੍ਹ ਸਥਿਤ ਮੁੱਖ ਮੰਤਰੀ ਨਿਵਾਸ ਵਿਖੇ ਹੋਈ ਇਸ ਬੈਠਕ ਦੌਰਾਨ ਪੰਜਾਬ ਤੋਂ ਪਹੁੰਚੇ ਆਗੂਆਂ ਅਤੇ ਪਤਵੰਤੇ ਸੱਜਣਾਂ ਵੱਲੋਂ ਮੁੱਖ ਮੰਤਰੀ ਨਾਇਬ ਸੈਣੀ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਿਰੋਪਾਓ ਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੁਲਾਕਾਤ ਦੌਰਾਨ ਦੋਵਾਂ ਗੁਆਂਢੀ ਸੂਬਿਆਂ—ਪੰਜਾਬ ਅਤੇ ਹਰਿਆਣਾ ਦੇ ਆਪਸੀ ਭਾਈਚਾਰੇ, ਸਮਾਜਿਕ ਸਾਂਝ ਅਤੇ ਖੇਤਰੀ ਵਿਕਾਸ ਦੇ ਕਈ ਅਹਿਮ ਮੁੱਦਿਆਂ 'ਤੇ ਸਕਾਰਾਤਮਕ ਚਰਚਾ ਹੋਈ।



ਸਾਂਝ ਅਤੇ ਭਾਈਚਾਰੇ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਵਫ਼ਦ ਦੇ ਮੈਂਬਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨਾਇਬ ਸੈਣੀ ਨੇ ਪੰਜਾਬ ਤੋਂ ਆਏ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਮਹਿਜ਼ ਦੋ ਸੂਬੇ ਨਹੀਂ, ਬਲਕਿ ਇੱਕੋ ਪਰਿਵਾਰ ਦੇ ਦੋ ਅਹਿਮ ਹਿੱਸੇ ਹਨ, ਜਿਨ੍ਹਾਂ ਦਾ ਸੱਭਿਆਚਾਰ, ਰਹਿਣ-ਸਹਿਣ ਅਤੇ ਇਤਿਹਾਸ ਆਪਸ ਵਿੱਚ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਹਰਿਆਣਾ ਸਰਕਾਰ ਦੋਵਾਂ ਰਾਜਾਂ ਵਿਚਾਲੇ ਆਪਸੀ ਸਾਂਝ, ਵਪਾਰ ਅਤੇ ਸਦਭਾਵਨਾ ਨੂੰ ਹੋਰ ਮਜ਼ਬੂਤ ਕਰਨ ਲਈ ਹਮੇਸ਼ਾ ਤਤਪਰ ਰਹੇਗੀ।

ਪੰਜਾਬ ਦੇ ਵਫ਼ਦਾਂ ਨੇ ਜਤਾਇਆ ਭਰੋਸਾ: ਮੁਲਾਕਾਤ ਕਰਨ ਪਹੁੰਚੇ ਪੰਜਾਬ ਦੇ ਵੱਖ-ਵੱਖ ਵਰਗਾਂ ਦੇ ਪ੍ਰਤੀਨਿਧੀਆਂ ਨੇ ਮੁੱਖ ਮੰਤਰੀ ਨਾਇਬ ਸੈਣੀ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਉਮੀਦ ਜਤਾਈ ਕਿ ਆਉਣ ਵਾਲੇ ਸਮੇਂ ਵਿੱਚ ਦੋਵਾਂ ਸੂਬਿਆਂ ਦੇ ਲੋਕਾਂ ਦੇ ਆਪਸੀ ਹਿੱਤਾਂ ਅਤੇ ਖੇਤਰੀ ਤਾਲਮੇਲ ਨੂੰ ਬਿਹਤਰ ਬਣਾਉਣ ਵਿੱਚ ਅਜਿਹੀਆਂ ਮਿਲਣੀਆਂ ਇੱਕ ਮੀਲ ਦਾ ਪੱਥਰ ਸਾਬਤ ਹੋਣਗੀਆਂ। ਇਸ ਦੌਰਾਨ ਕਈ ਸੀਨੀਅਰ ਸਿਆਸੀ ਆਗੂ ਅਤੇ ਪ੍ਰਸ਼ਾਸਨਿਕ ਅਧਿਕਾਰੀ ਵੀ ਮੌਜੂਦ ਸਨ।

# ਜਲੰਧਰ ਦੇ ਸੀਚੇਵਾਲ 'ਚ ਮੁੱਖ ਮੰਤਰੀ ਭਗਵੰਤ ਮਾਨ ਦਾ ਵੱਡਾ ਧਮਾਕਾ

# 'ਸੰਤ ਅਵਤਾਰ ਸਿੰਘ ਮੈਮੋਰੀਅਲ ਹਾਕੀ ਸਟੇਡੀਅਮ' ਵਿਖੇ ਨਵੀਂ ਐਸਟਰੋਟਰਫ਼ ਦਾ ਉਦਘਾਟਨ; ਨੌਜਵਾਨ ਖਿਡਾਰੀਆਂ ਦੀ ਪਿੱਠ ਥਾਪੜੀ







ਸੀਚੇਵਾਲ (ਜਲੰਧਰ): ਪੰਜਾਬ ਵਿੱਚ ਖੇਡ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਕੇ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਲਗਾਤਾਰ ਵੱਡੇ ਕਦਮ ਚੁੱਕੇ ਜਾ ਰਹੇ ਹਨ। ਇਸੇ ਕੜੀ ਤਹਿਤ ਮੁੱਖ ਮੰਤਰੀ ਨੇ ਵੀਰਵਾਰ ਨੂੰ ਜਲੰਧਰ ਜ਼ਿਲ੍ਹੇ ਦੇ ਇਤਿਹਾਸਕ ਪਿੰਡ ਸੀਚੇਵਾਲ ਵਿਖੇ ਵਾਤਾਵਰਨ ਪ੍ਰੇਮੀ ਅਤੇ ਰਾਜਸਭਾ ਮੈਂਬਰ ਬਾਬਾ ਬਲਬੀਰ ਸਿੰਘ ਸੀਚੇਵਾਲ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਵਿੱਚ ਸ਼ਿਰਕਤ ਕੀਤੀ। ਇਸ ਦੌਰਾਨ ਮੁੱਖ ਮੰਤਰੀ ਨੇ 'ਸੰਤ ਅਵਤਾਰ ਸਿੰਘ ਮੈਮੋਰੀਅਲ ਹਾਕੀ ਸਟੇਡੀਅਮ' ਵਿਖੇ ਨਵੇਂ ਤਿਆਰ ਕੀਤੇ ਗਏ ਅਤਿ-ਆਧੁਨਿਕ ਐਸਟਰੋਟਰਫ਼ (Astroturf) ਦਾ ਰਸਮੀ ਉਦਘਾਟਨ ਕਰਕੇ ਇਲਾਕੇ ਦੇ ਖਿਡਾਰੀਆਂ ਨੂੰ ਇੱਕ ਵੱਡੀ ਸੌਗਾਤ ਦਿੱਤੀ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੈਦਾਨ 'ਤੇ ਉਤਰ ਕੇ ਉੱਥੇ ਮੌਜੂਦ ਹਾਕੀ ਦੇ ਨੌਜਵਾਨ ਅਤੇ ਬਾਲ ਖਿਡਾਰੀਆਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਸਾਰੇ ਖਿਡਾਰੀਆਂ ਨਾਲ ਹੱਥ ਮਿਲਾਇਆ (Shakes hands) ਅਤੇ ਉਨ੍ਹਾਂ ਦੀ ਪਿੱਠ ਥਾਪੜਦਿਆਂ ਦੇਸ਼ ਅਤੇ ਸੂਬੇ ਦਾ ਨਾਂ ਰੋਸ਼ਨ ਕਰਨ ਲਈ ਹਾਰਡ ਵਰਕ ਕਰਨ ਲਈ ਪ੍ਰੇਰਿਤ ਕੀਤਾ।

**ਪੰਜਾਬ ਨੂੰ ਮੁੜ ਖੇਡਾਂ ਵਿੱਚ ਨੰਬਰ-1 ਬਣਾਉਣ ਦਾ ਸੰਕਲਪ**

ਸਟੇਡੀਅਮ ਵਿੱਚ ਖਿਡਾਰੀਆਂ ਅਤੇ ਸਥਾਨਕ ਲੋਕਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਈ ਅਹਿਮ ਗੱਲਾਂ ਸਾਂਝੀਆਂ ਕੀਤੀਆਂ:

ਵਿਸ਼ਵ-ਪੱਧਰੀ ਸਹੂਲਤਾਂ: 'ਸਾਡੀ ਸਰਕਾਰ ਪਿੰਡਾਂ ਦੇ ਪੱਧਰ 'ਤੇ ਖੇਡ ਬੁਨਿਆਦੀ ਢਾਂਚੇ (Sports Infrastructure) ਨੂੰ ਮਜ਼ਬੂਤ ਕਰ ਰਹੀ ਹੈ। ਇਸ ਸਟੇਡੀਅਮ ਵਿੱਚ ਲਗਾਈ ਗਈ ਨਵੀਂ ਐਸਟਰੋਟਰਫ਼ ਪੇਂਡੂ ਖੇਤਰ ਦੇ ਉੱਭਰਦੇ ਹੋਏ ਖਿਡਾਰੀਆਂ ਨੂੰ ਕੌਮਾਂਤਰੀ ਪੱਧਰ ਦੀਆਂ ਸਹੂਲਤਾਂ ਪ੍ਰਦਾਨ ਕਰੇਗੀ ਤਾਂ ਜੋ ਉਹ ਓਲੰਪਿਕਸ ਅਤੇ ਏਸ਼ੀਅਨ ਖੇਡਾਂ ਵਿੱਚ ਮੈਡਲ ਜਿੱਤ ਸਕਣ।'

ਖੇਡ ਬਜਟ ਵਿੱਚ ਇਤਿਹਾਸਕ ਵਾਧਾ: ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਦੇ ਬਜਟ ਵਿੱਚ ਵੱਡਾ ਵਾਧਾ ਕੀਤਾ ਗਿਆ ਹੈ ਅਤੇ ਸੂਬੇ ਦੇ ਵੱਖ-ਵੱਖ ਪਿੰਡਾਂ ਵਿੱਚ ਹਜ਼ਾਰਾਂ ਖੇਡ ਮੈਦਾਨ ਵਿਕਸਿਤ ਕੀਤੇ ਜਾ ਰਹੇ ਹਨ, ਜਿੱਥੇ ਫਲੱਡ ਲਾਈਟਾਂ, ਰਨਿੰਗ ਟਰੈਕ ਅਤੇ ਵੱਖ-ਵੱਖ ਖੇਡਾਂ ਦੇ ਕੋਰਟ ਬਣਾਏ ਜਾ ਰਹੇ ਹਨ।

**ਸੰਤ ਅਵਤਾਰ ਸਿੰਘ ਦੀ ਬਰਸੀ 'ਤੇ ਦਿੱਤੀ ਸ਼ਰਧਾਂਜਲੀ**

ਇਹ ਸਮਾਗਮ ਸੰਤ ਅਵਤਾਰ ਸਿੰਘ ਜੀ ਦੀ 38ਵੀਂ ਬਰਸੀ ਦੇ ਮੱਦੇਨਜ਼ਰ ਕਰਵਾਇਆ ਗਿਆ ਸੀ। ਮੁੱਖ ਮੰਤਰੀ ਨੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਬਾਬਾ ਬਲਬੀਰ ਸਿੰਘ ਸੀਚੇਵਾਲ ਵੱਲੋਂ ਵਾਤਾਵਰਨ ਦੀ ਸੰਭਾਲ ਅਤੇ ਸਮਾਜ ਸੇਵਾ ਲਈ ਕੀਤੇ ਜਾ ਰਹੇ ਕਾਰਜਾਂ ਦੀ ਵੀ ਭਰਪੂਰ ਸ਼ਲਾਘਾ ਕੀਤੀ। ਸਮਾਗਮ ਦੌਰਾਨ ਖੇਡ ਜਗਤ ਦੀਆਂ ਕਈ ਪ੍ਰਮੁੱਖ ਸ਼ਖਸੀਅਤਾਂ ਅਤੇ ਭਾਰੀ ਗਿਣਤੀ ਵਿੱਚ ਖੇਡ ਪ੍ਰੇਮੀ ਮੌਜੂਦ ਸਨ।

# ਪੰਜਾਬ 'ਚ ਝੋਨੇ ਦੀ ਲਵਾਈ ਦਾ ਸੀਜ਼ਨ ਸ਼ੁਰੂ

# ਅੰਮ੍ਰਿਤਸਰ ਦੇ ਪਿੰਡਾਂ 'ਚ ਖੇਤ ਹੋਏ ਗੁਲਜ਼ਾਰ; ਪ੍ਰਵਾਸੀ ਤੇ ਸਥਾਨਕ ਮਜ਼ਦੂਰ ਝੋਨਾ ਲਾਉਣ 'ਚ ਜੁੱਟੇ

ਅੰਮ੍ਰਿਤਸਰ (ਪੰਜਾਬ) : ਪੰਜਾਬ ਦੀ ਆਰਥਿਕਤਾ ਦੇ ਮੁੱਖ ਧੁਰੇ ਯਾਨੀ ਖੇਤੀਬਾੜੀ ਖੇਤਰ ਵਿੱਚ ਅੱਜ ਤੋਂ ਸਭ ਤੋਂ ਵਿਅਸਤ ਅਤੇ ਅਹਿਮ ਦੌਰ ਦੀ ਸ਼ੁਰੂਆਤ ਹੋ ਗਈ ਹੈ। ਸੂਬੇ ਭਰ ਵਿੱਚ ਸਾਉਣੀ ਦੀ ਮੁੱਖ ਫ਼ਸਲ ਝੋਨੇ (ਪੈਡੀ) ਦੀ ਲਵਾਈ ਦਾ ਕੰਮ ਅਧਿਕਾਰਤ ਤੌਰ 'ਤੇ ਸ਼ੁਰੂ ਹੋ ਚੁੱਕਾ ਹੈ। ਬੁੱਧਵਾਰ ਨੂੰ ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ ਦੇ ਨੇੜਲੇ ਪਿੰਡਾਂ ਅਤੇ ਖੇਤਾਂ ਵਿੱਚ ਸਵੇਰ ਤੋਂ ਹੀ ਭਾਰੀ ਰੌਣਕ ਦੇਖਣ ਨੂੰ ਮਿਲੀ, ਜਿੱਥੇ ਮਜ਼ਦੂਰਾਂ ਵੱਲੋਂ ਖੇਤਾਂ ਵਿੱਚ ਪਾਣੀ ਛੱਡ ਕੇ ਝੋਨੇ ਦੀ ਪਨੀਰੀ (Paddy Seedlings) ਲਗਾਉਣ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਕਰ ਦਿੱਤਾ ਗਿਆ ਹੈ।





ਕੜਕਦੀ ਗਰਮੀ ਅਤੇ ਤੇਜ਼ ਧੁੱਪ ਦੀ ਪ੍ਰਵਾਹ ਕੀਤੇ ਬਿਨਾਂ, ਸਥਾਨਕ ਅਤੇ ਪ੍ਰਵਾਸੀ ਮਜ਼ਦੂਰਾਂ ਦੀਆਂ ਟੋਲੀਆਂ ਖੇਤਾਂ ਵਿੱਚ ਗੋਡੇ-ਗੋਡੇ ਪਾਣੀ ਵਿੱਚ ਖੜ੍ਹ ਕੇ ਰਵਾਇਤੀ ਤਰੀਕੇ ਨਾਲ ਲਾਈਨਾਂ ਵਿੱਚ ਝੋਨਾ ਲਾਉਂਦੀਆਂ ਨਜ਼ਰ ਆਈਆਂ।

**ਕਿਸਾਨਾਂ ਨੂੰ ਨਿਰਵਿਘਨ ਬਿਜਲੀ ਅਤੇ ਪਾਣੀ ਦੀ ਉਮੀਦ** : ਝੋਨੇ ਦੀ ਲਵਾਈ ਦਾ ਸੀਜ਼ਨ ਸ਼ੁਰੂ ਹੁੰਦੇ ਹੀ ਕਿਸਾਨਾਂ ਨੇ ਖੇਤਾਂ ਦੀ ਤਿਆਰੀ, ਕੱਦੂ (ਪਾਣੀ ਵਾਲੇ ਖੇਤਾਂ ਨੂੰ ਵਾਹੁਣਾ) ਕਰਨ ਅਤੇ ਪਨੀਰੀ ਪੁੱਟਣ ਦੇ ਕੰਮ ਨੂੰ ਤੇਜ਼ ਕਰ ਦਿੱਤਾ ਹੈ। ਕਿਸਾਨਾਂ ਨਾਲ ਗੱਲਬਾਤ ਕਰਨ 'ਤੇ ਹੇਠ ਲਿਖੀਆਂ ਗੱਲਾਂ ਸਾਹਮਣੇ ਆਈਆਂ:

ਬਿਜਲੀ ਦੀ ਸਪਲਾਈ: ਕਿਸਾਨਾਂ ਨੇ ਉਮੀਦ ਜਤਾਈ ਹੈ ਕਿ ਸਰਕਾਰ ਵੱਲੋਂ ਕੀਤੇ ਗਏ ਵਾਅਦੇ ਮੁਤਾਬਕ ਖੇਤੀ ਸੈਕਟਰ (ਟਿਊਬਵੈੱਲਾਂ) ਲਈ ਰੋਜ਼ਾਨਾ 8 ਤੋਂ 10 ਘੰਟੇ ਨਿਰਵਿਘਨ ਬਿਜਲੀ ਸਪਲਾਈ ਮਿਲੇਗੀ, ਤਾਂ ਜੋ ਸਮੇਂ ਸਿਰ ਲਵਾਈ ਮੁਕੰਮਲ ਕੀਤੀ ਜਾ ਸਕੇ।

ਨਹਿਰੀ ਪਾਣੀ ਦੀ ਮੰਗ: ਸਰਹੱਦੀ ਖੇਤਰ ਦੇ ਕਿਸਾਨਾਂ ਨੇ ਮੰਗ ਕੀਤੀ ਹੈ ਕਿ ਟੇਲਾਂ (ਆਖ਼ਰੀ ਪਿੰਡਾਂ) ਤੱਕ ਨਹਿਰੀ ਪਾਣੀ ਦੀ ਸਪਲਾਈ ਯਕੀਨੀ ਬਣਾਈ ਜਾਵੇ ਤਾਂ ਜੋ ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਨੂੰ ਘਟਾਇਆ ਜਾ ਸਕੇ।

ਮਾਹਰਾਂ ਮੁਤਾਬਕ ਅਗਲੇ ਦੋ ਹਫ਼ਤਿਆਂ ਵਿੱਚ ਝੋਨੇ ਦੀ ਲਵਾਈ ਦਾ ਇਹ ਕੰਮ ਪੂਰੇ ਪੰਜਾਬ ਵਿੱਚ ਸਿਖਰਾਂ 'ਤੇ ਪਹੁੰਚ ਜਾਵੇਗਾ। ਪ੍ਰਸ਼ਾਸਨ ਅਤੇ ਖੇਤੀਬਾੜੀ ਵਿਭਾਗ ਵੱਲੋਂ ਵੀ ਕਿਸਾਨਾਂ ਨੂੰ ਪਾਣੀ ਦੀ ਬਚਤ ਕਰਨ ਲਈ ਸਿੱਧੀ ਬਿਜਾਈ (DSR ਟੈਕਨਾਲੋਜੀ) ਅਤੇ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ (ਜਿਵੇਂ ਪੀ.ਆਰ. 126) ਨੂੰ ਅਪਣਾਉਣ ਦੀ ਸਲਾਹ ਦਿੱਤੀ ਜਾ ਰਹੀ ਹੈ।

# ਅੰਮ੍ਰਿਤਸਰ 'ਚ ਕੇਂਦਰ ਸਰਕਾਰ ਖ਼ਿਲਾਫ਼ ਕਾਂਗਰਸ ਦਾ ਹੱਲਾਬੋਲ

# NEET ਪੇਪਰ ਲੀਕ ਮਾਮਲੇ 'ਤੇ ਵਰਕਰਾਂ ਨੇ ਸੜਕਾਂ 'ਤੇ ਉਤਰ ਕੇ ਕੀਤਾ ਜ਼ੋਰਦਾਰ ਪ੍ਰਦਰਸ਼ਨ

ਅੰਮ੍ਰਿਤਸਰ : ਨੈਸ਼ਨਲ ਟੈਸਟਿੰਗ ਏਜੰਸੀ (NTA) ਵੱਲੋਂ ਕਰਵਾਈ ਗਈ NEET-UG ਪ੍ਰੀਖਿਆ ਦੇ ਪੇਪਰ ਲੀਕ ਹੋਣ ਦਾ ਮੁੱਦਾ ਹੁਣ ਪੂਰੇ ਦੇਸ਼ ਵਿੱਚ ਭਖਦਾ ਜਾ ਰਿਹਾ ਹੈ। ਇਸੇ ਕੜੀ ਤਹਿਤ ਮੰਗਲਵਾਰ ਨੂੰ ਗੁਰੂ ਨਗਰੀ ਅੰਮ੍ਰਿਤਸਰ ਵਿੱਚ ਕਾਂਗਰਸ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਵੱਲੋਂ ਕੇਂਦਰ ਦੀ ਭਾਜਪਾ ਸਰਕਾਰ ਖ਼ਿਲਾਫ਼ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ। ਕਾਂਗਰਸੀ ਵਰਕਰਾਂ ਨੇ NEET ਪ੍ਰੀਖਿਆ ਵਿੱਚ ਹੋਈਆਂ ਕਥਿਤ ਬੇਨਿਯਮੀਆਂ ਨੂੰ ਲੈ ਕੇ ਸੜਕਾਂ 'ਤੇ ਉਤਰ ਕੇ ਜੰਮ ਕੇ ਨਾਅਰੇਬਾਜ਼ੀ ਕੀਤੀ।

ਪ੍ਰਦਰਸ਼ਨ ਦੌਰਾਨ ਹੱਥਾਂ ਵਿੱਚ ਪਾਰਟੀ ਦੇ ਝੰਡੇ ਅਤੇ ਕੇਂਦਰੀ ਸਿੱਖਿਆ ਮੰਤਰਾਲੇ ਦੇ ਵਿਰੋਧ ਵਾਲੀਆਂ ਤਖ਼ਤੀਆਂ ਫੜ ਕੇ ਕਾਂਗਰਸੀ ਆਗੂਆਂ ਨੇ NTA ਦੇ ਪ੍ਰਬੰਧਾਂ 'ਤੇ ਗੰਭੀਰ ਸਵਾਲ ਚੁੱਕੇ।





**ਲੱਖਾਂ ਹੋਣਹਾਰ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ:** ਕਾਂਗਰਸ ਧਰਨੇ ਨੂੰ ਸੰਬੋਧਨ ਕਰਦਿਆਂ ਸਥਾਨਕ ਕਾਂਗਰਸੀ ਆਗੂਆਂ ਨੇ ਕਿਹਾ ਕਿ NEET ਦੇਸ਼ ਦੀ ਸਭ ਤੋਂ ਵੱਕਾਰੀ ਪ੍ਰੀਖਿਆਵਾਂ ਵਿੱਚੋਂ ਇੱਕ ਹੈ, ਜਿਸ ਲਈ ਦੇਸ਼ ਦੇ ਲੱਖਾਂ ਬੱਚੇ ਦਿਨ-ਰਾਤ ਇੱਕ ਕਰਕੇ ਮਿਹਨਤ ਕਰਦੇ ਹਨ। ਪਰ ਪੇਪਰ ਲੀਕ ਮਾਫ਼ੀਆ ਅਤੇ ਸਰਕਾਰੀ ਤੰਤਰ ਦੀ ਨਾਕਾਮੀ ਕਾਰਨ ਮਿਹਨਤੀ ਵਿਦਿਆਰਥੀਆਂ ਦੇ ਸੁਪਨਿਆਂ ਦਾ ਕਤਲ ਕੀਤਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਪਾਰਦਰਸ਼ੀ ਸਿੱਖਿਆ ਪ੍ਰਣਾਲੀ ਦੇਣ ਵਿੱਚ ਪੂਰੀ ਤਰ੍ਹਾਂ ਅਸਫ਼ਲ ਸਾਬਤ ਹੋਈ ਹੈ।

ਕਾਂਗਰਸ ਪਾਰਟੀ ਦੀਆਂ ਮੁੱਖ ਮੰਗਾਂ:

1. NEET-UG ਪ੍ਰੀਖਿਆ ਵਿੱਚ ਹੋਏ ਪੂਰੇ ਘੁਟਾਲੇ ਦੀ ਸੁਪਰੀਮ ਕੋਰਟ ਦੇ ਮੌਜੂਦਾ ਜੱਜ ਦੀ ਨਿਗਰਾਨੀ ਹੇਠ ਉੱਚ-ਪੱਧਰੀ ਅਤੇ ਨਿਰਪੱਖ ਜਾਂਚ ਕਰਵਾਈ ਜਾਵੇ।
2. ਦੇਸ਼ ਦੇ ਲੱਖਾਂ ਪ੍ਰਭਾਵਿਤ ਵਿਦਿਆਰਥੀਆਂ ਨੂੰ ਇਨਸਾਫ਼ ਦਿਵਾਉਣ ਲਈ ਤੁਰੰਤ ਠੋਸ ਕਦਮ ਚੁੱਕੇ ਜਾਣ ਅਤੇ ਦੋਸ਼ੀਆਂ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਧੱਕਿਆ ਜਾਵੇ।
3. ਪ੍ਰੀਖਿਆਵਾਂ ਦੀ ਪਵਿੱਤਰਤਾ ਭੰਗ ਕਰਨ ਵਾਲੀ ਨੈਸ਼ਨਲ ਟੈਸਟਿੰਗ ਏਜੰਸੀ (NTA) ਦੇ ਉੱਚ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕੀਤੀ ਜਾਵੇ।

ਕਾਂਗਰਸ ਨੇ ਚੇਤਾਵਨੀ ਦਿੱਤੀ ਹੈ ਕਿ ਜਦੋਂ ਤੱਕ ਵਿਦਿਆਰਥੀਆਂ ਨੂੰ ਪੂਰਾ ਇਨਸਾਫ਼ ਨਹੀਂ ਮਿਲ ਜਾਂਦਾ, ਉਦੋਂ ਤੱਕ ਉਹ ਚੁੱਪ ਨਹੀਂ ਬੈਠਣਗੇ ਅਤੇ ਇਸ ਮੁਹਿੰਮ ਨੂੰ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਲੋਕ ਅੰਦੋਲਨ ਦਾ ਰੂਪ ਦਿੱਤਾ ਜਾਵੇਗਾ। ਪ੍ਰਦਰਸ਼ਨ ਦੇ ਮੱਦੇਨਜ਼ਰ ਅੰਮ੍ਰਿਤਸਰ ਪੁਲਿਸ ਵੱਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ।

## ਦਰਬਾਰ ਸਾਹਿਬ ’ਤੇ ਭਾਰਤੀ ਫ਼ੌਜ ਦੇ ਹਮਲੇ ਦਾ ਸੱਚ

# ਘੱਲੂਘਾਰਿਆਂ ਬਾਰੇ ਸਟੇਟ ਦੀ ਫ਼ਰੇਬੀ ਸ਼ਬਦਾਵਲੀ ਦੇ ਜਾਲ ’ਚ ਨਾ ਫਸੀਏ



ਸ਼ਬਦ ਦੀ ਅਸੀਮ ਸ਼ਕਤੀ ਹੈ। ਨੇਕ ਸੋਚ ਰਾਹੀਂ ਸ਼ਬਦ ਦੀ ਸਹੀ ਵਰਤੋਂ ਬਿਰਤਾਂਤ ਦੀ ਸੱਚਾਈ ਉਜਾਗਰ ਕਰਦੀ ਹੈ, ਜਦਕਿ ਕਪਟੀ ਸੋਚ ਰਾਹੀਂ ਸ਼ਬਦ ਦੀ ਕੀਤੀ ਸਾਜਿਸ਼ੀ ਵਰਤੋਂ ਬਿਰਤਾਂਤ ਵਿਗਾੜਦੀ ਹੈ। ਸੱਤਾ ਵੱਲੋਂ ਬਾਗ਼ੀਆਂ ਨੂੰ ਕੁਚਲਣ ਦਾ ਆਸਾਵੀਂ ਜੰਗ ਦਾ ਵੱਡਾ ਹਥਿਆਰ, ‘ਸ਼ਬਦ ਬਿਰਤਾਂਤ’ ਨੂੰ ਵਿਗਾੜਨਾ ਹੁੰਦਾ ਹੈ। ਸਟੇਟ ਵੱਲੋਂ ਲੋਕਾਂ ਅੰਦਰ ਬਾਗ਼ੀਆਂ ਪ੍ਰਤੀ ਨਫ਼ਰਤ ਪੈਦਾ ਕਰਕੇ, ਕਪਟੀ ਸ਼ਬਦ ਮਾਨਸਿਕਤਾ ਵਿੱਚ ਭਰ ਦਿੱਤੇ ਜਾਂਦੇ ਹਨ। ‘ਹਕੂਮਤ ਦੀ ਫਰੇਬੀ ਸ਼ਬਦਾਵਲੀ’ ਦਾ ਸ਼ਿਕਾਰ ਸਿਰਫ਼ ਭੋਲੇ-ਭਾਲੇ ? ਲੋਕ ਹੀ ਨਹੀਂ ਹੁੰਦੇ, ਬਲਕਿ ਇਤਿਹਾਸਕਾਰ ਵੀ ਹੋ ਜਾਂਦੇ ਹਨ, ਜਿਸ ਦੇ ਅਧੀਨ ਉਹ ‘ਆਪਣਾ ਬਿਰਤਾਂਤ’ ਛੱਡ ਕੇ ਅਤੇ ‘ਸਟੇਟ ਦੇ ਬਿਰਤਾਂਤ’ ਦੇ ਮੋਹਰੇ ਬਣ ਕੇ, ਕੌਮੀ ਇਤਿਹਾਸ ਨੂੰ ਵਿਗਾੜਨ ਦੇ ਦੋਸ਼ੀ ਬਣ ਜਾਂਦੇ ਹਨ।

ਇਸ ਪ੍ਰਸੰਗ ਨੂੰ ਹੋਰ ਸਪਸ਼ਟ ਕਰਨ ਲਈ ਗਾਥਾ ਸਾਂਝੀ ਕਰਦੇ ਹਾਂ। ਵੈਨਕੂਵਰ ਦੇ ਸਮੁੰਦਰੀ ਤੱਟ ’ਤੇ ਬੀਤੇ ਦਿਨੀਂ ਗੁਰੂ ਨਾਨਕ ਜਹਾਜ਼ ਦੀ ਵਰ੍ਹੇਗੰਢ ’ਤੇ ਸਮਾਗਮ ਹੋਏ। ਇਥੋਂ ਹੀ ਗੁਰੂ ਨਾਨਕ ਜਹਾਜ਼ ‘ਕੈਨੇਡਾ ਦੀ ਨਸਲਵਾਦੀ ਸਰਕਾਰ’ ਨੇ ਵਾਪਸ ਮੋੜਿਆ ਸੀ। ਸਮਾਗਮਾਂ ਵਿੱਚ ਬਜ਼ੁਰਗਾਂ, ਨੌਜਵਾਨਾਂ ਬੱਚਿਆਂ ਨੇ ਵੱਧ-ਚੜ ਕੇ ਹਿੱਸਾ ਲਿਆ। ਇਸ ਦੌਰਾਨ ਲਕੀਰ ਦੇ ਫ਼ਕੀਰ ਆਪੇ ਬਣੇ ਆਗੂ ਨੇ ਸਵਾਲ ਖੜ੍ਹਾ ਕਰ ਦਿੱਤਾ ਕਿ ‘ਗੁਰੂ ਨਾਨਕ ਜਹਾਜ਼’ ਨਾਂ ਹੀ ਕਿਉ ?, ਕਾਮਾਗਾਟਾ ਮਾਰੂ ਨਾਂ ਕਿਉਂ ਨਹੀਂ ? ਅਖੇ ਇਹੀ ਨਾਂ ਪਹਿਲਾਂ ਤੋਂ ਵਰਤਿਆ ਜਾਂਦਾ ਰਿਹਾ ਹੈ ਤੇ ਇਹੀ ਨਾਂ ਕਿਤਾਬਾਂ ਵਿੱਚ ਵੀ ਹੈ।’ ਸੱਚ ਇਹ ਹੈ ਕਿ ‘ਕਾਮਾਗਾਟਾ ਮਾਰੂ’ ਕਰਾਏ ’ਤੇ ਲਏ ਜਹਾਜ਼ ਨਾਂ ਸੀ, ਜੋ ‘ਬ੍ਰਿਟਿਸ਼ ਇੰਡੀਅਨ ਸਟੇਟ’ ਨੇ ਸਾਡੇ ਮੂੰਹਾਂ ਅਤੇ ਦਿਮਾਗਾਂ ਵਿੱਚ ਪਾ ਦਿੱਤਾ, ਜਦ ਕਿ ਗੁਰੂ ਨਾਨਕ ਸਟੀਮਸ਼ਿਪ ਕੰਪਨੀ ਰਾਹੀਂ ਇਹ ਜਹਾਜ਼ ਬਾਬਾ ਗੁਰਦਿੱਤ ਸਿੰਘ ਨੇ 66 ਹਜ਼ਾਰ ਡਾਲਰ ਭਾੜਾ ਦੇ ਕੇ, ਛੇ ਮਹੀਨੇ ਲਈ ਕਿਰਾਏ ’ਤੇ ਲਿਆ ਸੀ। ਦੇਸ ਪੰਜਾਬ ਦੇ ਵਿਰਸੇ, ਬੋਲੀ ਅਤੇ ਸੱਭਿਆਚਾਰ ਮੁਤਾਬਕ “ਗੁਰੂ ਨਾਨਕ ਜਹਾਜ਼” ਨਾਂ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ, ਭਾਵ ਸਮੂਹ ਮੁਸਾਫਰਾਂ ਨੇ ਸਾਂਝੇ ਤੌਰ ’ਤੇ ਰੱਖਿਆ ਸੀ, ਜੋ ਸਾਜਿਸ਼ੀ ਢੰਗ ਨਾਲ ਦਿਮਾਗ਼ਾਂ ਵਿੱਚੋਂ ਮਿਟਾ ਦਿੱਤਾ ਗਿਆ। ਦੁੱਖਦਾਈ ਗੱਲ ਇਹ ਹੈ ਕਿ ਬ੍ਰਿਟਿਸ਼ ਇੰਡੀਅਨ ਅਤੇ ਬਸਤੀਵਾਦੀ ਕੈਨੇਡੀਅਨ ਡੋਮੇਨੀਅਨ ਸਟੇਟ’ ਦੀ ਸੋਚ ਵਾਲਿਆਂ ਵੱਲੋਂ ਦਿੱਤਾ ਗਿਆ ‘ਕਾਮਾਗਾਟਾਮਾਰੂ’ ਨਾਂ, ਪੰਜਾਬੀ ਇਤਿਹਾਸਕਾਰਾਂ ਅਤੇ ਜਥੇਬੰਦੀਆਂ ਨੇ ਵੀ ਅਪਨਾ ਲਿਆ, ਜਦ ਕਿ ਆਪਣੀ ਬੋਲੀ ਅਤੇ ਵਿਰਸੇ ’ਚੋਂ ਪੈਦਾ ਹੋਇਆ ‘ਗੁਰੂ ਨਾਨਕ ਜਹਾਜ਼’ ਨਾਂ ਖ਼ੁਦ ਹੀ ਭੁਲਾ ਦਿੱਤਾ। ਚੰਗੀ ਗੱਲ ਹੈ ਕਿ ਹੁਣ ਆਵਾਜ਼ ਉੱਠਣ ਮਗਰੋਂ ਇਤਿਹਾਸਿਕ ਸੋਧ ਹੋ ਰਹੀ ਹੈ ਅਤੇ ਸਹੀ ਨਾਂ ਅਤੇ ਬਿਰਤਾਂਤ ਮੁੜ ਅਪਨਾਇਆ ਜਾ ਰਿਹਾ ਹੈ।

ਚੇਤਨਾ ਤੋਂ ਸੱਖਣੇ ਜਿਹੜੇ ਦਕੀਆਨੂਸ ਲੋਕ ਆਖਦੇ ਹਨ ਕਿ ਨਾਂ ’ਚ ਕੀ ਪਿਆ ਹੈ, ਉਹ ਮਾਨਸਿਕ ਦਿਵਾਲੀਏਪਣ ਦਾ ਸ਼ਿਕਾਰ ਹਨ। ਜੇ ਤੁਸੀਂ ਆਪਣੀ ਸ਼ਬਦਾਵਲੀ ਅਤੇ ਆਪਣੇ ਬਿਰਤਾਂਤ ਤੋਂ ਮੂੰਹ ਮੋੜ ਲੈਂਦੇ ਹੋ, ਤਾਂ ਤੁਹਾਡੀ ਪਛਾਣ ਕਾਇਮ ਨਹੀਂ ਰਹੀ ਸਕਦੀ। ਰਸੂਲ ਹਮਜ਼ਾਤੋਵ ਆਪਣੀ ਕਿਤਾਬ ‘ਮੇਰਾ ਦਾਗਿਸਤਾਨ’ ਵਿੱਚ ਲਿਖਦਾ ਹੈ ਜੇ ਬੀਤੇ ’ਤੇ ਪਿਸਤੌਲ ਨਾਲ ਗੋਲੀ ਚਲਾਉਗੇ, ਤਾਂ ਭਵਿੱਖ ਤੁਹਾਨੂੰ ਤੋਪ ਨਾਲ ਫੁੰਡੇਗਾ। ਇਸ ਦੀ ਪ੍ਰਤੱਖ ਮਿਸਾਲ 42 ਸਾਲ ਪਹਿਲਾਂ, ਜੂਨ 84 ਨੂੰ ਦਰਬਾਰ ਸਾਹਿਬ ’ਤੇ ਭਾਰਤੀ ਫੌਜ ਦੇ ਹਮਲੇ ਲਈ, ਸਟੇਟ ਵੱਲੋਂ ਸਾਕਾ ਨੀਲਾ ਤਾਰਾ (ਆਪਰੇਸ਼ਨ ਬਲੂ ਸਟਾਰ) ਸ਼ਬਦ ਵਰਤਣਾ ਫ਼ਰੇਬੀ ਭਾਸ਼ਾ ਦਾ ਸਿਖਰ ਕਿਹਾ ਜਾ ਸਕਦਾ ਹੈ। ਦੁੱਖ ਦੀ ਗੱਲ ਇਹ ਹੈ ਕਿ ਨਾ ਕੇਵਲ ਸਟੇਟ ਦੇ ਸੰਦ ਬਣ ਕੇ ਵਿਚਰਨ ਵਾਲੇ ਲਿਖਾਰੀਆਂ ਅਤੇ ਇਤਿਹਾਸਕਾਰਾਂ ਵੱਲੋਂ ਹੀ, ਬਲਕਿ ਸਿੱਖ ਬੁੱਧੀਜੀਵੀਆਂ ਅਤੇ ਵਿਦਵਾਨਾਂ ਵੱਲੋਂ ਵੀ, ਦਰਬਾਰ ਸਾਹਿਬ ’ਤੇ ਹਮਲੇ ਨੂੰ ‘ਸਾਕਾ ਨੀਲਾ ਤਾਰਾ’ (ਆਪਰੇਸ਼ਨ ਬਲੂ ਸਟਾਰ) ਕਹਿਣਾ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਉਹ ਕਿਸ ਹੱਦ ਤੱਕ ਸਟੇਟ ਦੇ ਛਲ-ਕਪਟ ਦਾ ਸ਼ਿਕਾਰ ਹੋ ਕੇ, ਆਪਣੇ ਹੀ ਇਤਿਹਾਸ ਦੇ ਉਲਟ ਭੁਗਤ ਰਹੇ ਹਨ।

ਸਿੱਖ ਕੌਮ ਦੇ ਤੀਜੇ ਘੱਲੂਘਾਰੇ ਦੀ 42ਵੇਂ ਸ਼ਹੀਦੀ ਯਾਦ ਮੌਕੇ ‘ਸਾਕਾ ਨੀਲਾ ਤਾਰਾ’ ਸ਼ਬਦ ਦੀ ਵਰਤੋਂ ਸਬੰਧੀ ਆਪਣੀਆਂ ਗ਼ਲਤੀਆਂ ਨੂੰ ਦਰੁਸਤ ਕਰਨਾ ਹੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਦੀ ਲੋੜ ਕਿਉਂ ਹੈ ਅਤੇ ਇਸ ਸੋਧ ਨਾਲ ਕੀ ਫਰਕ ਪਏਗਾ ? ਆਓ ਇਹਨਾਂ ਮੁੱਦਿਆਂ ’ਤੇ ਗ਼ੌਰ ਫ਼ਰਮਾਈਏ! ਸਿੱਖ ਵਿਦਵਾਨ ਡਾ. ਸੇਵਕ ਸਿੰਘ ਦੀ ਕਿਤਾਬ ‘ਸ਼ਬਦ ਜੰਗ’ ਇਸ ਸਿਧਾਂਤਕ ਪ੍ਰਸੰਗ ਨੂੰ ਸਮਝਣ ਵਿੱਚ ਸਹਾਈ ਸਿੱਧ ਹੋਏਗੀ। ਇਸ ਅਨੁਸਾਰ ਸ਼ਬਦ ਜੰਗ, ਵਿਆਖਿਆ ਜੰਗ, ਪਰਚਾਰ ਜੰਗ, ਸਵਾਲਾਂ ਦੀ ਜੰਗਬਾਜੀ ਅਤੇ ਨਿਖੇਧਕਾਰੀ ਨੂੰ ਸਟੇਟ ਹਥਿਆਰ ਵਜੋਂ ਵਰਤਦੀ ਹੈ। ‘ਸ਼ਬਦ ਜੰਗ’ ਹਥਿਆਰਬੰਦ ਜੰਗ ਨਾਲੋਂ ਨਾ ਸਿਰਫ ਵੱਡੀ ਹੁੰਦੀ ਹੈ, ਸਗੋਂ ਹਥਿਆਰਬੰਦ ਜੰਗ ਸ਼ਬਦ ਜੰਗ ਦਾ ਇੱਕ ਛੋਟਾ ਹਿੱਸਾ ਹੈ। ਸ਼ਬਦ ਜੰਗ ਲੋਕਾਂ ਦੇ ਮਨਾਂ ਉੱਤੇ ਕਬਜ਼ੇ ਦੀ ਜੰਗ ਹੈ। ਸੱਤਾਹੀਣ ਧਿਰ ਜੰਗਜੂ ਹੋਣ ਦੇ ਬਾਵਜੂਦ ਹਕੂਮਤੀ ਜਾਂ ਭਾਰੂ ਧਿਰ ਦੀ ਕਿੰਨੀ ਗ਼ੁਲਾਮੀ ਕਬੂਲਦੀ ਹੈ, ਇਸ ਦਾ ਪਤਾ ਉਹਦੀ ਬੋਲੀ ਦੇ ਸ਼ਬਦਾਂ ਵਿੱਚ ਆਉਂਦੇ ਬਦਲਾਅ ਤੋਂ ਲੱਗਦਾ ਹੈ। ਸੱਤਾ ਸਦਾ ਹੀ ਬਗ਼ਾਵਤੀ ਧਿਰਾਂ ਨੂੰ ਬਹੁਭਾਂਤ ਦੀ ਕਪਟੀ ਅਤੇ ਉਲਝਾਊ ਸ਼ਬਦਾਵਲੀ ਨਾਲ ਘੇਰਦੀ ਹੈ। ਸ਼ਬਦ ਜੰਗ ਹੀ ਇਹ ਉਜਾਗਰ ਕਰਦੀ ਹੈ ਕਿ ਕਿਵੇਂ ਸ਼ਬਦਾਂ ਦੀ ਚੋਣ ਮਾਅਨੇ ਰੱਖਦੀ ਹੈ ਅਤੇ ਸ਼ਬਦ ਤੋਂ ਲੈ ਕੇ ਨਿਖੇਧ ਤੱਕ ਦੇ ਸਾਰੇ ਵਰਤਾਰੇ, ਕਿਵੇਂ ਜੰਗ ਲਈ ਵਰਤੇ ਜਾਂਦੇ ਹਨ। ਸ਼ਬਦ ਜੰਗ ਪ੍ਰਤੀ ਸੁਚੇਤ ਨਾ ਹੋਣ ਕਾਰਨ ਹਕੂਮਤ ਦੇ ਜਬਰ ਤੋਂ ਬਾਅਦ, ਜੰਗਜੂ ਧਿਰਾਂ ਅੰਦਰਲੇ ਵਿਰੋਧਾਂ ਅਤੇ ਬਾਹਰਲੇ ਹਮਲਿਆਂ ਦਾ ਦੁਵੱਲਾ ਸ਼ਿਕਾਰ ਹੋ ਜਾਂਦੀਆਂ ਹਨ। ਸਿਧਾਂਤਕ ਘੇਰਾਬੰਦੀ ਤੋਂ ਬਚਣ ਲਈ ਜੰਗਜੂ ਧਿਰਾਂ ਸ਼ਬਦ ਜੰਗ ਤੋਂ ਕਿਨਾਰਾ ਨਹੀਂ ਕਰ ਸਕਦੀਆਂ, ਬਲਕਿ ਉਹਨਾਂ ਕੋਲ ਇੱਕੋ ਇੱਕ ਰਾਹ, ਇਸ ਨੂੰ ਸਮਝਣ ਦਾ ਹੈ।

ਦਰਬਾਰ ਸਾਹਿਬ ਉੱਪਰ ਭਾਰਤੀ ਫੌਜ ਦੇ ਹਮਲੇ ਨੂੰ ‘ਸਾਕਾ ਨੀਲਾ ਤਾਰਾ’ ਨਾਂ ਦੇਣਾ ਦਰਅਸਲ ਇੰਡੀਅਨ ਸਟੇਟ ਦੀ ਅਸਾਵੀਂ ਸ਼ਬਦ ਜੰਗ, ਇਸ ਦੀ ਵਿਆਖਿਆ ਜੰਗ, ਪ੍ਰਚਾਰ ਜੰਗ ਅਤੇ ਸਵਾਲਾਂ ਦੀ ਜੰਗਬਾਜੀ ਦਾ ਪ੍ਰਤੱਖ ਰੂਪ ਹੈ। ਅਸੀਂ ਇਹ ਵੇਖਦੇ ਹਾਂ ਕਿ ‘ਨੀਲਾ’ ਸ਼ਬਦ ਦੀ ਵਰਤੋਂ ਸਿੱਖਾਂ ਦੇ ਨਿਸ਼ਾਨ ਸਾਹਿਬ ਨੂੰ ਅਤੇ ਦਸਤਾਰਾਂ ਨੂੰ ਨਿਸ਼ਾਨਾ ਬਣਾ ਕੇ, ਭਾਰਤੀ ਸਟੇਟ ਵੱਲੋਂ ਕੀਤੀ ਗਈ ਹੈ। ਸਿੱਖਾਂ ਦੇ ਪਵਿੱਤਰ ਅਸਥਾਨ ਦਰਬਾਰ ਸਾਹਿਬ ’ਤੇ ਫੌਜੀ ਹਮਲੇ ਨੂੰ ‘ਸਾਕਾ ਨੀਲਾ ਤਾਰਾ’ ਦਾ ਸਰਕਾਰੀ ਨਾਂ ਦੇਣ ਦੀ ਦੁਸ਼ਟ-ਸੋਚ ਨੂੰ ਸਮਝਣ ਲਈ ਛਲ-ਕਪਟ ਦੀ ਸ਼ਬਦਾਵਲੀ ਦੇ ਕੁਝ ਅਹਿਮ ਨਮੂਨੇ ਧਿਆਨ ਮੰਗਦੇ ਹਨ। ਇਹ ਸੱਚ ਹੈ ਕਿ ਬੁੱਧ ਧਰਮ ਮਨੂਵਾਦ ਅਤੇ ਬ੍ਰਾਹਮਣਵਾਦ ਦਾ ਵੱਡਾ ਦੁਸ਼ਮਣ ਰਿਹਾ ਹੈ, ਜਿਸ ਪ੍ਰਤੀ ਮਨੂਵਾਦੀਆਂ ਦੀ ਨਫ਼ਰਤ ਲਗਾਤਾਰ ਸਦੀਆਂ ਤੱਕ ਕਾਇਮ ਰਹੀ। ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਕਾਰ ਦਾ ਬੁੱਧ ਧਰਮ ਪ੍ਰਤੀ, ਫ਼ਰੇਬੀ ਸੋਚ ਦਾ ਮਖੌਟਾ ਉਸ ਵੇਲੇ ਲਹਿ ਜਾਂਦਾ ਹੈ, ਜਦੋਂ ਭਾਰਤ ਵੱਲੋਂ 18 ਮਈ 1974 ਨੂੰ ਪੋਖਰਨ, ਰਾਜਸਥਾਨ ਵਿਖੇ ਨਿਊਕਲੀਅਰ ਟੈਸਟ ਕੀਤਾ ਜਾਂਦਾ ਹੈ ਤੇ ਉਸਦਾ ਨਾਂ ਫ਼ਰੇਬੀ ਸ਼ਬਦਾਵਲੀ ਵਿੱਚ ‘ਸਮਾਈਲਿੰਗ ਬੁੱਧਾ’ ਭਾਵ ਮਹਾਤਮਾ ਬੁੱਧ ਦਾ ਮੁਸਕਰਾਉਣਾ ਰੱਖਿਆ ਜਾਂਦਾ ਹੈ। ਸਿਤਮਜ਼ਰੀਫੀ ਦੇਖੋ ਕਿ ਜਿਸ ਮਹਾਤਮਾ ਬੁੱਧ ਨੂੰ ‘ਅਹਿੰਸਾ ਪਰਮੋ ਧਰਮਾ’ ਕਰਕੇ ਜਾਣਿਆ ਜਾਂਦਾ ਹੈ, ਉਸ ਦੇ ਨਾਂ ’ਤੇ ਹੀ ਇਹ ਨਿਊਕਲੀਅਰ ਟੈਸਟ ਕੀਤੇ ਗਏ ਅਤੇ ਦੁਨੀਆ ਸਾਹਮਣੇ ਇਸ ਦਾ ਸੰਕੇਤਕ ਨਾਂ ‘ਮੁਸਕਰਾਉਂਦਾ ਬੁੱਧ’ ਦਿੱਤਾ ਗਿਆ। ਅਫ਼ਸੋਸ ਇਸ ਗੱਲ ਦਾ ਹੈ ਕਿ ਪੀੜਤ ਧਿਰ ਭਾਵ ਬੁੱਧ ਧਰਮ ਦੇ ਪੈਰੋਕਾਰਾਂ ਵੱਲੋਂ ਇਸ ਤੇ ਨਾ ਕੋਈ ਇਤਰਾਜ਼ ਕੀਤਾ ਗਿਆ ਅਤੇ ਨਾ ਹੀ ਇਸ ਸਬਦ ਜੰਗ ਅਤੇ ਵਿਆਖਿਆ ਜੰਗ ਵਿੱਚ ਆਪਣਾ ਬਿਰਤਾਂਤ ਦੱਸਣ ਦੀ ਖੇਚਲ ਕੀਤੀ ਗਈ। ਕੌਮਾਂਤਰੀ ਮੰਚ ’ਤੇ ਦੇਖੀਏ, ਤਾਂ ਛਲ-ਕਪਟ ਵਾਲੀ ਸ਼ਬਦਾਵਲੀ ਦੀ ਵਰਤੋਂ ਵਿਸ਼ਵ ਜੰਗਾਂ ਦੌਰਾਨ ਵੀ ਸਾਹਮਣੇ ਆਈ। ਅਮਰੀਕਾ ਨੇ 6 ਅਗਸਤ 1945 ਨੂੰ ਦੂਜੇ ਮਹਾਂ-ਯੁੱਧ ਦੌਰਾਨ ਜਪਾਨ ’ਤੇ 9700 ਪੌਂਡ ਦਾ ਐਟਮੀ ਬੰਬ ਸੁੱਟਦਿਆਂ, ਉਸ ਦਾ ਨਾਂ ‘ਲਿਟਲ ਬੁਆਏ’ ਭਾਵ ‘ਨੰਨਾ ਮੁੰਨਾ’ ਰੱਖ ਕੇ ਮਨੁੱਖਤਾ ਨੂੰ ਸ਼ਰਮਸਾਰ ਕੀਤਾ। ਇੱਥੇ ਹੀ ਵੱਸ ਨਹੀਂ, ਤਿੰਨ ਦਿਨਾਂ ਬਾਅਦ ਅਮਰੀਕਾ ਨੇ ਫ਼ਰੇਬ ਦਾ ਸਹਾਰਾ ਲੈ ਕੇ, ਦੂਜੇ ਸ਼ਹਿਰ ਨਾਗਾਸਾਕੀ ’ਤੇ 10,300 ਪੌਂਡ ਦਾ ਨਿਊਕਲੀਅਰ ਬੰਬ ਸੁੱਟਿਆ, ਜਿਸ ਦਾ ਨਾਂ ‘ਫੈਟ ਮੈਨ’ ਭਾਵ ‘ਮੋਟਾ ਬੰਦਾ’ ਰੱਖਿਆ। ਇਹਨਾਂ ਬੰਬਾਂ ਨਾਲ ਲੱਖ ਤੋਂ ਵੱਧ ਮਨੁੱਖ, ਜਿੰਨਾਂ ’ਚ ਵੱਡੀ ਗਿਣਤੀ ਬੱਚਿਆਂ ਤੇ ਔਰਤਾਂ ਦੀ ਸੀ, ਖਤਮ ਹੋ ਗਏ।



ਡਾ. ਗੁਰਵਿੰਦਰ ਸਿੰਘ
604 825 1550


ਘੱਲੂਘਾਰਿਆਂ ਦੀ ਗੱਲ ਕਰਦਿਆਂ ਫ਼ਰੇਬੀ ਸ਼ਬਦਾਵਲੀ ਦੀ ਸਭ ਤੋਂ ਘਿਨਾਉਣੀ ਮਿਸਾਲ ਨਾਜ਼ੀਵਾਦੀਆਂ ਵੱਲੋਂ ਯਹੂਦੀਆਂ ਦੇ ਘੱਲੂਘਾਰੇ ਨੂੰ ‘ਫਾਈਨਲ ਸਲੂਸ਼ਨ’ (ਅੰਤਿਮ ਹੱਲ) ਦਾ ਸੰਕੇਤਕ ਨਾਂ ਦੇਣਾ ਹੈ। ਇਹ ਕਤਲੇਆਮ 1941 ਤੋਂ 1945 ਤੱਕ ਹੋਇਆ, ਜਿਸ ਵਿੱਚ ਲੱਖਾਂ ਯਹੂਦੀਆਂ ਨੂੰ ਅੰਤਾਂ ਦੇ ਤਸ਼ੱਦਦ ਨਾਲ ਮਾਰਿਆ ਗਿਆ। ਇਸ ਦੌਰਾਨ ਇੱਕ ਹੋਰ ਦਿਲ ਕੰਬਾਊ ਸੰਕੇਤਕ ਸ਼ਬਦਾਵਲੀ ਅਨੁਸਾਰ ਨਾਜ਼ੀਆਂ ਵੱਲੋਂ ਯਹੂਦੀਆਂ ਨੂੰ ਗੈਸ ਭੱਠੀਆਂ ਵਿੱਚ ਜਿਉਂਦਿਆਂ ਸਮੂਹਿਕ ਤੌਰ ’ਤੇ ਸਾੜਨ ਨੂੰ ‘ਸ਼ਾਵਰ ਬਾਥ’ (‘ਫੁਹਾਰਾ ਇਸ਼ਨਾਨ’) ਕਰਵਾਉਣਾ ਕਹਿਣਾ ਹੈ। ਨਾਜ਼ੀਆਂ ਦੀ ਤਰਜ਼ ’ਤੇ ਹੀ ਹਿਟਲਰ ਦੀ ਪੈਰੋਕਾਰ ਮਨੂਵਾਦੀ ਇੰਡੀਅਨ ਸਟੇਟ ਵੱਲੋਂ ਨੀਲੇ ਨਿਸ਼ਾਨ ਸਾਹਿਬ ਅਤੇ ਨੀਲੀਆਂ ਦਸਤਾਰਾਂ ਵਾਲੇ ਸਿੱਖਾਂ ਨੂੰ ਸਬਕ ਸਿਖਾਉਣ ਲਈ 1 ਜੂਨ 1984 ਤੋਂ 10 ਜੂਨ 1984 ਤੱਕ, ਮਿਲਟਰੀ ‘ਆਪਰੇਸ਼ਨ ਬਲੂ ਸਟਾਰ’ (ਸਾਕਾ ਨੀਲਾ ਤਾਰਾ) ਦੇ ਸਰਕਾਰੀ ਨਾਂ ਹੇਠ ਕੀਤਾ ਗਿਆ। ਉਸ ਵੇਲੇ ਦੀ ਕਾਂਗਰਸੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਇਹ ਹਮਲਾ ਅਚਨਚੇਤ ਨਹੀਂ, ਬਲਕਿਵਿਰੋਧੀ ਧਿਰਾਂ ਦੀ ਸਮੂਹਿਕ ਸਹਿਮਤੀ ਲੈ ਕੇ, ਬਹੁ-ਗਿਣਤੀ ਨੂੰ ਭਰਮਾਉਣ, ਵੋਟਾਂ ਦੇ ਧਰੁਵੀਕਰਨ, ਐਮਰਜੈਂਸੀ ਦੌਰਾਨ ਸਿੱਖਾਂ ਨੂੰ ਤਿੱਖੇ ਵਿਰੋਧ ਲਈ ਸਬਕ ਸਿਖਾਉਣ ਤੇ ਘੱਟ-ਗਿਣਤੀ ਕੌਮ ਦਾ ਸ਼ਿਕਾਰ ਕਰਨ ਲਈ, ਯੋਜਨਾਬੱਧ ਢੰਗ ਨਾਲ ਕੀਤਾ ਗਿਆ।

ਕੌਮਾਂਤਰੀ ਪੱਧਰ ’ਤੇ ਬਰਤਾਨੀਆ ਅਤੇ ਰੂਸ ਦੀ ਭਾਈਵਾਲੀ ਨਾਲ, ਫੌਜੀ ਹਮਲਾ ‘ਸਾਕਾ ਨੀਲਾ ਤਾਰਾ’ ਦੇ ਸਰਕਾਰੀ ਨਾਂ ਹੇਠ, ਕੇਵਲ ਦਰਬਾਰ ਸਾਹਿਬ ਅੰਮ੍ਰਿਤਸਰ ਨਹੀਂ, ਬਲਕਿ ਪੰਜਾਬ ਦੇ 37 ਹੋਰ ਗੁਰਦੁਆਰਿਆਂ ਸਮੇਤ, ਸਮੂਹ ਪੰਜਾਬ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ। ਸਿੱਖਾਂ ਨੂੰ ਜ਼ਲੀਲ ਕਰਨ ਲਈ ਛਲ-ਕਪਟ ਦੀ ਸ਼ਬਦਾਵਲੀ ਹੇਠ ਦਰਬਾਰ ਸਾਹਿਬ ’ਤੇ ਹਮਲੇ ਲਈ ਵਰਤੇ ਜਾਂਦੇ ਸਰਕਾਰੀ ਫੌਜੀ ਨਾਂ ‘ਅਪਰੇਸ਼ਨ ਬਲੂ ਸਟਾਰ’ ਦੇ ਅੱਗੇ ਹੋਰ ਵੀ ਵੱਖਰੇ ਸਰਕਾਰੀ ਸੰਕੇਤਕ ਫੌਜੀ ਨਾਂ ਰੱਖੇ ਗਏ, ਜਿਨਾਂ ਦਾ ਵਰਗੀਕਰਨ ਇਉ ਕੀਤਾ ਗਿਆ ; ਪਹਿਲਾ ‘ਆਪਰੇਸ਼ਨ ਮੈਟਲ’, ਜਿਸ ਦਾ ਮਕਸਦ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਅਕਾਲ ਤਖਤ ਤੇ ਹੋਰਨਾਂ ਇਮਾਰਤਾਂ ਉੱਪਰ ਹਮਲਾ ਕਰਨਾ ਅਤੇ ਉੱਥੇ ਮੌਜੂਦ ਸਿੱਖਾਂ ਨੂੰ ਖਤਮ ਕਰਨਾ ਸੀ। ਦੂਜਾ ‘ਆਪਰੇਸ਼ਨ ਸ਼ਾਪ’ ਸੀ, ਜਿਸ ਵਿੱਚ ਦਰਬਾਰ ਸਾਹਿਬ ਤੋਂ ਇਲਾਵਾ ਪੰਜਾਬ ਦੇ ਵੱਖ-ਵੱਖ ਗੁਰਦੁਆਰਿਆਂ ਨੂੰ ‘ਸ਼ੱਕੀ ਅਸਥਾਨ’ ਕਰਾਰ ਦੇ ਕੇ ਨਿਸ਼ਾਨਾ ਬਣਾਉਣਾ ਅਤੇ ਸਿੱਖਾਂ ਦਾ ਕਤਲੇਆਮ ਕਰਨਾ ਸੀ। ਤੀਜਾ ਪੜਾਓ ਸੀ ‘ਆਪਰੇਸ਼ਨ ਵੁਡਰੋਜ਼’, ਜਿਸ ਵਿੱਚ ਇੰਡੀਅਨ ਆਰਮੀ ਅਤੇ ਨੈਸ਼ਨਲ ਸਿਕਿਉਰਟੀ ਗਾਰਡ ਨੇ, ਮਿਲ ਕੇ 9 ਮਈ 1988 ਨੂੰ ‘ਆਪਰੇਸ਼ਨ ਬਲੂ ਸਟਾਰ’ ਦੀ ਦੂਜੀ ਕੜੀ ਨੂੰ ਅੱਗੇ ਤੋਰਿਆ ਅਤੇ ਦਰਬਾਰ ਸਾਹਿਬ ’ਤੇ ਮੁੜ ਹਮਲਾ ਕੀਤਾ।

‘ਅਪਰੇਸ਼ਨ ਬਲੂ ਸਟਾਰ’, ‘ਆਪਰੇਸ਼ਨ ਮੈਟਲ’, ‘ਆਪਰੇਸ਼ਨ ਸ਼ਾਪ’, ‘ਆਪਰੇਸ਼ਨ ਵੁਡਰੋਜ਼’ ਅਤੇ ‘ਆਪਰੇਸ਼ਨ ਬਲੈਕ ਥੰਡਰ ਆਦਿ ‘ਸਰਕਾਰੀ ਨਾਂ’ ਸਿੱਖਾਂ ਦੇ ਜ਼ਖ਼ਮਾਂ ਤੇ ਲੂਣ ਛਿੜਕਣ ਲਈ ਵਰਤੇ ਗਏ। ਅਫ਼ਸੋਸ਼ ਕਿ ਸਿੱਖ ਵਿਦਵਾਨ ਅਤੇ ਸਿੱਖ ਸੰਸਥਾਵਾਂ ਆਪਣੇ ਅਦਾਰਿਆਂ ਵਿੱਚ ਇਹਨਾਂ ਨਾਵਾਂ ਦਾ ਇਸਤੇਮਾਲ ਕਰਕੇ ਬੌਧਿਕ ਅਗਿਆਨਤਾ ਦੀ ਮਿਸਾਲ ਪੇਸ਼ ਕਰਦੀਆਂ ਹਨ, ਜਿਵੇਂ ਕਿ ‘ਅਪਰੇਸ਼ਨ ਬਲੂ ਸਟਾਰ ਨੂੰ ਯਾਦ ਕਰਦਿਆਂ’, ‘ਸਾਕਾ ਨੀਲਾ ਤਾਰਾ ਦੀ 42ਵੀਂ ਵਰ੍ਹੇਗੰਢ ’ਤੇ’, ‘ਸਾਕਾ ਨੀਲਾ ਤਾਰਾ ਤੋਂ ਬਾਅਦ’ ਆਦਿ ਸ਼ਬਦ ਗੁਰਦੁਆਰਿਆਂ ਅਤੇ ਮੀਡੀਆ ਅਦਾਰਿਆਂ ਰਾਹੀਂ ਵਰਤੇ ਜਾ ਰਹੇ ਹਨ। ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਕਿਰਪਾਲ ਸਿੰਘ ਦੀ ਕਿਤਾਬ ‘ਅੱਖੀਂ ਡਿੱਠਾ ਸਾਕਾ ਨੀਲਾ ਤਾਰਾ’ ਅਤੇ ਕਈ ਹੋਰ ਸਿੱਖ ਇਤਿਹਾਸਕਾਰਾਂ ਦੀਆਂ ਅਜਿਹੀਆਂ ਲਿਖਤਾਂ ਇਸ ਦੀ ਪ੍ਰਤੱਖ ਮਿਸਾਲ ਹਨ। ਵਿਦਵਾਨ ਡਾ. ਸਿਕੰਦਰ ਸਿੰਘ ਦਾ ਕਥਨ ਹੈ ਕਿ ਸ਼ਬਦ ਜੰਗ ਹੁੰਦੀ ਇਹ ਹੈ ਕਿ ਸੱਤਾ ਵੱਲੋਂ ਆਪਣੇ ਵਿਰੋਧੀ ਦੀ ਧਰਤੀ ਨੂੰ, ਧਰਮ ਨੂੰ, ਕਿੱਤੇ ਨੂੰ, ਦੇਹ ਨੂੰ, ਇਤਿਹਾਸ ਨੂੰ, ਬੋਲੀ ਨੂੰ, ਸੱਭਿਆਚਾਰ ਨੂੰ, ਸਭ ਨੂੰ ਹੀਣਾ ਅਤੇ ਨੀਵਾਂ ਕਰ ਦੇਣਾ, ਉਹਨਾਂ ਦੇ ਅੱਖਰਾਂ ਤੱਕ ਘਟਾ ਦੇਣਾ। 42 ਸਾਲ ਪਹਿਲਾਂ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਮੇਤ ਪੰਜਾਬ ਉੱਪਰ ਭਾਰਤੀ ਸਟੇਟ ਦਾ ਫੌਜੀ ਹਮਲਾ ਸਿੱਖੀ ਨੂੰ, ਪੰਜਾਬੀਆਂ ਨੂੰ, ਪੰਜਾਬੀ ਬੋਲੀ ਨੂੰ, ਸੱਭਿਆਚਾਰ ਨੂੰ ਅਤੇ ਇਤਿਹਾਸ ਨੂੰ ਖਤਮ ਕਰਨ ਦਾ ਖ਼ੂਨੀ ਵਰਤਾਰਾ ਸੀ, ਜਿਸ ਨੂੰ ‘ਅਪਰੇਸ਼ਨ ਬਲੂ ਸਟਾਰ’ ਕਹਿ ਕੇ, ਸੰਸਾਰ ਭਰ ਵਿੱਚ, ਸਿੱਖਾਂ ਨੂੰ ਭੰਡਿਆ ਗਿਆ।

ਪੰਜਵੇਂ ਗੁਰੂ ਨਾਨਕ ਸਾਹਿਬ, ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਪੁਰਬ ’ਤੇ ਮਿਥ ਕੇ ਕੀਤੇ ਗਏ ਇਸ ਫੌਜੀ ਹਮਲੇ ਨੇ, ਸਿੱਖ ਨਸਲਕੁਸ਼ੀ ਦੀ ਸ਼ੁਰੂਆਤ ਕੀਤੀ, ਜਿਸ ਵਿੱਚ ਪੰਜਾਬ ਅੱਜ ਵੀ ਜੂਝ ਰਿਹਾ ਹੈ। ਦਿੱਲੀ ਸਮੇਤ ਭਾਰਤ ਦੇ ਕੋਨੇ-ਕੋਨੇ ਵਿੱਚ ਨਵੰਬਰ 84 ਨੂੰ ਹਜ਼ਾਰਾਂ ਸਿੱਖਾਂ ਦੀ ਨਸਲਕੁਸ਼ੀ ਭਾਰਤੀ ਫੌਜੀ ਹਮਲੇ ਦਾ ਹੀ ਅਗਲਾ ਪੜਾਓ ਸੀ। ਸਿੱਖ ਬਿਰਤਾਂਤ ਅਨੁਸਾਰ ਦਰਬਾਰ ਸਾਹਿਬ ’ਤੇ ਫੌਜੀ ਹਮਲੇ ਨੂੰ ਸਿੱਖਾਂ ਦਾ ਤੀਜਾ ਘੱਲੂਘਾਰਾ ਹੀ ਕਹਿਣਾ ਉਚਿਤ ਹੈ। ਇਸ ਬਿਰਤਾਂਤ ਨੂੰ ਪ੍ਰੋਫੈਸਰ ਹਰਿੰਦਰ ਸਿੰਘ ਮਹਿਬੂਬ ‘ਝਨਾਂ ਦੀ ਰਾਤ’ ਵਿੱਚ ਢੁਕਵੀਂ ਸ਼ਬਦਾਵਲੀ ਰਾਹੀਂ ਪੇਸ਼ ਕਰਦੇ ਬਿਆਨ ਕਰਦੇ ਹਨ ;

**‘ਕਟਕ ਅਕ੍ਰਿਤਘਣਾਂ ਦੇ ਧਮਕੇ ਹਰਿਮੰਦਰ ਦੇ ਬੂਹੇ**
**ਮੀਆਂ ਮੀਰ ਦਾ ਖ਼ੂਨ ਵੀਟ ਕੇ ਕਰੇ ਸਰੋਵਰ ਸੂਹੇ**
**ਦੂਰ ਸਮੇਂ ਦੇ ਗਰਭ ’ਚ ਸੁੱਤੇ ਬੀਜ ਮਾਸੂਮ ਵਣਾਂ ਦੇ,**
**ਲੂਣ-ਹਰਾਮ ਦੀ ਨਜ਼ਰ ਪੈਂਦਿਆਂ ਗਏ ਪਲਾਂ ਵਿਚ ਲੂਹੇ**
**ਨਾਰ ਸਰਾਲ ਸਰਕਦਾ ਘੇਰਾ ਹਰਿਮੰਦਰ ਨੂੰ ਪਾਇਆ**
**ਰਿਜ਼ਕ ਫ਼ਕੀਰਾਂ ਵਾਲਾ ਸੁੱਚਾ ਆ ਤਕਦੀਰ ਜਲਾਇਆ**
**ਬੁੱਤ-ਪੂਜਾਂ ਦੇ ਸੀਨੇ ਦੇ ਵਿਚ ਫੱਫੇਕੁੱਟਨੀ ਸੁੱਤੀ,**
**ਜਿਸ ਦੀ ਵਿਸ ਨੂੰ ਭਸਮ ਕਰਨ ਲਈ ਤੀਰ ਬੇਅੰਤ ਦਾ ਆਇਆ**
**ਘਾਇਲ ਹੋਏ ਹਰਿਮੰਦਰ ਕੋਲੇ ਕਿੜਾਂ ਬੇਅੰਤ ਨੂੰ ਪਈਆਂ**
**ਤੱਤੀ ਤਵੀ ਦੇ ਵਾਂਗ ਦੁਪਹਿਰਾਂ ਨਾਲ ? ਨਾਲ ? ਬਲ ਰਹੀਆਂ**
**ਮੀਆਂ ਮੀਰ ਦੇ ਸੁਪਨੇ ਦੇ ਵਿੱਚ ਵਗੇ ਵਗੇ ਪਈ ਰਾਵੀ,**
**ਵਹਿਣ ’ਚ ਹੱਥ ਉਠੇ, ਸਭ ਲਹਿਰਾਂ ਉਲਰ ਬੇਅੰਤ ਤੇ ਪਈਆਂ’**


ਜੂਨ 84 ਵਿੱਚ ਦਰਬਾਰ ਸਾਹਿਬ ਦੇ ਫੌਜੀ ਹਮਲੇ ਦਾ 42ਵਾਂ ਸ਼ਹੀਦੀ ਸਾਲ ਚੇਤੇ ਕਰਦਿਆਂ, ਅੱਜ ਤੋਂ ਇਹ ਪ੍ਰਣ ਕਰਨਾ ਬਣਦਾ ਹੈ ਕਿ ਜਾਣੇ-ਅਣਜਾਣੇ ਵਿੱਚ ਸਟੇਟ ਦੇ ਬਿਰਤਾਂਤ ਅਤੇ ਕਪਟੀ ਸ਼ਬਦਾਵਲੀ ਆਪਰੇਸ਼ਨ ਬਲੂ ਸਟਾਰ (ਸਾਕਾ ਨੀਲਾ ਤਾਰਾ) ਨੂੰ ਆਪਣੇ ਬਿਰਤਾਂਤ ਬਿਆਨ ਕਰਨ ਲਈ ਨਾ ਵਰਤਿਆ ਜਾਵੇ। ਹਾਂ, ਜਿੱਥੇ ਸਰਕਾਰੀ ਜਬਰ ਅਤੇ ਫ਼ੌਜ ਦੇ ਕਹਿਰ ਨੂੰ ਦੱਸਣਾ ਹੋਵੇ, ਉਥੇ ਭਾਰਤ ਸਰਕਾਰ ਦੇ ਛਲ-ਕਪਟੀ ਸ਼ਬਦਾਂ ਦੇ ਰੂਪ ਵਿੱਚ, ਇਸ ਨੂੰ ਜ਼ਾਲਮਾਨਾ ਕਾਰਵਾਈ ਵਜੋਂ ਬਿਆਨ ਕਰਨਾ ਠੀਕ ਹੋਏਗਾ। ਇਸ ਤੋਂ ਇਲਾਵਾ ਇਹ ਗੱਲ ਵੀ ਗ਼ੌਰ ਕਰਨ ਵਾਲੀ ਹੈ ਕਿ ਜੂਨ 84 ਦਾ ਤੀਜਾ ਸ਼ਹੀਦੀ ਘੱਲੂਘਾਰਾ, ਸਿੱਖ ਕੌਮ ਲਈ ਇੱਕ ਯੁਗ ਪਲਟਾਊ ਵਰਤਾਰਾ ਹੈ, ਜਿਸ ਨੇ ਦੇਸ਼ ਵਿਦੇਸ਼ ਵਿੱਚ ਲੱਖਾਂ ਸਿੱਖਾਂ ਦਾ ਜੀਵਨ ਬਦਲ ਦਿੱਤਾ। ਅਜਿਹੇ ਜੀਵਨ ਪਲਟਾਊ ਬਿਰਤਾਂਤ ਨੂੰ ਡਾ. ਹਰਭਜਨ ਸਿੰਘ ਨੇ ਭਾਵਪੂਰਤ ਸ਼ਬਦਾਂ ਰਾਹੀਂ ਬਿਆਨ ਕੀਤਾ ਹੈ ;

**‘ਦਿੱਲੀ ਨੇ ਜਦ ਅੰਮ੍ਰਿਤਸਰ ’ਤੇ ਜਮ ਕਰ ਮੁਗ਼ਲ ਚੜ੍ਹਾਇਆ**
**ਹੈਵਰ ਗੈਵਰ ਤੋਂ ਵੀ ਤਕੜਾ ਜਦ ਲੌਹਯਾਨ ਦੁੜਾਇਆ**
**ਫੌਜਾਂ ਨੇ ਜਦ ਸੋਨਕਲਸ਼ ’ਤੇ ਤੁਪਕ ਤਾਨ ਚਲਾਇਆ**
**ਖਖੜੀ ਖਖੜੀ ਹੋ ਕੇ ਡਿੱਗਾ ਜਦ ਮੇਰੇ ਸਿਰ ਦਾ ਸਾਇਆ**
**ਸੱਚਾ ਤਖ਼ਤ ਜਿਨ੍ਹੇ ਸੀ ਢਾਇਆ ਉਸੇ ਜਦੋਂ ਬਣਾਇਆ**
**ਤਾਂ ਅਪਰਾਧੀ ਦੂਣਾ ਨਿਵਦਾ ਮੈਨੂੰ ਨਜ਼ਰੀਂ ਆਇਆ**
**ਸਤਿਗੁਰ ਇਹ ਕੀ ਕਲਾ ਵਿਖਾਈ, ਤੂੰ ਕੀ ਭਾਣਾ ਵਰਤਾਇਆ**
**‘ਮੈਂ ਪਾਪੀ ਦੀ ਸੋਧ ਲਈ ਤੂੰ’ ਆਪਣਾ ਘਰ ਢਠਾਇਆ**
**ਮੈਂ ਰੱਬ ਨੂੰ ਬਹੁਤ ਧਿਆਇਆ’**



ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।

# 12 ਜੁਲਾਈ 2026 ਨੂੰ ਗੁਰਦੁਆਰਾ ਸਾਹਿਬ ਮਿਲਪੀਟਸ (Milpitas)




ਸ਼ਹੀਦ ਜਨਰਲ ਭਾਈ ਲਾਭ ਸਿੰਘ



ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ



ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ



ਸ਼ਹੀਦ ਭਾਈ ਮਨਬੀਰ ਸਿੰਘ ਚਹੇੜੂ

## ਸਿੱਖ ਪੰਥ ਦੀ ਅਣਖ ਅਤੇ ਆਬਰੂ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦ ਜਨਰਲ ਭਾਈ ਲਾਭ ਸਿੰਘ, ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ, ਸ਼ਹੀਦ ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਸ਼ਹੀਦ ਭਾਈ ਮਨਬੀਰ ਸਿੰਘ ਚਹੇੜੂ ਅਤੇ ਹੋਰ ਸਮੂਹ ਸ਼ਹੀਦਾਂ ਦੀ ਯਾਦ ਵਿਚ ਮਹਾਨ ਸ਼ਹੀਦੀ ਸਮਾਗਮ ਹੋ ਰਿਹਾ ਹੈ।

ਜਿਸ ਵਿਚ ਪੰਥ ਦੇ ਮਹਾਨ ਕੀਰਤਨੀਏ, ਕਥਾਵਾਚਕ ਅਤੇ ਪੰਥਕ ਬੁਲਾਰੇ ਹਿੱਸਾ ਲੈਣਗੇ।
ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਮੇਤ ਪਰਿਵਾਰ ਪਹੁੰਚ ਦੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਬੇਨਤੀ ਕਰਤਾ



ਸ: ਹਰਮਿੰਦਰ ਸਿੰਘ ਸਮਾਣਾ

## ਪ੍ਰੋਗਰਾਮ


12 ਜੁਲਾਈ 2026 ਦਿਨ ਐਤਵਾਰ ਨੂੰ 11:00 ਵਜੇ,
**Gurdwara Sahib Milpitas**
**362 Milpitas Blvd, Milpitas**

ਹੋਰ ਜਾਣਕਾਰੀ ਲਈ ਸੰਪਰਕ ਕਰੋ

**ਫੋਨ : 408-834-8002**

### ਕੌਮਾਂਤਰੀ ਮੰਚ 'ਤੇ ਗੂੰਜਿਆ ਖ਼ਾਲਿਸਤਾਨ

# ਅਜ਼ਰਬਾਈਜਾਨ ਸੰਸਦ 'ਚ 1984 ਸਿੱਖ ਨਸਲਕੁਸ਼ੀ ਤੇ ਅੰਤਰਰਾਸ਼ਟਰੀ ਦਮਨ ਵਿਰੁੱਧ ਇਤਿਹਾਸਕ ਮਤਾ; ਦਿੱਲੀ ਤੱਕ ਮਚੀ ਹਲਚਲ !


























ਬਾਕੂ /ਅਜ਼ਰਬਾਈਜਾਨ (ਸਾਡੇ ਲੋਕ) : ਬਾਕੂ ਇਨੀਸ਼ੀਏਟਿਵ ਗਰੁੱਪ ਵੱਲੋਂ 'ਜੂਨ 1984, ਅੰਮ੍ਰਿਤਸਰ ਦੇ ਘਟਨਾਕ੍ਰਮ: ਨਸਲਕੁਸ਼ੀ ਦੇ ਸੰਦਰਭ ਵਿੱਚ ਨਸਲੀ ਘੱਟਗਿਣਤੀਆਂ ਵਿਰੁੱਧ ਭਾਰਤ ਦਾ ਅੰਤਰਰਾਸ਼ਟਰੀ ਦਮਨ' ਵਿਸ਼ੇ 'ਤੇ ਕਰਵਾਈ ਗਈ ਇਸ ਕਾਨਫਰੰਸ ਵਿੱਚ ਦੁਨੀਆ ਭਰ ਦੇ ਕਈ ਦੇਸ਼ਾਂ ਤੋਂ ਨੁਮਾਇੰਦੇ ਸ਼ਾਮਲ ਹੋਏ।

**ਸੰਸਦ ਵਿੱਚ ਗੂੰਜਿਆ ਖ਼ਾਲਿਸਤਾਨ ਦਾ ਮੁੱਦਾ:** ਕੈਨੇਡਾ, ਬਰਤਾਨੀਆ, ਨੀਦਰਲੈਂਡ, ਜਰਮਨੀ, ਸਵਿਟਜ਼ਰਲੈਂਡ, ਆਸਟ੍ਰੇਲੀਆ ਅਤੇ ਅਮਰੀਕਾ ਤੋਂ ਪਹੁੰਚੇ ਸਿੱਖ ਨੁਮਾਇੰਦਿਆਂ ਨੇ ਅਜ਼ਰਬਾਈਜਾਨ ਦੀ ਸੰਸਦ ਦੇ ਸੀਨੀਅਰ ਮੈਂਬਰਾਂ ਨਾਲ ਮੁਲਾਕਾਤ ਕੀਤੀ। ਅਜ਼ਰਬਾਈਜਾਨੀ ਸਾਂਸਦ ਤੁਰਾਲ ਗੰਜਾਲੀਏਵ ਨੇ ਗੱਲਬਾਤ ਦੀ ਅਗਵਾਈ ਕਰਦਿਆਂ 1984 ਦੀ ਸਿੱਖ ਨਸਲਕੁਸ਼ੀ, ਸਿੱਖਾਂ ਦੇ ਸਵੈ-ਨਿਰਣੇ (Self-determination) ਦੇ ਅਧਿਕਾਰ ਅਤੇ ਖ਼ਾਲਿਸਤਾਨ ਦੀ ਮੁਹਿੰਮ 'ਤੇ ਗੰਭੀਰ ਚਰਚਾ ਕੀਤੀ।

**ਦਲਿਤ ਅਤੇ ਮੁਸਲਿਮ ਭਾਈਚਾਰੇ ਦੀ ਪਹਿਲੀ ਵਾਰ ਸ਼ਮੂਲੀਅਤ:** ਇਸ ਕਾਨਫਰੰਸ ਦੀ ਸਭ ਤੋਂ ਇਤਿਹਾਸਕ ਗੱਲ ਇਹ ਰਹੀ ਕਿ ਇਸ ਵਿੱਚ ਪਹਿਲੀ ਵਾਰ ਭਾਰਤ ਦੀਆਂ ਹੋਰ ਪੀੜਤ ਘੱਟਗਿਣਤੀਆਂ, ਖ਼ਾਸ ਕਰਕੇ ਦਲਿਤ ਭਾਈਚਾਰੇ ਨੇ ਹਿੱਸਾ ਲਿਆ। ਅਮਰੀਕਾ ਤੋਂ ਆਈ ਦਲਿਤ ਆਗੂ ਅਨੀਤਾ ਲਾਲ ਨੇ ਕਿਹਾ, 'ਭਾਰਤ ਸਰਕਾਰ ਦਾ ਇਹ ਦਮਨ ਸਿਰਫ਼ ਸਿੱਖਾਂ ਤੱਕ ਸੀਮਤ ਨਹੀਂ ਹੈ, ਬਲਕਿ ਦਲਿਤ, ਮੁਸਲਿਮ ਅਤੇ ਹਰ ਉਸ ਆਵਾਜ਼ ਦੇ ਖ਼ਿਲਾਫ਼ ਹੈ ਜੋ ਹਕੂਮਤ ਵਿਰੁੱਧ ਉੱਠਦੀ ਹੈ।'

**ਜਗਤਾਰ ਸਿੰਘ ਜੌਹਲ ਅਤੇ ਮਨੁੱਖੀ ਅਧਿਕਾਰ:** ਮੀਟਿੰਗ ਦੌਰਾਨ ਵਿਦੇਸ਼ਾਂ ਵਿੱਚ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਅਤੇ ਬਰਤਾਨਵੀ ਸਿੱਖ ਜਗਤਾਰ ਸਿੰਘ ਜੌਹਲ ਦੀ ਭਾਰਤ ਵਿੱਚ ਨਜ਼ਰਬੰਦੀ ਵਰਗੇ ਸੰਵੇਦਨਸ਼ੀਲ ਮਨੁੱਖੀ ਅਧਿਕਾਰਾਂ ਦੇ ਮੁੱਦੇ ਜ਼ੋਰ-ਸ਼ੋਰ ਨਾਲ ਉਠਾਏ ਗਏ।

**ਇਤਿਹਾਸਕ ਸਮਝੌਤਾ (MoU):** ਇਸ ਦੌਰੇ ਦਾ ਸਭ ਤੋਂ ਵੱਡਾ ਨਤੀਜਾ ਸਿੱਖ ਫੈਡਰੇਸ਼ਨ ਇੰਟਰਨੈਸ਼ਨਲ ਅਤੇ ਬਾਕੂ ਇਨੀਸ਼ੀਏਟਿਵ ਗਰੁੱਪ ਦਰਮਿਆਨ ਇੱਕ ਰਸਮੀ ਸਮਝੌਤੇ (Memorandum of Understanding) 'ਤੇ ਦਸਤਖਤ ਹੋਣਾ ਰਿਹਾ, ਜੋ ਭਵਿੱਖ ਵਿੱਚ ਇਸ ਲੜਾਈ ਨੂੰ ਕਾਨੂੰਨੀ ਰੂਪ ਵਿੱਚ ਅੱਗੇ ਵਧਾਏਗਾ।

**ਸਿੱਖਾਂ ਅਤੇ ਅਜ਼ਰਬਾਈਜਾਨ ਦੇ ਸਦੀਆਂ ਪੁਰਾਣੇ ਇਤਿਹਾਸਕ ਸਬੰਧ**

ਇਸ ਦੌਰੇ ਦੌਰਾਨ ਸਿਰਫ਼ ਸਿਆਸੀ ਚਰਚਾ ਹੀ ਨਹੀਂ ਹੋਈ, ਸਗੋਂ ਸਿੱਖਾਂ ਅਤੇ ਅਜ਼ਰਬਾਈਜਾਨ ਦੇ ਸਦੀਆਂ ਪੁਰਾਣੇ ਸੱਭਿਆਚਾਰਕ ਸਬੰਧਾਂ ਨੂੰ ਵੀ ਤਾਜ਼ਾ ਕੀਤਾ ਗਿਆ। ਸਿੱਖ ਵਫ਼ਦ ਨੇ ਯੂਨੈਸਕੋ (UNESCO) ਦੀ ਵਿਸ਼ਵ ਵਿਰਾਸਤ ਸੂਚੀ ਵਿੱਚ ਸ਼ਾਮਲ ਇਤਿਹਾਸਕ 'ਆਤਿਸ਼ਗਾਹ' (Ateshgah) ਦਾ ਦੌਰਾ ਕੀਤਾ। ਇਹ ਉਹ ਪਵਿੱਤਰ ਸਥਾਨ ਹੈ ਜਿਸ ਦੇ ਸਬੰਧ ਪਹਿਲੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਦਾਸੀ (ਯਾਤਰਾ) ਨਾਲ ਜੋੜੇ ਜਾਂਦੇ ਹਨ। ਨੁਮਾਇੰਦਿਆਂ ਨੇ ਇਸ ਸਾਂਝੀ ਵਿਰਾਸਤ ਨੂੰ ਸੰਭਾਲਣ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।

**1984 ਦੀ ਤ੍ਰਾਸਦੀ ਅਤੇ ਭਾਰਤ ਦੀਆਂ ਕੌਮਾਂਤਰੀ ਜ਼ਿੰਮੇਵਾਰੀਆਂ**

**ਕਾਨਫਰੰਸ ਦੌਰਾਨ ਪੇਸ਼ ਕੀਤੀ ਗਈ ਇੱਕ ਵਿਸ਼ੇਸ਼ ਰਿਪੋਰਟ 'ਬਿਓਂਡ ਬਾਰਡਰਜ਼:** ਇੰਡੀਆਜ਼ ਟਰਾਂਸਨੈਸ਼ਨਲ ਰੈਪ੍ਰੈਸ਼ਨ ਅਗੇਂਸਟ ਦ ਸਿੱਖ ਡਾਇਸਪੋਰਾ' (ਸਰਹੱਦਾਂ ਤੋਂ ਪਾਰ: ਸਿੱਖ ਪ੍ਰਵਾਸੀਆਂ ਵਿਰੁੱਧ ਭਾਰਤ ਦਾ ਅੰਤਰਰਾਸ਼ਟਰੀ ਦਮਨ) ਵਿੱਚ ਕਈ ਹੈਰਾਨ ਕਰਨ ਵਾਲੇ ਤੱਥ ਪੇਸ਼ ਕੀਤੇ ਗਏ।

ਕਾਨਫਰੰਸ ਵਿੱਚ ਮੰਗ ਕੀਤੀ ਗਈ ਕਿ ਜੂਨ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) 'ਤੇ ਹੋਏ ਫ਼ੌਜੀ ਹਮਲੇ, ਜਿਸ ਵਿੱਚ ਵੱਖ-ਵੱਖ ਸਰੋਤਾਂ ਅਨੁਸਾਰ ਅੰਮ੍ਰਿਤਸਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ 8,000 ਦੇ ਕਰੀਬ ਬੇਗੁਨਾਹ ਨਾਗਰਿਕ ਮਾਰੇ ਗਏ ਸਨ, ਦੀ ਅੰਤਰਰਾਸ਼ਟਰੀ ਪੱਧਰ 'ਤੇ ਕਾਨੂੰਨੀ ਜਾਂਚ ਹੋਣੀ ਚਾਹੀਦੀ ਹੈ। ਇਹ ਵੀ ਚਰਚਾ ਕੀਤੀ ਗਈ ਕਿ ਭਾਰਤ ਘੱਟਗਿਣਤੀਆਂ ਦੇ ਅਧਿਕਾਰਾਂ ਦੀ ਰੱਖਿਆ ਲਈ ਬਣਾਏ ਗਏ ਅੰਤਰਰਾਸ਼ਟਰੀ ਨਿਯਮਾਂ ਦੀ ਉਲੰਘਣਾ ਕਰ ਰਿਹਾ ਹੈ।

**ਭਾਰਤ ਸਰਕਾਰ ਦੀ ਵਧਦੀ ਚਿੰਤਾ ਅਤੇ ਕੂਟਨੀਤਿਕ ਮਾਇਨੇ**

ਸੂਤਰਾਂ ਮੁਤਾਬਕ, ਪਿਛਲੇ ਪੰਜ ਮਹੀਨਿਆਂ ਵਿੱਚ ਬਾਕੂ ਇਨੀਸ਼ੀਏਟਿਵ ਗਰੁੱਪ ਅਤੇ ਸਿੱਖ ਫੈਡਰੇਸ਼ਨ ਵੱਲੋਂ ਕਰਵਾਈ ਗਈ ਇਹ ਤੀਜੀ ਵੱਡੀ ਕਾਨਫਰੰਸ ਹੈ। ਅਜ਼ਰਬਾਈਜਾਨ ਵਰਗੇ ਮਹੱਤਵਪੂਰਨ ਦੇਸ਼ ਦੀ ਧਰਤੀ 'ਤੇ ਸਿੱਖ ਮਸਲਿਆਂ ਦਾ ਇਸ ਤਰ੍ਹਾਂ ਉੱਭਰਨਾ ਭਾਰਤ ਸਰਕਾਰ ਲਈ ਡੂੰਘੀ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਦੁਨੀਆ ਭਰ ਦੀਆਂ ਸਰਕਾਰਾਂ ਅਤੇ ਗੈਰ-ਸਰਕਾਰੀ ਸੰਗਠਨ (NGOs) ਹੁਣ ਇਸ ਗੱਲ ਵਿੱਚ ਦਿਲਚਸਪੀ ਲੈ ਰਹੇ ਹਨ ਕਿ ਆਖਰ ਭਾਰਤ ਸਰਕਾਰ ਸਿੱਖਾਂ ਦੀ ਆਜ਼ਾਦੀ ਦੀ ਮੁਹਿੰਮ ਅਤੇ ਗੁਰੂ ਸਾਹਿਬਾਨ ਦੀਆਂ ਕਲਿਆਣਕਾਰੀ ਸਿੱਖਿਆਵਾਂ 'ਤੇ ਅਧਾਰਿਤ 'ਹਲੇਮੀ ਰਾਜ' (ਦਇਆਵਾਨ ਅਤੇ ਨਿਆਂਪੂਰਨ ਸ਼ਾਸਨ) ਦੇ ਸੰਕਲਪ ਤੋਂ ਇੰਨੀ ਅਸੁਰੱਖਿਅਤ ਕਿਉਂ ਮਹਿਸੂਸ ਕਰ ਰਹੀ ਹੈ?

**ਵਿਸ਼ਲੇਸ਼ਕਾਂ ਦਾ ਮੰਨਣਾ ਹੈ:** ਜੇਕਰ 1984 ਦੀ ਸਿੱਖ ਨਸਲਕੁਸ਼ੀ ਅਤੇ ਵਿਦੇਸ਼ਾਂ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲੇ 'ਤੇ ਕੋਈ ਵੀ ਅੰਤਰਰਾਸ਼ਟਰੀ ਕਾਨੂੰਨੀ ਕਾਰਵਾਈ ਅੱਗੇ ਵਧਦੀ ਹੈ, ਤਾਂ ਇਹ ਵਿਸ਼ਵ ਮੰਚ 'ਤੇ ਭਾਰਤ ਦੀ ਸਾਖ ਨੂੰ ਵੱਡੀ ਸੱਟ ਮਾਰ ਸਕਦੀ ਹੈ ਅਤੇ ਸਿੱਖਾਂ ਦੇ ਨਿਆਂ ਤੇ ਸਵੈ-ਨਿਰਣੇ ਦੀ ਜੰਗ ਨੂੰ ਇੱਕ ਨਵਾਂ ਅਤੇ ਮਜ਼ਬੂਤ ਮੋੜ ਦੇ ਸਕਦੀ ਹੈ।



**ਅਮਰੀਕੀ ਰੇਲਵੇ ਦੀਆਂ ਨੀਹਾਂ ਵਿੱਚ ਦਫ਼ਨ ਸਾਡੇ ਬਜ਼ੁਰਗਾਂ ਦੀ ਦਾਸਤਾਨ**

**ਆਓ ਇਸ ਹਫ਼ਤੇ ਅਮਰੀਕਾ ਵਿੱਚ ਗੁਰੂ ਨਾਨਾਕ ਦੇ ਮਿਸ਼ਨ ਉਪਰ ਪਹਿਰਾ ਦਿੰਦਿਆਂ ਆਪਣੀ ਇਮਾਨਦਾਰੀ ਮਿਹਨਤ ਕਿਰਤ ਸੇਵਾ ਅਤੇ ਸਿੱਖੀ ਅਸੂਲਾਂ ਨਾਲ ਜਿੰਦਗੀ ਜਿਊਣ ਵਾਲੇ**

ਅੱਜ ਜਦੋਂ ਅਸੀਂ ਪੱਛਮੀ ਸੰਸਾਰ ਵਿੱਚ ਪ੍ਰਵਾਸੀ ਪੰਜਾਬੀਆਂ ਅਤੇ ਸਿੱਖਾਂ ਨੂੰ ਸਫ਼ਲਤਾ ਦੇ ਉੱਚੇ ਮੁਕਾਮਾਂ, ਵੱਡੇ ਕਾਰੋਬਾਰਾਂ ਅਤੇ ਰਾਜਨੀਤਿਕ ਗਲਿਆਰਿਆਂ ਵਿੱਚ ਮਨਮਰਜ਼ੀ ਦੇ ਫੈਸਲੇ ਲੈਂਦੇ ਦੇਖਦੇ ਹਾਂ, ਤਾਂ ਸਾਡਾ ਸਿਰ ਮਾਣ ਨਾਲ ਉੱਚਾ ਹੋ ਜਾਂਦਾ ਹੈ। ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਅਮਰੀਕੀ ਸੁਪਨੇ (American Dream) ਦੀ ਇਹ ਚਮਕਦਾਰ ਇਮਾਰਤ ਜਿਨ੍ਹਾਂ ਨੀਹਾਂ 'ਤੇ ਖੜ੍ਹੀ ਹੈ, ਉਹ ਨੀਹਾਂ 120 ਸਾਲ ਪਹਿਲਾਂ ਪੰਜਾਬ ਦੇ ਪਿੰਡਾਂ ਤੋਂ ਗਏ ਸਿਰੜੀ ਪਾਇਨੀਅਰਾਂ ਦੇ ਖ਼ੂਨ, ਮੁੜ੍ਹਕੇ ਅਤੇ ਬੇਅੰਤ ਅਪਮਾਨ ਨਾਲ ਸਿੰਜੀਆਂ ਗਈਆਂ ਸਨ। ਇਸ ਹਫ਼ਤੇ, ਅਸੀਂ ਆਪਣੇ ਪਾਠਕਾਂ ਲਈ ਇੱਕ ਅਜਿਹਾ ਇਤਿਹਾਸਕ ਦਸਤਾਵੇਜ਼ ਲੈ ਕੇ ਆਏ ਹਾਂ ਜੋ ਕੇਵਲ ਇੱਕ ਲੇਖ ਨਹੀਂ, ਬਲਕਿ ਰਾਕੀ ਮਾਊਂਟੇਨਜ਼ (Rocky Mountains) ਦੀਆਂ ਬਰਫ਼ੀਲੀਆਂ ਚੋਟੀਆਂ ਅਤੇ ਵੈਸਟਰਨ ਪੈਸੀਫਿਕ ਰੇਲਵੇ ਦੀਆਂ ਪਟੜੀਆਂ ਦੇ ਹੇਠਾਂ ਦਫ਼ਨ ਹੋ ਚੁੱਕੀ ਇੱਕ ਗੁੰਮਨਾਮ ਦਾਸਤਾਨ ਹੈ। ਇਹ ਕਹਾਣੀ ਹੈ 1900 ਦੇ ਸ਼ੁਰੂਆਤੀ ਦਹਾਕਿਆਂ ਵਿੱਚ ਅਮਰੀਕਾ ਪਹੁੰਚੇ ਉਨ੍ਹਾਂ ਸਿੱਖ ਮਜ਼ਦੂਰਾਂ ਦੀ, ਜਿਨ੍ਹਾਂ ਨੇ ਹੱਡ ਚੀਰਵੀਂ ਠੰਢ ਵਿੱਚ ਲੋਹੇ ਦੇ ਭਾਰੀ ਸੰਦਾਂ ਨਾਲ ਅਮਰੀਕੀ ਪੱਛਮ ਦੀ ਜੀਵਨ-ਰੇਖਾ (ਰੇਲਵੇ ਨੈੱਟਵਰਕ) ਨੂੰ ਆਪਣੇ ਹੱਥਾਂ ਨਾਲ ਤਿਆਰ ਕੀਤਾ। ਇਹ ਖੋਜ ਸਾਨੂੰ ਇੱਕ ਅਜਿਹੇ ਦੌਰ ਵਿੱਚ ਲੈ ਜਾਂਦੀ ਹੈ ਜਿੱਥੇ ਇੱਕ ਪਾਸੇ ਨਸਲੀ ਦੰਗਿਆਂ (ਜਿਵੇਂ 1907 ਦੇ ਬੇਲਿੰਗਹਮ ਦੰਗੇ) ਦਾ ਕਹਿਰ ਸੀ ਅਤੇ ਦੂਜੇ ਪਾਸੇ 1923 ਦਾ ਉਹ ਕਾਲਾ ਕਾਨੂੰਨੀ ਫੈਸਲਾ (United States v. Bhagat Singh Thind), ਜਿਸ ਨੇ ਇੱਕੋ ਝਟਕੇ ਵਿੱਚ ਸਾਡੇ ਬਜ਼ੁਰਗਾਂ ਨੂੰ ਆਪਣੀ ਹੀ ਕਮਾਈ ਜ਼ਮੀਨ ਤੋਂ ਬੇਦਖ਼ਲ ਕਰਕੇ 'ਰਾਜਹੀਣ' (Stateless) ਬਣਾ ਦਿੱਤਾ ਸੀ। ਪਰ ਸਿੱਖੀ ਦੇ 'ਚੜ੍ਹਦੀ ਕਲਾ' ਅਤੇ 'ਵੰਡ ਛਕੋ' ਦੇ ਸਿਧਾਂਤ ਨੇ ਉਨ੍ਹਾਂ ਨੂੰ ਟੁੱਟਣ ਨਹੀਂ ਦਿੱਤਾ। ਸਾਡਾ ਅਮਰੀਕਾ ਵਿੱਚ ਵਿਸ਼ੇਸ਼ ਗੌਰਵਮਈ ਇਤਿਹਾਸ ਕਿ ਕਿਵੇਂ ਕੈਲੀਫੋਰਨੀਆ ਵਿਖੇ ਸਟਾਕਟਨ ਦੇ ਪਹਿਲੇ ਗੁਰਦੁਆਰਾ ਸਾਹਿਬ ਦੇ ਲੰਗਰਾਂ ਅਤੇ ਮੈਕਸੀਕਨ ਭਾਈਚਾਰੇ ਨਾਲ ਰਿਸ਼ਤਿਆਂ ਨੇ ਇਸ ਭਾਈਚਾਰੇ ਨੂੰ ਅਮਰੀਕਾ ਵਿੱਚ ਜ਼ਿੰਦਾ ਰੱਖਿਆ। ਆਓ, ਇਸ ਹਫ਼ਤੇ ਇਨ੍ਹਾਂ ਭੁਲਾ ਦਿੱਤੇ ਗਏ ਨਾਇਕਾਂ—ਕਰਤਾਰ ਸਿੰਘ, ਹਰਨਾਮ ਸਿੰਘ ਅਤੇ ਅਜਮੇਰ ਸਿੰਘ—ਦੀ ਅਦੁੱਤੀ ਹਿੰਮਤ ਨੂੰ ਯਾਦ ਕਰੀਏ, ਜਿਨ੍ਹਾਂ ਦੀ ਮਿਹਨਤ ਦੀ ਗੂੰਜ ਅੱਜ ਵੀ ਅਮਰੀਕੀ ਪਟੜੀਆਂ 'ਤੇ ਸੁਣਾਈ ਦਿੰਦੀ ਹੈ। - ਸਤਨਾਮ ਸਿੰਘ ਖਾਲਸਾ

# ਪਟੜੀਆਂ 'ਤੇ ਗੂੰਜਦੀ ਦਾਸਤਾਨ: ਅਮਰੀਕੀ ਪੱਛਮ ਦੇ ਭੁਲਾਏ ਗਏ ਪੰਜਾਬੀ ਸਿੱਖ ਰੇਲਵੇ ਮਜ਼ਦੂਰ

ਸੰਨ 1934 ਦੀ ਸਖ਼ਤ ਸਰਦੀ ਵਿੱਚ, ਡੈਨਵਰ, ਕੋਲੋਰੈਡੋ ਦੇ ਨੇੜੇ ਇੱਕ ਦੂਰ-ਡਰਾਡੇ ਪਹਾੜੀ ਰੇਲਵੇ ਟਰੈਕ 'ਤੇ ਮਜ਼ਦੂਰਾਂ ਦੀ ਇੱਕ ਛੋਟੀ ਜਿਹੀ ਟੋਲੀ ਖੜ੍ਹੀ ਸੀ। ਉੱਚੇ ਪਹਾੜਾਂ ਦੀਆਂ ਤੇਜ਼ ਹਵਾਵਾਂ ਅਤੇ ਹੱਡ ਚੀਰਵੀਂ ਠੰਢ ਨੇ ਉਨ੍ਹਾਂ ਦੇ ਚਿਹਰਿਆਂ ਨੂੰ ਝੁਲਸ ਦਿੱਤਾ ਸੀ। ਇਨ੍ਹਾਂ ਵਿੱਚ ਕਰਤਾਰ ਸਿੰਘ ਵਿਰਕ, ਹਰਨਾਮ ਸਿੰਘ ਸੰਧੂ ਅਤੇ ਅਜਮੇਰ ਸਿੰਘ ਗਿੱਲ ਸ਼ਾਮਲ ਸਨ—ਉਹ ਪੰਜਾਬੀ ਸਿੱਖ ਪ੍ਰਵਾਸੀ ਜੋ ਬ੍ਰਿਟਿਸ਼ ਭਾਰਤ ਦੇ ਉਪਜਾਊ ਮੈਦਾਨਾਂ ਤੋਂ ਹਜ਼ਾਰਾਂ ਮੀਲ ਦਾ ਸਫ਼ਰ ਤੈਅ ਕਰਕੇ ਅਮਰੀਕਾ ਦੇ ਪੱਥਰੀਲੇ ਪਹਾੜਾਂ (Rocky Mountains) ਦੀਆਂ ਬਿਖੜੀਆਂ ਚੋਟੀਆਂ 'ਤੇ ਪਹੁੰਚੇ ਸਨ।

ਉਸ ਸਰਦੀ ਦੀ ਇੱਕ ਦੁਰਲੱਭ ਤਸਵੀਰ ਨੇ ਉਨ੍ਹਾਂ ਦੇ ਇਸ ਪਲ ਨੂੰ ਹਮੇਸ਼ਾ ਲਈ ਇਤਿਹਾਸ ਵਿੱਚ ਕੈਦ ਕਰ ਲਿਆ, ਜਦੋਂ ਉਹ ਜੰਮੇ ਹੋਏ ਤਾਪਮਾਨ ਕਾਰਨ ਟੇਢੇ ਹੋਏ ਟਰੈਕ ਨੂੰ ਸਿੱਧਾ ਕਰਨ ਲਈ ਲੋਹੇ ਦੇ ਭਾਰੀ ਸੰਦ ਚੁੱਕੀ ਖੜ੍ਹੇ ਸਨ। ਪਿਛੋਕੜ ਵਿੱਚ, ਇੱਕ ਵਿਸ਼ਾਲ ਭਾਫ਼ ਵਾਲੇ ਇੰਜਣ (Steam Locomotive) ਦਾ ਕਾਲਾ ਪਰਛਾਵਾਂ ਸਲੇਟੀ ਅਸਮਾਨ ਵਿੱਚ ਚਿੱਟੇ ਧੂੰਏਂ ਦੇ ਗੁਬਾਰ ਛੱਡ ਰਿਹਾ ਸੀ, ਅਤੇ ਉਸ ਦਾ ਅਗਲਾ ਹਿੱਸਾ (Cowcatcher) ਪਹਾੜੀ ਬਰਫ਼ ਨਾਲ ਲਿਪਟਿਆ ਹੋਇਆ ਸੀ।

ਦਹਾਕਿਆਂ ਤੱਕ, ਇਨ੍ਹਾਂ ਮਰਦਾਂ ਦੀਆਂ ਕਹਾਣੀਆਂ ਮੁੱਖ ਧਾਰਾ ਦੀਆਂ ਅਮਰੀਕੀ ਇਤਿਹਾਸ ਦੀਆਂ ਕਿਤਾਬਾਂ ਵਿੱਚ ਲਗਭਗ ਅਣਲਿਖੀਆਂ ਹੀ ਰਹੀਆਂ। ਫਿਰ ਵੀ, ਕੋਲੋਰੈਡੋ, ਯੂਟਾ ਅਤੇ ਕੈਲੀਫੋਰਨੀਆ ਵਰਗੀਆਂ ਥਾਵਾਂ 'ਤੇ ਉਨ੍ਹਾਂ ਦੀ ਮੌਜੂਦਗੀ ਵਿਸ਼ਵਵਿਆਪੀ ਪ੍ਰਵਾਸ, ਅਦੁੱਤੀ ਹਿੰਮਤ ਅਤੇ ਦ੍ਰਿੜ੍ਹਤਾ ਦੇ ਇੱਕ ਬੇਮਿਸਾਲ ਦੌਰ ਦੀ ਗਵਾਹੀ ਦਿੰਦੀ ਹੈ।



ਸਿੱਖ ਪਾਇਨੀਅਰਾਂ (ਮੋਢੀਆਂ) ਦਾ ਇਹ ਸਫ਼ਰ 20ਵੀਂ ਸਦੀ ਦੇ ਸ਼ੁਰੂ ਵਿੱਚ ਸ਼ੁਰੂ ਹੋਇਆ ਸੀ। ਆਰਥਿਕ ਤੰਗੀ, ਜ਼ਮੀਨ 'ਤੇ ਭਾਰੀ ਟੈਕਸਾਂ ਅਤੇ ਉੱਤਰ-ਪੱਛਮੀ ਭਾਰਤ ਵਿੱਚ ਬ੍ਰਿਟਿਸ਼ ਬਸਤੀਵਾਦੀ ਨੀਤੀਆਂ ਦੇ ਮਾੜੇ ਪ੍ਰਭਾਵਾਂ ਦਾ ਸਾਹਮਣਾ ਕਰਦਿਆਂ, ਕਈ ਸਾਹਸੀ ਨੌਜਵਾਨਾਂ—ਜਿਨ੍ਹਾਂ ਵਿੱਚੋਂ ਬਹੁਤ ਸਾਰੇ ਬ੍ਰਿਟਿਸ਼ ਇੰਡੀਅਨ ਆਰਮੀ ਦੇ ਸਾਬਕਾ ਫ਼ੌਜੀ ਸਨ—ਨੇ ਵਿਦੇਸ਼ਾਂ ਵਿੱਚ ਨਵੇਂ ਮੌਕਿਆਂ ਦੀ ਭਾਲ ਕਰਨ ਦਾ ਫ਼ੈਸਲਾ ਕੀਤਾ। ਹਾਂਗਕਾਂਗ ਦੇ ਰਸਤੇ ਵੈਨਕੂਵਰ ਅਤੇ ਸੈਨ ਫਰਾਂਸਿਸਕੋ ਵਰਗੇ ਬੰਦਰਗਾਹਾਂ ਤੱਕ ਪਹੁੰਚ ਕੇ, ਉਹ ਬਹੁਤ ਘੱਟ ਪੈਸਿਆਂ ਪਰ ਅਥਾਹ ਸਰੀਰਕ ਤਾਕਤ ਨਾਲ ਅਮਰੀਕਾ ਆਏ।

1903 ਅਤੇ 1908 ਦੇ ਵਿਚਕਾਰ, ਹਜ਼ਾਰਾਂ ਪੰਜਾਬੀ ਪ੍ਰਵਾਸੀ ਪੱਛਮੀ ਤੱਟ 'ਤੇ ਦਾਖਲ ਹੋਏ। ਹਾਲਾਂਕਿ ਸ਼ੁਰੂ ਵਿੱਚ ਕਈਆਂ ਨੂੰ ਵਾਸ਼ਿੰਗਟਨ ਅਤੇ ਓਰੇਗਨ ਦੀਆਂ ਲੱਕੜ ਦੀਆਂ ਮਿੱਲਾਂ (Lumber Mills) ਵਿੱਚ ਕੰਮ ਮਿਲ ਗਿਆ, ਪਰ ਸਥਾਨਕ ਗੋਰੇ ਮਜ਼ਦੂਰਾਂ ਦੀਆਂ ਯੂਨੀਅਨਾਂ ਵੱਲੋਂ ਨਸਲੀ ਨਫ਼ਰਤ ਤੇਜ਼ੀ ਨਾਲ ਵਧਣ ਲੱਗੀ।

**ਇਤਿਹਾਸ ਦਾ ਕਾਲਾ ਪੰਨਾ:** ਇਹ ਨਫ਼ਰਤ 5 ਸਤੰਬਰ 1907 ਨੂੰ ਬੇਲਿੰਗਹਮ ਦੰਗਿਆਂ (ਵਾਸ਼ਿੰਗਟਨ) ਦੌਰਾਨ ਆਪਣੇ ਸਿਖਰ 'ਤੇ ਪਹੁੰਚ ਗਈ, ਜਿੱਥੇ ਸੈਂਕੜੇ ਗੋਰੇ ਹਮਲਾਵਰਾਂ ਦੀ ਭੀੜ ਨੇ ਦੱਖਣੀ ਏਸ਼ੀਆਈ ਮਿੱਲ ਮਜ਼ਦੂਰਾਂ ਦੇ ਕੁਆਰਟਰਾਂ 'ਤੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਨੂੰ ਸ਼ਹਿਰ ਛੱਡਣ ਲਈ ਮਜਬੂਰ ਕਰ ਦਿੱਤਾ। ਭਾਰਤ ਵਾਪਸ ਜਾਣ ਦੀ ਬਜਾਏ, ਇਨ੍ਹਾਂ ਦ੍ਰਿੜ੍ਹ ਇਰਾਦੇ ਵਾਲੇ ਮਜ਼ਦੂਰਾਂ ਨੇ ਹਾਲਾਤਾਂ ਨਾਲ ਸਮਝੌਤਾ ਕੀਤਾ ਅਤੇ ਅਮਰੀਕੀ ਰੇਲਵੇ ਨੈੱਟਵਰਕ ਦੇ ਵਿਸਤਾਰ ਵਿੱਚ ਕੰਮ ਕਰਨ ਲਈ ਦੇਸ਼ ਦੇ ਅੰਦਰੂਨੀ ਅਤੇ ਦੱਖਣੀ ਹਿੱਸਿਆਂ ਵੱਲ ਚਲੇ ਗਏ।

ਪਹਾੜਾਂ ਵਿੱਚ ਲੋਹਾ ਗੱਡਣਾ

ਅਮਰੀਕੀ ਪੱਛਮ ਤੇਜ਼ੀ ਨਾਲ ਫੈਲ ਰਿਹਾ ਸੀ ਅਤੇ ਰੇਲਵੇ ਉਸ ਦੀ ਜੀਵਨ ਰੇਖਾ ਸੀ। 1906 ਅਤੇ 1908 ਦੇ ਵਿਚਕਾਰ, 2,000 ਤੋਂ ਵੱਧ ਪੰਜਾਬੀ ਸਿੱਖ ਮਜ਼ਦੂਰਾਂ ਨੂੰ ਵੈਸਟਰਨ ਪੈਸੀਫਿਕ ਰੇਲਵੇ ਦੇ ਹਿੱਸੇ ਵਿਛਾਉਣ ਲਈ ਰੱਖਿਆ ਗਿਆ ਸੀ। ਉਨ੍ਹਾਂ ਨੇ ਓਕਲੈਂਡ, ਕੈਲੀਫੋਰਨੀਆ ਨੂੰ ਸਾਲਟ ਲੇਕ ਸਿਟੀ, ਯੂਟਾ ਨਾਲ ਜੋੜਨ ਵਾਲੀ 700 ਮੀਲ ਲੰਬੀ ਮੁਸ਼ਕਲ ਪਟੜੀ ਨੂੰ ਤਿਆਰ ਕਰਨ ਵਿੱਚ ਅਹਿਮ ਯੋਗਦਾਨ ਪਾਇਆ—ਇਹ ਉਹ ਰੂਟ ਹੈ ਜੋ ਅੱਜ ਦੇ ਆਧੁਨਿਕ ਇੰਟਰਸਟੇਟ 80 (Interstate 80) ਦੇ ਸਮਾਨੰਤਰ ਹੈ।

ਇਹ ਕੰਮ ਬਹੁਤ ਜ਼ਿਆਦਾ ਜੋਖਮ ਭਰਿਆ ਅਤੇ ਸਰੀਰਕ ਤੋੜ-ਭੰਨ ਵਾਲਾ ਸੀ, ਜਿਸ ਨੂੰ ਮਜ਼ਦੂਰਾਂ ਨੇ ਇੱਕ ਖਾਸ ਤਰਤੀਬ ਅਤੇ ਜ਼ਿੰਮੇਵਾਰੀ ਨਾਲ ਨਿਭਾਇਆ:

- **ਬਰਫ਼ ਦੇ ਤੋਦਿਆਂ (Avalanches) ਨੂੰ ਸਾਫ਼ ਕਰਨਾ (ਰਾਤ ਦੀਆਂ ਸ਼ਿਫਟਾਂ):** ਪਹਾੜੀ ਰਸਤਿਆਂ ਤੋਂ ਬਰਫ਼ ਦੇ ਵੱਡੇ-ਵੱਡੇ ਢੇਰਾਂ ਨੂੰ ਹਟਾਉਣ ਲਈ ਟੀਮਾਂ ਜੰਮਣ ਵਾਲੇ ਤਾਪਮਾਨ ਵਿੱਚ ਖ਼ਤਰਨਾਕ ਰਾਤ ਦੀਆਂ ਸ਼ਿਫਟਾਂ ਵਿੱਚ ਕੰਮ ਕਰਦੀਆਂ ਸਨ ਤਾਂ ਜੋ ਸਵੇਰ ਦੀਆਂ ਗੱਡੀਆਂ ਲੰਘ ਸਕਣ।
- **ਪਟੜੀਆਂ ਬਦਲਣਾ ਅਤੇ ਮੁਰੰਮਤ (ਦਿਨ ਦਾ ਕੰਮ):** ਰੇਲ ਗੱਡੀਆਂ ਨੂੰ ਪਟੜੀ ਤੋਂ ਉਤਰਨ ਦੇ ਹਾਦਸਿਆਂ ਤੋਂ ਬਚਾਉਣ ਲਈ, ਮਜ਼ਦੂਰ ਸਧਾਰਨ ਹੱਥੀਂ ਸੰਦਾਂ ਦੀ ਵਰਤੋਂ ਕਰਕੇ ਭਾਰੀ ਸਟੀਲ ਦੀਆਂ ਪਟੜੀਆਂ ਨੂੰ ਚੁੱਕਦੇ ਸਨ ਅਤੇ ਠੰਢ ਨਾਲ ਟੁੱਟੀਆਂ ਜਾਂ ਮੁੜੀਆਂ ਹੋਈਆਂ ਲਾਈਨਾਂ ਨੂੰ ਬਦਲਦੇ ਸਨ।
- **ਸੁਰੰਗਾਂ ਬਣਾਉਣੀਆਂ ਅਤੇ ਸੁਰੱਖਿਆ (ਢਾਂਚਾਗਤ ਮਜ਼ਬੂਤੀ):** ਹਨੇਰੀਆਂ ਅਤੇ ਅਸਥਿਰ ਪਹਾੜੀ ਸੁਰੰਗਾਂ ਦੇ ਅੰਦਰੋਂ ਮਲਬਾ ਸਾਫ਼ ਕਰਨਾ ਅਤੇ ਰੇਲ ਗੱਡੀ ਦੇ ਲੰਘਣ ਵੇਲੇ ਉਨ੍ਹਾਂ ਦੇ ਢਾਂਚੇ ਨੂੰ ਮਜ਼ਬੂਤੀ ਦੇਣੀ ਇਨ੍ਹਾਂ ਮਜ਼ਦੂਰਾਂ ਦੇ ਹਿੱਸੇ ਆਉਂਦੀ ਸੀ।

**ਸ਼ੁਰੂਆਤੀ ਪੰਜਾਬੀ ਪ੍ਰਵਾਸ ਦਾ ਕ੍ਰਮਵਾਰ ਇਤਿਹਾਸ**

| ਸਾਲ/ਦੌਰ | ਇਤਿਹਾਸਕ ਪੜਾਅ | ਵੇਰਵਾ ਅਤੇ ਪ੍ਰਭਾਵ |
|---|---|---|
| 1903-1908 | ਉੱਤਰੀ ਅਮਰੀਕਾ ਵਿੱਚ ਆਮਦ | ਲਗਭਗ 6,000 ਪੰਜਾਬੀ ਉੱਤਰੀ ਅਮਰੀਕਾ ਵਿੱਚ ਦਾਖਲ ਹੋਏ, ਮੁੱਖ ਤੌਰ 'ਤੇ ਕੈਨੇਡਾ ਰਾਹੀਂ, ਜਿਸ ਤੋਂ ਬਾਅਦ ਉਹ ਵਾਸ਼ਿੰਗਟਨ ਅਤੇ ਕੈਲੀਫੋਰਨੀਆ ਵੱਲ ਆਏ। |
| 1906-1908 | ਵੈਸਟਰਨ ਪੈਸੀਫਿਕ ਰੇਲਵੇ | 2,000 ਤੋਂ ਵੱਧ ਸਿੱਖ ਮਜ਼ਦੂਰਾਂ ਨੇ ਓਕਲੈਂਡ ਅਤੇ ਸਾਲਟ ਲੇਕ ਸਿਟੀ ਵਿਚਕਾਰ 700 ਮੀਲ ਲੰਬੀ ਵੈਸਟਰਨ ਪੈਸੀਫਿਕ ਰੇਲਵੇ ਦੀ ਪਟੜੀ ਵਿਛਾਈ। |
| 1907 | ਬੇਲਿੰਗਹਮ ਨਸਲੀ ਦੰਗੇ | ਬੇਲਿੰਗਹਮ (ਵਾਸ਼ਿੰਗਟਨ) ਵਿੱਚ ਨਸਲੀ ਦੰਗਿਆਂ ਕਾਰਨ ਸੈਂਕੜੇ ਸਿੱਖ ਮਜ਼ਦੂਰਾਂ ਨੂੰ ਖੇਤੀਬਾੜੀ ਵਾਲੇ ਇਲਾਕਿਆਂ ਅਤੇ ਦੱਖਣ ਵੱਲ ਜਾਣ ਲਈ ਮਜਬੂਰ ਹੋਣਾ ਪਿਆ। |
| 1912 | ਪਹਿਲਾ ਸਥਾਈ ਗੁਰਦੁਆਰਾ ਸਾਹਿਬ | ਸਟਾਕਟਨ, ਕੈਲੀਫੋਰਨੀਆ ਵਿੱਚ ਅਮਰੀਕਾ ਦਾ ਪਹਿਲਾ ਸਥਾਈ ਗੁਰਦੁਆਰਾ ਸਾਹਿਬ ਸਥਾਪਿਤ ਹੋਇਆ, ਜੋ ਭਾਈਚਾਰੇ ਦਾ ਇੱਕ ਅਹਿਮ ਕੇਂਦਰ ਬਣਿਆ। |
| 1917-1923 | ਕਾਨੂੰਨੀ ਪਾਬੰਦੀਆਂ ਦਾ ਦੌਰ | 1917 ਦੇ ਇਮੀਗ੍ਰੇਸ਼ਨ ਐਕਟ ਅਤੇ ਯੂ.ਐਸ. ਸੁਪਰੀਮ ਕੋਰਟ ਦੇ 'ਥਿੰਦ' ਫੈਸਲੇ ਨੇ ਦੱਖਣੀ ਏਸ਼ੀਆਈ ਲੋਕਾਂ ਦੀ ਅਮਰੀਕੀ ਨਾਗਰਿਕਤਾ 'ਤੇ ਸਖ਼ਤ ਪਾਬੰਦੀਆਂ ਲਾਈਆਂ। |
| 1930 ਦਾ ਦੌਰ | ਮਹਾਂ ਮੰਦੀ ਅਤੇ ਸੇਵਾ | ਪੁਰਾਣੇ ਸਿੱਖ ਮਜ਼ਦੂਰਾਂ ਨੇ ਮਹਾਂ ਮੰਦੀ (Great Depression) ਦੇ ਝਟਕੇ ਝੱਲੇ ਅਤੇ ਪੱਛਮ ਦੇ ਮਹੱਤਵਪੂਰਨ ਰੇਲਵੇ ਢਾਂਚੇ ਨੂੰ ਚਾਲੂ ਰੱਖਿਆ। |
| **ਪਹਿਲੀ ਲਹਿਰ:** ਪੰਜਾਬ ਤੋਂ ਪ੍ਰਸ਼ਾਂਤ ਉੱਤਰ-ਪੱਛਮ (Pacific Northwest) ਤੱਕ | | |

**ਮਿਹਨਤ ਦੀ ਦ੍ਰਿਸ਼ਟੀਗਤ ਪਛਾਣ**

ਉਸ ਦੌਰ ਦੀਆਂ ਇਤਿਹਾਸਕ ਤਸਵੀਰਾਂ ਉਸ ਵਿਲੱਖਣ ਪਛਾਣ ਨੂੰ ਉਜਾਗਰ ਕਰਦੀਆਂ ਹਨ ਜੋ ਇਨ੍ਹਾਂ ਮਨੁੱਖਾਂ ਨੇ ਬਣਾਈ ਰੱਖੀ। ਅਮਰੀਕੀ ਸਰਦੀਆਂ ਦੇ ਭਾਰੀ ਕੋਟ, ਦਸਤਾਨੇ ਅਤੇ ਚਮੜੇ ਦੇ ਮਜ਼ਬੂਤ ਬੂਟ ਪਾਉਣ ਦੇ ਬਾਵਜੂਦ, ਉਹ ਆਪਣੇ ਕੇਸ (ਅਣਕੱਟੇ ਵਾਲ) ਕੰਮ ਦੇ ਹਿਸਾਬ ਨਾਲ ਹਲਕੀਆਂ ਤੇ ਵਿਹਾਰਕ ਵਲੀਆਂ ਹੋਈਆਂ ਰਵਾਇਤੀ ਪੱਗਾਂ ਦੇ ਹੇਠਾਂ ਸੰਭਾਲ ਕੇ ਰੱਖਦੇ ਸਨ।

ਹਰ ਇੱਕ ਵਿਅਕਤੀ ਦਾ ਆਪਣਾ ਵੱਖਰਾ ਸਟਾਈਲ ਸੀ—ਕੁਝ ਦੇ ਖੁੱਲ੍ਹੇ ਪ੍ਰਕਾਸ਼ ਕੀਤੇ ਦਾੜ੍ਹੇ ਸਨ, ਜਦੋਂ ਕਿ ਦੂਜਿਆਂ ਨੇ ਇੰਜਣ ਦੀਆਂ ਚੰਗਿਆੜੀਆਂ ਅਤੇ ਉੱਡਦੇ ਪੱਥਰਾਂ ਤੋਂ ਬਚਣ ਲਈ ਆਪਣੀ ਦਾੜ੍ਹੀ ਨੂੰ ਜਬਾੜੇ ਦੇ ਨੇੜੇ ਚੰਗੀ ਤਰ੍ਹਾਂ ਬੰਨ੍ਹਿਆ (ਥੱਪਿਆ) ਹੋਇਆ ਸੀ।

**ਹੋਂਦ ਦੀ ਲੜਾਈ, ਦ੍ਰਿੜ੍ਹਤਾ ਅਤੇ ਵਿਰਾਸਤ**

ਸਿੱਖ ਮਜ਼ਦੂਰਾਂ ਨੂੰ ਪ੍ਰਣਾਲੀਗਤ ਤੌਰ 'ਤੇ ਉਜਰਤਾਂ (ਦਿਹਾੜੀ) ਵਿੱਚ ਵਿਤਕਰੇ ਦਾ ਸਾਹਮਣਾ ਕਰਨਾ ਪਿਆ, ਜਿੱਥੇ ਉਨ੍ਹਾਂ ਨੂੰ ਉਸੇ ਖ਼ਤਰਨਾਕ ਕੰਮ ਲਈ ਆਪਣੇ ਗੋਰੇ ਸਾਥੀਆਂ ਨਾਲੋਂ ਕਾਫ਼ੀ ਘੱਟ ਤਨਖਾਹ ਦਿੱਤੀ ਜਾਂਦੀ ਸੀ। ਇਸ ਤੋਂ ਇਲਾਵਾ, 1917 ਦੇ ਇਮੀਗ੍ਰੇਸ਼ਨ ਐਕਟ (ਜਿਸ ਨੇ 'Asiatic Barred Zone' ਬਣਾਇਆ) ਅਤੇ ਵਿਤਕਰੇ ਭਰੇ 'ਏਲੀਅਨ ਲੈਂਡ ਲਾਅਜ਼' (Alien Land Laws) ਵਰਗੀਆਂ ਸੰਘੀ ਨੀਤੀਆਂ ਨੇ ਉਨ੍ਹਾਂ ਨੂੰ ਪੱਕੇ ਤੌਰ 'ਤੇ ਵਸਣ ਜਾਂ ਜ਼ਮੀਨ ਦੇ ਮਾਲਕ ਬਣਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ।

ਇਨ੍ਹਾਂ ਸਾਰੇ ਕਾਨੂੰਨੀ ਅਤੇ ਸਮਾਜਿਕ ਦਬਾਵਾਂ ਦੇ ਬਾਵਜੂਦ, ਭਾਈਚਾਰੇ ਨੇ ਸਿੱਖ ਧਰਮ ਦੇ ਮੁੱਖ ਸਿਧਾਂਤਾਂ—'ਵੰਡ ਛਕੋ' ਅਤੇ 'ਚੜ੍ਹਦੀ ਕਲਾ' 'ਤੇ ਭਰੋਸਾ ਰੱਖਿਆ। ਉਨ੍ਹਾਂ ਨੇ ਆਪਣੇ ਸਾਧਨਾਂ ਨੂੰ ਇਕੱਠਾ ਕੀਤਾ, ਸਾਂਝੇ ਰਿਹਾਇਸ਼ੀ ਕੁਆਰਟਰ ਬਣਾਏ ਅਤੇ 1912 ਵਿੱਚ ਸਟਾਕਟਨ, ਕੈਲੀਫੋਰਨੀਆ ਵਿੱਚ ਦੇਸ਼ ਦਾ ਪਹਿਲਾ ਸਥਾਈ ਗੁਰਦੁਆਰਾ ਸਾਹਿਬ ਸਥਾਪਿਤ ਕੀਤਾ। ਇਸ ਸੰਸਥਾ ਨੇ ਪੱਛਮੀ ਅਮਰੀਕਾ ਵਿੱਚ ਸਫ਼ਰ ਕਰਨ ਵਾਲੇ ਮਜ਼ਦੂਰਾਂ ਲਈ ਇੱਕ ਸਹਾਇਤਾ ਸੁਸਾਇਟੀ, ਰੁਜ਼ਗਾਰ ਬਿਊਰੋ ਅਤੇ ਇੱਕ ਸੁਰੱਖਿਅਤ ਪਨਾਹਗਾਹ ਵਜੋਂ ਕੰਮ ਕੀਤਾ। 1930 ਦੇ ਦਹਾਕੇ ਤੱਕ, ਜਦੋਂ ਪੂਰਾ ਦੇਸ਼ ਮਹਾਂ ਮੰਦੀ ਦੇ ਆਰਥਿਕ ਬੋਝ ਹੇਠ ਦੱਬਿਆ ਹੋਇਆ ਸੀ, ਕਰਤਾਰ, ਹਰਨਾਮ ਅਤੇ ਅਜਮੇਰ ਵਰਗੇ ਮਜ਼ਦੂਰਾਂ ਨੇ ਅਮਰੀਕੀ ਵਪਾਰ ਨੂੰ ਜ਼ਿੰਦਾ ਰੱਖਣ ਵਾਲੀਆਂ ਇਨ੍ਹਾਂ ਰੇਲਵੇ ਲਾਈਨਾਂ ਦੀ ਦੇਖਭਾਲ ਜਾਰੀ ਰੱਖੀ। ਉਨ੍ਹਾਂ ਦੀ ਅਣਥੱਕ ਮਿਹਨਤ ਨੇ ਉਸ ਜੀਵੰਤ ਪੰਜਾਬੀ-ਅਮਰੀਕੀ ਭਾਈਚਾਰੇ ਦੀ ਭੌਤਿਕ ਅਤੇ ਸੱਭਿਆਚਾਰਕ ਨੀਂਹ ਰੱਖੀ ਜੋ ਅੱਜ ਪੂਰੇ ਅਮਰੀਕਾ ਵਿੱਚ ਪ੍ਰਫੁੱਲਤ ਹੋ ਰਿਹਾ ਹੈ।

ਸੰਯੁਕਤ ਰਾਜ ਬਨਾਮ ਭਗਤ ਸਿੰਘ ਥਿੰਦ (1923): ਇੱਕ ਇਤਿਹਾਸਕ ਕਾਨੂੰਨੀ ਲੜਾਈ

ਸੰਨ 1923 ਵਿੱਚ ਅਮਰੀਕੀ ਸੁਪਰੀਮ ਕੋਰਟ ਦਾ United States v. Bhagat Singh Thind ਫੈਸਲਾ ਅਮਰੀਕਾ ਵਿੱਚ ਰਹਿਣ ਵਾਲੇ ਦੱਖਣੀ ਏਸ਼ੀਆਈ (ਪੰਜਾਬੀ ਸਿੱਖ) ਪ੍ਰਵਾਸੀਆਂ ਦੇ ਇਤਿਹਾਸ ਵਿੱਚ ਸਭ ਤੋਂ ਮਹੱਤਵਪੂਰਨ ਅਤੇ ਦੁਖਦਾਈ ਮੋੜ ਸੀ। ਇਸ ਕੇਸ ਨੇ ਨਾ ਸਿਰਫ਼ ਨਾਗਰਿਕਤਾ ਦੇ ਕਾਨੂੰਨਾਂ ਨੂੰ ਬਦਲਿਆ, ਬਲਕਿ ਪਹਿਲਾਂ ਤੋਂ ਵੱਸੇ ਹੋਏ ਸੈਂਕੜੇ ਭਾਰਤੀਆਂ ਦੀ ਜ਼ਿੰਦਗੀ ਨੂੰ ਵੀ ਮੁਸ਼ਕਲ ਵਿੱਚ ਪਾ ਦਿੱਤਾ।

**ਇਸ ਫੈਸਲੇ ਦਾ ਭਾਰਤੀ ਪ੍ਰਵਾਸੀਆਂ 'ਤੇ ਪ੍ਰਭਾਵ**

| ਪ੍ਰਭਾਵ ਦਾ ਖੇਤਰ | ਇਤਿਹਾਸਕ ਅਸਲੀਅਤ ਅਤੇ ਨਤੀਜਾ |
|---|---|
| ਨਾਗਰਿਕਤਾ ਰੱਦ ਹੋਣਾ | ਅਮਰੀਕੀ ਸਰਕਾਰ ਨੇ ਇਸ ਫੈਸਲੇ ਨੂੰ ਪਿਛਲੀ ਤਾਰੀਖ਼ ਤੋਂ ਲਾਗੂ ਕਰਕੇ ਪਹਿਲਾਂ ਤੋਂ ਨਾਗਰਿਕਤਾ ਪ੍ਰਾਪਤ ਸਿੱਖਾਂ ਨੂੰ ਰਾਜਹੀਣ (Stateless) ਕਰ ਦਿੱਤਾ। |
| ਜ਼ਮੀਨਾਂ ਖੁੱਸ ਜਾਣਾ | Alien Land Laws ਤਹਿਤ ਗੈਰ-ਨਾਗਰਿਕਾਂ ਦੇ ਜ਼ਮੀਨ ਖਰੀਦਣ 'ਤੇ ਪਾਬੰਦੀ ਸੀ, ਜਿਸ ਕਾਰਨ ਕਈ ਪੰਜਾਬੀ ਕਿਸਾਨਾਂ ਦੀਆਂ ਉਪਜਾਊ ਜ਼ਮੀਨਾਂ ਜ਼ਬਤ ਹੋ ਗਈਆਂ। |
| ਸਮਾਜਿਕ ਅਲੱਗ-ਥਲੱਗਤਾ | 1917 ਦੇ ਕਾਨੂੰਨ ਤਹਿਤ ਨਵੇਂ ਪ੍ਰਵਾਸੀਆਂ ਦੇ ਆਉਣ 'ਤੇ ਪੂਰੀ ਤਰ੍ਹਾਂ ਪਾਬੰਦੀ ਲੱਗ ਗਈ ਅਤੇ ਲੋਕ ਪਰਿਵਾਰਾਂ ਨੂੰ ਅਮਰੀਕਾ ਨਾ ਬੁਲਾ ਸਕੇ। |
| ਆਬਾਦੀ ਦਾ ਰੁਕਣਾ | ਅਮਰੀਕਾ ਵਿੱਚ ਪੰਜਾਬੀ ਭਾਈਚਾਰੇ ਦੀ ਆਬਾਦੀ ਦਾ ਵਿਸਤਾਰ ਕਈ ਦਹਾਕਿਆਂ ਤੱਕ ਲਗਭਗ ਪੂਰੀ ਤਰ੍ਹਾਂ ਰੁਕ ਗਿਆ। |
| **ਬਦਲਾਅ ਦੀ ਲਹਿਰ ਅਤੇ ਅੰਤਿਮ ਜਿੱਤ** | |

**ਭਗਤ ਸਿੰਘ ਥਿੰਦ ਕੌਣ ਸਨ ?**

ਡਾ. ਭਗਤ ਸਿੰਘ ਥਿੰਦ ਦਾ ਜਨਮ 1892 ਵਿੱਚ ਪੰਜਾਬ (ਅੰਮ੍ਰਿਤਸਰ) ਵਿੱਚ ਹੋਇਆ ਸੀ। ਉਹ 1913 ਵਿੱਚ ਉੱਚ ਸਿੱਖਿਆ ਅਤੇ ਚੰਗੇ ਭਵਿੱਖ ਲਈ ਅਮਰੀਕਾ ਆਏ।

- **ਫੌਜੀ ਸੇਵਾ:** ਜਦੋਂ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋਇਆ, ਤਾਂ ਉਹ ਅਮਰੀਕੀ ਫੌਜ (U.S. Army) ਵਿੱਚ ਭਰਤੀ ਹੋ ਗਏ। ਉਨ੍ਹਾਂ ਨੇ ਬੜੀ ਵਫ਼ਾਦਾਰੀ ਨਾਲ ਦੇਸ਼ ਦੀ ਸੇਵਾ ਕੀਤੀ ਅਤੇ ਉਨ੍ਹਾਂ ਨੂੰ ਸਾਰਜੈਂਟ (Sergeant) ਦਾ ਰੈਂਕ ਮਿਲਿਆ।
- **ਨਾਗਰਿਕਤਾ ਦੀ ਮੰਗ:** ਯੁੱਧ ਤੋਂ ਬਾਅਦ, ਉਨ੍ਹਾਂ ਨੇ ਅਮਰੀਕੀ ਨਾਗਰਿਕਤਾ (Naturalization) ਲਈ ਅਪਲਾਈ ਕੀਤਾ। ਉਸ ਸਮੇਂ ਦੇ ਅਮਰੀਕੀ ਕਾਨੂੰਨ (1790 ਦੇ ਨੈਚੁਰਲਾਈਜ਼ੇਸ਼ਨ ਐਕਟ) ਮੁਤਾਬਕ, ਸਿਰਫ਼ 'ਮੁਫ਼ਤ ਗੋਰੇ ਵਿਅਕਤੀ' (Free white persons) ਹੀ ਅਮਰੀਕਾ ਦੇ ਨਾਗਰਿਕ ਬਣ ਸਕਦੇ ਸਨ।

**ਅਦਾਲਤ ਵਿੱਚ ਕਾਨੂੰਨੀ ਦਲੀਲ**

ਭਗਤ ਸਿੰਘ ਥਿੰਦ ਅਤੇ ਉਨ੍ਹਾਂ ਦੇ ਵਕੀਲਾਂ ਨੇ ਅਦਾਲਤ ਵਿੱਚ ਇੱਕ ਬਹੁਤ ਹੀ ਵਿਗਿਆਨਕ ਅਤੇ ਮਾਨਵ-ਵਿਗਿਆਨਕ (Anthropological) ਦਲੀਲ ਪੇਸ਼ ਕੀਤੀ। ਉਨ੍ਹਾਂ ਨੇ ਤਰਕ ਦਿੱਤਾ:

1. ਉੱਤਰੀ ਭਾਰਤ (ਪੰਜਾਬ) ਦੇ ਲੋਕ ਉੱਚੀ ਜਾਤ ਦੇ ਹਿੰਦੂ/ਸਿੱਖ ਹਨ, ਜੋ ਮੂਲ ਰੂਪ ਵਿੱਚ ਆਰੀਅਨ (Aryan) ਨਸਲ ਨਾਲ ਸਬੰਧ ਰੱਖਦੇ ਹਨ।
2. ਉਸ ਸਮੇਂ ਦੇ ਵਿਗਿਆਨਕ ਵਰਗੀਕਰਨ ਮੁਤਾਬਕ ਆਰੀਅਨ ਲੋਕਾਂ ਨੂੰ 'ਕਾਕੇਸ਼ੀਅਨ' (Caucasian) ਮੰਨਿਆ ਜਾਂਦਾ ਸੀ।
3. ਕਿਉਂਕਿ ਕਾਕੇਸ਼ੀਅਨ ਅਤੇ ਗੋਰੇ (White) ਕਾਨੂੰਨੀ ਤੌਰ 'ਤੇ ਇੱਕੋ ਹੀ ਮੰਨੇ ਜਾਂਦੇ ਸਨ, ਇਸ ਲਈ ਇੱਕ ਭਾਰਤੀ ਹੋਣ ਦੇ ਨਾਤੇ ਉਹ ਕਾਨੂੰਨੀ ਤੌਰ 'ਤੇ ਨਾਗਰਿਕਤਾ ਦੇ ਹੱਕਦਾਰ ਸਨ।

ਇਸ ਤੋਂ ਪਹਿਲਾਂ ਕਈ ਹੇਠਲੀਆਂ ਅਦਾਲਤਾਂ ਨੇ ਇਸੇ ਦਲੀਲ ਨੂੰ ਸਵੀਕਾਰ ਕਰਦਿਆਂ ਕੁਝ ਭਾਰਤੀਆਂ ਨੂੰ ਨਾਗਰਿਕਤਾ ਦੇ ਵੀ ਦਿੱਤੀ ਸੀ। ਪਰ ਅਮਰੀਕੀ ਸਰਕਾਰ ਇਸ ਦੇ ਖ਼ਿਲਾਫ਼ ਸੁਪਰੀਮ ਕੋਰਟ ਚਲੀ ਗਈ।

**ਸੁਪਰੀਮ ਕੋਰਟ ਦਾ ਫੈਸਲਾ**

19 ਫਰਵਰੀ 1923 ਨੂੰ, ਜਸਟਿਸ ਜਾਰਜ ਸਦਰਲੈਂਡ ਦੀ ਅਗਵਾਈ ਵਿੱਚ ਸੁਪਰੀਮ ਕੋਰਟ ਨੇ ਭਗਤ ਸਿੰਘ ਥਿੰਦ ਦੇ ਖ਼ਿਲਾਫ਼ ਸਰਬਸੰਮਤੀ ਨਾਲ ਫੈਸਲਾ ਸੁਣਾਇਆ।

ਅਦਾਲਤ ਨੇ ਵਿਗਿਆਨਕ ਪਰਿਭਾਸ਼ਾਵਾਂ ਨੂੰ ਖਾਰਜ ਕਰਦੇ ਹੋਏ ਕਿਹਾ ਕਿ ਹਾਲਾਂਕਿ ਭਾਰਤੀ ਲੋਕ 'ਕਾਕੇਸ਼ੀਅਨ' ਹੋ ਸਕਦੇ ਹਨ, ਪਰ ਉਹ 'ਆਮ ਆਦਮੀ ਦੀ ਸਮਝ ਮੁਤਾਬਕ ਗੋਰੇ (White) ਨਹੀਂ ਹਨ।' ਜਸਟਿਸ ਸਦਰਲੈਂਡ ਨੇ ਲਿਖਿਆ ਕਿ ਅਮਰੀਕੀ ਕਾਨੂੰਨ ਬਣਾਉਣ ਵਾਲਿਆਂ ਦੇ ਮਨ ਵਿੱਚ 'ਗੋਰੇ' ਸ਼ਬਦ ਦਾ ਮਤਲਬ ਸਿਰਫ਼ ਯੂਰਪੀਅਨ ਮੂਲ ਦੇ ਲੋਕਾਂ ਤੋਂ ਸੀ। ਇਸ ਤਰ੍ਹਾਂ, ਸੁਪਰੀਮ ਕੋਰਟ ਨੇ ਹਮੇਸ਼ਾ ਲਈ ਤੈਅ ਕਰ ਦਿੱਤਾ ਕਿ ਦੱਖਣੀ ਏਸ਼ੀਆਈ ਲੋਕ ਅਮਰੀਕੀ ਨਾਗਰਿਕਤਾ ਦੇ ਯੋਗ ਨਹੀਂ ਹਨ।

ਇਸ ਵੱਡੇ ਝਟਕੇ ਦੇ ਬਾਵਜੂਦ, ਪੰਜਾਬੀ ਸਿੱਖ ਭਾਈਚਾਰਾ ਪਿੱਛੇ ਨਹੀਂ ਹਟਿਆ। ਉਨ੍ਹਾਂ ਨੇ ਮੈਕਸੀਕਨ ਔਰਤਾਂ ਨਾਲ ਵਿਆਹ ਕਰਕੇ ਸਮਾਜਿਕ ਤੌਰ 'ਤੇ ਆਪਣੇ ਆਪ ਨੂੰ ਸੰਭਾਲਿਆ (ਜਿਸ ਨੂੰ 'ਪੰਜਾਬੀ-ਮੈਕਸੀਕਨ' ਵਿਰਾਸਤ ਕਿਹਾ ਜਾਂਦਾ ਹੈ) ਅਤੇ ਕਾਨੂੰਨੀ ਲੜਾਈ ਜਾਰੀ ਰੱਖੀ। ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਜਦੋਂ ਭਾਰਤ ਅਤੇ ਅਮਰੀਕਾ ਦੇ ਸਬੰਧ ਬਦਲੇ, ਤਾਂ 1946 ਵਿੱਚ ਲੂਸ-ਸੈਲਰ ਐਕਟ (Luce-Celler Act) ਪਾਸ ਹੋਇਆ। ਇਸ ਕਾਨੂੰਨ ਨੇ ਆਖਰਕਾਰ ਦੱਖਣੀ ਏਸ਼ੀਆਈ ਲੋਕਾਂ ਨੂੰ ਦੁਬਾਰਾ ਨਾਗਰਿਕਤਾ ਲੈਣ ਦਾ ਅਧਿਕਾਰ ਦਿੱਤਾ।

ਭਗਤ ਸਿੰਘ ਥਿੰਦ ਨੇ ਹਿੰਮਤ ਨਹੀਂ ਹਾਰੀ ਅਤੇ 1936 ਵਿੱਚ ਨਿਊਯਾਰਕ ਰਾਜ ਰਾਹੀਂ (ਇੱਕ ਹੋਰ ਕਾਨੂੰਨ ਦੇ ਤਹਿਤ ਜੋ ਪਹਿਲੇ ਵਿਸ਼ਵ ਯੁੱਧ ਦੇ ਸਨਮਾਨਿਤ ਸੈਨਿਕਾਂ ਲਈ ਸੀ) ਨਾਗਰਿਕਤਾ ਪ੍ਰਾਪਤ ਕੀਤੀ। ਉਹ ਬਾਅਦ ਵਿੱਚ ਅਮਰੀਕਾ ਵਿੱਚ ਇੱਕ ਮਸ਼ਹੂਰ ਲੇਖਕ ਅਤੇ ਅਧਿਆਤਮਿਕ ਅਧਿਆਪਕ ਬਣੇ। ਉਨ੍ਹਾਂ ਦਾ ਅਤੇ ਰੇਲਵੇ ਮਜ਼ਦੂਰਾਂ ਦਾ ਇਹ ਸੰਘਰਸ਼ ਅੱਜ ਵੀ ਅਮਰੀਕੀ ਧਰਤੀ 'ਤੇ ਪੰਜਾਬੀ ਗੌਰਵ ਦੇ ਪ੍ਰਤੀਕ ਵਜੋਂ ਅਮਰ ਹੈ।

**ਮੁੱਖ ਸੋਧਾਂ (ਕੀ ਤਬਦੀਲੀਆਂ ਕੀਤੀਆਂ ਗਈਆਂ ਹਨ ?):**

1. ਸਪੇਸਿੰਗ ਅਤੇ ਟਾਈਪੋਜ਼ (Typing Errors): ਲੇਖ ਦੇ ਅਖੀਰਲੇ ਹਿੱਸੇ ਵਿੱਚ ਕਈ ਸ਼ਬਦ ਆਪਸ ਵਿੱਚ ਜੁੜੇ ਹੋਏ ਸਨ (ਜਿਵੇਂ: ਦੂਜੇ ਵਿਸ਼ਵ ਯੁੱਧ ਤੋਂ, ਜਦੋਂ ਭਾਰਤ, ਅਮਰੀਕਾ ਦੇਸਬੰਧ, ਲੂਸ-ਸੈਲਰ ਐਕਟ (Luce-Celler Act) ਪਾਸ ਹੋਇਆ। ਇਸ ਕਾਨੂੰਨ ਨੇਆਖਰਕਾਰ, ਆਦਿ)। ਇਨ੍ਹਾਂ ਸਾਰਿਆਂ ਨੂੰ ਠੀਕ ਕਰਕੇ ਸਪੇਸ ਦਿੱਤੀ ਗਈ ਹੈ ਤਾਂ ਜੋ ਪੜ੍ਹਨ ਵਿੱਚ ਦਿੱਕਤ ਨਾ ਆਵੇ।
2. ਜੋੜ (Spellings): 'ਪ੍ਰੈਕਟੀਕਲ' ਦੀ ਜਗ ?ਹਾ ਵਧੇਰੇ ਸ਼ੁੱਧ ਪੰਜਾਬੀ ਸ਼ਬਦ 'ਵਿਹਾਰਕ' ਵਰਤਿਆ ਹੈ, ਅਤੇ 'ਦ੍ਰਿੜ੍ਹ' ਦੇ ਜੋੜ ਠੀਕ ਕੀਤੇ ਹਨ। 'ਦੂਰ-ਰੇਡੇ' ਨੂੰ 'ਦੂਰ-ਡਰਾਡੇ' ਕੀਤਾ ਗਿਆ ਹੈ।
3. ਟੇਬਲ ਫਾਰਮੈਟ: ਦੋਵਾਂ ਟੇਬਲਾਂ (Tables) ਦੀ ਅਲਾਈਨਮੈਂਟ ਨੂੰ ਮਾਰਕਡਾਊਨ ਮੁਤਾਬਕ ਸਾਫ਼-ਸੁਥਰਾ ਕੀਤਾ ਗਿਆ ਹੈ ਤਾਂ ਜੋ ਪ੍ਰਿੰਟ ਲੇਆਉਟ ਸਹੀ ਬਣੇ।





# ਜੂਨ 1984 ਦਾ ਘੱਲੂਘਾਰਾ : ਇਤਿਹਾਸ, ਵਰਤਮਾਨ ਤੇ ਭਵਿੱਖ

ਤਲਵਿੰਦਰ ਸਿੰਘ ਬੁੱਟਰ

ਸਿੱਖ ਪਰੰਪਰਾ ਵਿਚ ਇਤਿਹਾਸ ਨੂੰ ਸਿਰਫ਼ ਬੀਤੇ ਦੀਆਂ ਘਟਨਾਵਾਂ ਵਜੋਂ ਹੀ ਨਹੀਂ ਵੇਖਿਆ ਜਾਂਦਾ ਬਲਕਿ ਉਸ ਨੂੰ ਕੌਮੀ ਚੇਤਨਾ ਅਤੇ ਭਵਿੱਖ ਦੀ ਦਿਸ਼ਾ ਨਾਲ ਜੋੜ ਕੇ ਵੀ ਵੇਖਿਆ ਜਾਂਦਾ ਹੈ। ਇਸੇ ਕਾਰਨ ਜੂਨ 1984 ਦੇ ਸ੍ਰੀ ਦਰਬਾਰ ਸਾਹਿਬ ’ਤੇ ਹੋਏ ਭਾਰਤੀ ਫ਼ੌਜ ਦੇ ਹਮਲੇ ਨੂੰ ਸਿੱਖ ਇਤਿਹਾਸ ਵਿਚ ‘ਤੀਜਾ ਘੱਲੂਘਾਰਾ’ ਆਖਿਆ ਜਾਂਦਾ ਹੈ। ਇਸ ਨੂੰ ਭੁੱਲਣਾ ਨਾ ਤਾਂ ਸੰਭਵ ਹੈ ਅਤੇ ਨਾ ਹੀ ਭੁੱਲਣਾ ਚਾਹੀਦਾ ਹੈ।

ਸਿੱਖ ਇਤਿਹਾਸ ਵਿਚ ਪਹਿਲਾਂ ਵੀ ਦੋ ਘੱਲੂਘਾਰੇ ਵਾਪਰ ਚੁੱਕੇ ਹਨ। ਪਹਿਲਾ, ਛੋਟਾ ਘੱਲੂਘਾਰਾ 1746 ਈਸਵੀ ਵਿਚ ਕਾਹਨੂੰਵਾਨ ਦੇ ਛੰਭ ਵਿਚ ਵਾਪਰਿਆ, ਜਿਸ ਵਿਚ ਲਗਭਗ 11 ਹਜ਼ਾਰ ਸਿੱਖ ਮਰਦ, ਔਰਤਾਂ, ਬੱਚੇ ਅਤੇ ਬਜ਼ੁਰਗ ਸ਼ਹੀਦ ਹੋਏ। ਦੂਜਾ, ਵੱਡਾ ਘੱਲੂਘਾਰਾ ਫਰਵਰੀ 1762 ਈਸਵੀ ਵਿਚ ਕੁੱਪ ਰੋਹੀੜਾ (ਮਲੇਰਕੋਟਲਾ ਨੇੜੇ) ਵਾਪਰਿਆ, ਜਿਸ ਵਿਚ ਲਗਭਗ 30 ਹਜ਼ਾਰ ਸਿੱਖ ਸ਼ਹੀਦ ਹੋ ਗਏ। ਦੂਜੇ ਘੱਲੂਘਾਰੇ ਦੌਰਾਨ ਸਿੱਖ ਆਬਾਦੀ ਦਾ ਲਗਪਗ ਅੱਧਾ ਹਿੱਸਾ ਖਤਮ ਹੋ ਗਿਆ ਸੀ ਪਰ ਹੈਰਾਨੀ ਦੀ ਗੱਲ ਹੈ ਕਿ ਇਨ੍ਹਾਂ ਭਿਆਨਕ ਕਤਲੇਆਮਾਂ ਤੋਂ ਬਾਅਦ ਵੀ ਸਿੱਖ ਕੌਮ ਆਪਣੇ ਰੂਹਾਨੀ ਤੇ ਨੈਤਿਕ ਬਲ, ਸੰਘਰਸ਼ ਅਤੇ ਜਥੇਬੰਦਕ ਤਾਕਤ ਦੇ ਆਧਾਰ ’ਤੇ ਦੂਰਅੰਦੇਸ਼ੀ ਤੋਂ ਕੰਮ ਲੈਂਦਿਆਂ ਮੁੜ ਖੜ੍ਹੀ ਹੁੰਦੀ ਰਹੀ। ਵੱਡੇ ਘੱਲੂਘਾਰੇ ਤੋਂ ਲਗਪਗ 10-15 ਸਾਲਾਂ ਬਾਅਦ ਸਿੱਖਾਂ ਨੇ ਮਿਸਲਾਂ ਦੇ ਰੂਪ ਵਿਚ ਸਿੱਖ ਬਾਦਸ਼ਾਹਤ ਕਾਇਮ ਕਰ ਲਈ ਅਤੇ 1799 ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਿਤ ਹੋ ਗਿਆ। ਉਸ ਵੇਲੇ ਸਿੱਖ ਆਬਾਦੀ ਪੰਜਾਬ ਦੀ ਕੁੱਲ ਆਬਾਦੀ ਦਾ ਸਿਰਫ 6 ਤੋਂ 8 ਫੀਸਦੀ ਹੀ ਹੋਵੇਗੀ। ਇਸ ਦੇ ਬਾਵਜੂਦ ਸਿੱਖਾਂ ਨੇ ਰਾਜ ਸ਼ਾਸਨ ਕਾਇਮ ਕਰ ਲਿਆ। ਇਸ ਸਿਰਫ਼ ਸਿੱਖ ਸੈਨਿਕ ਤਾਕਤ ਨਹੀਂ, ਬਲਕਿ ਨੈਤਿਕ ਬਲ ਅਤੇ ਉੱਚੇ ਕਿਰਦਾਰ ਕਾਰਨ ਸੰਭਵ ਹੋਇਆ। ਉਸ ਵੇਲੇ ਹਰ ਸਿੱਖ ਦਾਰਸ਼ਨਿਕ, ਸਿੱਖਿਅਤ, ਇਨਸਾਫ-ਪਸੰਦ ਅਤੇ ਲੜਾਕੂ ਸੀ। ਉੱਚੇ ਕਿਰਦਾਰ ਕਾਰਨ ਘੱਟ-ਗਿਣਤੀ ਸਿੱਖ ਵੀ ਤਾਕਤਵਰ ਬਣ ਗਏ।

ਜੂਨ 1984 ਦੌਰਾਨ ਭਾਰਤੀ ਫੌਜ ਨੇ ਸਿੱਖਾਂ ਦੁਆਰਾ ਰਾਜਨੀਤਕ ਮੰਗਾਂ ਨੂੰ ਲੈ ਕੇ ਲਗਾਏ ਗਏ ’ਧਰਮ ਯੁੱਧ ਮੋਰਚੇ’ ਨੂੰ ਕੁਚਲਣ ਲਈ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ’ਤੇ ਹਮਲਾ ਕਰ ਦਿੱਤਾ, ਸ੍ਰੀ ਅਕਾਲ ਤਖ਼ਤ ਸਾਹਿਬ ਢਾਹਿਆ ਅਤੇ ਸਿੱਖਾਂ ਦੇ ਸਭ ਤੋਂ ਪਵਿੱਤਰ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਉੱਪਰ ਗੋਲੀਆਂ ਚਲਾਈਆਂ ਗਈਆਂ। ਖਾੜਕੂ ਸਿੰਘਾਂ ਤੋਂ ਇਲਾਵਾ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਲਈ ਸ੍ਰੀ ਅੰਮ੍ਰਿਤਸਰ ਪੁੱਜੀਆਂ ਸੰਗਤਾਂ; ਜਿਨ੍ਹਾਂ ਵਿਚ ਮਰਦ, ਔਰਤਾਂ, ਬੱਚੇ ਅਤੇ ਬਜ਼ੁਰਗ ਵੀ ਸ਼ਾਮਿਲ ਸਨ, ਬੇਰਹਿਮੀ ਨਾਲ ਮਾਰੇ ਗਏ। ਆਜ਼ਾਦ ਭਾਰਤ ਅੰਦਰ ਇਹ ਆਪਣੀ ਕਿਸਮ ਦਾ ਪਹਿਲਾ ਹਮਲਾ ਸੀ, ਜਿੱਥੇ ਇਕ ਦੇਸ਼ ਨੇ ਆਪਣੇ ਹੀ ਦੇਸ਼ ਦੇ ਨਾਗਰਿਕਾਂ ਦੇ ਵਿਰੁੱਧ ਦੇਸ਼ ਦੀ ਫ਼ੌਜ ਦੇ ਤਿੰਨੋਂ ਅੰਗਾਂ; ਜ਼ਮੀਨੀ, ਹਵਾਈ ਅਤੇ ਸਮੁੰਦਰੀ ਸੈਨਾ ਨੂੰ ਵਰਤਿਆ।

ਜੂਨ 1984 ਦੇ ਘੱਲੂਘਾਰੇ ਦੇ ਵਿਰੋਧ ਵਿਚ ਦੋ ਲਹਿਰਾਂ ਉੱਠੀਆਂ। ਹਥਿਆਰਬੰਦ ਲਹਿਰ ਅਤੇ ਮਨੁੱਖੀ ਅਧਿਕਾਰ ਲਹਿਰ। ਦੁਨੀਆਂ ਭਰ ਵਿਚ ਜਦੋਂ ਲਹਿਰਾਂ ਉਠਦੀਆਂ ਹਨ ਤਾਂ ਉਨ੍ਹਾਂ ਦੀ ਅਗਵਾਈ ਕਰਨ ਵਾਲੇ ਸਿਆਣੇ ਲੋਕ ਸੋਚ-ਵਿਚਾਰ ਕਰਕੇ ਫ਼ੈਸਲੇ ਲੈਂਦੇ ਹਨ। ਇਹ ਠੀਕ ਹੈ ਕਿ ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਪੰਜਾਬ ਵਿਚ ਉੱਠੀ ਹਥਿਆਰਬੰਦ ਲਹਿਰ ਨੇ ਸਿੱਖਾਂ ਦਾ ਲਗਪਗ ਖ਼ਤਮ ਹੋ ਚੁੱਕਿਆ ਮਨੋਬਲ ਮੁੜ ਉੱਚਾ ਚੁੱਕਣ ਦਾ ਕੰਮ ਕੀਤਾ ਪਰ ਸਿੱਖ ਲੀਡਰਸ਼ਿਪ ਦੀ ਇਕ ਸਪੱਸ਼ਟ ਅਤੇ ਲੰਬੀ ਰਣਨੀਤੀ ਦੀ ਅਣਹੋਂਦ ਕਾਰਨ ਹਥਿਆਰਬੰਦ ਲਹਿਰ ਵਿਚ ਵੱਡੀਆਂ ਸਿਧਾਂਤਕ ਗ਼ਲਤੀਆਂ ਵੀ ਹੋਈਆਂ। ਸਰਕਾਰ ਨੇ ਘੁਸਪੈਠ ਕਰਕੇ ਲਹਿਰ ਵਿਚ ਅਜਿਹੇ ਗਲਤ ਅਨਸਰ ਵਾੜ ਦਿੱਤੇ, ਜਿਨ੍ਹਾਂ ਨੇ ਵੱਡਾ ਇਖਲਾਕੀ ਨੁਕਸਾਨ ਕੀਤਾ। ਦੂਜੀ ਲਹਿਰ, ਮਨੁੱਖੀ ਅਧਿਕਾਰ ਲਹਿਰ ਸੀ, ਜਿਸ ਦਾ ਪ੍ਰਤੀਨਿਧ ਭਾਈ ਜਸਵੰਤ ਸਿੰਘ ਖਾਲੜਾ ਸੀ। ਉਨ੍ਹਾਂ ਨੇ ਪੁਲਿਸ ਵਲੋਂ ਝੂਠੇ ਮੁਕਾਬਲਿਆਂ ਵਿਚ ਮਾਰੇ ਗਏ ਸਿੱਖਾਂ ਦੀਆਂ ਅਣਪਛਾਤੀਆਂ ਲਾਸ਼ਾਂ ਦੇ ਮਾਮਲੇ ਉਜਾਗਰ ਕਰਕੇ ਸਰਕਾਰ ਦੀ ਸਰਪ੍ਰਸਤੀ ਹੇਠ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦੇ ਘਾਣ ਨੂੰ ਦੁਨੀਆ ਸਾਹਮਣੇ ਲਿਆਂਦਾ। ਇਸੇ ਕਾਰਨ ਉਨ੍ਹਾਂ ਦਾ ਕਤਲ ਕਰਵਾ ਦਿੱਤਾ ਗਿਆ। ਇਸ ਤਰ੍ਹਾਂ ਮਨੁੱਖੀ ਅਧਿਕਾਰ ਲਹਿਰ ਵੀ 1984 ਦੇ ਘੱਲੂਘਾਰੇ ਦੇ ਪ੍ਰਤੀਕਰਮ ਵਿਚ ਉੱਠੀ ਲਹਿਰ ਦਾ ਇਕ ਰੂਪ ਸੀ, ਪਰ ਇਹ ਸਿਆਸੀ ਤੌਰ ’ਤੇ ਲਹਿਰ ਨਹੀਂ ਬਣ ਸਕੀ।

ਇਸ ਸੰਦਰਭ ਵਿਚ ਜ਼ਿਕਰਯੋਗ ਹੈ ਕਿ ਦੁਨੀਆ ਦੇ ਵੱਡੇ ਰਾਜਨੀਤਕ ਸੰਘਰਸ਼ਾਂ ਵਿਚ ਸਥਾਪਤੀ ਦੇ ਜ਼ੁਲਮ ਦੇ ਵਿਰੋਧ ਵਿਚ, ਦੋ ਤਰ੍ਹਾਂ ਦੀਆਂ ਲਹਿਰਾਂ ਇਕੱਠੀਆਂ ਖੜ੍ਹੀਆਂ ਹੁੰਦੀਆਂ ਹਨ। ਇਕ ਹਥਿਆਰਬੰਦ ਲਹਿਰ ਅਤੇ ਦੂਜੀ ਸਿਆਸੀ ਲਹਿਰ। ਪਰ ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਸਿੱਖਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਰਹੀ ਕਿ ਹਥਿਆਰਬੰਦ ਲਹਿਰ ਦੇ ਸਮਾਨਾਂਤਰ ਸਿਆਸੀ ਲਹਿਰ ਨਹੀਂ ਖੜ੍ਹੀ ਕੀਤੀ ਜਾ ਸਕੀ। ਸਾਡੇ ਸਾਹਮਣੇ ਆਇਰਲੈਂਡ ਦੀ ਮਿਸਾਲ ਹੈ। ਆਇਰਲੈਂਡ ਦੀ ਵੰਡ ਤੋਂ ਬਾਅਦ ਆਇਰਿਸ਼ ਲੋਕਾਂ (ਖਾਸ ਕਰਕੇ ਕੈਥੋਲਿਕ) ਨੇ ਆਈ.ਆਰ.ਏ. (ਆਇਰਿਸ਼ ਰਿਪਬਲਿਕਨ ਆਰਮੀ) ਵਰਗੀ ਹਥਿਆਰਬੰਦ ਲਹਿਰ ਖੜ੍ਹੀ ਕੀਤੀ ਅਤੇ ਉਸ ਨਾਲ ਇਕ ਮਜ਼ਬੂਤ ਰਾਜਨੀਤਕ ਜਥੇਬੰਦੀ ਵੀ ਚਲਾਈ। ਇਸ ਲਹਿਰ ਨੇ ਲਗਭਗ ਇਕ ਸੌ ਸਾਲ ਤੱਕ ਅੰਗਰੇਜ਼ ਸਾਮਰਾਜ ਨੂੰ ਟੱਕਰ ਦਿੱਤੀ। ਉਹ ਚੋਣਾਂ ਲੜਦੇ ਰਹੇ, ਸੀਟਾਂ ਜਿੱਤਦੇ ਰਹੇ ਅਤੇ ਲੋਕਾਂ ਵਿਚ ਇਹ ਸੁਨੇਹਾ ਦਿੰਦੇ ਰਹੇ ਕਿ ਲੋਕ ਉਨ੍ਹਾਂ ਦੇ ਨਾਲ ਹਨ। ਇਸੇ ਤਰ੍ਹਾਂ ਨੇਪਾਲ ਵਿਚ ਮਾਓਵਾਦੀਆਂ ਨੇ ਵੀ ਹਥਿਆਰਬੰਦ ਵਿੰਗ ਅਤੇ ਸਿਆਸੀ ਵਿੰਗ ਇਕੋ ਵੇਲੇ ਚਲਾਇਆ ਅਤੇ ਜਦੋਂ ਮੌਕਾ ਆਇਆ ਤਾਂ ਹਥਿਆਰਬੰਦ ਸੰਘਰਸ਼ ਖਤਮ ਕਰਕੇ ਸਿਆਸੀ ਰਾਹ ਚੁਣ ਲਿਆ। ਪਰ ਸਿੱਖ ਹਥਿਆਰਬੰਦ ਲਹਿਰ ਨੂੰ ਸਿਆਸੀ ਲਹਿਰ ਨਾਲ ਜੋੜ ਕੇ ਇਕ ਪ੍ਰਸਪਰ ਤਾਲਮੇਲ ਵਾਲੀ ਸੰਯੁਕਤ ਰਣਨੀਤੀ ਨਾ ਬਣਾ ਸਕੇ। ਬਲਕਿ ਢੁੱਕਵੇਂ ਸਮੇਂ ਰਾਜਨੀਤਕ ਤਾਕਤ ਨੂੰ ਇਕੱਠੀ ਕਰਨ ਦੀ ਬਜਾਇ 1992 ਦੀਆਂ ਚੋਣਾਂ ਦਾ ਬਾਈਕਾਟ ਕਰਕੇ ਇਖਲਾਕੀ ਤੌਰ ’ਤੇ ਹਾਰੀ ਹੋਈ ਸੱਤਾਧਾਰੀ ਕਾਂਗਰਸ ਨੂੰ ਜਿੱਤ ਥਾਲੀ ਵਿਚ ਪਰੋਸ ਕੇ ਦੇ ਦਿੱਤੀ। ਇਸ ਕਮਜ਼ੋਰੀ ਨੇ ਸੰਘਰਸ਼ ਨੂੰ ਸਿੱਟਾਹੀਣ ਬਣਾ ਦਿੱਤਾ ਅਤੇ ਸਰਕਾਰ ਨੂੰ ਸੰਘਰਸ਼ ਕੁਚਲਣ ਦਾ ਮੌਕਾ ਦੇ ਦਿੱਤਾ।

ਕਿਸੇ ਵੀ ਰਾਜਤੰਤਰ ਕੋਲ ਆਪਣਾ ਰਾਜ ਕਾਇਮ ਰੱਖਣ ਲਈ, ਬਾਹਰੀ ਸੁਰੱਖਿਆ ਵਾਸਤੇ ’ਰਿਪਰੈਸਿਵ ਅਪਰੇਟਸ’ (ਫੌਜ, ਪੁਲਿਸ, ਜੇਲ੍ਹਾਂ) ਹੁੰਦਾ ਹੈ ਅਤੇ ਲੋਕਾਂ ਨੂੰ ਆਪਣੇ ਰਾਜ ਦੀ ਵਿਚਾਰਧਾਰਾ ਨਾਲ ਜੋੜਨ ਲਈ ‘ਆਈਡੀਓਲਾਜੀਕਲ ਅਪਰੇਟਸ’ (ਸਿੱਖਿਆ, ਮੀਡੀਆ, ਪ੍ਰਚਾਰ) ਹੁੰਦਾ ਹੈ। ਜੂਨ 1984 ਦੇ ਸੰਦਰਭ ਵਿਚ ਦੋਵੇਂ ਹੀ ਹਥਿਆਰ ਸਿੱਖਾਂ ਵਿਰੁੱਧ ਵਰਤੇ ਗਏ। ਪਹਿਲਾਂ ਲੋਕਾਂ ਵਿਚ ਇਕ ਖਾਸ ਬਿਰਤਾਂਤ ਬਣਾਇਆ ਗਿਆ, ਫਿਰ ਫੌਜੀ ਕਾਰਵਾਈ ਰਾਹੀਂ ਉਸ ਨੂੰ ਲਾਗੂ ਕੀਤਾ ਗਿਆ। ਇਕ ਦਹਾਕੇ ਤੱਕ ਗੁਰੀਲਾ ਲਹਿਰ ਨੂੰ ਦਬਾਉਣ ਲਈ ਬੇਰਹਿਮੀ ਵਰਤੀ ਗਈ। ਇਸ ਨਾਲ ਪੰਜਾਬ ਦੇ ਸੱਭਿਆਚਾਰ ’ਤੇ ਡੂੰਘਾ ਅਸਰ ਪਿਆ। ਸਰਹੱਦੀ ਇਲਾਕਿਆਂ ਵਿਚ ਕਈ ਪਿੰਡਾਂ ਵਿਚ ਸਾਲਾਂ ਤੱਕ ਕੋਈ ਜੰਞ ਨਾ ਚੜ੍ਹ ਸਕੀ, ਕਿਉਂਕਿ ਇਕ ਪੂਰੀ ਦੀ ਪੂਰੀ ਪੀੜ੍ਹੀ ਹਿੰਸਾ ਦੀ ਭੇਟ ਚੜ੍ਹ ਗਈ। ਹਜ਼ਾਰਾਂ ਨੌਜਵਾਨ ਝੂਠੇ ਮੁਕਾਬਲਿਆਂ ਵਿਚ ਮਾਰੇ ਗਏ, ਬਹੁਤ ਸਾਰੇ ਵਿਦੇਸ਼ਾਂ ਵੱਲ ਪਰਵਾਸ ਕਰ ਗਏ ਅਤੇ ਸਮਾਜ ਵਿਚ ਡਰ ਅਤੇ ਬੇਵਿਸ਼ਵਾਸੀ ਦਾ ਮਾਹੌਲ ਬਣ ਗਿਆ। ਫਲਸਰੂਪ ਪੰਜਾਬੀ ਸਮਾਜ ਵਿਚ ਵੱਡੀ ਨੈਤਿਕ ਗਿਰਾਵਟ ਆਈ। ਸਿੱਖਿਆ ਦੇ ਖੇਤਰ ਵਿਚ ਵੱਡਾ ਜਮੂਦ ਪੈਦਾ ਹੋ ਗਿਆ। ਅੱਜ ਵੀ ਪੇਂਡੂ ਖੇਤਰਾਂ ਦੇ ਨੌਜਵਾਨਾਂ ਵਿਚ ਦਸਵੀਂ ਅਤੇ ਬਾਰ੍ਹਵੀਂ ਜਮਾਤ ਪਾਸ ਕਰਨ ਤੋਂ ਬਾਅਦ ਯੂਨੀਵਰਸਿਟੀਆਂ ਵਿਚ ਉਚੇਰੀ ਸਿੱਖਿਆ ਹਾਸਲ ਕਰਨ ਦੀ ਬਜਾਇ ‘ਆਈਲੈਟਸ’ ਪਾਸ ਕਰਕੇ ਵਿਦੇਸ਼ਾਂ ਵਿਚ ਜਾ ਕੇ ਟਰੱਕ ਡਰਾਈਵਰ ਜਾਂ ਡਿਲੀਵਰੀ ਬੁਆਏ ਬਣਨ ਦਾ ਰੁਝਾਨ ਵਧੇਰੇ ਹੈ। ਇਸ ਨੈਤਿਕ ਗਿਰਾਵਟ ਨੇ ਸਾਡੇ ਭਵਿੱਖ ਨੂੰ ਧੁੰਦਲਾ ਬਣਾ ਦਿੱਤਾ ਅਤੇ ਅਕਾਦਮਿਕ, ਵਿਗਿਆਨ, ਰਾਜਨੀਤੀ ਅਤੇ ਸਿਵਲ ਸੇਵਾਵਾਂ ਵਿਚ ਪੰਜਾਬ ਦੀ ਸ਼ਮੂਲੀਅਤ ਨੂੰ ਮਨਫ਼ੀ ਕਰ ਦਿੱਤਾ।

ਇਸੇ ਸੰਦਰਭ ਵਿਚ ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਸਿੱਖ ਪ੍ਰਭੂਸੱਤਾ ਜਾਂ ਸਵੈ-ਨਿਰਣੈ ਦੀ ਚਰਚਾ ਵੀ ਅਹਿਮ ਹੈ। ਆਧੁਨਿਕ ਸੰਸਾਰ ਵਿਚ ਪੂਰੀ ਤਰ੍ਹਾਂ ‘ਸੁਤੰਤਰ ਰਾਜ’ ਦੀ ਧਾਰਨਾ ਪਹਿਲਾਂ ਨਾਲੋਂ ਕਾਫ਼ੀ ਜਟਿਲ ਹੋ ਚੁੱਕੀ ਹੈ। ਅੱਜ ਦੇ ਆਲਮੀ ਯੁੱਗ ਵਿਚ ਕੋਈ ਵੀ ਰਾਜ ਪੂਰੀ ਤਰ੍ਹਾਂ ਪ੍ਰਭੂਸੱਤਾ ਸੰਪੰਨ ਨਹੀਂ ਹੈ। ਅਮਰੀਕਾ, ਇੰਗਲੈਂਡ ਜਾਂ ਚੀਨ ਵੀ ਆਰਥਿਕ ਤਾਕਤਾਂ ਤੋਂ ਪ੍ਰਭਾਵਿਤ ਹਨ। ਇਸ ਕਰਕੇ ਅੱਜ ਸਾਨੂੰ ਵੀ ਖ਼ੁਦਮੁਖਤਿਆਰੀ ਦਾ ਅਰਥ ਸਿਰਫ਼ ਰਾਜਨੀਤਕ ਸਰਹੱਦਾਂ ਤੋਂ ਨਹੀਂ, ਸਗੋਂ ਸੱਭਿਆਚਾਰਕ ਸੁਰੱਖਿਆ, ਭਾਸ਼ਾਈ ਅਧਿਕਾਰ, ਆਰਥਿਕ ਨਿਆਂ ਅਤੇ ਸੰਘੀ ਢਾਂਚੇ ਦੀ ਮਜ਼ਬੂਤੀ ਨਾਲ ਜੋੜ ਕੇ ਵੇਖਣਾ ਚਾਹੀਦਾ ਹੈ। ਪੰਜਾਬੀ ਬੋਲੀ ਨੂੰ ਭਾਰਤ ਅਤੇ ਵਿਦੇਸ਼ ਵਿਚ ਵੀ ਸੁਰੱਖਿਅਤ ਰੱਖਣ ਲਈ ਯਤਨ ਚਾਹੀਦੇ ਹਨ। ਵਿਕੇਂਦਰੀਕਰਨ ਅਤੇ ਹਮਖਿਆਲ ਸੂਬਿਆਂ ਨਾਲ ਗਠਜੋੜ ਬਣਾ ਕੇ ਸੰਘੀ ਰਾਜਨੀਤਕ ਬਿਰਤਾਂਤ ਸਿਰਜਣ ਵੱਲ ਸੋਚਣਾ ਚਾਹੀਦਾ ਹੈ। ਇਸ ਦੇ ਨਾਲ ਹੀ ਆਧੁਨਿਕ ਸੰਸਾਰ ਵਿਚ ਆਲਮੀ ਸਰਮਾਏਦਾਰੀ ਅਤੇ ਵਧ ਰਹੀ ਆਰਥਿਕ ਅਸਮਾਨਤਾ ਵੀ ਇਕ ਵੱਡੀ ਚੁਣੌਤੀ ਹੈ। ਸਿੱਖ ਦਰਸ਼ਨ ਇਸ ਸੰਦਰਭ ਵਿਚ ਬਹੁਤ ਮਹੱਤਵਪੂਰਨ ਵਿਚਾਰ ਪੇਸ਼ ਕਰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਨਤਾ, ਸਾਂਝ ਅਤੇ ਮਨੁੱਖੀ ਸਦਭਾਵਨਾ ਦੀ ਗੱਲ ਕੀਤੀ ਹੈ। ਸ੍ਰੀ ਗੁਰੂ ਅਮਰਦਾਸ ਜੀ ਨੇ ਲੰਗਰ ਪ੍ਰਥਾ ਚਲਾ ਕੇ ਊਚ-ਨੀਚ ਅਤੇ ਜਾਤ-ਪਾਤ ਦਾ ਖ਼ਾਤਮਾ ਕੀਤਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੱਖ-ਵੱਖ ਧਰਮਾਂ ਦੇ ਭਗਤਾਂ ਦੀ ਬਾਣੀ ਇਕੱਤਰ ਕੀਤੀ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਸਮਾਜ ਵਿਚ ਬਰਾਬਰੀ ਅਤੇ ਸੁਤੰਤਰ ਬਿਰਤੀ ਦ ਸੰਚਾਰ ਕੀਤਾ। ਇਹ ਇਨਕਲਾਬੀ ਤਬਦੀਲੀ ਸੀ, ਜੋ ਅੱਜ ਵੀ ਪੂੰਜੀਵਾਦ ਤੋਂ ਮੁਕਤੀ ਦਾ ਰਾਹ ਦਿਖਾਉਂਦੀ ਹੈ। ਇਸ ਲਈ ਸਿੱਖ ਧਰਮ ਵਿਚ ’ਕਿਰਤ ਕਰੋ, ਨਾਮ ਜਪੋ, ਵੰਡ ਛਕੋ’ ਦਾ ਸਿਧਾਂਤ ਅੱਜ ਵੀ ਸਰਮਾਏਦਾਰੀ ਦੇ ਜਮੂਦ ਨੂੰ ਤੋੜ ਕੇ ਸਮਾਨਤਾ ਵਾਲੇ ਸਮਾਜ ਦਾ ਰਾਹ ਰੌਸ਼ਨ ਕਰ ਸਕਦਾ ਹੈ।

ਇੱਕੀਵੀਂ ਸਦੀ ਵਿਚ ਜਲਵਾਯੂ ਤਬਦੀਲੀ ਮਨੁੱਖਤਾ ਸਾਹਮਣੇ ਸਭ ਤੋਂ ਵੱਡੇ ਖ਼ਤਰੇ ਵਜੋਂ ਉੱਭਰ ਰਹੀ ਹੈ। ਸੰਯੁਕਤ ਰਾਸ਼ਟਰ ਅਤੇ ਕੌਮਾਂਤਰੀ ਵਿਗਿਆਨਕ ਰਿਪੋਰਟਾਂ ਮੁਤਾਬਿਕ ਧਰਤੀ ਦਾ ਤਾਪਮਾਨ ਜਿਸ ਕਦਰ ਵਧ ਰਿਹਾ ਹੈ ਅਤੇ ਜੇਕਰ ਕਾਰਬਨ ਉਤਸਰਜਨ ਘੱਟ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਹਾਕਿਆਂ ਵਿਚ ਭਾਰੀ ਵਾਤਾਵਰਨ ਸੰਕਟ ਪੈਦਾ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ’ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ’ ਦਾ ਸਿਧਾਂਤ ਮਨੁੱਖ ਅਤੇ ਪ੍ਰਕਿਰਤੀ ਦੇ ਸਬੰਧ ਨੂੰ ਆਤਮਿਕ ਦਰਜੇ ’ਤੇ ਲਿਜਾਂਦਾ ਹੈ। ਇਸ ਲਈ ਸਿੱਖੀ ਸਿਧਾਂਤ ਵਾਤਾਵਰਨ ਬਚਾਉਣ ਲਈ ਮਾਰਗ-ਦਰਸ਼ਕ ਬਣ ਸਕਦਾ ਹੈ।

ਅੱਜ ਦੀ ਸਭ ਤੋਂ ਵੱਡੀ ਲੋੜ ਸਿੱਖ ਸਮਾਜ ਨੂੰ ਗਿਆਨ, ਖੋਜ, ਬੌਧਿਕ ਵਿਕਾਸ ਵੱਲ ਲਿਜਾਣ ਦੀ ਹੈ। ਇਤਿਹਾਸ, ਕਾਨੂੰਨ, ਅਰਥ ਸ਼ਾਸਤਰ, ਮੀਡੀਆ ਅਤੇ ਖੋਜ ਦੇ ਖੇਤਰਾਂ ਵਿਚ ਮਜ਼ਬੂਤ ਹਾਜ਼ਰੀ ਤੋਂ ਬਗੈਰ ਕੋਈ ਵੀ ਕੌਮ ਆਪਣੇ ਬਿਰਤਾਂਤ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਨਹੀਂ ਕਰ ਸਕਦੀ। ਸਾਡੇ ਸਾਹਮਣੇ ਯਹੂਦੀਆਂ ਦੀ ਮਿਸਾਲ ਹੈ, ਜਿਨ੍ਹਾਂ ਦੀ ਕੁੱਲ ਆਬਾਦੀ ਸਿੱਖਾਂ ਨਾਲੋਂ ਅੱਧੀ ਹੈ ਪਰ ਉਨ੍ਹਾਂ ਨੇ ਆਪਣੇ ਨਰਸੰਹਾਰ ਤੋਂ ਬਾਅਦ ਉੱਚ ਮੁਕਾਮ ਹਾਸਲ ਕਰਨ ਲਈ ਇੰਨਾ ਨਿੱਠ ਕੇ ਕੰਮ ਕੀਤਾ ਕਿ ਅੱਜ ਵਿਸ਼ਵ ਦੀਆਂ ਨਾਮੀ ਯੂਨੀਵਰਸਿਟੀਆਂ, ਮੀਡੀਆ ਖੇਤਰ ਅਤੇ ਸੰਚਾਰ ਦੇ ਖੇਤਰ ਵਿਚ ਯਹੂਦੀਆਂ ਦਾ ਬੋਲਬਾਲਾ ਹੈ। ਅਸੀਂ ਵੀ ਇਸੇ ਤਰ੍ਹਾਂ ਕਰ ਸਕਦੇ ਹਾਂ। ਗੁਰਬਾਣੀ ਸਿਰਫ਼ ਪਾਠ ਕਰਨ ਲਈ ਨਹੀਂ, ਸਗੋਂ ਵਿਚਾਰ ਅਤੇ ਅਮਲ ਲਈ ਵੀ ਹੈ। ਇਸ ਲਈ ਸਿੱਖਿਆ, ਖੋਜ ਅਤੇ ਨੈਤਿਕ ਕਿਰਦਾਰ ਨੂੰ ਮੁੜ ਕੇਂਦਰ ਵਿਚ ਲਿਆਉਣ ਦੀ ਲੋੜ ਹੈ।

ਜੂਨ 1984 ਦਾ ਘੱਲੂਘਾਰਾ ਸਾਨੂੰ ਸਿਰਫ਼ ਦਰਦਮਈ ਅਤੀਤ ਦੀ ਯਾਦ ਹੀ ਨਹੀਂ ਦਿਵਾਉਂਦਾ, ਸਗੋਂ ਇਹ ਵੀ ਸਿਖਾਉਂਦਾ ਹੈ ਕਿ ਇਤਿਹਾਸ ਤੋਂ ਸਬਕ ਲੈ ਕੇ ਭਵਿੱਖ ਵੱਲ ਕਿਵੇਂ ਤੁਰਨਾ ਹੈ। ਚਿੰਤਨ ਅਤੇ ਵਿਚਾਰ ਦੇ ਨਾਲ ਕਿਵੇਂ ਅੱਗੇ ਵਧਣਾ ਸੰਭਵ ਹੈ? ਜੇਕਰ ਸਿੱਖ ਕੌਮ ਆਪਣੀ ਗੁਰਬਾਣੀ, ਨੈਤਿਕਤਾ, ਖੋਜ, ਸੰਗਠਨ ਅਤੇ ਮਨੁੱਖਤਾ ਦੇ ਸਿਧਾਂਤਾਂ ਨਾਲ ਜੁੜੀ ਰਹੇ, ਤਾਂ ਉਹ ਨਾ-ਕੇਵਲ ਆਪਣੀ ਪਛਾਣ ਹੀ ਦੁਨੀਆ ਸਾਹਮਣੇ ਸਥਾਪਿਤ ਕਰ ਸਕਦੀ ਹੈ, ਬਲਕਿ ਦੁਨੀਆ ਨੂੰ ਵੀ ਇਨਸਾਫ, ਬਰਾਬਰੀ ਅਤੇ ਸਾਵੇਂ ਜੀਵਨ ਦਾ ਰਾਹ ਦਿਖਾ ਸਕਦੀ ਹੈ।

# ਜ਼ਖ਼ਮਾਂ ਦੀ ਇਬਾਰਤ



ਚਾਰ ਦਹਾਕੇ ਪਹਿਲਾਂ, ਜੂਨ ਚੁਰਾਸੀ ਵਿਚ ਨੀਲੇ ਅੰਬਰ ’ਤੇ ਚੜ੍ਹੇ ਪੂਛਲ ਵਾਲੇ ਨੀਲੇ ਤਾਰੇ ਨੇ ਉਸ ਜੁਝਾਰੂ ਕੌਮ ਨੂੰ ਦਿਨੇ ਤਾਰੇ ਦਿਖਾ ਦਿੱਤੇ ਜਿਹੜੀ ਛਾਤੀ ਵਿਚ ਖਾਧੇ ਜ਼ਖ਼ਮਾਂ ਨੂੰ ਤਗ਼ਮਿਆਂ ਵਾਂਗ ਲੈਂਦੀ ਆਈ ਸੀ। ਵਿਦੇਸ਼ੀ ਧਾੜਵੀਆਂ ਨਾਲ ਲੋਹਾ ਲੈਣ ਵਾਲਿਆਂ ’ਤੇ ਜਦੋਂ ਆਪਣੀ ਹੀ ਫ਼ੌਜ ਧਾੜਵੀ ਬਣ ਕੇ ਚੜ੍ਹੀ ਤਾਂ ਸਮਾਂ ਬਿਟ-ਬਿਟ ਝਾਕ ਰਿਹਾ ਸੀ।

ਜੇਠ ਮਹੀਨੇ ਅੱਗ ਦਾ ਗੋਲਾ ਬਣਦੇ ਸੂਰਜ ਤੋਂ ਕਿਤੇ ਵੱਧ ਨੀਲੇ ਤਾਰੇ ਦੀ ਤਪਸ਼ ਸੀ। ਸੋਨ-ਸੁਨਹਿਰੀ ਕਲਸ਼ਾਂ/ਗੁੰਬਦਾਂ ਨੂੰ ਫੂੰਡ ਰਹੇ ਤੋਪਾਂ ਦੇ ਅਗਨ-ਗੋਲੇ ਕਹਿਰ ਢਾਹ ਰਹੇ ਸਨ। ਦਾਗੇ ਜਾ ਰਹੇ ਗੋਲਿਆਂ ਦੀ ਵਾਛੜ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪਰਿਸਰ ਦੀ ਟੈਂਕੀ ਵਿਚ ਮਘੋਰੇ ਕਰ ਦਿੱਤੇ ਤਾਂ ਦਰਿਆਈ ਪਾਣੀਆਂ ’ਚੋਂ ਬਣਦਾ ਹਿੱਸਾ ਲੈਣ ਲਈ ਲਗਾਏ ‘ਧਰਮ-ਯੁੱਧ’ ਮੋਰਚੇ ਦੇ ਮਰਜੀਵੜੇ ਵੀ ਬੂੰਦ-ਬੂੰਦ ਪਾਣੀ ਲਈ ਤੜਫ-ਤੜਫ ਕੇ ਮਰਦੇ ਵੇਖੇ ਗਏ।

ਇਹ ਉਹ ਦਿਨ ਸੀ ਜਦੋਂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਪੁਰਬ ਸੀ। ਇਸ ਗੁਰਪੁਰਬ ਦੇ ਅਵਸਰ ’ਤੇ ਸਿੱਖ ਕੌਮ ਥਾਂ-ਥਾਂ ’ਤੇ ਮਿੱਠੇ ਜਲ ਦੀਆਂ ਛਬੀਲਾਂ ਲਾਉਂਦੀ ਆ ਰਹੀ ਹੈ। ‘ਸਾਕਾ ਨੀਲਾ ਤਾਰਾ’ ਦਾ ਖਾਕਾ ਉਲੀਕਣ ਵਾਲਿਆਂ ਨੇ ਇਸ ਇਤਿਹਾਸਕ ਦਿਹਾੜੇ ਦੀ ਅਣਦੇਖੀ ਕੀਤੀ ਸੀ। ਹਾਕਮਾਂ ਨੂੰ ਇਹ ਖ਼ਿਆਲ ਨਾ ਆਇਆ ਕਿ ਇਸ ਮਹਾਨ ਪੁਰਬ ਦੇ ਅਵਸਰ ’ਤੇ ਭਾਰੀ ਸੰਗਤ ਜੁੜੀ ਹੋਵੇਗੀ ਜਿਸ ਦਾ ਮੋਰਚੇ ਨਾਲ ਦੂਰ ਦਾ ਵੀ ਵਾਹ-ਵਾਸਤਾ ਨਹੀਂ ਸੀ।

ਨੀਲੇ ਅੰਬਰ ’ਤੇ ਅਚਾਨਕ ਚੜ੍ਹ ?ਹਆ ਨੀਲਾ ਤਾਰਾ ਆਮ ਆਦਮੀ ਛੱਡੋ, ਜਲ-ਥਲ ਤੇ ਹਵਾਈ ਸੈਨਾ ਦੇ ਸੁਪਰੀਮ ਕਮਾਂਡਰ ਸਮਝੇ ਜਾਂਦੇ ਤਤਕਾਲੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਵੀ ਨਜ਼ਰ ਨਾ ਆਇਆ। ਸੰਵਿਧਾਨ ਦਾ ਇਹ ਸਭ ਤੋਂ ਵੱਡਾ ਚੀਰ-ਹਰਨ ਸੀ। ਫ਼ੌਜੀ ਐਕਸ਼ਨ ਦਾ ਮੂਲ ਮੰਤਵ ਉਸ ਖੜਗ ਦੀ ਧਾਰ ਨੂੰ ਖੁੰਢਾ ਕਰਨਾ ਸੀ ਜਿਹੜੀ ਵਾਜਬ ਮੰਗਾਂ ਨੂੰ ਲੈ ਕੇ ਮਿਆਨ ’ਚੋਂ ਬਾਹਰ ਆ ਜਾਂਦੀ ਸੀ। ਹਾਕਮ ਇਹ ਵੀ ਭੁੱਲ ਗਏ ਕਿ ਵਤਨ ਖ਼ਾਤਰ ਮਰ ਮਿਟਣ ਵਾਲੀ ਭਾਵਨਾ ਕਾਰਨ ਹੀ ਪੰਜਾਬ ਨੂੰ ਦੇਸ਼ ਦੀ ਖੜਗ-ਭੁਜਾ ਕਿਹਾ ਜਾਂਦਾ ਹੈ।

ਇਸ ਖੜਗ ਨੂੰ ਸਾਣ ’ਤੇ ਲਾ ਕੇ ਦੇਸ਼ ਦੇ ਦੁਸ਼ਮਣਾਂ ਖ਼ਿਲਾਫ਼ ਵਰਤਣ ਦੀ ਬਜਾਏ ਇਸ ਨੂੰ ਖੁੰਢਾ ਕਰਨਾ ਸ਼ਾਇਦ ਵਕਤੀ ਲਾਹਾ ਹੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਆਈ ਸੰਗਤ ਦੇ ਡੁੱਲ੍ਹੇ ਖ਼ੂਨ ਤੋਂ ਬਾਅਦ ਵਿਸ਼ਵ-ਪੱਧਰ ’ਤੇ ਬਹਿਸ ਦਾ ਦੌਰ ਸ਼ੁਰੂ ਹੋਇਆ। ਕੀ ਫ਼ੌਜੀ ਐਕਸ਼ਨ ਵਾਕਈ ਜ਼ਰੂਰੀ ਸੀ? ਚਾਰ ਸਾਲ ਬਾਅਦ ਹਥਿਆਰਬੰਦ ਕੱਟੜਪੰਥੀਆਂ ਨੂੰ ਗੋਲਡਨ ਟੈਂਪਲ ’ਚੋਂ ਬਾਹਰ ਕੱਢਣ ਲਈ ਕੀਤੇ ਗਏ ਆਪਰੇਸ਼ਨ ਬਲੈਕ ਥੰਡਰ (ਦੂਜਾ) ਨੇ ਇਹ ਸਾਬਿਤ ਕਰ ਦਿੱਤਾ ਕਿ ਸਾਕਾ ਨੀਲਾ ਤਾਰਾ ਵਰਗੇ ਫ਼ੌਜੀ ਐਕਸ਼ਨ ਦੀ ਕਤੱਈ ਜ਼ਰੂਰਤ ਨਹੀਂ ਸੀ। ਬਲੈਕ ਥੰਡਰ ਵਾਂਗ ਜੂਨ ਚੁਰਾਸੀ ਵਿਚ ਵੀ ਘੇਰਾਬੰਦੀ ਕਰ ਕੇ ਕੱਟੜਪੰਥੀਆਂ ਕੋਲੋਂ ਆਤਮ-ਸਮਰਪਣ ਕਰਵਾਇਆ ਜਾ ਸਕਦਾ ਸੀ।

ਮਈ 1988 ਵਿਚ ਕੀਤੇ ਗਏ ਬਲੈਕ ਥੰਡਰ ਦੀ ਰਿਹਰਸਲ ਅਰਾਵਲੀ ਹਿੱਲਜ਼ ਵਿਚ ਆਯੋਜਿਤ ਕੀਤੀ ਗਈ ਸੀ। ਗੋਲਡਨ ਟੈਂਪਲ ਦਾ ਮਾਡਲ ਰੱਖ ਕੇ ਨੈਸ਼ਨਲ ਸਕਿਊਰਿਟੀ ਗਾਰਡਜ਼ ਨੂੰ ਆਪਰੇਸ਼ਨ ਦੀਆਂ ਬਾਰੀਕੀਆਂ ਸਮਝਾਈਆਂ ਗਈਆਂ ਸਨ। ਇਸ ਤੋਂ ਬਾਅਦ ਹਰਿਆਣੇ ਦੇ ਇਕ ਕਾਲਜ ਵਿਚ ਸਪੈਸ਼ਲ ਐਕਸ਼ਨ ਗਰੁੱਪ ਦੇ ਕਮਾਂਡੋਆਂ ਨੂੰ ਟਰੇਨਿੰਗ ਦਿੱਤੀ ਗਈ। ਪਾਰਦਰਸ਼ਤਾ ਨੂੰ ਮੱਦੇਨਜ਼ਰ ਰੱਖਦਿਆਂ ਦੇਸ਼-ਵਿਦੇਸ਼ ਦੇ ਸੀਨੀਅਰ ਰਿਪੋਰਟਰਾਂ ਨੂੰ ਲਾਈਵ ਕਵਰੇਜ ਲਈ ਸੱਦਿਆ ਗਿਆ। ਚੰਦ ਦਿਨਾਂ ਦੀ ਘੇਰਾਬੰਦੀ ਨੇ ਹਰਿਮੰਦਰ ਸਾਹਿਬ ਵਿਚ ਸ਼ਰਨ ਲਈ ਬੈਠੇ ਕੱਟੜਪੰਥੀਆਂ ਨੂੰ ਹੱਥ ਖੜ੍ਹੇ ਕਰ ਕੇ ਬਾਹਰ ਆਉਂਦਿਆਂ ਦੁਨੀਆ ਨੇ ਸਾਕਸ਼ਾਤ ਦੇਖਿਆ। ਇਹੀ ਵਜ੍ਹਾ ਸੀ ਕਿ ਸਾਕਾ ਨੀਲਾ ਤਾਰਾ ਵਾਂਗ ਆਪਰੇਸ਼ਨ ਬਲੈਕ ਥੰਡਰ ਦਾ ਸਿੱਖ ਕੌਮ ਵੱਲੋਂ ਕੋਈ ਖ਼ਾਸ ਵਿਰੋਧ ਨਾ ਹੋਇਆ। ਸਾਕਾ ਨੀਲਾ ਤਾਰਾ ਲਈ ਸਮੇਂ ਦੀ ਇੰਦਰਾ ਗਾਂਧੀ ਸਰਕਾਰ ਨੂੰ ਮਾਫ਼ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸੇ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਤਤਕਾਲੀ ਸਿੰਘ ਸਾਹਿਬਾਨ ਵੀ ਕਟਹਿਰੇ ਵਿਚ ਖੜ੍ਹੇ ਦਿਖਾਈ ਦਿੰਦੇ ਹਨ ਜਿਨ੍ਹਾਂ ਨੇ ਆਪਣੀ ਬਣਦੀ ਭੂਮਿਕਾ ਨਹੀਂ ਨਿਭਾਈ। ਜੇ ਉਹ ਆਪਣਾ ਕਰਤੱਵ ਇਮਾਨਦਾਰੀ ਨਾਲ

**-ਵਰਿੰਦਰ ਸਿੰਘ ਵਾਲੀਆ**

ਨਿਭਾਉਂਦੇ ਤਾਂ ਹਾਲਾਤ ਨੂੰ ਵਿਸਫੋਟਕ ਬਣਨ ਤੋਂ ਰੋਕਿਆ ਜਾ ਸਕਦਾ ਸੀ। ਮੁਕੱਦਸ ਅਸਥਾਨਾਂ ਦੀ ਕਿਲ੍ਹੇਬੰਦੀ ਨਾ ਹੁੰਦੀ ਤਾਂ ਫ਼ੌਜ ਚਾੜ੍ਹਨ ਦਾ ਬਹਾਨਾ ਵੀ ਨਾ ਬਣਦਾ। ਖ਼ੈਰ, ਤੇਜ਼ਾਬੀ ਮਾਹੌਲ ਬਣਾਉਣ ਲਈ ਕੇਂਦਰ ਦੀਆਂ ਖ਼ੁਫ਼ੀਆ ਏਜੰਸੀਆਂ ਨੇ ਵੀ ਵੱਡਾ ਯੋਗਦਾਨ ਪਾਇਆ। ਜਨੂੰਨੀਆਂ ਦੇ ਜ਼ਹਿਰੀਲੇ ਫੁੰਕਾਰਿਆਂ ਵਿਚ ਵੀ ਏਜੰਸੀਆਂ ਦੀ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪੰਥ-ਪ੍ਰਸਤ ਆਲੇ-ਭੋਲੇ ਲੋਕਾਂ ਨੂੰ ਸਭ ਤੋਂ ਵੱਡਾ ਖ਼ਮਿਆਜ਼ਾ ਭੁਗਤਣਾ ਪਿਆ। ਲਹੂ-ਵੀਟਵੀਂ ਅਸਾਵੀਂ ਜੰਗ ਵਿਚ ਹੋਇਆ ਦੁਵੱਲਾ ਨੁਕਸਾਨ ਤਮਾਮ ਸਮਿਆਂ ਦੀ ਅਕਹਿ ਤੇ ਅਸਹਿ ਪੀੜਾ ਬਣ ਗਿਆ। ਇਸ ਸਾਕੇ ਦੀ ਚੀਸ ਕੌਮ ਦੀ ਚੇਤਨਾ ਵਿਚ ਪੱਕਾ ਘਰ ਬਣਾ ਬੈਠੀ। ਦੋਜ਼ਖ਼ ਭਰੇ ਦਿਨਾਂ ਦੀ ਯਾਦ ਸਦਾ ਸਤਾਉਂਦੀ ਰਹੇਗੀ। ਜਦੋਂ ਵੀ ਜੇਠ ਮਹੀਨਾ ਚੜ੍ਹੇਗਾ, ਸਮੁੱਚੀ ਕੌਮ ਨੂੰ ਇਸ ਸਾਕੇ ਦਾ ਸੇਕ ਅਵਾਜ਼ਾਰ ਕਰਦਾ ਰਹੇਗਾ। ਫ਼ੌਜੀ ਐਕਸ਼ਨ ਨੇ ਦਰਅਸਲ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਨੂੰ ਅਜਿਹੇ ਜ਼ਖ਼ਮ ਦਿੱਤੇ ਜੋ ਨਾਸੂਰ ਬਣ ਚੁੱਕੇ ਹਨ। ਇਸ ਸਾਕੇ ਨੂੰ ਤੀਜਾ ਘੱਲੂਘਾਰਾ ਕਿਹਾ ਗਿਆ। ਇਸ ਘੱਲੂਘਾਰੇ ਬਾਰੇ ਲਿਖਦਿਆਂ ਹਰ ਕਲਮ ਖ਼ੂਨ ਦੇ ਹੰਝੂ ਕੇਰਦੀ ਰਹੇਗੀ। ਪਿੰਡ-ਪਿੰਡ ਪੁੱਜੇ ਖ਼ੂਨ ਦੇ ਛਿੱਟੇ ਚੈਨ ਨਾਲ ਸੌਣ ਨਹੀਂ ਦਿੰਦੇ। ਸਮੇਂ ਦੀ ਕਾਂਗਰਸ ਸਰਕਾਰ ਨੇ ਭਾਵੇਂ ਤਵਾਰੀਖ਼ੀ ਗੁਨਾਹ ਕੀਤਾ ਸੀ ਪਰ ਇਸ ਦੇ ਨੇਤਾਵਾਂ ਨੇ ਹਮੇਸ਼ਾ ਘੁੰਡ ਕੱਢ ਕੇ ਹੀ ਮਾਫ਼ੀ ਮੰਗਣ ਦੀ ਕੋਸ਼ਿਸ਼ ਕੀਤੀ ਹੈ। ਜਿਨ੍ਹਾਂ ਨੇ ਹਥਿਆਰਬੰਦ ਜੰਗ ਲੜੀ, ਉਨ੍ਹਾਂ ਨੇ ਇਹ ਰਾਹ ਖ਼ੁਦ ਚੁਣਿਆ ਸੀ। ਪਰ ਨਿਰਦੋਸ਼ ਤੇ ਨਿਹੱਥੇ ਸ਼ਰਧਾਲੂਆਂ ਦੀ ਅਣਿਆਈ ਮੌਤ ਕਿਸ ਖਾਤੇ ਵਿਚ ਪਾਈ ਜਾਵੇ? ਉਹ ਤਾਂ ਆਪਣੇ ਪਹਿਲੇ ਸ਼ਹੀਦ ਗੁਰੂ ਨੂੰ ਨਤਮਸਤਕ ਹੋਣ ਗਏ ਸਨ ਜਿਨ੍ਹਾਂ ਨੇ ਆਪਣੇ ਗੁਰੂ-ਪਿਤਾ ਗੁਰੂ ਰਾਮ ਦਾਸ ਜੀ ਵੱਲੋਂ ਆਰੰਭੇ ਹਰਿਮੰਦਰ ਸਾਹਿਬ ਦੇ ਨਿਰਮਾਣ ਕਾਰਜਾਂ ਨੂੰ ਪੂਰਾ ਕੀਤਾ ਸੀ।

ਖੁੱਲ੍ਹੇ ਦਿਲ ਵਾਲੇ ਸਤਿਗੁਰੂ ਨੇ ਹਰਿਮੰਦਰ ਸਾਹਿਬ ਦੇ ਚਾਰੇ ਪ੍ਰਵੇਸ਼ ਦੁਆਰਾਂ ’ਤੇ ਦਰਵਾਜ਼ੇ ਨਹੀਂ ਸਨ ਲਗਵਾਏ ਤਾਂ ਜੋ ਚਾਰਾਂ ਵਰਣਾਂ ਦੇ ਲੋਕ ਬਿਨਾਂ ਕਿਸੇ ਭੇਦਭਾਵ ਦੇ ਉੱਥੇ ਆ-ਜਾ ਸਕਣ। ਗੁਰੂ ਜੀ ਨੇ ਸਮੇਂ ਦੀ ਹਕੂਮਤ ਨਾਲ ਸਿੱਧੀ ਟੱਕਰ ਲੈਂਦਿਆਂ ਲਾਸਾਨੀ ਕੁਰਬਾਨੀ ਦਿੱਤੀ। ਸੀਸ ਝੁਕਾਇਆ ਹੁੰਦਾ ਤਾਂ ਉਸ ’ਤੇ ਤੱਤੀ ਰੇਤ ਨਾ ਪੈਂਦੀ ਤੇ ਨਾ ਹੀ ਉਨ੍ਹਾਂ ਨੂੰ ਉਬਲਦੀ ਦੇਗ ਵਿਚ ਪਾਇਆ ਜਾਂਦਾ। ਗੁਰੂ ਸਾਹਿਬ ਨੇ ਸ਼ਾਂਤਮਈ ਰਹਿ ਕੇ ਜ਼ੁਲਮ-ਸਿਤਮ ਦਾ ਮੁਕਾਬਲਾ ਕੀਤਾ। ‘ਤੇਰਾ ਕੀਆ ਮੀਠਾ ਲਾਗੈ’ ਦੀ ਧੁਨੀ ਜਾਰੀ ਰੱਖਦਿਆਂ ਗੁਰੂ ਜੀ ਨੇ ਤੱਤੀ ਤਵੀ ’ਤੇ ਬੈਠ ਕੇ ਸੀਸ ’ਤੇ ਤੱਤੀ ਰੇਤਾ ਪਵਾ ਲਈ।


ਸ਼ਾਂਤੀ ਦੇ ਪੁੰਜ ਨੇ ਭਾਣਾ ਮੰਨ ਕੇ ਸ਼ਹਿਨਸ਼ਾਹ ਦਾ ਹੰਕਾਰ ਚਕਨਾਚੂਰ ਕਰ ਦਿੱਤਾ। ਭਾਣੇ ਨੂੰ ਮਿੱਠਾ ਕਰ ਕੇ ਮੰਨਣ ਵਾਲੇ ਗੁਰੂ ਦੀ ਸ਼ਹਾਦਤ ’ਚੋਂ ਹੀ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਦਾ ਜਨਮ ਹੋਇਆ ਸੀ। ਮੀਰੀ-ਪੀਰੀ ਦੇ ਸਿਧਾਂਤ ਨੇ ਹੀ ਧਰਮ-ਯੁੱਧ ਦਾ ਆਗ਼ਾਜ਼ ਕੀਤਾ ਸੀ। ਧਰਮ-ਯੁੱਧ ਦੀ ਅਸਲੋਂ ਨਵੀਂ ਪਰਿਭਾਸ਼ਾ ਨੇ ਜ਼ੁਲਮ ਖ਼ਿਲਾਫ਼ ਐਲਾਨ-ਏ-ਜੰਗ ਦਾ ਨਗਾਰਾ ਵਜਾਇਆ ਸੀ। ਸਪਸ਼ਟ ਸੀ ਕਿ ਜ਼ਾਲਮ ਦੇ ਹੱਥ ਆਈ ਤਲਵਾਰ ਦਾ ਮੁਕਾਬਲਾ ਮੀਰੀ-ਪੀਰੀ ਦੀਆਂ ਕਿਰਪਾਨਾਂ ਨੇ ਹੀ ਕੀਤਾ ਜੋ ਰਹਿੰਦੀ ਦੁਨੀਆ ਤੱਕ ਖੁੰਢੀਆਂ ਨਹੀਂ ਹੋ ਸਕਦੀਆਂ। ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਦਿਹਾੜੇ ’ਤੇ ਨੀਲਾ ਤਾਰਾ ਸਾਕੇ ਦਾ ਵਾਪਰਨਾ ਸਮੇਂ ਨੂੰ ਪੁੱਠਾ ਗੇੜਾ ਦੇਣ ਵਾਂਗ ਸੀ। ਇਸ ਸਾਕੇ ਨੇ ਤਵਾਰੀਖ਼ ਦੇ ਪੰਨੇ ਕਾਲਖ਼ ਨਾਲ ਪੋਤ ਦਿੱਤੇ। ਜ਼ਖ਼ਮਾਂ ਦੀ ਇਬਾਰਤ ਪੜ੍ਹਦਿਆਂ ਇਤਿਹਾਸ ਦੇ ਸਫ਼ਿਆਂ ’ਚੋਂ ਹਮੇਸ਼ਾ ਖ਼ੂਨ ਚੋਂਦਾ ਰਹੇਗਾ। ਕੌਮ ਨੂੰ ਭੱਠ ਵਿਚ ਝੋਕਣ ਵਾਲੇ ਤਥਾ-ਕਥਿਤ ਟਕਸਾਲੀਆਂ ਦਾ ਲੇਖਾ-ਜੋਖਾ ਵੀ ਆਖ਼ਰ ਜ਼ਰੂਰ ਹੋਵੇਗਾ। ਧੁਆਂਖਿਆ ਅਤੀਤ ਉਨ੍ਹਾਂ ਦੀਆਂ ਆਖ਼ਰੀ ਪੀੜ੍ਹੀਆਂ ਨੂੰ ਵੀ ਮਾਫ਼ ਨਹੀਂ ਕਰੇਗਾ। ਕਦੇ ਕਿਸੇ ਨਿਰਦੋਸ਼ ਦਾ ਖ਼ੂਨ ਅਜਾਈਂ ਨਾ ਡੁੱਲ੍ਹੇ, ਇਸ ਦੀ ਅਰਦਾਸ ਕਰਨੀ ਚਾਹੀਦੀ ਹੈ। ਫਿਰਕਿਆਂ ਵਿਚ ਪਾੜ ਪਾਉਣ ਵਾਲੀਆਂ ਸ਼ਕਤੀਆਂ ’ਤੇ ਬਾਜ਼ ਅੱਖ ਰੱਖਣੀ ਹੋਵੇਗੀ।

ਗੁਰਾਂ ਦੇ ਨਾਂ ’ਤੇ ਵਸਣ ਵਾਲੇ ਸੂਬੇ ਵਿਚ ਸਾਜ਼ਿਸ਼ਾਂ ਦਾ ਹੀਜ਼-ਪਿਆਜ਼ ਨੰਗਾ ਕਰਨ ਲਈ ਮੇਰ-ਤੇਰ ਦੀਆਂ ਵਲਗਣਾਂ ’ਚੋਂ ਬਾਹਰ ਆਉਣਾ ਹੋਵੇਗਾ। ਸਾਂਝੀਵਾਲਤਾ ਦੇ ਖਮੀਰ ਨੂੰ ਖੋਰਾ ਨਾ ਲੱਗੇ, ਇਸ ’ਤੇ ਵੀ ਠੀਕਰੀ ਪਹਿਰਾ ਦੇਣਾ ਹੋਵੇਗਾ। ਸਾਕਾ ਨੀਲਾ ਤਾਰਾ ਤੋਂ ਸਬਕ ਨਾ ਸਿੱਖਦਿਆਂ ਭਾਈਚਾਰੇ ਨੂੰ ਤਾਰ-ਤਾਰ ਕਰਨ ਲਈ ਗ਼ੈਰ-ਸਮਾਜੀ ਅਨਸਰ ਫਿਰ ਸਿਰ ਚੁੱਕ ਰਹੇ ਹਨ। ਫਨੀਅਰ ਨਾਗਾਂ ਦਾ ਸਿਰ ਕੁਚਲਣ ਲਈ ਸਾਰੇ ਭਾਈਚਾਰਿਆਂ ਨੂੰ ਸਾਂਝਾ ਹੰਭਲਾ ਮਾਰਨਾ ਹੋਵੇਗਾ।

## 2 ਜੂਨ 1984 ਨੂੰ ਦੇਸ਼ ਤੇ ਦੁਨੀਆ ਨਾਲੋਂ ਕੱਟ ਦਿੱਤਾ ਗਿਆ ਸੀ ਅੰਮ੍ਰਿਤਸਰ ਦਾ ਰਾਬਤਾ

ਦੁਨੀਆਂ ਭਰ ਵਿਚ ਜਿਥੇ-ਜਿਥੇ ਵੀ ਸਿੱਖ ਵਸਦਾ ਹੈ ਉਹ ਹਰ ਰੋਜ਼ ਆਪਣੀ ਅਰਦਾਸ ਵਿਚ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਦੀ ਦਾਤ ਅਕਾਲ ਪੁਰਖ ਤੋਂ ਮੰਗਦਾ ਹੈ। ਸ੍ਰੀ ਦਰਬਾਰ ਸਾਹਿਬ ਵਲ 1 ਜੂਨ ਦੀ ਹੋਈ ਗੋਲੀਬਾਰੀ ਤੋਂ ਬਾਅਦ ਅਗਲੀ ਸਵੇਰ ਭਾਵ 2 ਜੂਨ ਨੂੰ ਸ਼ਹਿਰ ਦੇ ਸਿੱਖ ਅਤੇ ਦੂਰ ਦੁਰਾਡਿਓਂ ਸਿੱਖ ਸੰਗਤਾਂ ਵਹੀਰਾਂ ਘੱਤ ਕੇ ਸ੍ਰੀ ਦਰਬਾਰ ਸਾਹਿਬ ਵੱਲ ਤੁਰ ਪਈਆਂ। ਖ਼ਬਰ ਜੰਗਲ ਦੀ ਅੱਗ ਦੀ ਤਰ੍ਹਾਂ ਫੈਲ ਗਈ ਕਿ ਸ੍ਰੀ ਦਰਬਾਰ ਸਾਹਿਬ ਵਲ ਸੀਆਰਪੀਐਫ ਨੇ ਗੋਲੀ ਚਲਾਈ ਹੈ। ਅੰਮ੍ਰਿਤਸਰ ਦੀ ਕੋਈ ਵੀ ਖ਼ਬਰ ਅਖ਼ਬਾਰਾਂ ਵਿਚ ਲਗਾਉਣ ਤੋਂ ਮਨਾਹੀ ਸੀ। ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਜਿਥੇ-ਜਿਥੇ ਸੀਆਰਪੀਐਫ ਦੀਆਂ ਚਲਾਈਆਂ ਗੋਲੀਆਂ ਲੱਗੀਆਂ ਸਨ, ਦੇ ਦੁਆਲੇ ਸੰਤ ਜਰਨੈਲ ਸਿੰਘ ਖ਼ਾਲਸਾ ਦੇ ਨਾਲ ਰਹਿੰਦੇ ਸਿੰਘਾਂ ਨੇ ਨਿਸ਼ਾਨ ਬਣਾ ਦਿਤੇ। ਸਰਕਾਰ ਨੇ ਆਪਣੀ ਚਾਲ ਦਾ ਅਗਲਾ ਪਾਸਾ ਚੱਲਣ ਦੀ ਤਿਆਰੀ ਵਿੱਢਣੀ ਸ਼ੁਰੂ ਕਰ ਦਿਤੀ। ਇਸ ਗੋਲੀਬਾਰੀ ਤੋਂ ਬਾਅਦ ਸ਼ ?ਰੋਮਣੀ ਕਮੇਟੀ ਪ੍ਰਧਾਨ ਸ੍ਰ ਗੁਰਚਰਨ ਸਿੰਘ ਟੌਹੜਾ 2 ਜੂਨ ਨੂੰ ਸ੍ਰੀ ਦਰਬਾਰ ਸਾਹਿਬ ਆਣ ਪੁੱਜੇ।

ਉਨ੍ਹਾਂ ਆਉਂਦੇ ਸਾਰ ਹੀ ਆਪਣੇ ਨਿਜੀ ਸਹਾਇਕ ਅਵਿਨਾਸ਼ੀ ਸਿੰਘ ਤੇ ਸ਼ ?ਰੋਮਣੀ ਕਮੇਟੀ ਦੇ ਸਕੱਤਰ ਸਰਦਾਰ ਭਾਨ ਸਿੰਘ ਰਾਹੀ. ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਇਕ ਪੱਤਰ ਲਿਖ ਕੇ ਸੀਆਰਪੀਐਫ ਦੁਆਰਾ ਬਿਨਾਂ ਕਿਸੇ ਭੜਕਾਹਟ ਦੇ ਚਲਾਈ ਗੋਲੀ ਤੇ ਗੰਭੀਰ ਅਤੇ ਸਖ਼ਤ ਸ਼ਬਦਾਂ ਵਿਚ ਇਤਰਾਜ਼ ਕੀਤਾ। ਸ੍ਰੀ ਦਰਬਾਰ ਸਾਹਿਬ ਤੇ ਹੋਈ ਗੋਲੀਬਾਰੀ ਦਾ ਸਿੱਖਾਂ ਦੇ ਮਨਾਂ ਵਿਚ ਰੋਸ ਸੀ।



ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਵੀ ਆਪਣਾ ਰੋਸ ਜਿਤਾਉਂਣ ਦਾ ਫੈਸਲਾ ਲਿਆ। ਉਧਰ ਦਿਲੀ ਵਿਚ ਸ੍ਰੀ ਦਰਬਾਰ ਸਾਹਿਬ ਦੇ ਹਮਲੇ ਦੀਆਂ ਤਿਆਰੀਆਂ ਨੂੰ ਆਖ਼ਰੀ ਛੋਹਾਂ ਦਿਤੀਆਂ ਜਾ ਰਹੀਆ ਸਨ। ਸ਼ਾਮ ਤਕ ਕੁੱਝ ਫ਼ੌਜੀ ਅਧਿਕਾਰੀ ਸਾਦੇ ਕੱਪੜਿਆਂ ਵਿਚ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦਾ ਮੁਆਇਨਾ ਕਰ ਗਏ ਸਨ। ਇਨ੍ਹਾਂ ਫ਼ੌਜੀ ਅਧਿਕਾਰੀਆਂ ਦਾ ਸ੍ਰੀ ਦਰਬਾਰ ਸਾਹਿਬ ਦਾ ਮੁਆਇਨਾ ਕਰਨ ਦਾ ਮਕਸਦ ਜਰਨਲ ਸੁਬੇਗ ਸਿੰਘ ਦੀ ਜੰਗੀ ਤਿਆਰੀ ਦਾ ਜਾਇਜ਼ਾ ਲੈਣਾ ਸੀ।

ਜਰਨਲ ਸੁਬੇਗ ਸਿੰਘ ਨੇ ਫ਼ੌਜੀ ਰਣਨੀਤੀ ਦਾ ਮੁਜ਼ਾਹਿਰਾ ਕਰਦਿਆਂ ਸ੍ਰੀ ਦਰਬਾਰ ਸਾਹਿਬ ਦਾ ਜਾਇਜ਼ਾ ਲੈਣ ਆਏ ਫ਼ੌਜੀ ਅਧਿਕਾਰੀਆਂ ਨੂੰ ਅਸਲ ਸਥਿਤੀ ਤੋਂ ਜਾਣੂ ਹੋਣ ਹੀ ਨਹੀਂ ਦਿਤਾ। ਉਸ ਸਮੇਂ ਚਲਦੇ ਸਰਕਾਰੀ ਰੇਡੀਓ ਅਕਾਸ਼ਵਾਣੀ ਤੇ ਟੈਲੀਵਿਜ਼ਨ ਦੂਰਦਰਸ਼ਨ ਤੇ ਰਾਤ 8-30 ਵਜੇ ਅਚਾਨਕ ਇੰਦਰਾ ਗਾਂਧੀ ਨੇ ਆਪਣਾ ਭਾਸ਼ਣ ਸ਼ੁਰੂ ਕਰ ਦਿਤਾ। ਇਹ ਭਾਸ਼ਣ ਪਹਿਲਾਂ ਤੋਂ ਤੈਅ ਨਹੀਂ ਸੀ। ਦੂਰਦਰਸ਼ਨ ’ਤੇ ਆਪਣੇ ਭਾਸ਼ਣ ਵਿਚ ਇੰਦਰਾ ਗਾਂਧੀ ਦੀ ਅਵਾਜ਼ ਵਿਚ ਉਹ ਗਰਜ ਨਹੀਂ ਸੀ ਜੋ ਪਹਿਲਾਂ ਬੋਲਦਿਆਂ ਸਮੇਂ ਹੁੰਦੀ ਸੀ। ਚਿਹਰੇ ਦੇ ਹਾਵ ਭਾਵ ਦੱਸ ਰਹੇ ਸਨ ਕਿ ਪ੍ਰਧਾਨ ਮੰਤਰੀ ਘਬਰਾਹਟ ਵਿਚ ਹੈ। ਕੋਈ ਅਣਹੋਣੀ ਵਾਪਰ ਸਕਦੀ ਹੈ। ਆਪਣੇ ਕਰੀਬ 40 ਮਿੰਟ ਦੇ ਭਾਸ਼ਣ ਦੇ ਅਖੀਰ ਵਿਚ ਇੰਦਰਾ ਗਾਂਧੀ ਨੇ ਅਕਾਲੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ’ਆਓ ਰਲ ਕੇ ਜ਼ਖ਼ਮਾਂ ’ਤੇ ਮੱਲ੍ਹਮ ਲਗਾਈਏ, ਲਹੂ ਨਾ ਵਹਾਓ ਨਫ਼ਰਤ ਨੂੰ ਮੁਕਾਓ। ਇਸ ਭਾਸ਼ਣ ਦੇ ਤੁੰਰਤ ਬਾਅਦ ਅੰਮ੍ਰਿਤਸਰ ਸ਼ਹਿਰ ਦਾ ਬਾਕੀ ਦੇਸ਼ ਨਾਲੋਂ ਸੰਪਰਕ ਟੁੱਟ ਗਿਆ। ਟੈਲੀਫੂਨ ਦੀਆਂ ਲਾਈਨਾਂ ਕਟ ਦਿੱਤੀਆਂ ਗਈਆਂ।

ਸ਼ਹਿਰ ਵਾਸੀ ਅਜੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਭਾਸ਼ਣ ਦੇ ਮਤਲਬ ਕੱਢ ਹੀ ਰਹੇ ਸਨ ਕਿ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਤੇ ਨੇੜਲੇ ਇਲਾਕੇ ਭਾਵ ਸ਼ਹਿਰ ਦੇ ਅੰਦਰੂਨੀ ਭਾਗ ਖ਼ਾਸ ਕਰ ਸ੍ਰੀ ਦਰਬਾਰ ਸਾਹਿਬ ਚੌਕ, ਮੁਨਿਆਰਾ ਬਜ਼ਾਰ, ਮਾਈ ਸੇਵਾ ਬਾਜ਼ਾਰ, ਘੰਟਾਘਰ ਚੌਕ, ਸਰਾਂ ਗੁਰੂ ਰਾਮਦਾਸ, ਪ੍ਰਾਗਦਾਸ ਚੌਕ, ਬਾਬਾ ਸਾਹਿਬ ਚੌਕ ਨੂੰ ਫ਼ੌਜ ਨੇ ਘੇਰੇ ਵਿਚ ਲੈ ਲਿਆ। ਸ਼ਹਿਰ ਵਿਚ ਪਸਰੀ ਚੁਪ ਕਾਰਨ ਫ਼ੌਜੀ ਬੂਟਾਂ ਦੀ ਦਗੜ-ਦਗੜ ਸਾਫ਼ ਤੇ ਦੂਰ-ਦੂਰ ਤਕ ਸੁਣਾਈ ਦੇ ਰਹੀ ਸੀ।

ਫ਼ੌਜੀ ਗੱਡੀਆਂ ਦੀ ਆਵਾਜ਼ ਸ਼ਹਿਰ ਦੀ ਸ਼ਾਂਤੀ ਨੂੰ ਲਾਂਬੂ ਲਾਉਣ ਲਈ ਤਿਆਰ ਸੀ। ਚੀਨੀ ਦਾਰਸ਼ਨਿਕ ਲਾਉਂਡਸੇ ਦੇ ਬੋਲ ਇਥੇ ਪੂਰੀ ਤਰ੍ਹਾਂ ਨਾਲ ਢੁਕਦੇ ਹਨ ਕਿ ਜਿੱਥੋਂ ਫ਼ੌਜਾਂ ਲੰਘਦੀਆਂ ਹਨ, ਉਥੇ ਰਸਤੇ ਬਣਦੇ ਹਨ। ਜਿੱਥੇ ਫ਼ੌਜਾਂ ਰੁਕਦੀਆਂ ਹਨ ਉਥੇ ਕੰਡਿਆਂ ਦੇ ਜੰਗਲ ਪੈਦਾ ਹੁੰਦੇ ਹਨ। ਅੰਮ੍ਰਿਤਸਰ ਵਿਚ ਫ਼ੌਜਾਂ ਰੁਕ ਚੁੱਕੀਆਂ ਸਨ ਤੇ ਮਨੁੱਖਤਾ ਦੇ ਘਰ ਜਿੱਥੋਂ ਹਮੇਸ਼ਾਂ ਹੀ ਸਰਬਤ ਦੇ ਭਲੇ ਦੀ ਅਰਦਾਸ ਗੂੰਜਦੀ ਹੈ, ਨੂੰ ਕੰਡਿਆਂ ਦੇ ਜੰਗਲ ਵਿਚ ਤਬਦੀਲ ਕਰਨ ਲਈ ਇਕ ਇਸ਼ਰੇ ਦੀ ਉਡੀਕ ਜਾਰੀ ਸੀ।

# ਗੁਜਰਾਤ ਟਾਈਟਨਸ ਨੂੰ ਹਰਾ ਕੇ RCB ਦੂਜੀ ਵਾਰੀ ਬਣੀ IPL ਚੈਂਪੀਅਨ





ਅਹਿਮਦਾਬਾਦ : ਆਈ.ਪੀ.ਐੱਲ. (IPL 2026) ਦੇ ਇਤਿਹਾਸ ਦਾ ਸਭ ਤੋਂ ਵੱਡਾ ਉਲਟਫੇਰ ਅਤੇ ਸਭ ਤੋਂ ਯਾਦਗਾਰੀ ਪਲ ਸਾਹਮਣੇ ਆਇਆ ਹੈ। ਕਰੋੜਾਂ ਕ੍ਰਿਕਟ ਪ੍ਰਸ਼ੰਸਕਾਂ ਦਾ ਸਾਲਾਂ ਪੁਰਾਣਾ ਇੰਤਜ਼ਾਰ ਖ਼ਤਮ ਕਰਦਿਆਂ ਰੌਇਲ ਚੈਲੰਜਰਜ਼ ਬੈਂਗਲੁਰੂ (RCB) ਨੇ ਗੁਜਰਾਤ ਟਾਈਟਨਸ (GT) ਨੂੰ ਉਨ੍ਹਾਂ ਦੇ ਹੀ ਘਰ ਵਿੱਚ ਮਾਤ ਦੇ ਕੇ ਇੰਡੀਅਨ ਪ੍ਰੀਮੀਅਰ ਲੀਗ 2026 ਦਾ ਖ਼ਿਤਾਬ ਆਪਣੇ ਨਾਮ ਕਰ ਲਿਆ ਹੈ।

ਐਤਵਾਰ ਰਾਤ ਅਹਿਮਦਾਬਾਦ ਦੇ ਵਿਸ਼ਾਲ ਨਰਿੰਦਰ ਮੋਦੀ ਸਟੇਡੀਅਮ ਵਿੱਚ ਖੇਡੇ ਗਏ ਇਸ ਮਹਾਂ-ਮੁਕਾਬਲੇ ਵਿੱਚ ਜਿਵੇਂ ਹੀ ਆਰ.ਸੀ.ਬੀ. ਨੇ ਜਿੱਤ ਦੀ ਆਖ਼ਰੀ ਗੇਂਦ ਸੁੱਟੀ, ਪੂਰੀ ਟੀਮ ਅਤੇ ਸਟੇਡੀਅਮ ਵਿੱਚ ਮੌਜੂਦ ਹਜ਼ਾਰਾਂ ਪ੍ਰਸ਼ੰਸਕ ਜਸ਼ਨ ਵਿੱਚ ਡੁੱਬ ਗਏ।

ਮੈਦਾਨ 'ਤੇ ਦਿਖਿਆ ਜਸ਼ਨ ਅਤੇ ਭਾਵੁਕ ਪਲ

ਮੈਚ ਖ਼ਤਮ ਹੁੰਦੇ ਹੀ ਰੌਇਲ ਚੈਲੰਜਰਜ਼ ਬੈਂਗਲੁਰੂ ਦੇ ਖਿਡਾਰੀ ਮੈਦਾਨ ਦੇ ਵਿਚਕਾਰ ਇੱਕ-ਦੂਜੇ ਨੂੰ ਜੱਫੀ ਪਾ ਕੇ ਖ਼ੁਸ਼ੀ ਨਾਲ ਝੂਮ ਉੱਠੇ। ਪਿਛਲੇ 19 ਸਾਲਾਂ ਤੋਂ ਜਿਸ ਟਰਾਫੀ ਦੀ ਭਾਲ ਆਰ.ਸੀ.ਬੀ. ਨੂੰ ਸੀ, ਉਸ ਨੂੰ ਹਾਸਲ ਕਰਨ ਦਾ ਸਕੂਨ ਖਿਡਾਰੀਆਂ ਦੇ ਚਿਹਰਿਆਂ ਅਤੇ ਉਨ੍ਹਾਂ ਦੀਆਂ ਅੱਖਾਂ ਵਿੱਚ ਸਾਫ਼ ਦਿਖਾਈ ਦੇ ਰਿਹਾ ਸੀ।

ਖਿਡਾਰੀਆਂ ਦੀ ਇਤਿਹਾਸਕ ਪਰਫਾਰਮੈਂਸ: ਗੁਜਰਾਤ ਟਾਈਟਨਸ ਵਰਗੀ ਮਜ਼ਬੂਤ ਟੀਮ ਵਿਰੁੱਧ ਫਾਈਨਲ ਦੇ ਦਬਾਅ ਵਾਲੇ ਮੈਚ ਵਿੱਚ ਆਰ.ਸੀ.ਬੀ. ਦੇ ਬੱਲੇਬਾਜ਼ਾਂ ਅਤੇ ਗੇਂਦਬਾਜ਼ਾਂ ਨੇ ਕਮਾਲ ਦਾ ਪ੍ਰਦਰਸ਼ਨ ਕੀਤਾ ਅਤੇ ਮੈਚ ਨੂੰ ਪੂਰੀ ਤਰ੍ਹਾਂ ਇੱਕਤਰਫ਼ਾ ਬਣਾ ਦਿੱਤਾ।

ਸਟੇਡੀਅਮ ਬਣਿਆ ਆਰ.ਸੀ.ਬੀ. ਦੇ ਰੰਗ ਵਿੱਚ ਰੰਗੀਨ: ਭਾਵੇਂ ਇਹ ਮੈਚ ਗੁਜਰਾਤ ਦੇ ਘਰੇਲੂ ਮੈਦਾਨ 'ਤੇ ਸੀ, ਪਰ ਆਰ.ਸੀ.ਬੀ. ਦੇ ਪ੍ਰਸ਼ੰਸਕਾਂ ਦੀ ਦੀਵਾਨਗੀ ਨੇ ਪੂਰੇ ਨਰਿੰਦਰ ਮੋਦੀ ਸਟੇਡੀਅਮ ਨੂੰ ਲਾਲ ਅਤੇ ਸੁਨਹਿਰੀ ਰੰਗ ਵਿੱਚ ਬਦਲ ਦਿੱਤਾ।

ਸੋਸ਼ਲ ਮੀਡੀਆ 'ਤੇ ਆਇਆ ਹੜ੍ਹ: 'Ee Sala Cup Namde' ਹੋਇਆ ਸੱਚ

ਆਰ.ਸੀ.ਬੀ. ਦੀ ਇਸ ਖ਼ਿਤਾਬੀ ਜਿੱਤ ਦੇ ਨਾਲ ਹੀ ਦੁਨੀਆ ਭਰ ਵਿੱਚ ਮੌਜੂਦ ਉਨ੍ਹਾਂ ਦੇ ਪ੍ਰਸ਼ੰਸਕਾਂ ਦਾ ਚਿਰਾਂ ਪੁਰਾਣਾ ਨਾਅਰਾ "Ee Sala Cup Namde" (ਇਸ ਵਾਰ ਕੱਪ ਸਾਡਾ ਹੈ) ਆਖ਼ਰਕਾਰ ਹਕੀਕਤ ਵਿੱਚ ਬਦਲ ਗਿਆ। ਟੀਮ ਦੇ ਖਿਡਾਰੀਆਂ ਨੇ ਟਰਾਫੀ ਨਾਲ ਪੂਰੇ ਸਟੇਡੀਅਮ ਦਾ ਚੱਕਰ ਲਗਾਇਆ ਅਤੇ ਇਸ ਇਤਿਹਾਸਕ ਸਫ਼ਰ ਵਿੱਚ ਹਮੇਸ਼ਾ ਸਾਥ ਦੇਣ ਲਈ ਪ੍ਰਸ਼ੰਸਕਾਂ ਦਾ ਧੰਨਵਾਦ ਕੀਤਾ।

ਕ੍ਰਿਕਟ ਜਗਤ ਦਾ ਮੰਨਣਾ ਹੈ: ਆਈ.ਪੀ.ਐੱਲ. 2026 ਦਾ ਇਹ ਫਾਈਨਲ ਮੁਕਾਬਲਾ ਖੇਡ ਇਤਿਹਾਸ ਦੇ ਪੰਨਿਆਂ ਵਿੱਚ ਸੁਨਹਿਰੀ ਅੱਖਰਾਂ ਵਿੱਚ ਦਰਜ ਹੋ ਗਿਆ ਹੈ। ਬੈਂਗਲੁਰੂ ਦੀ ਇਹ ਜਿੱਤ ਸਿਰਫ਼ ਇੱਕ ਟਰਾਫੀ ਨਹੀਂ, ਬਲਕਿ ਉਨ੍ਹਾਂ ਦੇ ਕਰੋੜਾਂ ਪ੍ਰਸ਼ੰਸਕਾਂ ਦੀ ਵਫ਼ਾਦਾਰੀ ਅਤੇ ਖਿਡਾਰੀਆਂ ਦੇ ਕਦੇ ਨਾ ਹਾਰ ਮੰਨਣ ਵਾਲੇ ਜਜ਼ਬੇ ਦੀ ਜਿੱਤ ਹੈ।









ਅਹਿਮਦਾਬਾਦ : ਕ੍ਰਿਕਟ ਜਗਤ ਅਤੇ ਕਰੋੜਾਂ ਭਾਰਤੀ ਪ੍ਰਸ਼ੰਸਕਾਂ ਲਈ ਸਦੀ ਦਾ ਸਭ ਤੋਂ ਵੱਡਾ ਅਤੇ ਇਤਿਹਾਸਕ ਪਲ ਸਾਹਮਣੇ ਆਇਆ ਹੈ। ਆਖ਼ਰਕਾਰ ਉਹ ਸੁਪਨਾ ਸੱਚ ਹੋ ਗਿਆ ਹੈ ਜਿਸ ਦਾ ਇੰਤਜ਼ਾਰ ਪਿਛਲੇ ਦੋ ਦਹਾਕਿਆਂ ਤੋਂ ਕੀਤਾ ਜਾ ਰਿਹਾ ਸੀ। ਰੌਇਲ ਚੈਲੰਜਰਜ਼ ਬੈਂਗਲੁਰੂ (RCB) ਨੇ ਗੁਜਰਾਤ ਟਾਈਟਨਸ (GT) ਨੂੰ ਹਰਾ ਕੇ ਇੰਡੀਅਨ ਪ੍ਰੀਮੀਅਰ ਲੀਗ (IPL 2026) ਦਾ ਖ਼ਿਤਾਬ ਆਪਣੇ ਨਾਮ ਕਰ ਲਿਆ ਹੈ।

ਅਹਿਮਦਾਬਾਦ ਦੇ ਵਿਸ਼ਾਲ ਨਰਿੰਦਰ ਮੋਦੀ ਸਟੇਡੀਅਮ ਵਿੱਚ ਐਤਵਾਰ ਰਾਤ ਖੇਡੇ ਗਏ ਇਸ ਮਹਾਂ-ਮੁਕਾਬਲੇ ਵਿੱਚ ਆਰ.ਸੀ.ਬੀ. ਨੇ ਜਿੱਤ ਦਰਜ ਕਰਕੇ ਇਤਿਹਾਸ ਰਚ ਦਿੱਤਾ।

ਵਿਰਾਟ ਕੋਹਲੀ ਦਾ 'ਕਿੰਗ' ਅੰਦਾਜ਼: ਅਨੁਸ਼ਕਾ ਸ਼ਰਮਾ ਨਾਲ ਮਨਾਇਆ ਜਸ਼ਨ

ਜੀਤ ਤੋਂ ਬਾਅਦ ਸਟੇਡੀਅਮ ਦਾ ਮਾਹੌਲ ਪੂਰੀ ਤਰ੍ਹਾਂ ਭਾਵੁਕ ਅਤੇ ਉਤਸ਼ਾਹ ਨਾਲ ਭਰਪੂਰ ਹੋ ਗਿਆ। ਆਰ.ਸੀ.ਬੀ. ਦੇ ਮਹਾਨ ਬੱਲੇਬਾਜ਼ ਅਤੇ ਸਾਬਕਾ ਕਪਤਾਨ ਵਿਰਾਟ ਕੋਹਲੀ ਨੇ ਹੱਥ ਵਿੱਚ ਚਮਕਦੀ ਹੋਈ ਆਈ.ਪੀ.ਐੱਲ. ਟਰਾਫੀ ਫੜ ਕੇ ਆਪਣੀ ਪਤਨੀ ਅਤੇ ਬਾਲੀਵੁੱਡ ਅਦਾਕਾਰਾ ਅਨੁਸ਼ਕਾ ਸ਼ਰਮਾ ਅਤੇ ਟੀਮ ਦੇ ਹੋਰ ਮੈਂਬਰਾਂ ਨਾਲ ਇਸ ਇਤਿਹਾਸਕ ਪਲ ਦੀਆਂ ਖ਼ੂਬਸੂਰਤ ਤਸਵੀਰਾਂ ਖਿਚਵਾਈਆਂ।



ਪਿਛਲੇ ਕਈ ਸਾਲਾਂ ਦੀ ਸਖ਼ਤ ਮਿਹਨਤ ਅਤੇ ਪ੍ਰਸ਼ੰਸਕਾਂ ਦੇ ਲਗਾਤਾਰ ਸਮਰਥਨ ਤੋਂ ਬਾਅਦ ਮਿਲੀ ਇਸ ਖ਼ਿਤਾਬੀ ਜਿੱਤ ਦੇ ਜਸ਼ਨ ਦੌਰਾਨ ਵਿਰਾਟ ਕੋਹਲੀ ਦੇ ਚਿਹਰੇ 'ਤੇ ਸਕੂਨ ਅਤੇ ਖ਼ੁਸ਼ੀ ਸਾਫ਼ ਦੇਖੀ ਜਾ ਸਕਦੀ ਸੀ।


**ਨਰਿੰਦਰ ਮੋਦੀ ਸਟੇਡੀਅਮ ਬਣਿਆ ਇਤਿਹਾਸਕ ਜਿੱਤ ਦਾ ਗਵਾਹ**

ਗੁਜਰਾਤ ਟਾਈਟਨਸ ਵਿਰੁੱਧ ਉਨ੍ਹਾਂ ਦੇ ਹੀ ਘਰੇਲੂ ਮੈਦਾਨ 'ਤੇ ਖੇਡਣਾ ਆਰ.ਸੀ.ਬੀ. ਲਈ ਇੱਕ ਵੱਡੀ ਚੁਣੌਤੀ ਸੀ, ਪਰ ਬੈਂਗਲੁਰੂ ਦੇ ਖਿਡਾਰੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਜੀ.ਟੀ. ਨੂੰ ਹਰ ਫਰੰਟ 'ਤੇ ਮਾਤ ਦਿੱਤੀ।

ਕਰੋੜਾਂ ਫੈਨਜ਼ ਦਾ ਇੰਤਜ਼ਾਰ ਖ਼ਤਮ: ਆਰ.ਸੀ.ਬੀ. ਦੀ ਇਸ ਜਿੱਤ ਨਾਲ ਸੋਸ਼ਲ ਮੀਡੀਆ ਤੋਂ ਲੈ ਕੇ ਦੇਸ਼ ਦੇ ਕੋਨੇ-ਕੋਨੇ ਵਿੱਚ 'Ee Sala Cup Namde' (ਇਸ ਵਾਰ ਕੱਪ ਸਾਡਾ ਹੈ) ਦਾ ਨਾਅਰਾ ਹਕੀਕਤ ਵਿੱਚ ਬਦਲ ਗਿਆ।

ਯਾਦਗਾਰੀ ਪਲ: ਮੈਚ ਖ਼ਤਮ ਹੋਣ ਤੋਂ ਬਾਅਦ ਪੂਰੀ ਟੀਮ ਨੇ ਮੈਦਾਨ ਦੇ ਚੱਕਰ ਲਗਾਏ ਅਤੇ ਸਟੇਡੀਅਮ ਵਿੱਚ ਮੌਜੂਦ ਲੱਖਾਂ ਦਰਸ਼ਕਾਂ ਦਾ ਧੰਨਵਾਦ ਕੀਤਾ।

ਕ੍ਰਿਕਟ ਮਾਹਰਾਂ ਮੁਤਾਬਕ: ਆਈ.ਪੀ.ਐੱਲ. 2026 ਦਾ ਇਹ ਫਾਈਨਲ ਇਤਿਹਾਸ ਦੇ ਸਭ ਤੋਂ ਰੋਮਾਂਚਕ ਅਤੇ ਭਾਵੁਕ ਮੁਕਾਬਲਿਆਂ ਵਿੱਚੋਂ ਇੱਕ ਵਜੋਂ ਯਾਦ ਰੱਖਿਆ ਜਾਵੇਗਾ। ਵਿਰਾਟ ਕੋਹਲੀ ਅਤੇ ਆਰ.ਸੀ.ਬੀ. ਦੇ ਨਾਮ ਆਈ.ਪੀ.ਐੱਲ. ਟਰਾਫੀ ਦਾ ਜੁੜਨਾ ਕ੍ਰਿਕਟ ਇਤਿਹਾਸ ਦਾ ਸਭ ਤੋਂ ਖ਼ਾਸ ਅਧਿਆਇ ਹੈ।







# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵੈਨੇਜ਼ੁਏਲਾ ਕਾਰਜਕਾਰੀ ਰਾਸ਼ਟਰਪਤੀ ਡੇਲਸੀ ਰੌਡਰਿਗਜ਼ 'ਚ ਦੁਵੱਲੇ ਸਬੰਧਾਂ ਪ੍ਰਤੀ ਹੋਈ ਗੱਲਬਾਤ





ਨਵੀਂ ਦਿੱਲੀ : ਭਾਰਤ ਅਤੇ ਵੈਨੇਜ਼ੁਏਲਾ ਦੇ ਦੁਵੱਲੇ ਸਬੰਧਾਂ ਵਿੱਚ ਅੱਜ ਉਸ ਵੇਲੇ ਇੱਕ ਨਵਾਂ ਅਤੇ ਇਤਿਹਾਸਕ ਅਧਿਆਇ ਜੁੜ ਗਿਆ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵੈਨੇਜ਼ੁਏਲਾ (Bolivarian Republic of Venezuela) ਦੀ ਕਾਰਜਕਾਰੀ ਰਾਸ਼ਟਰਪਤੀ ਡੇਲਸੀ ਰੌਡਰਿਗਜ਼ (Delcy Rodríguez) ਦਰਮਿਆਨ ਨਵੀਂ ਦਿੱਲੀ ਵਿਖੇ ਇੱਕ ਉੱਚ-ਪੱਧਰੀ ਦੁਵੱਲੀ ਬੈਠਕ ਹੋਈ।

ਦੋਵਾਂ ਆਗੂਆਂ ਵਿਚਕਾਰ ਇਹ ਅਹਿਮ ਮੁਲਾਕਾਤ ਵੀਰਵਾਰ ਨੂੰ ਰਾਜਧਾਨੀ ਦੇ ਵੱਕਾਰੀ ਹੈਦਰਾਬਾਦ ਹਾਊਸ (Hyderabad House) ਵਿਖੇ ਹੋਈ, ਜਿੱਥੇ ਕਈ ਮਹੱਤਵਪੂਰਨ ਵਿਸ਼ਿਆਂ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ।

ਬੈਠਕ ਦੇ ਮੁੱਖ ਅੰਸ਼ ਅਤੇ ਰਣਨੀਤਿਕ ਮਾਇਨੇ ਇਸ ਉੱਚ-ਪੱਧਰੀ ਮੁਲਾਕਾਤ ਦੌਰਾਨ ਦੋਵਾਂ ਦੇਸ਼ਾਂ ਦੇ ਆਗੂਆਂ ਨੇ ਆਪਸੀ ਹਿੱਤਾਂ, ਆਰਥਿਕ ਸਹਿਯੋਗ ਅਤੇ ਕੌਮਾਂਤਰੀ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ।

**ਊਰਜਾ ਅਤੇ ਵਪਾਰਕ ਸਬੰਧਾਂ 'ਤੇ ਜ਼ੋਰ:** ਵੈਨੇਜ਼ੁਏਲਾ ਦੁਨੀਆ ਦੇ ਸਭ ਤੋਂ ਵੱਡੇ ਕੱਚੇ ਤੇਲ ਦੇ ਭੰਡਾਰਾਂ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਇਸ ਬੈਠਕ ਦੌਰਾਨ ਭਾਰਤ ਅਤੇ ਵੈਨੇਜ਼ੁਏਲਾ ਵਿਚਕਾਰ ਊਰਜਾ ਸੁਰੱਖਿਆ (Energy Security), ਤੇਲ ਦੀ ਖਰੀਦ ਅਤੇ ਆਪਸੀ ਵਪਾਰ ਨੂੰ ਵਧਾਉਣ ਸਬੰਧੀ ਅਹਿਮ ਰਣਨੀਤੀ 'ਤੇ ਗੱਲਬਾਤ ਹੋਣ ਦੀ ਸੰਭਾਵਨਾ ਹੈ।

**ਦੁਵੱਲੇ ਸਹਿਯੋਗ ਦਾ ਨਵਾਂ ਦੌਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕਾਰਜਕਾਰੀ ਰਾਸ਼ਟਰਪਤੀ ਡੇਲਸੀ ਰੌਡਰਿਗਜ਼ ਨੇ ਸਿਹਤ, ਤਕਨਾਲੋਜੀ, ਖੇਤੀਬਾੜੀ ਅਤੇ ਬੁਨਿਆਦੀ ਢਾਂਚੇ (Infrastructure) ਦੇ ਖੇਤਰਾਂ ਵਿੱਚ ਆਪਸੀ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਦੀ ਵਚਨਬੱਧਤਾ ਦੁਹਰਾਈ।

**ਗਲੋਬਲ ਸਾਊਥ (Global South) ਦੀ ਆਵਾਜ਼:** ਬੈਠਕ ਦੌਰਾਨ ਦੋਵਾਂ ਵਿਕਾਸਸ਼ੀਲ ਦੇਸ਼ਾਂ ਨੇ ਕੌਮਾਂਤਰੀ ਮੰਚਾਂ 'ਤੇ ਇੱਕ-ਦੂਜੇ ਦਾ ਸਾਥ ਦੇਣ ਅਤੇ ਵਿਸ਼ਵ ਪੱਧਰੀ ਚੁਣੌਤੀਆਂ ਦਾ ਮਿਲ ਕੇ ਸਾਹਮਣਾ ਕਰਨ 'ਤੇ ਸਹਿਮਤੀ ਜਤਾਈ।

**ਹੈਦਰਾਬਾਦ ਹਾਊਸ ਵਿਖੇ ਹੋਇਆ ਸ਼ਾਨਦਾਰ ਸਵਾਗਤ :** ਵੈਨੇਜ਼ੁਏਲਾ ਦੀ ਕਾਰਜਕਾਰੀ ਰਾਸ਼ਟਰਪਤੀ ਡੇਲਸੀ ਰੌਡਰਿਗਜ਼ ਦੇ ਨਵੀਂ ਦਿੱਲੀ ਪਹੁੰਚਣ 'ਤੇ ਹੈਦਰਾਬਾਦ ਹਾਊਸ ਵਿਖੇ ਪ੍ਰਧਾਨ ਮੰਤਰੀ ਮੋਦੀ ਵੱਲੋਂ ਉਨ੍ਹਾਂ ਦਾ ਨਿੱਘਾ ਅਤੇ ਰਸਮੀ ਸਵਾਗਤ ਕੀਤਾ ਗਿਆ। ਇਸ ਦੌਰਾਨ ਦੋਵਾਂ ਦੇਸ਼ਾਂ ਦੇ ਉੱਚ-ਪੱਧਰੀ ਵਫ਼ਦ (Delegation) ਵੀ ਮੌਜੂਦ ਸਨ।

**ਸਿਆਸੀ ਮਾਹਰਾਂ ਮੁਤਾਬਕ:** ਵੈਨੇਜ਼ੁਏਲਾ ਦੀ ਕਾਰਜਕਾਰੀ ਰਾਸ਼ਟਰਪਤੀ ਦਾ ਇਹ ਭਾਰਤ ਦੌਰਾ ਦੋਵਾਂ ਦੇਸ਼ਾਂ ਦੇ ਡਿਪਲੋਮੈਟਿਕ ਸਬੰਧਾਂ ਨੂੰ ਇੱਕ ਨਵੀਂ ਉਚਾਈ 'ਤੇ ਲੈ ਕੇ ਜਾਵੇਗਾ, ਖ਼ਾਸ ਕਰਕੇ ਅਜਿਹੇ ਸਮੇਂ ਜਦੋਂ ਭਾਰਤ ਵਿਸ਼ਵ ਪੱਧਰ 'ਤੇ ਆਪਣੀ ਊਰਜਾ ਸਪਲਾਈ ਦੇ ਸਰੋਤਾਂ ਨੂੰ ਹੋਰ ਮਜ਼ਬੂਤ ਅਤੇ ਵਿਭਿੰਨ (Diversify) ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

# ਕੇਵਲ ਸਿੰਘ ਢਿੱਲੋਂ ਨੇ ਪੰਜਾਬ ਭਾਜਪਾ ਪ੍ਰਧਾਨ ਵਜੋਂ ਅਹੁਦਾ ਸੰਭਾਲਿਆ

## 2027 ਵਿਚ ਸੂਬੇ 'ਚ ਬਣੇਗੀ ਭਾਜਪਾ ਦੀ ਸਰਕਾਰ ਸਰਕਾਰ : ਢਿੱਲੋਂ





ਚੰਡੀਗੜ੍ਹ : ਪੰਜਾਬ ਭਾਜਪਾ (BJP) ਦੇ ਇਤਿਹਾਸ ਵਿੱਚ ਇੱਕ ਨਵਾਂ ਅਤੇ ਬੇਹੱਦ ਅਹਿਮ ਸਿਆਸੀ ਅਧਿਆਇ ਸ਼ੁਰੂ ਹੋ ਗਿਆ ਹੈ। ਨਵ-ਨਿਯੁਕਤ ਪੰਜਾਬ ਪ੍ਰਦੇਸ਼ ਭਾਜਪਾ ਪ੍ਰਧਾਨ ਸਰਦਾਰ ਕੇਵਲ ਸਿੰਘ ਢਿੱਲੋਂ (Kewal Singh Dhillon) ਨੇ ਚੰਡੀਗੜ੍ਹ ਵਿਖੇ ਇੱਕ ਵਿਸ਼ੇਸ਼ ਸਮਾਰੋਹ ਦੌਰਾਨ ਰਸਮੀ ਤੌਰ 'ਤੇ ਆਪਣਾ ਅਹੁਦਾ ਸੰਭਾਲ ਲਿਆ ਹੈ।

ਇਸ ਇਤਿਹਾਸਕ ਮੌਕੇ 'ਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ (Nayab Singh Saini) ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਸਰਦਾਰ ਕੇਵਲ ਸਿੰਘ ਢਿੱਲੋਂ ਨੂੰ ਗੁਲਦਸਤਾ ਭੇਂਟ ਕਰਕੇ ਅਤੇ ਸਿਰੋਪਾਓ ਦੇ ਕੇ ਵਧਾਈ ਦਿੱਤੀ।

**ਰਵਾਇਤੀ ਰੀਤੀ-ਰਿਵਾਜਾਂ ਅਤੇ 'ਖ਼ਾਲਸਾ ਰਾਜ' ਦੇ ਸੰਕਲਪ ਨਾਲ ਸ਼ੁਰੂਆਤ :** ਸਰਦਾਰ ਕੇਵਲ ਸਿੰਘ ਢਿੱਲੋਂ ਵੱਲੋਂ ਅਹੁਦਾ ਸੰਭਾਲਣ ਦਾ ਇਹ ਸਮਾਰੋਹ ਕਾਫੀ ਚਰਚਾ ਵਿੱਚ ਰਿਹਾ। ਦਫ਼ਤਰ ਵਿੱਚ ਕਾਰਜਭਾਰ ਸੰਭਾਲਣ ਦੀ ਸ਼ੁਰੂਆਤ ਰਵਾਇਤੀ ਸਿੱਖ ਅਰਦਾਸ ਅਤੇ ਸਨਾਤਨ ਪੂਜਾ ਪਾਠ ਦੇ ਸੁਮੇਲ ਨਾਲ ਹੋਈ।

**ਮਹਾਰਾਜਾ ਰਣਜੀਤ ਸਿੰਘ ਦੇ ਨਕਸ਼ੇ-ਕਦਮਾਂ 'ਤੇ ਚੱਲਣ ਦਾ ਪ੍ਰਣ:** ਇਸ ਮੌਕੇ ਪੰਜਾਬ ਭਾਜਪਾ ਦੇ ਮੁੱਖ ਦਫ਼ਤਰ ਵਿੱਚ 19ਵੀਂ ਸਦੀ ਦੇ ਮਹਾਨ ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਸਥਾਪਿਤ ਕੀਤੀ ਗਈ।

**ਹਲੇਮੀ ਰਾਜ ਅਤੇ ਖ਼ਾਲਸਾ ਰਾਜ:** ਅਹੁਦਾ ਸੰਭਾਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੇਵਲ ਸਿੰਘ ਢਿੱਲੋਂ ਨੇ ਕਿਹਾ, 'ਅੱਜ ਪੰਜਾਬ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਹੈ। ਅਸੀਂ ਮਹਾਰਾਜਾ ਰਣਜੀਤ ਸਿੰਘ ਦੇ ਸੁਨਹਿਰੀ ਅਤੇ ਸਰਵ-ਸਾਂਝੇ 'ਖ਼ਾਲਸਾ ਰਾਜ' ਤੋਂ ਪ੍ਰੇਰਨਾ ਲੈ ਕੇ ਅੱਗੇ ਵਧਾਂਗੇ, ਜਿੱਥੇ ਹਰ ਭਾਈਚਾਰਾ ਬਰਾਬਰ ਸੀ। ਭਾਜਪਾ ਪੰਜਾਬ ਨੂੰ ਨਸ਼ਿਆਂ, ਗੈਂਗਸਟਰਵਾਦ ਅਤੇ ਬੇਰੁਜ਼ਗਾਰੀ ਤੋਂ ਮੁਕਤ ਕਰਕੇ ਮੁੜ ਨੰਬਰ ਇੱਕ ਸੂਬਾ ਬਣਾਏਗੀ।'

**2027 ਦੀਆਂ ਵਿਧਾਨ ਸਭਾ ਚੋਣਾਂ ਲਈ ਵੱਡੀ ਰਣਨੀਤੀ: ਨਾਇਬ ਸਿੰਘ ਸੈਣੀ**

ਭਾਜਪਾ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਪੰਜਾਬ ਇਕਾਈ ਦੀ ਕਮਾਨ ਕਿਸੇ ਜੱਟ ਸਿੱਖ ਚਿਹਰੇ ਨੂੰ ਸੌਂਪੀ ਗਈ ਹੈ। ਸਮਾਰੋਹ ਦੌਰਾਨ ਪਹੁੰਚੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਪਾਰਟੀ ਵਰਕਰਾਂ ਵਿੱਚ ਨਵਾਂ ਜੋਸ਼ ਭਰਦਿਆਂ ਕਿਹਾ:

'ਪੰਜਾਬ ਦੀ ਜਨਤਾ ਹੁਣ ਬਦਲਾਅ ਚਾਹੁੰਦੀ ਹੈ। ਪਾਰਟੀ ਸਰਦਾਰ ਕੇਵਲ ਸਿੰਘ ਢਿੱਲੋਂ ਦੀ ਅਗਵਾਈ ਹੇਠ ਪਿੰਡਾਂ, ਕਿਸਾਨਾਂ ਅਤੇ ਜ਼ਮੀਨੀ ਪੱਧਰ 'ਤੇ ਆਪਣੀ ਪਕੜ ਹੋਰ ਮਜ਼ਬੂਤ ਕਰੇਗੀ। 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਅੰਦਰ ਭਾਜਪਾ ਦੀ ਅਗਵਾਈ ਵਾਲੀ 'ਡਬਲ-ਇੰਜਣ ਸਰਕਾਰ' ਬਣਨ ਜਾ ਰਹੀ ਹੈ, ਜੋ ਸੂਬੇ ਵਿੱਚ ਵਿਕਾਸ ਅਤੇ ਸੁਸ਼ਾਸਨ ਦਾ ਨਵਾਂ ਦੌਰ ਲਿਆਵੇਗੀ।'

ਸਿਆਸੀ ਦਿੱਗਜਾਂ ਦੀ ਰਹੀ ਵੱਡੀ ਸ਼ਮੂਲੀਅਤ

ਇਸ ਤਾਜਪੋਸ਼ੀ ਸਮਾਰੋਹ ਦੌਰਾਨ ਭਾਜਪਾ ਦੀ ਪੂਰੀ ਖੇਤਰੀ ਲੀਡਰਸ਼ਿਪ ਇੱਕਜੁੱਟ ਨਜ਼ਰ ਆਈ। ਸਮਾਰੋਹ ਵਿੱਚ ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ ਤਰੁਣ ਚੁੱਘ, ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ, ਬਾਹਰ ਜਾ ਰਹੇ ਸੂਬਾ ਪ੍ਰਧਾਨ ਸੁਨੀਲ ਜਾਖੜ, ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਸੀਨੀਅਰ ਆਗੂ ਇਕਬਾਲ ਸਿੰਘ ਲਾਲਪੁਰਾ ਸਮੇਤ ਮਾਲਵਾ ਬੈਲਟ ਤੋਂ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਅਤੇ ਸਮਰਥਕ ਮੌਜੂਦ ਸਨ। ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਵੀ ਨਵੇਂ ਪ੍ਰਧਾਨ ਦਾ ਸਵਾਗਤ ਕਰਦਿਆਂ ਕਿਹਾ ਕਿ ਪਿਛਲੇ ਤਿੰਨ ਸਾਲਾਂ ਵਿੱਚ ਭਾਜਪਾ ਨੂੰ ਪੰਜਾਬ ਵਿੱਚ ਇੱਕ ਸੁਤੰਤਰ ਸਿਆਸੀ ਤਾਕਤ ਵਜੋਂ ਖੜ੍ਹਾ ਕਰਨ ਲਈ ਜੋ ਨੀਂਹ ਰੱਖੀ ਗਈ ਸੀ, ਉਸ ਨੂੰ ਹੁਣ ਕੇਵਲ ਸਿੰਘ ਢਿੱਲੋਂ ਹੋਰ ਵੀ ਮਜ਼ਬੂਤੀ ਨਾਲ ਅੱਗੇ ਲੈ ਕੇ ਜਾਣਗੇ।



## ਭੋਪਾਲ 'ਚ ਰੁਜ਼ਗਾਰ ਲਈ ਆਰਪਾਰ ਦੀ ਲੜਾਈ

# ਨੌਕਰੀਆਂ ਦੀ ਮੰਗ ਨੂੰ ਲੈ ਕੇ ਸੰਗੀਤ ਅਤੇ ਡਾਂਸ ਦੇ ਯੋਗ ਉਮੀਦਵਾਰਾਂ ਵੱਲੋਂ ਡੀ.ਪੀ.ਆਈ. ਦਫ਼ਤਰ ਅੱਗੇ ਜ਼ੋਰਦਾਰ ਪ੍ਰਦਰਸ਼ਨ

ਭੋਪਾਲ : ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿੱਚ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਹਜ਼ਾਰਾਂ ਪੜ੍ਹੇ-ਲਿਖੇ ਨੌਜਵਾਨਾਂ ਦਾ ਗੁੱਸਾ ਫੁੱਟ ਪਿਆ। ਮੱਧ ਪ੍ਰਦੇਸ਼ ਸਕੂਲ ਸਿੱਖਿਆ ਵਿਭਾਗ ਵਿੱਚ ਸੰਗੀਤ (Music) ਅਤੇ ਨ੍ਰਿਤ (Dance) ਅਧਿਆਪਕਾਂ ਦੇ ਅਹੁਦਿਆਂ ਲਈ ਪ੍ਰੀਖਿਆ ਪਾਸ ਕਰ ਚੁੱਕੇ ਯੋਗ ਉਮੀਦਵਾਰਾਂ (Qualified Aspirants) ਨੇ ਸੋਮਵਾਰ ਨੂੰ ਆਪਣੀਆਂ ਨਿਯੁਕਤੀਆਂ ਦੀ ਮੰਗ ਨੂੰ ਲੈ ਕੇ ਭੋਪਾਲ ਸਥਿਤ 'ਲੋਕ ਸਿੱਖਿਆ ਡਾਇਰੈਕਟੋਰੇਟ' (DPI) ਦੇ ਦਫ਼ਤਰ ਅੱਗੇ ਇੱਕ ਵਿਸ਼ਾਲ ਅਤੇ ਜ਼ੋਰਦਾਰ ਪ੍ਰਦਰਸ਼ਨ ਕੀਤਾ।

ਲੰਮੇ ਸਮੇਂ ਤੋਂ ਭਰਤੀ ਪ੍ਰਕਿਰਿਆ ਲਟਕਣ ਕਾਰਨ ਅੱਕੇ ਹੋਏ ਇਹ ਪ੍ਰਦਰਸ਼ਨਕਾਰੀ ਸਵੇਰੇ ਹੀ ਡੀ.ਪੀ.ਆਈ. ਦਫ਼ਤਰ ਦੇ ਬਾਹਰ ਇਕੱਠੇ ਹੋ ਗਏ ਅਤੇ ਸਰਕਾਰ ਤੇ ਸਿੱਖਿਆ ਵਿਭਾਗ ਦੇ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀਆਂ ਦੇ ਹੱਥਾਂ ਵਿੱਚ ਤਖ਼ਤੀਆਂ ਸਨ, ਜਿਨ੍ਹਾਂ 'ਤੇ 'ਸਾਨੂੰ ਰੁਜ਼ਗਾਰ ਦਿਓ' ਅਤੇ 'ਸਾਡਾ ਹੱਕ ਇੱਥੇ ਰੱਖ' ਵਰਗੇ ਨਾਅਰੇ ਲਿਖੇ ਹੋਏ ਸਨ।







ਪ੍ਰੀਖਿਆ ਪਾਸ ਕਰਨ ਦੇ ਬਾਵਜੂਦ ਨੌਕਰੀਆਂ ਤੋਂ ਵਾਂਝੇ ਧਰਨੇ 'ਤੇ ਬੈਠੇ ਉਮੀਦਵਾਰਾਂ ਨੇ ਮੀਡੀਆ ਨੂੰ ਦੱਸਿਆ ਕਿ ਉਨ੍ਹਾਂ ਨੇ ਸਾਰੀਆਂ ਯੋਗਤਾਵਾਂ ਪੂਰੀਆਂ ਕੀਤੀਆਂ ਹਨ ਅਤੇ ਕੜੀ ਮਿਹਨਤ ਕਰਕੇ ਪ੍ਰੀਖਿਆ ਵੀ ਪਾਸ ਕੀਤੀ ਹੈ, ਪਰ ਇਸ ਦੇ ਬਾਵਜੂਦ ਸਿੱਖਿਆ ਵਿਭਾਗ ਉਨ੍ਹਾਂ ਨੂੰ ਨਿਯੁਕਤੀ ਪੱਤਰ ਜਾਰੀ ਨਹੀਂ ਕਰ ਰਿਹਾ। ਨੌਜਵਾਨਾਂ ਦਾ ਕਹਿਣਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਸੰਗੀਤ ਅਤੇ ਡਾਂਸ ਅਧਿਆਪਕਾਂ ਦੀਆਂ ਸੈਂਕੜੇ ਪੋਸਟਾਂ ਖਾਲੀ ਪਈਆਂ ਹਨ, ਪਰ ਪ੍ਰਸ਼ਾਸਨਿਕ ਸੁਸਤੀ ਕਾਰਨ ਉਨ੍ਹਾਂ ਦਾ ਭਵਿੱਖ ਅੰਧਕਾਰ ਵਿੱਚ ਲਟਕ ਰਿਹਾ ਹੈ।

ਪ੍ਰਦਰਸ਼ਨ ਦੀ ਉਗਰਤਾ ਨੂੰ ਦੇਖਦੇ ਹੋਏ ਮੌਕੇ 'ਤੇ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਸੀ। ਉਮੀਦਵਾਰਾਂ ਨੇ ਸਾਫ਼ ਚੇਤਾਵਨੀ ਦਿੱਤੀ ਹੈ ਕਿ ਜਦੋਂ ਤੱਕ ਵਿਭਾਗ ਦੇ ਉੱਚ ਅਧਿਕਾਰੀ ਜਾਂ ਸਰਕਾਰ ਉਨ੍ਹਾਂ ਨੂੰ ਨਿਯੁਕਤੀਆਂ ਸਬੰਧੀ ਕੋਈ ਲਿਖਤੀ ਅਤੇ ਪੁਖ਼ਤਾ ਭਰੋਸਾ ਨਹੀਂ ਦਿੰਦੇ, ਉਦੋਂ ਤੱਕ ਉਹ ਆਪਣਾ ਅੰਦੋਲਨ ਖ਼ਤਮ ਨਹੀਂ ਕਰਨਗੇ ਅਤੇ ਲੋੜ ਪੈਣ 'ਤੇ ਇਸ ਨੂੰ ਹੋਰ ਤੇਜ਼ ਕੀਤਾ ਜਾਵੇਗਾ।

## ਬੰਗਾਲ ਪ੍ਰੋ T-20 ਲੀਗ ਸੀਜ਼ਨ-3

# ਕੋਲਕਾਤਾ ਵਿੱਚ 'ਮੁਰਸ਼ਿਦਾਬਾਦ ਕਿੰਗਜ਼ ਐਂਡ ਕੁਈਨਜ਼' ਮਹਿਲਾ ਕ੍ਰਿਕਟ ਟੀਮ ਦੀ ਜਰਸੀ ਧਮਾਕੇਦਾਰ ਅੰਦਾਜ਼ 'ਚ ਲਾਂਚ

ਕੋਲਕਾਤਾ : 'ਬੰਗਾਲ ਪ੍ਰੋ T-20 ਲੀਗ' ਦੇ ਆਉਣ ਵਾਲੇ ਤੀਜੇ ਸੀਜ਼ਨ (Season-3) ਨੂੰ ਲੈ ਕੇ ਕ੍ਰਿਕਟ ਪ੍ਰੇਮੀਆਂ ਦਾ ਉਤਸ਼ਾਹ ਸਿਖਰਾਂ 'ਤੇ ਹੈ। ਇਸੇ ਦੌਰਾਨ, ਸੋਮਵਾਰ ਨੂੰ ਕੋਲਕਾਤਾ ਵਿਖੇ ਆਯੋਜਿਤ ਇੱਕ ਸ਼ਾਨਦਾਰ ਸਮਾਰੋਹ ਦੌਰਾਨ 'ਮੁਰਸ਼ਿਦਾਬਾਦ ਕਿੰਗਜ਼ ਐਂਡ ਕੁਈਨਜ਼' (Murshidabad Kings & Kueens) ਮਹਿਲਾ ਕ੍ਰਿਕਟ ਟੀਮ ਦੀ ਅਧਿਕਾਰਤ ਜਰਸੀ ਲਾਂਚ ਕੀਤੀ ਗਈ।

ਇਸ ਹਾਈ-ਪ੍ਰੋਫਾਈਲ ਜਰਸੀ ਲਾਂਚਿੰਗ ਈਵੈਂਟ ਵਿੱਚ ਬੰਗਾਲੀ ਸਿਨੇਮਾ ਦੀ ਮਸ਼ਹੂਰ ਅਤੇ ਖੂਬਸੂਰਤ ਅਦਾਕਾਰਾ ਦਰਸ਼ਨਾ ਬਾਨਿਕ (Darshana Banik) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਦੇ ਨਾਲ ਟੀਮ ਦੇ ਸਹਿ-ਮਾਲਕ (Co-owners) ਯਸ਼ ਜੈਨ ਅਤੇ ਪ੍ਰਤੀਕ ਜੈਨ ਵੀ ਮੌਜੂਦ ਸਨ। ਅਦਾਕਾਰਾ ਦਰਸ਼ਨਾ ਬਾਨਿਕ ਅਤੇ ਟੀਮ ਦੇ ਮਾਲਕਾਂ ਨੇ ਸਾਂਝੇ ਤੌਰ 'ਤੇ ਮਹਿਲਾ ਟੀਮ ਦੀ ਨਵੀਂ ਜਰਸੀ ਨੂੰ ਮੀਡੀਆ ਦੇ ਸਾਹਮਣੇ ਪੇਸ਼ ਕੀਤਾ।






ਮਹਿਲਾ ਕ੍ਰਿਕਟ ਨੂੰ ਮਿਲੇਗਾ ਵੱਡਾ ਹੁੰਗਾਰਾ ਜਰਸੀ ਲਾਂਚ ਦੌਰਾਨ ਗੱਲਬਾਤ ਕਰਦਿਆਂ ਟੀਮ ਦੇ ਮਾਲਕਾਂ, ਯਸ਼ ਜੈਨ ਅਤੇ ਪ੍ਰਤੀਕ ਜੈਨ ਨੇ ਕਿਹਾ ਕਿ 'ਬੰਗਾਲ ਪ੍ਰੋ T20 ਲੀਗ' ਦਾ ਸੀਜ਼ਨ-3 ਬੇਹੱਦ ਰੋਮਾਂਚਕ ਹੋਣ ਵਾਲਾ ਹੈ ਅਤੇ ਉਨ੍ਹਾਂ ਦੀ ਮਹਿਲਾ ਟੀਮ ਮੈਦਾਨ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਨੇ ਉਮੀਦ ਜਤਾਈ ਕਿ ਇਹ ਲੀਗ ਬੰਗਾਲ ਵਿੱਚ ਮਹਿਲਾ ਕ੍ਰਿਕਟ ਨੂੰ ਇੱਕ ਨਵੇਂ ਮੁਕਾਮ 'ਤੇ ਲੈ ਕੇ ਜਾਵੇਗੀ ਅਤੇ ਸਥਾਨਕ ਪ੍ਰਤਿਭਾਵਾਂ ਨੂੰ ਅੱਗੇ ਆਉਣ ਦਾ ਮੌਕਾ ਮਿਲੇਗਾ।

ਅਦਾਕਾਰਾ ਦਰਸ਼ਨਾ ਬਾਨਿਕ ਨੇ ਵੀ 'ਮੁਰਸ਼ਿਦਾਬਾਦ ਕਿੰਗਜ਼ ਐਂਡ ਕੁਈਨਜ਼' ਦੀ ਮਹਿਲਾ ਟੀਮ ਨੂੰ ਆਉਣ ਵਾਲੇ ਟੂਰਨਾਮੈਂਟ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਮਹਿਲਾਵਾਂ ਨੂੰ ਖੇਡਾਂ ਦੇ ਖੇਤਰ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਨਵੀਂ ਅਤੇ ਆਕਰਸ਼ਕ ਜਰਸੀ ਦੇ ਸਾਹਮਣੇ ਆਉਣ ਤੋਂ ਬਾਅਦ ਹੁਣ ਪ੍ਰਸ਼ੰਸਕਾਂ ਨੂੰ ਮੈਦਾਨ 'ਤੇ ਟੀਮ ਦੇ ਉਤਰਨ ਦਾ ਬੇਸਬਰੀ ਨਾਲ ਇੰਤਜ਼ਾਰ ਹੈ।

## ਦਿੱਲੀ ਅਤੇ ਜਰਮਨੀ ਵਿਚਾਲੇ ਸਹਿਯੋਗ ਦੇ ਨਵੇਂ ਦੌਰ ਦੀ ਸ਼ੁਰੂਆਤ

# ਮੁੱਖ ਮੰਤਰੀ ਰੇਖਾ ਗੁਪਤਾ ਨੇ ਜਰਮਨ ਸੂਬੇ ਥੁਰਿੰਗੀਆ ਦੇ ਮਿਨਿਸਟਰ-ਪ੍ਰੈਜ਼ੀਡੈਂਟ ਮਾਰੀਓ ਵੋਇਗਟ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ : ਭਾਰਤ ਦੀ ਰਾਜਧਾਨੀ ਅਤੇ ਜਰਮਨੀ ਵਿਚਾਲੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਅੱਜ ਇੱਕ ਅਹਿਮ ਬੈਠਕ ਹੋਈ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਸੋਮਵਾਰ ਨੂੰ ਨਵੀਂ ਦਿੱਲੀ ਵਿਖੇ ਜਰਮਨੀ ਦੇ ਪ੍ਰਮੁੱਖ ਸੂਬੇ ਥੁਰਿੰਗੀਆ (Thuringia) ਦੇ ਮਿਨਿਸਟਰ-ਪ੍ਰੈਜ਼ੀਡੈਂਟ ਮਾਰੀਓ ਵੋਇਗਟ (Mario Voigt) ਨਾਲ ਇੱਕ ਉੱਚ-ਪੱਧਰੀ ਮੁਲਾਕਾਤ ਕੀਤੀ।

ਇਸ ਸੁਖਾਵੇਂ ਮਾਹੌਲ ਵਿੱਚ ਹੋਈ ਬੈਠਕ ਦੌਰਾਨ ਦੋਵਾਂ ਆਗੂਆਂ ਨੇ ਦਿੱਲੀ ਅਤੇ ਜਰਮਨ ਸੂਬੇ ਵਿਚਾਲੇ ਆਪਸੀ ਹਿੱਤਾਂ, ਸ਼ਹਿਰੀ ਵਿਕਾਸ ਅਤੇ ਤਕਨੀਕੀ ਸਹਿਯੋਗ ਨੂੰ ਲੈ ਕੇ ਵਿਸਤਾਰਪੂਰਵਕ ਚਰਚਾ ਕੀਤੀ। ਮਿਨਿਸਟਰ-ਪ੍ਰੈਜ਼ੀਡੈਂਟ ਮਾਰੀਓ ਵੋਇਗਟ ਦੇ ਭਾਰਤ ਦੌਰੇ ਦੌਰਾਨ ਹੋਈ ਇਸ ਮੁਲਾਕਾਤ ਨੂੰ ਰਣਨੀਤਕ ਤੌਰ 'ਤੇ ਬੇਹੱਦ ਅਹਿਮ ਮੰਨਿਆ ਜਾ ਰਿਹਾ ਹੈ।







ਵਪਾਰ, ਸਿੱਖਿਆ ਅਤੇ ਸਸਟੇਨੇਬਲ ਵਿਕਾਸ 'ਤੇ ਜ਼ੋਰ ਮੁਲਾਕਾਤ ਦੌਰਾਨ ਮੁੱਖ ਮੰਤਰੀ ਰੇਖਾ ਗੁਪਤਾ ਨੇ ਦਿੱਲੀ ਸਰਕਾਰ ਵੱਲੋਂ ਬੁਨਿਆਦੀ ਢਾਂਚੇ, ਗ੍ਰੀਨ ਐਨਰਜੀ (ਹਰੀ ਊਰਜਾ) ਅਤੇ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਦੋਵਾਂ ਆਗੂਆਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਥੁਰਿੰਗੀਆ ਦੀਆਂ ਤਕਨੀਕੀ ਮਹਾਰਤਾਂ ਅਤੇ ਦਿੱਲੀ ਦੇ ਵਿਕਾਸ ਮਾਡਲ ਦੇ ਸੁਮੇਲ ਨਾਲ ਕਈ ਨਵੇਂ ਪ੍ਰੋਜੈਕਟ ਸ਼ੁਰੂ ਕੀਤੇ ਜਾ ਸਕਦੇ ਹਨ।

ਜਰਮਨ ਪ੍ਰਤੀਨਿਧੀ ਮੰਡਲ ਦੇ ਮੁਖੀ ਮਾਰੀਓ ਵੋਇਗਟ ਨੇ ਦਿੱਲੀ ਦੀ ਮਹਿਮਾਨਨਿਵਾਜ਼ੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਭਾਰਤ ਦੇ ਇਸ ਉੱਦਮੀ ਹੁੰਗਾਰੇ ਤੋਂ ਬੇਹੱਦ ਪ੍ਰਭਾਵਿਤ ਹਨ। ਉਨ੍ਹਾਂ ਨੇ ਆਉਣ ਵਾਲੇ ਸਮੇਂ ਵਿੱਚ ਦਿੱਲੀ ਦੇ ਨੌਜਵਾਨਾਂ ਲਈ ਉੱਚ ਸਿੱਖਿਆ, ਹੁਨਰ ਵਿਕਾਸ (Skill Development) ਅਤੇ ਰੁਜ਼ਗਾਰ ਦੇ ਖੇਤਰ ਵਿੱਚ ਸਾਂਝੇ ਪ੍ਰੋਗਰਾਮ ਉਲੀਕਣ ਦੀ ਇੱਛਾ ਜਤਾਈ। ਇਸ ਮੁਲਾਕਾਤ ਤੋਂ ਬਾਅਦ ਉਮੀਦ ਜਤਾਈ ਜਾ ਰਹੀ ਹੈ ਕਿ ਦਿੱਲੀ ਅਤੇ ਜਰਮਨੀ ਦੇ ਉਦਯੋਗਾਂ ਵਿਚਾਲੇ ਆਦਾਨ-ਪ੍ਰਦਾਨ ਨੂੰ ਇੱਕ ਨਵੀਂ ਗਤੀ ਮਿਲੇਗੀ।

# ਦੁਖੀਆਂ, ਬੇਸਹਾਰਿਆਂ ਦੇ ਆਸਰੇ ਪਿੰਗਲਵਾੜਾ ਦੇ ਸੰਸਥਾਪਕ 'ਭਗਤ ਪੂਰਨ ਸਿੰਘ ਜੀ'

ਕਰਨੈਲ ਸਿੰਘ ਐੱਮਏ

ਕਿਸੇ ਦੇਸ਼ ਜਾਂ ਕੌਮ ਦੀ ਸ਼ਕਤੀ ਦੌਲਤ ਦੀਆਂ ਭਰੀਆਂ ਬੋਰੀਆਂ ਵਿੱਚ ਨਹੀਂ ਸਗੋਂ ਉਥੋਂ ਦੇ ਲੋਕਾਂ ਦੇ ਆਚਰਨ ਵਿੱਚ, ਉਨ੍ਹਾਂ ਦੇ ਸੁੱਖ-ਆਰਾਮ ਕੁਰਬਾਨ ਕਰਨ ਦੀ ਸਵੈ-ਇੱਛਾ ਵਿੱਚ ਅਤੇ ਲੋਕ-ਭਲਾਈ ਲਈ ਪਾਏ ਗਏ ਯੋਗਦਾਨ ਵਿੱਚ ਹੁੰਦੀ ਹੈ। ਹਰ ਸਮਾਜ ਵਿੱਚ ਕੁਝ ਅਭਾਗੇ ਲੋਕ ਹੁੰਦੇ ਹਨ, ਜੋ ਬਿਮਾਰ ਅਤੇ ਅੰਗਹੀਣ ਹੁੰਦੇ ਹਨ। ਇਨ੍ਹਾਂ ਵਿੱਚ ਕੁਝ ਉਹ ਵੀ ਹੁੰਦੇ ਹਨ, ਜਿਨ੍ਹਾਂ ਨੂੰ ਕਿਸੇ ਵੀ ਹਸਪਤਾਲ ਵਿੱਚ ਦਾਖ਼ਲ ਨਹੀਂ ਕੀਤਾ ਜਾਂਦਾ ਅਤੇ ਉਹ ਸੜਕਾਂ 'ਤੇ ਹੀ ਰੁਲ-ਰੁਲ ਕੇ ਮਰ ਜਾਂਦੇ ਹਨ ਪਰ ਭਗਤ ਪੂਰਨ ਸਿੰਘ ਨੇ ਇਨ੍ਹਾਂ ਦੀ ਬਾਂਹ ਫੜੀ।

ਭਗਤ ਪੂਰਨ ਸਿੰਘ ਦਾ ਜਨਮ 4 ਜੂਨ 1904 ਈ: ਨੂੰ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ ਪਿਤਾ ਸ਼ਿੱਬੂ ਮੱਲ ਤੇ ਮਾਤਾ ਮਹਿਤਾਬ ਕੌਰ ਦੇ ਘਰ ਹੋਇਆ। ਬਚਪਨ ਤੋਂ ਹੀ ਉਨ੍ਹਾਂ ਨੂੰ ਸੇਵਾ ਕਰਨ ਦਾ ਸ਼ੌਕ ਸੀ। ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿੱਚ ਭਗਤ ਪੂਰਨ ਸਿੰਘ ਬਿਨਾਂ ਤਨਖਾਹ ਤੋਂ ਸੇਵਾ ਕਰਨ ਲੱਗੇ। ਉੱਥੋਂ ਦੇ ਮਹੰਤ ਤੇਜਾ ਸਿੰਘ, ਭਗਤ ਜੀ ਨੂੰ ਲਾਡ ਨਾਲ 'ਪੂਰਨ ਸਿੰਘ ਪ੍ਰੇਮੀ' ਕਹਿ ਕੇ ਬੁਲਾਉਂਦੇ। ਭਗਤ ਜੀ ਨੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ 20 ਸਾਲ ਲਗਾਤਾਰ ਸੇਵਾ ਕੀਤੀ।


ਭਗਤ ਪੂਰਨ ਸਿੰਘ ਜੀ ਦਾ ਬਚਪਨ ਦਾ ਨਾਂ



'ਰਾਮ ਜੀ ਦਾਸ' ਸੀ। ਗੁਰਦੁਆਰਾ ਡੇਹਰਾ ਸਾਹਿਬ ਵਿਖੇ ਕੀਤੀ ਨਿਸ਼ਕਾਮ ਸੇਵਾ ਅਤੇ ਲਾਵਾਰਸ ਰੋਗੀਆਂ ਦੀ ਸੇਵਾ-ਸੰਭਾਲ ਨੇ ਉਨ੍ਹਾਂ ਨੂੰ 'ਰਾਮ ਜੀ ਦਾਸ' ਤੋਂ 'ਭਗਤ ਪੂਰਨ ਸਿੰਘ' ਬਣਾ ਦਿੱਤਾ। ਗਿਆਨੀ ਕਰਤਾਰ ਸਿੰਘ ਤੇ ਭਗਤ ਜੀ ਦੀ ਮਾਤਾ ਮਹਿਤਾਬ ਕੌਰ ਨੇ ਇਨ੍ਹਾਂ ਦੀ ਸੇਵਾ ਨੂੰ ਦੇਖ ਕੇ 'ਭਗਤ ਜੀ' ਕਹਿ ਕੇ ਸੰਬੋਧਨ ਕੀਤਾ। ਮਾਤਾ ਮਹਿਤਾਬ ਕੌਰ ਨੇ ਬਚਪਨ ਤੋਂ ਹੀ ਉਨ੍ਹਾਂ ਨੂੰ ਧਰੂ ਭਗਤ, ਹਨੂਮਾਨ ਜੀ, ਸ਼ਿਵ ਜੀ, ਭਰਥਰੀ ਭਗਤ, ਗੁਰੂਆਂ, ਪੀਰਾਂ ਅਤੇ ਸੰਤਾਂ ਦੇ ਇਤਿਹਾਸ ਤੇ ਕਿੱਸੇ-ਕਹਾਣੀਆਂ ਸੁਣਾ ਕੇ ਇਸ ਪਾਸੇ ਵੱਲ ਲਾਇਆ ਹੋਇਆ ਸੀ।

ਭਗਤ ਪੂਰਨ ਸਿੰਘ ਨੇ ਮਨੁੱਖਤਾ ਦੀ ਸੇਵਾ ਦਾ ਮੁੱਢ ਸੰਨ 1934 ਈ: ਵਿੱਚ ਚਾਰ ਸਾਲ ਦੇ ਬੱਚੇ ਪਿਆਰਾ ਸਿੰਘ ਦੀ ਸੇਵਾ ਤੋਂ ਸ਼ੁਰੂ ਕੀਤਾ। ਇਸ ਅਪੰਗ ਬੱਚੇ ਨੂੰ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਡਿਓਢੀ ਅੱਗੇ ਕੋਈ ਚੋਰੀ-ਚੋਰੀ ਛੱਡ ਗਿਆ ਸੀ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨੇ ਬੱਚੇ ਨੂੰ ਭਗਤ ਜੀ ਦੇ ਹਵਾਲੇ ਕਰਕੇ ਆਖਿਆ, 'ਪੂਰਨ ਸਿੰਘ! ਤੂੰ ਹੀ ਅੱਜ ਤੋਂ ਇਸ ਬੱਚੇ ਦੀ ਸੇਵਾ-ਸੰਭਾਲ ਕਰ।' ਭਗਤ ਜੀ ਲਈ ਇਹ ਬੱਚਾ ਪਿਆਰ ਦਾ ਸੋਮਾ ਹੋ ਨਿੱਬੜਿਆ, ਜਿਸ ਕਰਕੇ ਉਸ ਦਾ ਨਾਂ 'ਪਿਆਰਾ ਸਿੰਘ' ਹੋ ਗਿਆ। ਭਗਤ ਪੂਰਨ ਸਿੰਘ 14 ਸਾਲ ਤੱਕ ਇਸ ਬੱਚੇ ਨੂੰ ਵੱਖ-ਵੱਖ ਥਾਵਾਂ 'ਤੇ ਆਪਣੇ ਮੋਢਿਆਂ 'ਤੇ ਚੁੱਕ ਕੇ ਫਿਰਦੇ ਰਹੇ। ਉਸ ਸਮੇਂ ਉਨ੍ਹਾਂ ਕੋਲ ਕੋਈ ਪੱਕੀ ਜਗ ?ਹਾ ਨਹੀਂ ਸੀ। ਇਸ ਦੌਰਾਨ ਭਗਤ ਪੂਰਨ ਸਿੰਘ ਜੀ ਨੂੰ ਜੋ ਵੀ ਸਮਾਂ ਮਿਲਦਾ, ਉਹ ਵੱਖ-ਵੱਖ ਲਾਇਬਰੇਰੀਆਂ ਵਿੱਚ ਸਮਾਜ ਦੀਆਂ ਵੱਖ-ਵੱਖ ਸਮੱਸਿਆਵਾਂ ਦਾ ਅਧਿਐਨ ਕਰਦੇ ਅਤੇ ਉਨ੍ਹਾਂ ਦੇ ਹੱਲ ਬਾਰੇ ਸੋਚਦੇ।

ਇੱਕ ਦਿਨ ਭਗਤ ਪੂਰਨ ਸਿੰਘ ਜੀ ਦੇ ਇੱਕ ਨਜ਼ਦੀਕੀ ਵਕੀਲ ਨੇ ਭਗਤ ਜੀ ਨੂੰ ਕਿਹਾ ਕਿ ਇਸ ਨਾਲੋਂ ਤਾਂ ਚੰਗਾ ਸੀ ਕਿ ਇਹ (ਪਿਆਰਾ ਸਿੰਘ) ਗੁਰਦੁਆਰੇ ਦੇ ਬਾਹਰ ਹੀ ਮਰ ਜਾਂਦਾ ਕਿਉਂ ਜੋ ਇੱਕ ਦਿਨ ਕਿਸੇ ਸੜਕ ਦੇ ਕੰਢੇ ਮਰਨਾ ਹੀ ਹੈ। ਪਰ ਕੋਈ ਵੀ ਭਗਤ ਜੀ ਨੂੰ ਉਨ੍ਹਾਂ ਦੇ ਸਿਰੜੀ ਮਿਸ਼ਨ ਤੋਂ ਨਾ ਰੋਕ ਸਕਿਆ। ਭਗਤ ਜੀ ਦਾ ਅਕਾਲ ਪੁਰਖ 'ਤੇ ਵਿਸ਼ਵਾਸ ਅਤੇ ਦੁਖੀ ਮਨੁੱਖਤਾ ਦੀ ਸੇਵਾ ਕਰਨ ਦੀ ਪ੍ਰਬਲ ਇੱਛਾ ਕਰਕੇ ਹੀ ਇਹ ਸੰਭਵ ਹੋ ਸਕਿਆ। 1947 ਵਿੱਚ ਦੇਸ਼ ਦੀ ਵੰਡ ਮਗਰੋਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਸ਼ਰਨਾਰਥੀ ਕੈਂਪ ਵਿੱਚ ਰਹੇ। ਉਨ੍ਹਾਂ ਨੇ 1948 ਤੋਂ 1958 ਈ: ਤੱਕ ਫੁੱਟਪਾਥਾਂ, ਰੁੱਖਾਂ ਦੀ ਛਾਵੇਂ, ਕਦੇ ਖ਼ਾਲਸਾ ਕਾਲਜ ਕੋਲ, ਕਦੇ ਰੇਲਵੇ ਸਟੇਸ਼ਨ ਕੋਲ, ਕਦੇ ਚੀਫ਼ ਖ਼ਾਲਸਾ ਦੀਵਾਨ ਦੇ ਕੋਲ, ਕਦੇ ਗੁਰੂ ਤੇਗ ਬਹਾਦਰ ਹਸਪਤਾਲ ਦੇ ਕੋਲ ਅਤੇ ਕਦੇ ਰੈੱਡਕਰਾਸ ਭਵਨ ਦੇ ਕੋਲ ਝੌਂਪੜੀਆਂ ਬਣਾ ਕੇ ਸੇਵਾ-ਸੰਭਾਲ ਕੀਤੀ। ਸੰਨ 1958 ਈ: ਵਿੱਚ ਤਹਿਸੀਲਪੁਰਾ ਜੀਟੀ ਰੋਡ ਅੰਮ੍ਰਿਤਸਰ ਨੇੜੇ ਜਗ ?ਹਾ ਮੁੱਲ ਖ਼ਰੀਦ ਕੇ ਭਗਤ ਜੀ ਨੇ ਪਿੰਗਲਵਾੜੇ ਦੀ ਨੀਂਹ ਰੱਖੀ। 6 ਮਾਰਚ 1957 ਨੂੰ ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਰਜਿਸਟਰਡ ਕਰਵਾ ਲਈ। ਪਿੰਗਲਵਾੜਾ, ਜੋ ਭਗਤ ਪੂਰਨ ਸਿੰਘ ਜੀ ਨੇ ਕੁਝ ਕੁ ਮਰੀਜ਼ਾਂ ਨੂੰ ਲੈ ਕੇ ਬੀਜ ਰੂਪ ਵਿੱਚ ਸ਼ੁਰੂ ਕੀਤਾ, ਅੱਜ 1750 ਤੋਂ ਵੱਧ ਮਰੀਜ਼ਾਂ ਲਈ ਘਰ ਵਰਗੇ ਸੁੱਖਾਂ ਦਾ ਸਾਧਨ ਬਣਿਆ ਹੋਇਆ ਹੈ।



ਭਗਤ ਪੂਰਨ ਸਿੰਘ ਨੇ ਪ੍ਰਦੂਸ਼ਣ, ਜਲ-ਸਾਧਨਾਂ, ਜੰਗਲਾਂ ਦੀ ਕਟਾਈ ਤੋਂ ਪੈਦਾ ਹੋਣ ਵਾਲੇ ਖਤਰਿਆਂ ਨਾਲ ਸਬੰਧਤ ਅਨੇਕਾਂ ਕਿਤਾਬਚੇ, ਫੋਲਡਰ ਅਤੇ ਇਸ਼ਤਿਹਾਰ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਵੰਡੇ। ਅੱਜ ਵੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਦੇ ਬਾਹਰ ਘੰਟਾ ਘਰ ਚੌਕ ਤੇ ਸਰਾਂ (ਰਿਹਾਇਸ਼) ਵਾਲੇ ਪਾਸੇ ਅਤੇ ਦੇਸ਼ ਭਰ ਦੇ ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਵਿੱਚ ਉਨ੍ਹਾਂ ਦੇ ਸ਼ਰਧਾਲੂ ਕਿਤਾਬਚੇ, ਇਸ਼ਤਿਹਾਰ, ਪੈਂਫਲੇਟ ਤੇ ਫੋਲਡਰ ਮੁਫ਼ਤ ਵੰਡ ਰਹੇ ਹਨ। ਪਿੰਗਲਵਾੜਾ ਸੰਸਥਾ ਦੀ ਹਦੂਦ ਅੰਦਰ ਦਰਜੀ ਦਾ ਕੰਮ, ਟਾਈਪ ਕਰਨਾ, ਕੁਰਸੀਆਂ ਬੁਣਨੀਆਂ, ਮੋਮਬੱਤੀਆਂ, ਗੁੱਡੀਆਂ-ਖਿਡੌਣੇ, ਕੁਦਰਤੀ ਖੇਤੀ, ਮਸਨੂਈ ਅੰਗ, ਫਿਜ਼ਿਓਥੈਰੇਪੀ ਆਦਿ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਭਗਤ ਪੂਰਨ ਸਿੰਘ ਜੀ ਨੂੰ ਭਾਰਤ ਸਰਕਾਰ ਵੱਲੋਂ 1981 ਵਿੱਚ 'ਪਦਮਸ੍ਰੀ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਭਾਰਤ ਸਰਕਾਰ ਵੱਲੋਂ 1984 ਵਿੱਚ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ 'ਤੇ ਹੋਏ ਹਮਲੇ ਸਮੇਂ ਉਨ੍ਹਾਂ ਨੇ ਇਹ ਐਵਾਰਡ ਵਾਪਸ ਕਰ ਦਿੱਤਾ ਸੀ। ਉਨ੍ਹਾਂ ਨੂੰ 1990 'ਚ ਹਾਰਮਨੀ ਐਵਾਰਡ ਤੇ 1991 'ਚ ਰੋਗ ਰਤਨ ਐਵਾਰਡ ਪ੍ਰਾਪਤ ਹੋਏ। ਪੰਜਾਬ ਵਿਰਾਸਤ ਸੰਸਥਾ ਸ਼ਿਕਾਗੋ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੇ ਭਾਈ ਘਨੱਈਆ ਐਵਾਰਡ ਕਮੇਟੀ ਦੇ ਚੈਅਰਮੈਨ ਮਹੰਤ ਤੀਰਥ ਸਿੰਘ 'ਸੇਵਾਪੰਥੀ' ਵੱਲੋਂ ਉਨ੍ਹਾਂ ਨੂੰ ਭਾਈ ਘਨੱਈਆ ਐਵਾਰਡ ਨਾਲ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਸੇਵਾ ਦੇ ਪੁੰਜ, ਨਿਸ਼ਕਾਮ ਸੇਵਾ ਦੀ ਮੂਰਤ, ਨਿਆਸਰਿਆਂ ਦਾ ਆਸਰਾ ਭਗਤ ਪੂਰਨ ਸਿੰਘ 5 ਅਗਸਤ 1992 ਈ: ਨੂੰ 88 ਸਾਲ ਦੀ ਉਮਰ ਬਤੀਤ ਕਰਕੇ ਸੱਚ-ਖੰਡ ਜਾ ਬਿਰਾਜੇ।


ਭਗਤ ਪੂਰਨ ਸਿੰਘ ਜੀ ਚਾਹੇ ਝੁੱਗੀਆਂ ਦੀ ਜਗ੍ਹਾ ਆਲੀਸ਼ਾਨ ਇਮਾਰਤਾਂ ਉਸਾਰ ਕੇ ਸੰਸਾਰ ਤੋਂ ਚੋਲਾ ਤਿਆਗ ਗਏ ਪਰ ਮੌਜੂਦਾ ਸਮੇਂ ਡਾ. ਇੰਦਰਜੀਤ ਕੌਰ ਦੀ ਦੇਖ-ਰੇਖ ਹੇਠ ਪਿੰਗਲਵਾੜਾ 'ਚ ਮਰੀਜ਼ਾਂ ਦੀ ਸੇਵਾ-ਸੰਭਾਲ ਜਾਰੀ ਹੈ। ਮਰੀਜ਼ਾਂ ਦੀ ਸੇਵਾ ਲਈ 245 ਸੇਵਾਦਾਰਨੀਆਂ, 256 ਸੇਵਾਦਾਰ ਅਤੇ 18 ਟਰੇਂਡ ਨਰਸਾਂ ਕੰਮ ਕਰ ਰਹੀਆਂ ਹਨ। ਸਾਰੇ ਵਾਰਡਾਂ ਵਿੱਚ ਸੂਰਜੀ ਸ਼ਕਤੀ ਪਲਾਂਟ ਰਾਹੀਂ ਮਰੀਜ਼ਾਂ ਦੇ ਕੱਪੜੇ ਗਰਮ ਪਾਣੀ ਨਾਲ ਧੋਤੇ ਜਾਂਦੇ ਹਨ। ਇਸ ਪ੍ਰਾਜੈਕਟ 'ਤੇ 12 ਲੱਖ ਰੁਪਏ ਦੇ ਕਰੀਬ ਖ਼ਰਚ ਆਇਆ। ਹਰ ਸਾਲ ਸੰਸਥਾ ਦੇ ਸੇਵਾਦਾਰਾਂ ਵੱਲੋਂ ਭਗਤ ਪੂਰਨ ਸਿੰਘ ਦੀ ਬਰਸੀ 'ਤੇ ਪੌਦੇ ਲਾਉਣ ਦੀ ਮੁਹਿੰਮ ਵਿੱਢੀ ਜਾਂਦੀ ਹੈ।

ਪਿੰਗਲਵਾੜਾ ਦੀਆਂ ਅੰਮ੍ਰਿਤਸਰ, ਮਾਨਾਂਵਾਲਾ, ਗੋਇੰਦਵਾਲ, ਜਲੰਧਰ, ਸੰਗਰੂਰ, ਪਲਸੌਰਾ (ਚੰਡੀਗੜ੍ਹ), ਪੰਡੋਰੀ ਵੜੈਚ ਵਿੱਚ ਬਰਾਂਚਾਂ ਹਨ। ਭਗਤ ਪੂਰਨ ਸਿੰਘ ਆਦਰਸ਼ ਸਕੂਲ ਬੁੱਟਰ ਕਲਾਂ ਕਾਦੀਆਂ ਵਿੱਚ 412 ਬੱਚੇ ਵਿੱਦਿਆ ਹਾਸਲ ਕਰ ਰਹੇ ਹਨ। ਮਾਨਾਂਵਾਲਾ ਵਿੱਚ ਗੂੰਗੇ-ਬੋਲੇ ਬੱਚਿਆਂ ਦੇ ਸਕੂਲ ਵਿੱਚ 180 ਬੱਚੇ ਨਵੀਨ ਉਪਕਰਨਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ। ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ (ਅੰਮ੍ਰਿਤਸਰ) ਵਿੱਚ ਪੜ੍ਹਾਈ ਦੇ ਨਾਲ-ਨਾਲ ਬੱਚਿਆਂ ਨੂੰ ਸਿਲਾਈ-ਕਢਾਈ ਦਾ ਛੇ ਮਹੀਨੇ ਦਾ ਕੋਰਸ ਕਰਵਾਇਆ ਜਾਂਦਾ ਹੈ। ਭਗਤ ਪੂਰਨ ਸਿੰਘ ਆਦਰਸ਼ ਸਕੂਲ ਮਾਨਾਂਵਾਲਾ ਵਿੱਚ ਗ਼ਰੀਬ ਅਤੇ ਝੁੱਗੀ ਝੌਂਪੜੀ ਵਾਲੇ 737 ਵਿਦਿਆਰਥੀਆਂ ਨੂੰ ਮੁਫ਼ਤ ਵਿੱਦਿਆ ਦਿੱਤੀ ਜਾ ਰਹੀ ਹੈ। ਗੋਇੰਦਵਾਲ ਬਰਾਂਚ ਵਿੱਚ 92, ਚੰਡੀਗੜ੍ਹ ਬਰਾਂਚ ਵਿੱਚ 113 ਤੇ ਜਲੰਧਰ ਬਰਾਂਚ ਵਿੱਚ 38 ਮਰੀਜ਼ ਹਨ। ਮਾਨਾਂਵਾਲਾ ਕੰਪਲੈਕਸ ਵਿੱਚ ਗਊਸ਼ਾਲਾ 'ਚ 265 ਗਊਆਂ ਵੱਛੇ ਤੇ ਵੱਛੀਆਂ ਹਨ। ਗਊਆਂ ਦਾ ਦੁੱਧ ਮਰੀਜ਼ਾਂ ਲਈ ਵਰਤਿਆ ਜਾਂਦਾ ਹੈ।

ਭਗਤ ਪੂਰਨ ਸਿੰਘ ਮਸਨੂਈ ਅੰਗ ਕੇਂਦਰ (ਬਨਾਵਟੀ ਅੰਗ ਕੇਂਦਰ) ਵਿੱਚ 15,451 ਤੋਂ ਵੱਧ ਅੰਗਹੀਣਾਂ ਨੂੰ ਬਨਾਵਟੀ ਅੰਗ ਮੁਫ਼ਤ ਲਗਾਏ ਜਾ ਚੁੱਕੇ ਹਨ। ਪਿੰਗਲਵਾੜਾ ਸੰਸਥਾ ਦਾ ਕੰਮ ਸਿਰਫ ਪੰਜਾਬ ਤੱਕ ਹੀ ਸੀਮਿਤ ਨਹੀਂ। ਕਿਤੇ ਵੀ ਕੁਦਰਤੀ ਆਫ਼ਤਾਂ ਆਉਂਦੀਆਂ ਹਨ ਤਾਂ ਉਥੋਂ ਦੇ ਲੋਕਾਂ ਦੀ ਮਦਦ ਕੀਤੀ ਜਾਂਦੀ ਹੈ। ਸੰਸਥਾ ਵੱਲੋਂ 100 ਦੇ ਕਰੀਬ ਲਾਵਾਰਸ ਲਾਸ਼ਾਂ ਦਾ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾ ਚੁੱਕਾ ਹੈ।

ਭਗਤ ਪੂਰਨ ਸਿੰਘ ਜੀ ਦੇ ਜੀਵਨ ਸਬੰਧੀ ਕੁਝ ਫਿਲਮਾਂ ਵੀ ਬਣ ਚੁੱਕੀਆਂ ਹਨ। ਭਾਰਤ ਸਰਕਾਰ ਵੱਲੋਂ 10 ਦਸੰਬਰ 2004 ਨੂੰ ਭਗਤ ਪੂਰਨ ਸਿੰਘ ਦੀ ਇੱਕ ਡਾਕ-ਟਿਕਟ ਦਿੱਲੀ ਵਿੱਚ ਰਿਲੀਜ਼ ਕੀਤੀ ਗਈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ 'ਭਗਤ ਪੂਰਨ ਸਿੰਘ ਚੇਅਰ' ਸਥਾਪਿਤ ਹੈ। ਭਗਤ ਪੂਰਨ ਸਿੰਘ ਦੀਆਂ ਜੀਵਨ ਘਾਲਨਾਵਾਂ ਸਬੰਧੀ ਤਸਵੀਰਾਂ ਦਾ ਸੰਗ੍ਰਹਿ 'ਅਜਾਇਬ ਘਰ' ਪਿੰਗਲਵਾੜਾ ਵਿੱਚ ਸਥਾਪਿਤ ਹੈ। ਭਗਤ ਪੂਰਨ ਦੇ ਜਨਮ ਸਥਾਨ ਤੇ ਪਿੰਡ ਰਾਜੇਵਾਲ ਵਿੱਚ 'ਭਗਤ ਪੂਰਨ ਸਿੰਘ ਸਮਾਰਕ' ਦਾ ਨਿਰਮਾਣ ਹੋ ਚੁੱਕਾ ਹੈ। ਭਗਤ ਪੂਰਨ ਸਿੰਘ ਜੀ ਵੱਲੋਂ ਲਿਖੇ ਅਤੇ ਪ੍ਰਕਾਸ਼ਿਤ ਕੀਤੇ ਕਿਤਾਬਚੇ 'ਭਗਤ ਪੂਰਨ ਸਿੰਘ ਅਜਾਇਬ ਘਰ' ਵਿੱਚ ਪਏ ਹਨ। ਪਿੰਗਲਵਾੜਾ ਸੰਸਥਾ ਵੱਲੋਂ ਹੁਣ ਤੱਕ ਪੰਜਾਬੀ ਦੀਆਂ 70 ਪੁਸਤਕਾਂ, 76 ਕਿਤਾਬਚੇ, ਅੰਗਰੇਜ਼ੀ ਦੀਆਂ 61 ਪੁਸਤਕਾਂ ਤੇ 33 ਕਿਤਾਬਚੇ, ਹਿੰਦੀ ਦੀਆਂ 49 ਪੁਸਤਕਾਂ-ਕਿਤਾਬਚੇ ਛਾਪੇ ਗਏ ਹਨ। ਇਹ ਸਾਰੀ ਸਮੱਗਰੀ ਪਿੰਗਲਵਾੜਾ ਦੇ ਆਪਣੇ ਛਾਪੇਖਾਨੇ 'ਪੂਰਨ ਪ੍ਰਿੰਟਿੰਗ ਪ੍ਰੈੱਸ' ਵਿੱਚ ਹੁਣ 19 ਮੈਨੂਅਲ ਮਸ਼ੀਨਾਂ ਦੀ ਥਾਂ 'ਤੇ 2 ਆਟੋ ਪ੍ਰਿੰਟ ਮਸ਼ੀਨਾਂ ਰਾਹੀਂ ਛਾਪੀ ਜਾਂਦੀ ਹੈ।





ਪਿੰਗਲਵਾੜਾ ਸੰਸਥਾ ਦਾ ਕੋਈ ਵੀ ਸੇਵਾਦਾਰ ਡੱਬਿਆਂ (ਦਾਨ ਪਾਤਰ) ਨਾਲ ਰੇਲਵੇ ਸਟੇਸ਼ਨਾਂ, ਬੱਸ ਸਟੈਂਡਾਂ, ਗਲੀ-ਮੁਹੱਲਿਆਂ ਜਾਂ ਕਿਸੇ ਵੀ ਸਥਾਨ 'ਤੇ ਘੁੰਮ ਫਿਰ ਕੇ ਮਾਇਆ ਦੀ ਉਗਰਾਹੀ ਨਹੀਂ ਕਰ ਰਿਹਾ। ਸਰਬੱਤ ਗੁਰੂ ਨਾਨਕ ਨਾਮ ਲੇਵਾ ਮਾਈ-ਭਾਈ ਆਪਣੀ ਕਿਰਤ-ਕਮਾਈ ਵਿੱਚੋਂ ਦਸਵੰਧ ਕੱਢ ਕੇ ਪਿੰਗਲਵਾੜਾ ਸੰਸਥਾ ਨੂੰ ਨਕਦ, ਚੈੱਕ, ਡਰਾਫਟ ਰਾਹੀਂ ਭੇਜਦੇ ਹਨ।

# ਗੁਰਮਤਿ ਵਿਚ ਮਨੁੱਖੀ ਸਮਾਨਤਾ ਦੀ ਵਿਲੱਖਣ ਦ੍ਰਿਸ਼ਟੀ





ਡਾ. ਸਤਿੰਦਰ ਪਾਲ ਸਿੰਘ
ਸਿਡਨੀ ਆਸਟ੍ਰੇਲੀਆ
akaalpurkh.7@gmail.com

'ਸਭਨਾ ਜੀਆ ਕਾ ਇਕੁ ਦਾਤਾ' ਅਨੁਸਾਰ ਪਰਮਾਤਮਾ ਸਭ ਦਾ ਦਾਤਾ ਹੈ। ਉਹ ਇਕੋ ਦਾਤਾ ਹੈ ਤੇ ਸਾਰੇ ਹੀ ਉਸ ਦੇ ਸਾਹਮਣੇ ਭਿਖਾਰੀ ਬਣ ਕੇ ਖੜ੍ਹੇ ਹਨ। ਸਭ ਦਾ ਭਿਖਾਰੀ ਹੋਣਾ ਆਪਸੀ ਸਮਾਨਤਾ ਦਾ ਇਕ ਅਜਿਹਾ ਆਧਾਰ ਹੈ, ਜਿਸ ਨੂੰ ਕੋਈ ਵੀ ਅਸਵੀਕਾਰ ਨਹੀਂ ਕਰ ਸਕਦਾ। ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿਹਾ ਕਿ ਮਨੁੱਖ ਆਪਣੀ ਹੋਂਦ ਲਈ ਪੂਰੀ ਤਰ੍ਹਾਂ ਪਰਮਾਤਮਾ 'ਤੇ ਨਿਰਭਰ ਹੈ:

**ਕਹਿਆ ਕਰਣਾ ਦਿਤਾ ਲੈਣਾ॥**
**ਗਰੀਬਾ ਅਨਾਥਾ ਤੇਰਾ ਮਾਣਾ॥**
**ਸਭ ਕਿਛੁ ਤੂੰਹੈ ਤੂੰਹੈ ਮੇਰੇ ਪਿਆਰੇ**
**ਤੇਰੀ ਕੁਦਰਤਿ ਕਉ ਬਲਿ ਜਾਈ ਜੀਉ॥**
**(ਮਾਝ, ਮ:5 ਅੰਗ:98)**

ਮਨੁੱਖ ਨੂੰ ਅਕਸਰ ਆਪਣੇ ਕਰਮਾਂ 'ਤੇ ਅਹੰਕਾਰ ਹੋ ਜਾਂਦਾ ਹੈ। ਇਸ ਅਹੰਕਾਰ ਵਿਚ ਉਹ ਹੋਰਾਂ ਨੂੰ ਤੁੱਛ ਸਮਝਣ ਲੱਗ ਪੈਂਦਾ ਹੈ। ਉਸ ਨੂੰ ਜੋ ਉਪਲਬਧੀਆਂ ਪ੍ਰਾਪਤ ਹੁੰਦੀਆਂ ਹਨ, ਉਨ੍ਹਾਂ ਦਾ ਸਿਹਰਾ ਵੀ ਉਹ ਆਪਣੇ ਸਿਰ ਬੰਨ੍ਹ ਲੈਂਦਾ ਹੈ ਤੇ ਆਪਣੇ-ਆਪ ਨੂੰ ਹੋਰਾਂ ਨਾਲੋਂ ਸ੍ਰੇਸ਼ਠ ਸਮਝਣ ਲੱਗ ਪੈਂਦਾ ਹੈ। ਇਸੇ ਅਹੰਕਾਰ ਤੋਂ ਆਪਸ ਦੀ ਊਚ-ਨੀਚ ਅਤੇ ਅਸਮਾਨਤਾ ਜਨਮ ਲੈਂਦੀ ਹੈ। ਸਮਾਜ ਵਿਚ ਅਸਮਾਨਤਾ ਦੀ ਭਾਵਨਾ ਸਭ ਤੋਂ ਵੱਡੀ ਤ੍ਰਾਸਦੀ ਹੈ, ਜਿਸ ਨੇ ਦੁੱਖ ਤੇ ਸੰਤਾਪ ਪੈਦਾ ਕੀਤੇ ਹਨ। ਗੁਰੂ ਅਰਜਨ ਦੇਵ ਜੀ ਨੇ ਕਿਹਾ ਕਿ ਇਹ ਮੂਲਤ: ਅਸੱਤ ਹੈ। ਮਨੁੱਖ ਜੀਵਨ ਵਿਚ ਉਹੀ ਕਰਦਾ ਹੈ, ਜੋ ਪਰਮਾਤਮਾ ਉਸ ਤੋਂ ਕਰਾਉਂਦਾ ਹੈ। ਮਨੁੱਖ ਆਪਣੇ-ਆਪ ਵਿਚ ਦੀਨ ਹੈ। ਉਸ ਦਾ ਮਾਣ ਪਰਮਾਤਮਾ ਦੀ ਕਿਰਪਾ ਵਿਚ ਹੈ। ਮਨੁੱਖ ਹੰਕਾਰ ਵੱਸ ਖ਼ੁਦ ਨੂੰ ਤਾਂ ਬੁੱਧੀਮਾਨ ਸਮਝਦਾ ਹੈ, ਪਰ ਹੋਰਾਂ ਨੂੰ ਮੂਰਖ। ਇਸ ਤਰ੍ਹਾਂ ਉਹ ਭੇਦਭਾਵ ਭਰਿਆ ਵਿਵਹਾਰ ਕਰਦਾ ਹੈ। ਪਰ ਗੁਰੂ ਅਰਜਨ ਦੇਵ ਜੀ ਇਸ ਖੰਡਨ ਕਰਦੇ ਹੋਏ ਫਰਮਾਉਂਦੇ ਹਨ:

**ਨਾ ਕੋ ਮੂਰਖੁ ਨਾ ਕੋ ਸਿਆਣਾ॥**
**ਵਰਤੈ ਸਭ ਕਿਛੁ ਤੇਰਾ ਭਾਣਾ॥**
**ਅਗਮ ਅਗੋਚਰ ਬੇਅੰਤ ਅਥਾਹਾ**
**ਤੇਰੀ ਕੀਮਤਿ ਕਹਣੁ ਨ ਜਾਈ ਜੀਉ॥**
**(ਮਾਝ, ਮ:5 ਅੰਗ:98)**

ਗੁਰੂ ਸਾਹਿਬ ਅਨੁਸਾਰ ਕੋਈ ਮੂਰਖ ਨਹੀਂ ਤੇ ਕੋਈ ਬੁੱਧੀਮਾਨ ਨਹੀਂ। ਪਰਮਾਤਮਾ ਨੇ ਜਿਸ ਨੂੰ ਜਿਵੇਂ ਬਣਾਇਆ ਹੈ, ਉਹ ਉਹੋ ਜਿਹਾ ਹੀ ਹੈ। ਇਹ ਪਰਮਾਤਮਾ ਦੀ ਰਚੀ ਹੋਈ ਵਿਵਸਥਾ ਹੈ, ਜਿਸ ਨੂੰ ਉਹ ਖ਼ੁਦ ਹੀ ਜਾਣਦਾ ਹੈ। ਪਰਮਾਤਮਾ ਦੀ ਵਿਵਸਥਾ ਦਾ ਆਧਾਰ ਅਨੰਤ, ਅਗਮ ਤੇ ਦ੍ਰਿਸ਼ਟੀ ਤੋਂ ਪਰ੍ਹੇ ਹੈ। ਕੌਣ ਮੂਰਖ ਤੇ ਕੌਣ ਬੁੱਧੀਮਾਨ ਹੈ, ਇਹ ਪਰਮਾਤਮਾ ਹੀ ਜਾਣ ਸਕਦਾ ਹੈ। ਇਸ ਦਾ ਸਪੱਸ਼ਟ ਅਰਥ ਇਹ ਹੈ ਕਿ ਮਨੁੱਖ ਕਿਸੇ ਦਾ ਤ੍ਰਿਸਕਾਰ ਨਹੀਂ ਕਰ ਸਕਦਾ ਤੇ ਨਾ ਹੀ ਕਿਸੇ ਨਾਲ ਭੇਦਭਾਵ ਕਰ ਸਕਦਾ ਹੈ। ਅਜਿਹਾ ਕਰਨਾ ਪਰਮਾਤਮਾ ਦੀ ਰਚਨਾ ਤੇ ਵਿਧਾਨ ਦੇ ਵਿਰੁੱਧ ਹੈ। ਗੁਰੂ ਨਾਨਕ ਦੇਵ ਜੀ ਨੇ ਵੀ ਇਸੇ ਤੱਤ ਨੂੰ ਦ੍ਰਿੜ੍ਹ ਕੀਤਾ:

**ਨਾ ਜਾਣਾ ਮੂਰਖੁ ਹੈ ਕੋਈ ਨ ਜਾਣਾ ਸਿਆਣਾ॥**
**ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ॥**
**ਬਾਬਾ ਮੂਰਖੁ ਹਾ ਨਾਵੈ ਬਲਿ ਜਾਉ॥**
**ਤੂ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ॥**
**(ਮਾਰੂ, ਮ:1, ਅੰਗ:1015)**

ਗੁਰੂ ਸਾਹਿਬ ਨੇ ਸੇਧ ਦਿੱਤੀ ਕਿ ਮਨੁੱਖ ਕਿਸੇ ਨੂੰ ਅਜਾਣ ਜਾਂ ਗਿਆਨੀ ਸਮਝ ਕੇ ਆਪਣੇ ਮਨ ਵਿਚ ਊਚ-ਨੀਚ ਦੀ ਭਾਵਨਾ ਨਾ ਪੈਦਾ ਕਰੇ। ਕਿਸੇ ਮਨੁੱਖ ਦੇ ਸੁਭਾਅ ਜਾਂ ਸਮਰੱਥਾ ਨੂੰ ਪਰਖਣ ਵਿਚ ਸਮਾਂ ਗੁਆਉਣ ਦੀ ਥਾਂ ਮਨੁੱਖ ਨੂੰ ਪਰਮਾਤਮਾ ਦੀ ਭਗਤੀ ਕਰਨੀ ਚਾਹੀਦੀ ਹੈ ਤੇ ਆਪਣੇ ਮਨ ਨੂੰ ਉਸ ਦੇ ਨਾਮ 'ਚ ਇਕਾਗਰ ਕਰਨਾ ਚਾਹੀਦਾ ਹੈ। ਖ਼ੁਦ ਨੂੰ ਅਜਾਣ ਸਮਝ ਕੇ ਜਦੋਂ ਮਨੁੱਖ ਪਰਮਾਤਮਾ ਦੀ ਮਹਿਮਾ ਦੇ ਦਰਸ਼ਨ ਕਰਦਾ ਹੈ ਤਾਂ ਉਸ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਇਕ ਪਰਮਾਤਮਾ ਹੀ ਗਿਆਨ ਦਾ ਸਾਗਰ ਹੈ ਤੇ ਉਹੀ ਸ੍ਰਿਸ਼ਟੀ ਦਾ ਸੰਚਾਲਨ ਕਰ ਰਿਹਾ ਹੈ। ਜੇ ਹਰ ਮਨੁੱਖ ਇਸ ਸੱਚ ਨੂੰ ਹਿਰਦੇ ਵਿਚ ਧਾਰਨ ਕਰ ਲਵੇ ਤਾਂ ਸਮਾਜ ਵਿਚ ਸਦਭਾਵਨਾ ਬਣੀ ਰਹੇਗੀ ਤੇ ਆਪਸੀ ਪ੍ਰੇਮ ਦੀ ਅਵਸਥਾ ਬਣੇਗੀ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ- ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ॥ ਭਾਵ ਸਭ ਇਕ ਜੋਤ ਤੋਂ ਹੀ ਪੈਦਾ ਹੋਏ ਹਨ। ਉਨ੍ਹਾਂ ਦੇ ਰੂਪ ਤੇ ਰੰਗ ਵੱਖ ਹੋ ਸਕਦੇ ਹਨ, ਪਰ ਹਕੀਕਤ ਵਿਚ ਕੋਈ ਅੰਤਰ ਨਹੀਂ। ਉਹ ਇਕ ਹੀ ਪਿਤਾ ਦੀ ਸੰਤਾਨ ਹਨ। ਭਗਤ ਕਬੀਰ ਜੀ ਨੇ ਇਸ ਤੱਥ ਨੂੰ ਹੋਰ ਸਪੱਸ਼ਟ ਕਰਦਿਆਂ ਪਰਮਾਤਮਾ ਨੂੰ ਕੁੰਭਾਰ ਤੇ ਜੀਵਾਂ ਨੂੰ ਮਿੱਟੀ ਦੇ ਭਾਂਡਿਆਂ ਦੀ ਉਪਮਾ ਦਿੱਤੀ:-

**ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥**
**ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥**
**(ਪ੍ਰਭਾਤੀ, ਭਗਤ ਕਬੀਰ ਜੀ, ਅੰਗ:1349)**

ਪਰਮਾਤਮਾ ਨੇ ਕੁੰਭਾਰ ਦੀ ਤਰ੍ਹਾਂ ਜੀਵ ਰਚੇ ਹਨ। ਸਭ ਨੂੰ ਸਮਾਨ ਅੰਗ ਦਿੱਤੇ ਤੇ ਸਭ ਦੇ ਤਨ ਇਕੋ ਸਮਾਨ ਪ੍ਰਕਿਰਿਆ ਨਾਲ ਗਤਿਸ਼ੀਲ ਹਨ।

**ਮੇਰੀ ਮੇਰੀ ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ॥**
**ਗੜ ਮੰਦਰ ਮਹਲਾ ਕਹਾ ਜਿਉ ਬਾਜੀ ਦੀਬਾਣੁ॥**
**(ਰਾਮਕਲੀ ਦਖਣੀ, ਮ:1 ਅੰਗ:929)**

ਗੁਰੂ ਨਾਨਕ ਸਾਹਿਬ ਨੇ ਸੁਚੇਤ ਕੀਤਾ ਕਿ ਜਦੋਂ ਮਨੁੱਖ ਦਾ ਮਨ ਤ੍ਰਿਸ਼ਨਾ ਤੇ ਲਾਲਸਾ 'ਚ ਲਿਪਤ ਹੋ ਕੇ ਪਰਮਾਤਮਾ ਨੂੰ ਭੁੱਲ ਜਾਂਦਾ ਹੈ ਤੇ ਆਪਣੇ ਸਵਾਰਥਾਂ ਦੀ ਪੂਰਤੀ 'ਚ ਲੱਗ ਜਾਂਦਾ ਹੈ ਤਾਂ ਇਸ ਦਾ ਨਤੀਜਾ ਦੁੱਖ ਤੇ ਸੰਤਾਪ ਦੇ ਰੂਪ ਵਿਚ ਹੀ ਨਿਕਲਦਾ ਹੈ। ਉਸ ਸਮੇਂ ਨਾ ਧਨ ਕੰਮ ਆਉਂਦਾ ਹੈ, ਨਾ ਸੰਪਤੀ, ਨਾ ਸੱਤਾ ਤੇ ਨਾ ਹੀ ਬਲ ਸਾਥ ਰਹਿੰਦਾ ਹੈ। ਗੁਰੂ ਸਾਹਿਬ ਨੇ ਕਿਹਾ ਕਿ ਇਹ ਸਭ ਕੁਝ ਮਦਾਰੀ ਦੇ ਤਮਾਸ਼ੇ ਵਾਂਗ ਹੈ। ਮਾਇਆ ਮਦਾਰੀ ਦੀ ਤਰ੍ਹਾਂ ਮਨੁੱਖ ਨੂੰ ਨਚਾਉਂਦੀ ਹੈ, ਪਰ ਖੇਡ ਖਤਮ ਹੋਣ ਨਾਲ ਹੀ ਸਭ ਕੁਝ ਛਿੰਨ-ਭਿੰਨ ਹੋ ਜਾਂਦਾ ਹੈ। ਸੱਚ ਇਹ ਹੈ ਮਾਇਆ ਮਾਇਆ ਕਰਿ ਮੁਏ ਮਾਇਆ ਕਿਸੈ ਨ ਸਾਥਿ॥ ਮਾਇਆ ਕਦੇ ਕਿਸੇ ਦੀ ਸੰਗੀ ਨਹੀਂ ਬਣੀ। ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਪਰਮਾਤਮਾ ਨਾਲ ਜੋੜਿਆ, ਪਰ ਨਾਲ ਹੀ ਜੀਵਨ ਦੀ ਸਦ ਵਰਤੋਂ ਦੀ ਪ੍ਰੇਰਨਾ ਵੀ ਦਿੱਤੀ।

ਇਕ ਵਾਰ ਬਾਦਸ਼ਾਹ ਅਕਬਰ ਨੇ ਗੁਰੂ ਅਮਰਦਾਸ ਜੀ ਨਾਲ ਮਿਲਣ ਦੀ ਇੱਛਾ ਜਤਾਈ। ਗੁਰੂ ਅਮਰਦਾਸ ਜੀ ਨੇ ਆਪ ਨਾ ਜਾ ਕੇ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੂੰ ਲਾਹੌਰ ਭੇਜਿਆ। ਅਕਬਰ ਨੇ ਧਰਮ ਤੇ ਸਿੱਖ ਪੰਥ ਬਾਰੇ ਕਈ ਸਵਾਲ ਕੀਤੇ, ਜਿਨ੍ਹਾਂ ਦੇ ਜਵਾਬ ਭਾਈ ਜੇਠਾ ਜੀ ਨੇ ਬਹੁਤ ਵਿਦਵਤਾ ਤੇ ਸਪੱਸ਼ਟਤਾ ਨਾਲ ਦਿੱਤੇ। ਅਕਬਰ ਪ੍ਰਭਾਵਿਤ ਹੋਇਆ ਤੇ ਕੁਝ ਮੰਗਣ ਲਈ ਕਿਹਾ। ਭਾਈ ਜੇਠਾ ਜੀ ਨੇ ਆਪਣੇ ਲਈ ਕੁਝ ਨਾ ਮੰਗ ਕੇ ਹਿੰਦੂਆਂ 'ਤੇ ਲਾਏ ਵਿਸ਼ੇਸ਼ ਕਰ ਨੂੰ ਮਾਫ਼ ਕਰਨ ਦੀ ਬੇਨਤੀ ਕੀਤੀ। ਅਕਬਰ ਨੇ ਤੁਰੰਤ ਇਹ ਮੰਗ ਸਵੀਕਾਰ ਕਰ ਲਈ ਤੇ ਕਰ ਮੁਆਫ਼ੀ ਦਾ ਹੁਕਮ ਜਾਰੀ ਕਰ ਦਿੱਤਾ। ਇਸ ਤਰ੍ਹਾਂ ਉਨ੍ਹਾਂ ਨੇ ਗੁਰੂ ਘਰ ਦੀ ਮਹਾਨਤਾ ਵੀ ਕਾਇਮ ਰੱਖੀ, ਅਨਿਆਂ ਸਹਿ ਰਹੇ ਹਿੰਦੂਆਂ ਦੀ ਵੀ ਬਿਨ ਮੰਗੇ ਮਦਦ ਕਰ ਦਿੱਤੀ। ਇਹੋ ਘਾਲਿ ਖਾਇ ਕਿਛੁ ਹਥਹੁ ਦੇਇ॥ ਦੀ ਗੁਰਮਤਿ ਪ੍ਰੇਰਿਤ ਜੀਵਨ-ਪ੍ਰਣਾਲੀ ਹੈ। ਇਹ ਮਨੁੱਖੀ ਸਮਾਨਤਾ ਨੂੰ ਸਨਮਾਨ ਨਾਲ ਵੀ ਜੋੜਦੀ ਹੈ। ਹਰ ਮਨੁੱਖ ਬਰਾਬਰੀ ਦੇ ਸਨਮਾਨ ਦਾ ਵੀ ਹੱਕਦਾਰ ਹੈ।

ਸੰਸਾਰ ਵਿਚ ਪਹਿਲਾਂ ਪਰੰਪਰਾ ਸੀ ਕਿ ਗੁਰੂ ਗਿਆਨ ਦਾ ਮਾਲਕ ਰਹਿੰਦਾ ਸੀ ਤੇ ਆਪਣੇ ਅਨੁਆਈਆਂ ਨੂੰ ਸੀਮਤ ਗਿਆਨ ਦਿੰਦਾ ਸੀ ਤਾਂ ਜੋ ਗੁਰੂ ਦਾ ਮਹੱਤਵ ਬਣਿਆ ਰਹੇ। ਗੁਰੂ ਸਾਹਿਬਾਨ ਨੇ ਆਪਣੇ ਸਿੱਖ ਨੂੰ ਆਪਣੇ ਵਰਗਾ ਬਣਾਇਆ ਤੇ ਆਪਣਾ ਸਮੂਹ ਗਿਆਨ ਗੁਰਬਾਣੀ ਰਾਹੀਂ ਉਨ੍ਹਾਂ ਨੂੰ ਸੌਂਪ ਦਿੱਤਾ। ਇਸ ਨਾਲ ਗੁਰੂ ਤੇ ਸਿੱਖ ਇਕ ਸਮਾਨ ਤਲ 'ਤੇ ਆ ਗਏ। ਗੁਰਸਿੱਖ ਭਗਤੀ ਆਪਣੇ ਤੱਕ ਹੀ ਸੀਮਤ ਨਹੀਂ ਰੱਖਦਾ, ਹੋਰਨਾਂ ਨੂੰ ਵੀ ਇਸ ਲਈ ਪ੍ਰੇਰਿਤ ਕਰਦਾ ਹੈ ਤਾਂ ਜੋ ਇਕ ਸ੍ਰੇਸ਼ਟ ਸਮਾਜ ਵਿਕਸਿਤ ਹੋ ਸਕੇ।


**ਆਪਿ ਜਪਹੁ ਅਵਰਾ ਨਾਮੁ ਜਪਾਵਹੁ॥**
**ਸੁਨਤ ਕਹਤ ਰਹਤ ਗਤਿ ਪਾਵਹੁ॥**
**(ਗਉੜੀ ਸੁਖਮਨੀ, ਮ:5, ਅੰਗ:288)**

ਮਨੁੱਖ ਦਾ ਆਪਣੇ-ਆਪ ਵਿਚ ਸੀਮਤ ਨਾ ਰਹਿ ਕੇ ਸਮੂਹ ਮਨੁੱਖਤਾ ਨੂੰ ਆਪਣਾ ਅੰਗ ਬਣਾ ਲੈਣਾ ਹੀ ਗੁਰਮਤਿ ਅਨੁਸਾਰ ਸਭ ਤੋਂ ਉੱਚੀ ਆਤਮਿਕ ਅਵਸਥਾ ਹੈ।

# ਵੰਡ ਦੇ ਦੁਖਾਂਤ ਦਾ ਗਵਾਹ ਆਂਡਲੂ ਦਾ ਖੂਹ

ਕੁਲਦੀਪ ਸਿੰਘ ਲੋਹਟ

ਪਿੰਡ ਆਂਡਲੂ ਦੀ ਧਰਤੀ ਅੱਜ ਇਕ ਐਸੇ ਭਾਵੁਕ, ਇਤਿਹਾਸਕ ਤੇ ਯਾਦਗਾਰ ਪਲ ਦੀ ਗਵਾਹ ਬਣ ਕੇ ਸਾਹਮਣੇ ਆਈ ਹੈ, ਜਿਸ ਨੇ ਹਾਜ਼ਰ ਹਰ ਇਨਸਾਨ ਦੇ ਦਿਲ ਨੂੰ ਛੂਹ ਲਿਆ। ਪਿੰਡ ਵਿਚ ਸਥਿਤ 80 ਸਾਲਾਂ ਤੋਂ ਵੀ ਵਧੇਰੇ ਪੁਰਾਣਾ ਵਿਰਾਸਤੀ ਖੂਹ, ਜੋ 1947 ਦੀ ਵੰਡ ਦੇ ਦਰਦਨਾਕ ਦੌਰ ਦੀਆਂ ਖ਼ਾਮੋਸ਼ ਕਹਾਣੀਆਂ ਆਪਣੇ ਅੰਦਰ ਸਮੇਟੀ ਖੜ੍ਹਾ ਹੈ। ਇਸ ਖੂਹ ਦੀ 80 ਸਾਲਾਂ ਬਾਅਦ ਸੁਣੀ ਗਈ ਹੈ, ਜਿਸ ਨੂੰ ਵਿਰਾਸਤ ਵਜੋਂ ਸੰਭਾਲਣ ਤੇ ਵਿਕਸਤ ਕਰਨ ਦਾ ਅਹਿਮ ਫ਼ੈਸਲਾ ਲਿਆ ਗਿਆ ਹੈ। ਅਮਰੀਕਾ ਰਹਿੰਦੇ ਐਨ.ਆਰ.ਆਈ. ਮਨਜੀਤ ਸਿੰਘ ਧਾਲੀਵਾਲ ਨੇ ਪਹਿਲਕਦਮੀ ਕਰਦਿਆਂ ਇਸ ਖੂਹ ਦੇ ਇਤਿਹਾਸਕ ਪਿਛੋਕੜ ਬਾਰੇ ਖੋਜ ਕੀਤੀ। ਜਾਣਕਾਰੀ ਅਨੁਸਾਰ ਇਹ ਖੂਹ ਵੰਡ ਤੋਂ ਪਹਿਲਾਂ ਇਕ ਮੁਸਲਿਮ ਪਰਿਵਾਰ ਵਲੋਂ ਆਪਣੇ ਖੇਤਾਂ ਦੀ ਸਿੰਜਾਈ, ਪਸ਼ੂਆਂ ਦੀ ਪਿਆਸ ਬੁਝਾਉਣ ਅਤੇ ਘਰੇਲੂ ਲੋੜਾਂ ਨੂੰ ਪੂਰਾ ਕਰਨ ਲਈ ਬਣਵਾਇਆ ਗਿਆ ਸੀ। ਉਸ ਵੇਲੇ ਇਹ ਖੂਹ ਸਿਰਫ਼ ਪਾਣੀ ਦਾ ਸਰੋਤ ਨਹੀਂ ਸੀ, ਸਗੋਂ ਉਸ ਪਰਿਵਾਰ ਦੀ ਮਿਹਨਤ, ਰੋਜ਼ੀ-ਰੋਟੀ, ਖ਼ੁਸ਼ਹਾਲੀ ਤੇ ਉਮੀਦਾਂ ਦਾ ਕੇਂਦਰ ਸੀ। ਇਸ ਦੇ ਆਲੇ-ਦੁਆਲੇ ਪਰਿਵਾਰ ਦੇ ਹਾਸੇ, ਬੱਚਿਆਂ ਦੀਆਂ ਖੇਡਾਂ ਤੇ ਮਿੱਟੀ ਨਾਲ ਜੁੜੀ ਜ਼ਿੰਦਗੀ ਦੀ ਰੌਣਕ ਵਸਦੀ ਸੀ। ਸਮਾਂ ਤੇ ਹਾਲਾਤ ਬਦਲੇ ਅਤੇ 1947 ਦੀ ਵੰਡ ਨੇ ਸਦੀਆਂ ਤੋਂ ਇਕੱਠੇ ਰਹਿੰਦੇ ਲੋਕਾਂ ਨੂੰ ਧਰਮਾਂ ਦੀਆਂ ਲਕੀਰਾਂ ਵਿਚ ਵੰਡ ਦਿੱਤਾ। ਉਹੀ ਪਰਿਵਾਰ ਜਿਸ ਨੇ ਆਪਣੇ ਹੱਥਾਂ ਨਾਲ ਇਹ ਖੂਹ ਤਿਆਰ ਕੀਤਾ, ਇਕ ਦਿਨ ਆਪਣੀ ਜਨਮ ਭੂਮੀ, ਆਪਣਾ ਘਰ, ਆਪਣੇ ਖੇਤ ਤੇ ਆਪਣੀਆਂ ਯਾਦਾਂ ਪਿੱਛੇ ਛੱਡ ਕੇ ਪਾਕਿਸਤਾਨ ਜਾਣ ਲਈ ਮਜਬੂਰ ਹੋ ਗਿਆ। ਉਸ ਵੇਲੇ ਦੀ ਤੜਪ, ਵਿਛੋੜੇ ਦੇ ਹਉਕੇ ਤੇ ਬੇਬਸੀ ਦੀਆਂ ਚੀਕਾਂ ਜਿਵੇਂ ਅੱਜ ਵੀ ਇਸ ਖੂਹ ਦੀ ਹਰ ਇਕ ਇੱਟ ਵਿਚ ਦਰਜ ਹਨ। ਇਸ ਖੂਹ ਦੀਆਂ ਕੰਧਾਂ ਅੱਜ ਵੀ ਉਨ੍ਹਾਂ ਮਿਹਨਤੀ ਹੱਥਾਂ ਦੀ ਛਾਪ ਮਹਿਸੂਸ ਕਰਵਾਉਂਦੀਆਂ ਹਨ, ਜਿਨ੍ਹਾਂ ਨੇ ਇਸ ਨੂੰ ਸੁਪਨਿਆਂ ਨਾਲ ਖੜ੍ਹਾ ਕੀਤਾ ਸੀ। ਇਹ ਖੂਹ ਅੱਜ ਵੀ ਬਿਨਾਂ ਬੋਲੇ ਬਹੁਤ ਕੁਝ ਕਹਿੰਦਾ ਹੈ। ਇਹ ਸਿਰਫ਼ ਮਿੱਟੀ, ਇੱਟਾਂ ਤੇ ਪਾਣੀ ਦੀ ਬਣਤਰ ਨਹੀਂ, ਸਗੋਂ ਉਹ ਯਾਦਗਾਰ ਹੈ ਜੋ ਇਨਸਾਨੀ ਦਰਦ, ਵਿਛੋੜੇ ਤੇ ਇਤਿਹਾਸ ਦੀਆਂ ਸਚਾਈਆਂ ਨੂੰ ਸੰਭਾਲੇ ਖੜ੍ਹੀ ਹੈ। 80 ਸਾਲਾਂ ਤੋਂ ਇਸ ਅਨਮੋਲ ਨਿਸ਼ਾਨੀ ਨੂੰ ਗੁਰਦਿੱਤ ਸਿੰਘ ਦੇ ਪਰਿਵਾਰ ਦੀ ਅਗਲੀ ਪੀੜ੍ਹੀ ਵਲੋਂ ਬੜੀ ਨਿਸ਼ਠਾ ਨਾਲ ਸੰਭਾਲਿਆ ਗਿਆ। ਇਸ ਪਰਿਵਾਰ ਦੀ ਮੌਜੂਦਾ ਪੀੜ੍ਹੀ ਕਿਰਨਦੀਪ ਸਿੰਘ ਪੁੱਤਰ ਮੇਵਾ ਸਿੰਘ ਨੇ ਇਸ ਖੂਹ ਨੂੰ ਆਪਣੀ ਵਿਰਾਸਤੀ ਜ਼ਿੰਮੇਵਾਰੀ ਸਮਝਦਿਆਂ ਇਸ ਦੀ ਦੇਖਭਾਲ ਕੀਤੀ ਤੇ ਇਸ ਨੂੰ ਮਿਟਣ ਨਹੀਂ ਦਿੱਤਾ। ਹੁਣ ਇਸ ਅਹਿਮ ਨਿਸ਼ਾਨੀ ਨੂੰ ਦੀਵਾਨ ਟੋਡਰ ਮੱਲ ਫਾਊਂਡੇਸ਼ਨ ਵਲੋਂ ਵਿਰਾਸਤੀ ਦਿੱਖ ਦੇਣ ਦਾ ਉੱਦਮ ਆਰੰਭਿਆ ਗਿਆ ਹੈ। ਇਸ ਫਾਊਂਡੇਸ਼ਨ ਦੀ ਪ੍ਰਬੰਧਕੀ ਟੀਮ ਵਲੋਂ ਪਿੰਡ ਆਂਡਲੂ ਦਾ ਦੌਰਾ ਕਰ ਕੇ ਸਥਿਤੀ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਮਾਹੌਲ ਬੜਾ ਹੀ ਭਾਵੁਕ ਰਿਹਾ। ਕਈਆਂ ਦੀਆਂ ਅੱਖਾਂ ਨਮ ਸਨ, ਦਿਲਾਂ 'ਚ ਮਾਣ ਸੀ ਤੇ ਇਤਿਹਾਸ ਲਈ ਡੂੰਘਾ ਸਤਿਕਾਰ ਸੀ। ਪਿੰਡ ਦੇ ਲੋਕਾਂ ਨੇ ਮਹਿਸੂਸ ਕੀਤਾ ਕਿ ਵਿਰਾਸਤ ਸਿਰਫ਼ ਮਹਿਲਾਂ ਜਾਂ ਇਮਾਰਤਾਂ ਦਾ ਨਾਂਅ ਨਹੀਂ ਹੁੰਦੀ, ਸਗੋਂ ਉਹ ਅਮਾਨਤ ਹੁੰਦੀ ਹੈ ਜੋ ਸਾਨੂੰ ਆਪਣੇ ਪਿਛੋਕੜ ਨਾਲ ਜੋੜਦੀ ਹੈ। ਪਿੰਡ ਦੇ ਸਰਪੰਚ ਹਰਵਿੰਦਰ ਸਿੰਘ ਰਾਜਾ ਬਰਾੜ ਦਾ ਮੰਨਣਾ ਹੈ ਕਿ ਇਹ ਖੂਹ ਸਾਡੇ ਪਿੰਡ ਦੀ ਪਛਾਣ ਹੈ ਤੇ ਇਸ ਨੂੰ ਸੰਭਾਲਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਦੀਵਾਨ ਟੋਡਰ ਮੱਲ ਹੈਰੀਟੇਜ ਫਾਊਂਡੇਸ਼ਨ ਵਲੋਂ ਉਚੇਚੇ ਤੌਰ 'ਤੇ ਪੁੱਜੇ ਮਨਪ੍ਰੀਤ ਸਿੰਘ ਜਸਪਾਲ ਤੇ ਮੈਡਮ ਨਮਤਾ ਜਸਪਾਲ ਦਾ ਕਹਿਣਾ ਸੀ ਕਿ ਇਸ ਵਿਰਾਸਤ ਦੀ ਦਿੱਖ ਅਨੂਠੀ ਤੇ ਆਕਰਸ਼ਕ ਹੋਵੇਗੀ। ਦੀਵਾਨ ਟੋਡਰ ਮੱਲ ਚੈਰੀਟੇਬਲ ਟਰੱਸਟ ਤੇ ਹੈਰੀਟੇਜ ਫਾਊਂਡੇਸ਼ਨ ਦੇ ਸੰਸਥਾਪਕ ਮਨਜੀਤ ਸਿੰਘ ਧਾਲੀਵਾਲ ਦਾ ਆਖਣਾ ਹੈ ਕਿ ਵਿਰਾਸਤ ਸਿਰਫ਼ ਪੁਰਾਣੀਆਂ ਕੰਧਾਂ ਜਾਂ ਇਮਾਰਤਾਂ ਨਹੀਂ ਹੁੰਦੀਆਂ, ਸਗੋਂ ਉਹ ਦਰਦ ਭਰੀਆਂ ਕਹਾਣੀਆਂ ਹੁੰਦੀਆਂ ਹਨ ਜੋ ਪੀੜ੍ਹੀਆਂ ਨੂੰ ਆਪਸ 'ਚ ਜੋੜਦੀਆਂ ਹਨ। ਉਨ੍ਹਾਂ ਦੱਸਿਆ ਕਿ ਜੇ ਅਸੀਂ ਆਪਣੀਆਂ ਨਿਸ਼ਾਨੀਆਂ ਬਚਾ ਲਈਆਂ ਤਾਂ ਅਸੀਂ ਆਪਣਾ ਇਤਿਹਾਸ ਵੀ ਬਚਾ ਲਵਾਂਗੇ ਤੇ ਹੁਣ ਇਸ ਖੂਹ ਨੂੰ ਬਚਾਉਣ ਲਈ ਹਰ ਸੰਭਵ ਸਹਿਯੋਗ ਦੇਣਗੇ। ਪਿੰਡ ਆਂਡਲੂ ਦਾ ਇਹ ਖੂਹ ਅੱਜ ਵੀ ਚੁੱਪਚਾਪ ਖੜ੍ਹਾ ਹੈ, ਪਰ ਇਸ ਦੀ ਖਾਮੋਸ਼ੀ ਵਿਚ ਇਕ ਬੇਘਰ ਹੋਏ ਪਰਿਵਾਰ ਦੀ ਪੁਕਾਰ, ਇਕ ਟੁੱਟੇ ਦਿਲ ਦੀ ਸਿਸਕ ਤੇ ਇਕ ਵਿੱਛੜੀ ਮਿੱਟੀ ਦਾ ਦਰਦ ਅੱਜ ਵੀ ਸੁਣਾਈ ਦਿੰਦਾ ਹੈ। ਇਹ ਖੂਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਵੰਡ ਨੇ ਸਰਹੱਦਾਂ ਤਾਂ ਬਣਾ ਦਿੱਤੀਆਂ ਪਰ ਯਾਦਾਂ ਨੂੰ ਕਦੇ ਵੰਡ ਨਹੀਂ ਸਕੀ।



# ਭਗਤੀ ਲਹਿਰ ਅਤੇ ਸੂਫੀਵਾਦ ਦਾ ਪਿਛੋਕੜ

**1. ਭਗਤੀ ਲਹਿਰ ਅਤੇ ਸੂਫੀਵਾਦ ਦਾ ਪਿਛੋਕੜ**

ਵਿਦੇਸ਼ੀ ਹਮਲਾਵਰਾਂ ਦੇ ਨਾਲ ਇਸਲਾਮ ਵਿੱਚ ਸੂਫੀਆਂ ਦੀ ਆਮਦ ਭਾਰਤ ਵਿੱਚ 1192 ਦੀ ਮੰਨੀ ਜਾਂਦੀ ਹੈ। ਸਮੂਹ ਧਰਮਾਂ ਦੇ ਮੁਲਾਂਕਣ ਨਾਲ ਸ਼ਾਂਤੀ ਲਈ ਵਿਚਕਾਰਲਾ ਰਸਤਾ ਲੱਭਣ ਲਈ ਭਗਤੀ ਲਹਿਰ ਉੱਠੀ। ਇਸ ਲਹਿਰ ਦਾ ਅਰੰਭ ਮੱਧਕਾਲੀਨ ਸੱਤਵੀਂ ਸਦੀ ਵਿੱਚ ਦੱਖਣ ਭਾਰਤ ਵਿੱਚ ਹੋਇਆ, ਜੋ ਅੱਗੇ ਉੱਤਰੀ ਭਾਰਤ ਅਤੇ ਮੱਧ ਏਸ਼ੀਆ ਤੱਕ ਫੈਲ ਗਈ। ਇਹ ਲਹਿਰ ਸਮੇਂ ਦੇ ਪ੍ਰਚੱਲਤ ਝੂਠੇ ਕਰਮਕਾਂਡਾਂ, ਵਹਿਮਾਂ-ਭਰਮਾਂ ਅਤੇ ਮੂਰਤੀ-ਪੂਜਾ ਦੇ ਵਿਰੋਧ ਵਿੱਚ ਖੜ੍ਹੀ ਹੋਈ।

ਭਗਤਾਂ, ਨਾਥਾਂ, ਯੋਗੀਆਂ ਅਤੇ ਸੂਫੀਆਂ ਦੀ ਤਰਜ਼ 'ਤੇ ਸਨਾਤਨੀ ਬੋਲੀ ਦੀ ਥਾਂ 'ਤੇ ਲੋਕ-ਭਾਸ਼ਾ (ਸੰਤ ਭਾਸ਼ਾ) ਰਾਹੀਂ ਰਾਗਾਂ ਵਿੱਚ ਗਾ ਕੇ ਪ੍ਰਚਾਰ ਕੀਤਾ ਗਿਆ। ਦੂਰ-ਦੁਰਾਡੇ ਜਾ ਕੇ ਪ੍ਰਚਾਰ ਕਰਨ ਨਾਲ ਪ੍ਰਚਾਰਕਾਂ ਦੀ ਹਰਮਨਪਿਆਰਤਾ ਵਧਦੀ ਗਈ। ਭਾਵੇਂ ਸੂਫੀ ਘੱਟ ਗਿਣਤੀ ਵਿੱਚ ਸਨ, ਪਰ ਖੁੱਲ੍ਹੇ ਵਿਚਾਰਾਂ ਦੇ ਸਨ। ਉਹ ਧਾਰਮਿਕ ਬੰਧਨਾਂ ਵਿੱਚ ਨਹੀਂ ਬੱਝੇ ਸਨ। ਉਨ੍ਹਾਂ ਨੇ ਮਨੁੱਖਤਾ ਵਿੱਚ ਪਿਆਰ ਦੀ ਗੱਲ ਤੋਰੀ ਅਤੇ ਸਾਂਝੇ ਸਭਿਆਚਾਰ ਨੂੰ ਅਪਣਾਇਆ। ਉਹ ਛੇਤੀ ਹੀ ਸਥਾਪਤ ਹੋ ਗਏ। ਉਨ੍ਹਾਂ ਦੀ ਜ਼ਿੰਦਾਦਿਲੀ ਤੋਂ ਪ੍ਰਭਾਵਤ ਹੋ ਕੇ ਲੋਕ ਉਨ੍ਹਾਂ ਦੀਆਂ ਖਾਨਗਾਹਾਂ ਵੱਲ ਖਿੱਚੇ ਗਏ ਅਤੇ ਹੇਠਲੇ ਵਰਗਾਂ ਨਾਲ ਉਨ੍ਹਾਂ ਦੀ ਨੇੜਤਾ ਵਧਣ ਲੱਗੀ।

**2. ਪੰਜਾਬੀ ਕਵਿਤਾ ਵਿੱਚ ਸੂਫੀਆਂ ਦੀ ਦੇਣ**

ਪੰਜਾਬੀ ਕਵਿਤਾ ਵਿੱਚ ਸੂਫੀਆਂ ਦੀ ਵੱਡੀ ਦੇਣ ਹੈ। ਪੰਜਾਬੀ ਕਵਿਤਾ ਦੀ ਗੱਲ ਸੂਫੀ ਕਵਿਤਾ ਤੋਂ ਬਿਨਾਂ ਅਧੂਰੀ ਹੈ। ਸੂਫੀ ਕਵਿਤਾ ਵਿੱਚ ਤੋਬਾ, ਜ਼ੁਹਦ (ਪਰਹੇਜ਼ਗਾਰੀ), ਤਿਆਗ, ਗਰੀਬੀ, ਰੱਬ ਵਿੱਚ ਵਿਸ਼ਵਾਸ, ਭਰੋਸਾ ਅਤੇ ਸੰਤੁਸ਼ਟੀ ਵਰਗੇ ਅਧਿਆਤਮਕ ਵਿਸ਼ੇ ਹਨ। ਬਹੁਤ ਸਾਰੇ ਸੂਫੀ ਕਵੀਆਂ ਨੇ ਅਥਾਹ ਰਹੱਸ ਦੇ ਆਪਣੇ ਅਨੁਭਵਾਂ ਨੂੰ ਬਿਆਨ ਕਰਨ ਲਈ ਕਵਿਤਾ ਨੂੰ ਇੱਕ ਮਾਧਿਅਮ ਚੁਣਿਆ ਹੈ, ਜਾਂ ਆਪਣੇ ਚੇਲਿਆਂ ਨੂੰ ਸੰਕੇਤ ਲਿਖਣ ਲਈ ਅੱਖਰੀ ਗਿਆਨ ਦਿੱਤਾ। ਰਹੱਸਵਾਦੀ ਸੂਫੀ ਸਿਲਸਿਲਿਆਂ ਦੇ ਗਠਨ ਨਾਲ ਵੱਖ-ਵੱਖ ਸਥਿਤੀਆਂ ਵਿੱਚ ਸੂਫੀਆਂ ਦੇ ਵਿਵਹਾਰ ਬਾਰੇ ਪੁਸਤਕਾਂ ਹੋਂਦ ਵਿੱਚ ਆਈਆਂ ਅਤੇ ਮਹੱਤਵਪੂਰਨ ਬਣੀਆਂ। ਬਾਅਦ ਵਿੱਚ ਰਹੱਸਵਾਦੀਆਂ ਨੇ ਟਕਸਾਲੀ ਸਰੋਤਾਂ 'ਤੇ ਵਿਆਪਕ ਟਿੱਪਣੀਆਂ ਕੀਤੀਆਂ।

ਇਸਲਾਮੀ ਸਾਹਿਤ ਵਿੱਚ ਸੂਫੀਵਾਦ ਦਾ ਇੱਕ ਵੱਡਾ ਯੋਗਦਾਨ ਹੈ। ਮਨਮੋਹਕ ਛੋਟੀਆਂ ਅਰਬੀ ਪ੍ਰੇਮ ਕਵਿਤਾਵਾਂ ਨਾਲ ਇਸਲਾਮੀ ਸਾਹਿਤ ਸਰਸ਼ਾਰ ਹੁੰਦਾ ਹੈ, ਜੋ ਰਹੱਸਵਾਦੀ ਸੰਗੀਤ ਸਮਾਰੋਹਾਂ (ਕਵਾਲੀਆਂ) ਵਿੱਚ ਬੜੀ ਸ਼ਿੱਦਤ ਨਾਲ ਗਾਇਆ ਜਾਂਦਾ ਹੈ। ਇਹ ਪਿਆਰ ਨਾਲ ਮਿਲਾਪ ਲਈ ਆਤਮਾ ਦੀ ਇੱਛਾ ਨੂੰ ਦਰਸਾਉਂਦਾ ਹੈ। ਜ਼ਿਆਦਾਤਰ ਫਾਰਸੀ ਕਵਿਤਾਵਾਂ ਵਿੱਚ ਪ੍ਰਚਲਤ ਪਿਆਰ ਸਬੰਧ ਇਹ ਹੈ ਕਿ ਪ੍ਰੀਤਮ ਇੱਕ ਆਦਮੀ ਹੈ ਅਤੇ ਪ੍ਰੇਮੀ ਮਨੁੱਖ ਇੱਕ ਔਰਤ ਵਜੋਂ ਉਸ ਨੂੰ ਭਾਲਦਾ ਹੈ। 'ਹੀਰ' ਉਹ ਰੂਹ ਹੈ ਜੋ ਬ੍ਰਹਮ ਪਿਆਰੇ (ਰੱਬ) ਨੂੰ ਭਾਲਦੀ ਹੈ। ਸੂਫੀ ਕਾਵਿ ਦੀ ਵਿਸ਼ੇਸ਼ਤਾ ਰੱਬ ਦੀ ਉਸਤਤ ਵਿੱਚ ਭਜਨ ਹਨ, ਜੋ ਦੋਹੜਿਆਂ ਅਤੇ ਕਾਫ਼ੀਆਂ ਵਿੱਚ ਕੀਤੇ ਜਾਂਦੇ ਹਨ।

**3. ਅਲੀ ਹੈਦਰ ਮੁਲਤਾਨੀ: ਜੀਵਨ ਅਤੇ ਪਿਛੋਕੜ**

ਹੱਥਲੇ ਲੇਖ ਵਿਚ ਸੂਫੀ ਕਵੀ ਅਲੀ ਹੈਦਰ ਮੁਲਤਾਨੀ ਦੇ ਜੀਵਨ ਅਤੇ ਰਚਨਾ ਤੇ ਵਿਚਾਰ ਕੀਤੀ ਜਾ ਰਹੀ ਹੈ। ਉਹ ਪੰਜਾਬ ਦੇ ਸਾਹਿਤਕ ਅਤੇ ਸਭਿਆਚਾਰਕ ਖੇਤਰ ਵਿੱਚ ਇੱਕ ਇਤਿਹਾਸਕ ਮਹੱਤਵਪੂਰਨ ਹਸਤੀ ਸਨ। ਪੰਜਾਬੀ ਬੋਲੀ ਵਿੱਚ ਇੱਕ ਸੂਫੀ ਕਵੀ ਵਜੋਂ ਉਸਨੇ ਆਪਣੇ ਯੋਗਦਾਨ ਨਾਲ ਸਾਹਿਤਕ ਪਰੰਪਰਾਵਾਂ ਉੱਤੇ ਸਦੀਵੀ ਪ੍ਰਭਾਵ ਛੱਡਿਆ ਹੈ। ਉਸਦੀ ਲੇਖਣੀ ਆਪਣੇ ਸਮੇਂ ਦੇ ਸਮਾਜਿਕ, ਰਾਜਨੀਤਕ ਅਤੇ



ਸਭਿਆਚਾਰਕ ਖੇਤਰਾਂ ਵਿੱਚ ਸ਼ਮੂਲੀਅਤ ਕਰਕੇ ਪ੍ਰਸਿੱਧ ਹੋਈ, ਜੋ 18ਵੀਂ ਸਦੀ ਦੇ ਪੰਜਾਬ ਦੀਆਂ ਜਟਿਲਤਾਵਾਂ ਅਤੇ ਜੀਵੰਤਤਾ ਦੋਵਾਂ ਨੂੰ ਦਰਸਾਉਂਦੀ ਹੈ। ਉਹ ਪੰਜਾਬੀ ਅਤੇ ਸਰਾਇਕੀ ਦਾ ਮਸ਼ਹੂਰ ਸੂਫੀ ਕਵੀ ਹੈ।

ਮੁਲਤਾਨੀ ਦਾ ਜਨਮ ਇੱਕ ਅਮੀਰ ਇਤਿਹਾਸਕ ਵਿਰਾਸਤ ਵਾਲੇ ਮੁਲਤਾਨ ਇਲਾਕੇ ਦੇ ਪਿੰਡ ਚੌਂਤਰਾ ਵਿੱਚ 1690 ਵਿੱਚ ਹੋਇਆ। ਇਸ ਇਲਾਕੇ ਦੀ ਜੂਹ ਨੇ ਉਸਦੀ ਲੇਖਣੀ ਤੇ ਵਿਆਪਕ ਅਤੇ ਨਿਵੇਕਲਾ ਪ੍ਰਭਾਵ ਪਾਇਆ। ਜ਼ਿੰਦਗੀ ਦਾ ਵਧੇਰੇ ਸਮਾਂ ਉਸਨੇ ਇਸੇ ਜੂਹ ਵਿਚ ਗੁਜ਼ਾਰਿਆ। ਉਨ੍ਹਾਂ ਦੇ ਪਿਤਾ ਦਾ ਨਾਂ ਮੁਹੰਮਦ ਅਮੀਨ ਸੀ। ਮੁਲਤਾਨੀ ਗਿਲਾਨੀ ਸੱਯਦ ਸਨ। ਉਹ ਅਰਬੀ ਅਤੇ ਫਾਰਸੀ ਦੇ ਵਿਦਵਾਨ ਸਨ, ਜਿਸ ਦੀ ਸੂਝ ਨੇ ਪੰਜਾਬੀ ਸੂਫੀ ਕਵਿਤਾ ਨੂੰ ਅਮੀਰੀ ਬਖ਼ਸ਼ੀ। ਮੁਗਲ ਬਾਦਸ਼ਾਹ ਔਰੰਗਜ਼ੇਬ ਦੀ ਮੌਤ (ਮਾਰਚ, 1707) ਤੋਂ ਬਾਅਦ ਪੈਦਾ ਹੋਈ ਰਾਜਸੀ ਖਿੱਚੋਤਾਣ ਅਤੇ ਉਥਲ-ਪੁਥਲ ਦੇ ਸਮੇਂ ਉਨ੍ਹਾਂ ਨੇ ਦਿਲ ਖੋਲ੍ਹ ਕੇ ਰਚਨਾ ਕੀਤੀ, ਜਿਸ ਨਾਲ ਆਮ ਲੋਕਾਂ (ਖਾਸ ਕਰਕੇ ਕਿਰਸਾਨੀ) ਦੇ ਹੌਂਸਲੇ ਬੁਲੰਦ ਹੋਏ। ਲੁਤਫ਼ ਅਲੀ ਬਹਾਵਲਪੁਰੀ ਉਨ੍ਹਾਂ ਦਾ ਸ਼ਗਿਰਦ ਸੀ।

**4. ਕਲਾਮ ਦੀ ਖੋਜ ਅਤੇ ਪ੍ਰਕਾਸ਼ਨ**

ਕੁਝ ਸਮਾਂ ਪਹਿਲਾਂ ਤੱਕ ਮੁਲਤਾਨੀ ਦੇ ਕਲਾਮ ਤੋਂ ਆਮ ਲੋਕ ਅਣਜਾਣ ਸਨ। ਰਾਹੀ-ਰਾਹੂ ਜਾਂਦੇ ਕਈ ਵਾਰ ਗਲੀਆਂ ਵਿੱਚ ਉਸਦੀ ਰਹੱਸਵਾਦੀ ਕਵਿਤਾ ਦੀਆਂ ਵੰਨਗੀਆਂ ਗਾਉਂਦੇ ਜਾਂਦੇ ਸਨ, ਪਰ ਇਸ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ ਸੀ ਕਿ ਇਹ ਫ਼ਕੀਰ ਕੀ ਗਾਉਂਦੇ ਹਨ। ਸੰਨ 1898 (ਜਾਂ ਲਿਖਤ ਮੁਤਾਬਕ ੧੯੧੬) ਵਿੱਚ ਲਾਹੌਰ ਦੇ ਮਾਲਕ ਫਜ਼ਲਦੀਨ ਨੇ ਜਦ ਮੁਲਤਾਨੀ ਦਾ ਕਾਵਿ ਗਹੁ ਨਾਲ ਸੁਣਿਆ, ਤਾਂ ਉਹ ਬਹੁਤ ਪ੍ਰਭਾਵਤ ਹੋਇਆ। ਉਸਨੇ ਬੜੀ ਮਿਹਨਤ ਨਾਲ ਕਵਾਲਾਂ ਅਤੇ ਕਾਜ਼ੀਆਂ ਦੇ ਹਜ਼ਰਤ ਫਕੀਰ ਗੁਲਾਮ ਮੀਰਾ ਨਾਮਕ ਕਵੀ ਦੇ ਵੰਸ਼ ਵਿੱਚੋਂ ਰਚਨਾਵਾਂ ਇਕੱਠੀਆਂ ਕੀਤੀਆਂ। ਇਸ ਸੰਗ੍ਰਹਿ ਨੂੰ ਉਸਨੇ 'ਮੁਕੰਮਲ ਮਜਮੂਆ ਅਬਯਾਤ ਅਲੀ ਹੈਦਰ' ਦੇ ਨਾਮ ਹੇਠ ਪ੍ਰਕਾਸ਼ਿਤ ਕੀਤਾ। ਮੁਲਤਾਨੀ ਦੇ ਜੀਵਨ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਲੋਕਾਂ ਨੂੰ ਉਨ੍ਹਾਂ ਦੇ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਘੱਟ ਪਤਾ ਹੈ, ਪਰ ਉਨ੍ਹਾਂ ਦੀ ਰਚਨਾ ਦੇ ਹਵਾਲਿਆਂ ਵਿੱਚੋਂ ਜਾਣਕਾਰੀ ਮਿਲਦੀ ਹੈ।

**5. ਕਾਵਿ ਵੰਨਗੀਆਂ ਅਤੇ ਅਧਿਆਤਮਕ ਵਿਚਾਰ**

ਮੁਲਤਾਨੀ ਆਪਣੇ ਪੀਰ ਅਤੇ ਨਿਮਰਤਾ ਬਾਰੇ ਲਿਖਦੇ ਹਨ:


**ਪ੍ਰਮਿੰਦਰ ਸਿੰਘ 'ਪ੍ਰਵਾਨਾ'**
ਕੈਲੀਫੋਰਨੀਆ
ਯੂ.ਐਸ.ਏ.)
(510) 415-9377

ਕੁੱਤਾ ਬਣ ਆਲ ਰਸੂਲ ਨਜੀਬ ਦਾ, ਪਾਹਰਾ ਹਾਂ ਘਰ ਬਾਰ ਉੱਤੇ।
ਉਪਰ ਅਗੋਂ ਉਹ ਅੰਧੇਰੀ, ਮੈਂ ਹੁੰਦੀਆਂ ਏਸ ਦਰਬਾਰ ਉੱਤੇ।
ਨਾਮ ਧਰੀਕ ਦਾ ਭੀ ਮੈਂ ਖਾਦਿਮ, ਸਾਹਿਬਾਂ ਦੀ ਪੁਚਕਾਰ ਉੱਤੇ।
ਪਰ ਅਹਲੇ-ਉਲਮਾ ਦੀ ਇਜ਼ਤ ਰੱਖਣ, ਵਾਜਿਬ ਹੈ ਸੰਸਾਰ ਉੱਤੇ!
**ਹੈਦਰ ਉਲਮਾ ਵਾਰਸ ਅੰਬੀਆਂ...**

**ਭਾਵ:** ਮੈਂ ਉੱਚੇ ਨਬੀ ਦੀ ਆਲ (ਵੰਸ਼) ਦਾ ਇੱਕ ਕੁੱਤਾ ਹਾਂ ਅਤੇ ਉਨ੍ਹਾਂ ਦੇ ਦਰਵਾਜ਼ੇ 'ਤੇ ਪਹਿਰਾ ਦਿੰਦਾ ਹਾਂ। ਇਹ ਸਿੱਧ ਕਰਦਾ ਹੈ ਕਿ ਮੁਲਤਾਨੀ ਵਿੱਚ ਅਥਾਹ ਨਿਮਰਤਾ ਸੀ ਅਤੇ ਉਹ ਵਿਦਵਾਨਾਂ ਦਾ ਸਤਿਕਾਰ ਕਰਦੇ ਸਨ।

ਉਹ ਕਾਦਰੀ ਫਿਰਕੇ ਦੇ ਮੋਢੀ ਸ਼ਾਹ ਮੁਹਾਇਉਦੀਨ (ਸ਼ੇਖ ਅਬਦੁਲ ਕਾਦਿਰ ਜਿਲਾਨੀ) ਦਾ ਜ਼ਿਕਰ ਕਰਦੇ ਹਨ:

**ਕਾਫ** - ਕੇਹਾ ਰਾਮ ਖੌਫ ਅਸਾਂ ਨੂੰ ਜੇ ਸ਼ਾਹ ਮੁਹਾਇਉਦੀਨ ਅਸਾਡੜਾ ਏ।
ਸ਼ਾਹ ਅਬਦੁਲ ਕਾਦਿਰ ਕਿੱਲਾ ਦਾ ਕੇ, ਲੁਤਫ ਅਮੀਨ ਅਸਾਡੜਾ ਏ।
ਅਲੀ ਹੈਦਰ ਪ੍ਰਵਾਹ ਕਿਸੇ ਦੀ, ਜੇ ਸ਼ਾਹ ਮੁਹਾਇਉਦੀਨ ਅਸਾਡੜਾ ਏ।

**ਭਾਵ:** ਅਲੀ ਹੈਦਰ ਕਹਿੰਦੇ ਹਨ ਕਿ ਸਾਨੂੰ ਕਿਸੇ ਹੋਰ ਦੀ ਕੀ ਪ੍ਰਵਾਹ ਜਾਂ ਡਰ ਹੈ, ਜੇਕਰ ਸ਼ਾਹ ਮੁਹਾਇਉਦੀਨ ਸਾਡੇ ਰੱਖਿਅਕ ਹਨ।

ਇੱਕ ਹੋਰ ਥਾਂ 'ਤੇ ਉਹ ਇਸ਼ਕ ਅਤੇ ਦੀਦਾਰ ਦੀ ਗੱਲ ਕਰਦੇ ਹਨ:

ਖ - ਖਲਕ ਖੁਦਾ ਦੀ ਇਲਮ ਪੜ੍ਹਦੀ, ਸਾਨੂੰ ਇੱਕਾ ਮਤਾਲੇ ਯਾਰ ਦਾ ਦੇ।
ਜਿਹਨਾਂ ਚੋਣ ਕੇ ਇਸ਼ਕ ਕਿਤਾਬ ਡਿੱਠੀ, ਸੀਗੇ ਸਰਫ ਦੇ ਸੱਭ ਵਿਸਾਰ ਦਾ ਏ।
ਜਿਹਨਾਂ ਕਾਰ ਦੇ ਨਾਮ ਦਾ ਸਬਕ ਪੜ੍ਹਿਆ, ਏਥੇ ਜਾਏ ਨ ਸਬਰ ਕਰਾਰ ਦਾ ਏ।
ਜੇਕਰ ਮੁਲਾਂ ਨੂੰ ਫਿਕਰ ਸਮਾਜ ਦਾ ਏ, ਇਹਨਾਂ ਆਸਕਾ ਤਲਬ ਦੀਦਾਰ ਦਾ ਏ।

**ਭਾਵ:** ਦੁਨੀਆਂ ਦੇ ਲੋਕ ਦੁਨਿਆਵੀ ਗਿਆਨ ਪੜ੍ਹਦੇ ਹਨ, ਪਰ ਸਾਡੇ ਕੋਲ ਕੇਵਲ ਉਸ ਪ੍ਰੀਤਮ (ਰੱਬ) ਦਾ ਅਧਿਐਨ ਹੈ। ਜਿਨ੍ਹਾਂ ਨੇ ਇਸ਼ਕ ਦੀ ਕਿਤਾਬ ਦੇਖ ਲਈ, ਉਨ੍ਹਾਂ ਸਭ ਕੁਝ ਵਿਸਾਰ ਦਿੱਤਾ। ਮੁੱਲਾਂ ਨੂੰ ਸਮਾਜ ਜਾਂ ਨਮਾਜ਼ ਦੀ ਫਿਕਰ ਹੋ ਸਕਦੀ ਹੈ, ਪਰ ਪ੍ਰੇਮੀਆਂ ਨੂੰ ਸਿਰਫ਼ ਪ੍ਰੀਤਮ ਦੇ ਦੀਦਾਰ ਦੀ ਤਾਂਘ ਹੁੰਦੀ ਹੈ।

ਰੱਬ ਨਾਲ ਇਕਮਿਕਤਾ ਦਾ ਪ੍ਰਗਟਾਵਾ:

ਬੇ - ਬੇ ਦੀ ਨ ਵੱਸ ਮੂਲਾਂ, ਉਹੋ ਆਲਿਫ ਸਿੱਧਾ ਖਮ ਘੱਤ ਆਇਆ।
ਉਹ ਯਾਰ ਗੱਲਵਕੜੀ ਰਾਤ ਵਾਲਾ, ਹੁਣ ਭੇਸ ਵਟਾ ਕੇ ਵੱਤ ਆਇਆ।
ਸੋਹਣਾ ਮੀਮ ਦੀ ਚਾਦਰ ਪਹਿਨ ਕੇ ਜੀ ਕੇਹਾ ਜ਼ੁਲਫ਼ਾਂ ਦਾ ਘੁੰਘਟ ਘੱਤ ਆਇਆ।
ਅਲੀ ਹੈਦਰ ਉਹ ਯਾਰ ਪਿਆਰਾ, ਹੁਣ ਅਹਿਮਦ ਬਣ ਕੇ ਵੱਤ ਆਇਆ।

**6. ਰਾਸ਼ਟਰੀ ਜਾਗ੍ਰਿਤੀ ਅਤੇ ਸਿਆਸੀ ਟਿੱਪਣੀ**

ਮੁਲਤਾਨੀ ਪਹਿਲੇ ਸੂਫੀ ਕਵੀ ਹਨ ਜਿਨ੍ਹਾਂ ਨੇ ਕੌਮੀ ਜਾਗ੍ਰਿਤੀ ਦੀ ਗੱਲ ਕੀਤੀ ਹੈ। ਉਹ ਨਾਦਰ ਸ਼ਾਹ ਦੇ ਹਮਲੇ (1739) ਅਤੇ ਹਿੰਦੁਸਤਾਨੀਆਂ ਦੀ ਆਪਸੀ ਫੁੱਟ, ਖੁਦਗਰਜ਼ੀ ਅਤੇ ਕਾਇਰਤਾ ਨੂੰ ਖੂਬ ਭੰਡਦੇ ਹਨ। ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ 'ਤੇ ਹੋਏ ਹਮਲੇ ਅਤੇ ਬਰਬਾਦੀ ਨੂੰ ਦੇਖ ਕੇ ਉਨ੍ਹਾਂ ਦਾ ਮਨ ਦੁਖੀ ਹੋਇਆ। ਇਹ ਹਮਲਾ ਗੱਦਾਰ ਨਿਜ਼ਾਮ-ਉਲ-ਮੁਲਕ ਦੇ ਇਸ਼ਾਰੇ 'ਤੇ ਹੋਇਆ ਸੀ। ਮੁਲਤਾਨੀ ਗੱਦਾਰਾਂ ਨੂੰ ਲਾਹਨਤ ਪਾਉਂਦੇ ਹੋਏ ਲਿਖਦੇ ਹਨ:

ਬੇ - ਬਿਖ ਜ਼ਹਿਰ ਨ ਨਹੀਂ, ਜੋ ਖਾਹ ਮਰਨ ਕੁਝ ਸ਼ਰਮ ਨਹੀਂ ਹਿੰਦੁਸਤਾਨੀ ਨੂੰ।
ਕਿਆ ਹਸਾ ਦਿੱਤਾ ਰਾਜਿਆਂ ਨੂੰ, ਕੁੱਝ ਲੱਜ ਨਹੀਂ ਤੁਰਾਨੀਆਂ ਨੂੰ।
ਭੈੜੇ ਭਰ ਭਰ ਦੇਵਣ ਖਜ਼ਾਨੇ, ਫਾਰਸੀਆਂ ਖੁਰਾਸਾਨੀਆਂ ਨੂੰ।

ਉਹ ਦੇਸ਼ ਵਾਸੀਆਂ ਦੀ ਸੁੱਖ-ਸਾਂਦ ਮੰਗਦੇ ਹੋਏ ਕਹਿੰਦੇ ਹਨ:

ਖੇ - ਖੁਸ਼ੀ ਵੱਸੇ ਇਹ ਦੇਸ ਰਾਵੀ, ਜਿੱਥੇ ਵੱਸਦੀਆਂ ਕੁਲ ਕੁਆਰੀਆਂ ਨੇ।
ਘੜਾ ਘਿਨ ਕੇ ਢਾਕਾਂ ਤੋਂ ਚਾੜ੍ਹਨ, ਉਹ ਤਾਂ ਦੋ ਨੈਣਾਂ ਦੀਆਂ ਮਾਰੀਆਂ ਨੇ।

7. ਸੰਸਾਰ ਦੀ ਨਾਸ਼ਮਾਨਤਾ (ਕੂੜ ਦਾ ਪਸਾਰਾ)

ਮੁਲਤਾਨੀ ਨੇ ਸੰਸਾਰ ਦੀਆਂ ਨਾਸ਼ਮਾਨ ਵਸਤੂਆਂ ਦਾ ਬਾਖੂਬ ਚਿੱਤਰ ਖਿੱਚਿਆ ਹੈ ਕਿ ਜਦੋਂ ਇਨਸਾਨ ਸੰਸਾਰ ਤੋਂ ਜਾਂਦਾ ਹੈ, ਤਾਂ ਸਭ ਕੁਝ ਇੱਥੇ ਹੀ ਛੁੱਟ ਜਾਂਦਾ ਹੈ। ਸਿਰਫ਼ ਇੱਕ ਕਰਤਾਰ ਹੀ ਸੱਚਾ ਹੈ:

ਕਾਫ - ਕੂੜਾ ਘੋੜਾ, ਕੂੜਾ ਜੋੜਾ, ਕੂੜਾ ਸ਼ਾਹ ਅਸਵਾਰ।
ਕੂੜੇ ਬਾਜ਼ੇ, ਕੂੜੇ ਸਿਕਰ, ਕੂੜੇ ਮੀਰ ਸ਼ਿਕਾਰ।
ਕੂੜੇ ਹਾਥੀ, ਕੂੜੇ ਲਸਕਰ, ਕੂੜੇ ਫੌਜ ਕਟਾਰ।
ਕੂੜੇ ਸੂਹੇ, ਕੂੜੇ ਸਾਲੂ, ਕੂੜੇ ਸੋਹਣੇ ਯਾਰ।
ਕੂੜੇ ਕੌਂੜੇ, ਕੂੜੇ ਬੀੜੇ, ਕੂੜੇ ਹਾਰ-ਸ਼ਿੰਗਾਰ।
ਕੂੜੇ ਕੋਠੇ, ਕੂੜੇ ਮੰਮਟ, ਕੂੜਾ ਇਹ ਸੰਸਾਰ।
ਹੈਦਰ ਆਖੇ ਸਭ ਕੁਝ ਕੂੜਾ, ਸੱਚਾ ਹਿੱਕ ਕਰਤਾਰ।
ਦੂਜਾ ਨਬੀ ਮੁਹੰਮਦ ਸੱਚਾ, ਸੱਚੇ ਉਸਦੇ ਯਾਰ।


**8. ਸਾਹਿਤਕ ਸ਼ੈਲੀ, ਵਿਰਾਸਤ ਅਤੇ ਦੇਹਾਂਤ**

ਮੁਲਤਾਨੀ ਨੇ ਆਪਣੀ ਕਾਵਿ ਸ਼ੈਲੀ ਵਿੱਚ ਅਰਬੀ-ਫਾਰਸੀ ਅਤੇ ਲਹਿੰਦੀ (ਮੁਲਤਾਨੀ) ਪੰਜਾਬੀ ਦਾ ਬਹੁਤ ਸੁੰਦਰ ਸੁਮੇਲ ਕੀਤਾ ਹੈ। ਉਨ੍ਹਾਂ ਨੇ ਸੀ-ਹਰਫ਼ੀਆਂ, ਦੀਵਾਨ, ਦੋਹੜੇ, ਬਾਰਾਂ-ਮਾਹ ਅਤੇ 'ਹੀਰ ਰਾਂਝਾ' ਦੇ ਰੂਪ ਵਿੱਚ ਰਚਨਾਵਾਂ ਕੀਤੀਆਂ। ਉਨ੍ਹਾਂ ਦੀ ਕਵਿਤਾ ਵਿੱਚ ਅਲੰਕਾਰਾਂ ਦੀ ਭਰਪੂਰਤਾ ਹੈ ਜੋ ਪਾਠਕ ਨੂੰ ਮੋਹਿਤ ਕਰਦੀ ਹੈ। ਉਹ ਕਵਿਤਾ ਦੇ ਨਾਲ-ਨਾਲ ਇੱਕ ਚੰਗੇ ਸੰਗੀਤਕਾਰ ਵੀ ਸਨ, ਜਿਸ ਕਰਕੇ ਉਨ੍ਹਾਂ ਦਾ ਕਲਾਮ ਅੱਜ ਵੀ ਲੈਅ ਵਿੱਚ ਗਾਇਆ ਜਾਂਦਾ ਹੈ।

ਉਨ੍ਹਾਂ ਦੀ ਕਵਿਤਾ 18ਵੀਂ ਸਦੀ ਦੇ ਬਦਲਦੇ ਸਮੇਂ (ਮੁਗਲ ਹਕੂਮਤ ਦੇ ਪਤਨ ਅਤੇ ਸਿੱਖਾਂ ਤੇ ਖੇਤਰੀ ਸ਼ਕਤੀਆਂ ਦੇ ਉਭਾਰ) ਦੀ ਗਵਾਹੀ ਭਰਦੀ ਹੈ। ਉਨ੍ਹਾਂ ਨੇ ਬੇਇਨਸਾਫ਼ੀ ਅਤੇ ਜ਼ੁਲਮ ਦਾ ਖੰਡਨ ਕੀਤਾ।

8 ਜੂਨ, 1785 ਨੂੰ ਅਲੀ ਹੈਦਰ ਮੁਲਤਾਨੀ ਦਾ ਦਿਹਾਂਤ ਉਨ੍ਹਾਂ ਦੇ ਆਪਣੇ ਪਿੰਡ ਚੌਂਤਰਾ ਵਿਖੇ ਹੋਇਆ, ਜਿੱਥੇ ਉਨ੍ਹਾਂ ਦਾ ਮਜ਼ਾਰ (ਕਬਰ) ਸਥਿਤ ਹੈ ਅਤੇ ਹਰ ਸਾਲ ਉਨ੍ਹਾਂ ਦਾ ਉਰਸ ਮਨਾਇਆ ਜਾਂਦਾ ਹੈ।

# ਭਾਰਤ ਦੀ ਏ ਆਈ ਰਣਨੀਤੀ, ਚੁਣੌਤੀਆਂ ਅਤੇ ਸੰਭਾਵਨਾਵਾਂ




**ਏ ਆਈ ਮਾਡਲਾਂ ਨੂੰ ਚਲਾਉਣ ਵਾਲੇ ਡੇਟਾ ਸੈਂਟਰ ਦੁਨੀਆ ਵਿੱਚ ਸਭ ਤੋਂ ਤੇਜ਼ੀ ਨਾਲ ਬਿਜਲੀ ਦੀ ਖਪਤ ਕਰਨ ਵਾਲੇ ਸਰੋਤ ਬਣ ਰਹੇ ਹਨ। ਜਿਉਂ-ਜਿਉਂ ਭਾਰਤ 8-ਐਕਸਾਫਲੌਪ ਕਲੱਸਟਰ ਵਰਗੇ ਆਪਣੇ ਵੱਡੇ ਸੁਪਨਿਆਂ ਵੱਲ ਵਧ ਰਿਹਾ ਹੈ ਇਸ ਨੂੰ ਵੱਡੇ ਪੱਧਰ 'ਤੇ ਸਵੱਛ ਊਰਜਾ ਦੀ ਲੋੜ ਪਵੇਗੀ। ਓਸਲੋ ਵਿੱਚ ਹੋਏ ਤੀਜੇ 'ਭਾਰਤ-ਨੌਰਡਿਕ ਸੰਮੇਲਨ' ਦੌਰਾਨ ਆਗੂਆਂ ਨੇ ਆਪਸੀ ਸਬੰਧਾਂ ਨੂੰ ਮਜ਼ਬੂਤ ਬਣਾਉਂਦਿਆਂ ਗ੍ਰੀਨ ਟੈਕਨਾਲੋਜੀ ਐਂਡ ਇਨੋਵੇਸ਼ਨ ਸਟ੍ਰੈਟੇਜਿਕ ਪਾਰਟਨਰਸ਼ਿਪ ਦਾ ਰੂਪ ਦਿੱਤਾ ਹੈ। ਨੌਰਵੇ ਦੀ ਪਣ-ਬਿਜਲੀ ਅਤੇ ਡੈਨਮਾਰਕ ਦੀ ਪੌਣ-ਊਰਜਾ ਨੌਰਡਿਕ ਦੇਸ਼ਾਂ ਨੂੰ ਭਾਰਤ ਦੇ ਡੇਟਾ ਬੁਨਿਆਦੀ ਢਾਂਚੇ ਲਈ ਸਵੱਛ ਊਰਜਾ ਪ੍ਰਦਾਨ ਕਰਨ ਵਾਲੇ ਕੁਦਰਤੀ ਭਾਈਵਾਲ ਬਣਾਉਂਦੇ ਹਨ।**

ਸਬਮੀਨਲ ਭੱਟਾਚਾਰਜੀ

ਪਿਛਲੇ ਕੁਝ ਸਮੇਂ ਤੋਂ ਭਾਰਤ ਦੇ ਤਕਨਾਲੋਜੀ ਉਦਯੋਗ ਵਿੱਚ ਇੱਕ ਅਜਿਹੀ ਤਲਖ਼ ਸਚਾਈ ਸਾਹਮਣੇ ਆ ਰਹੀ ਹੈ ਜਿਸ ਨੂੰ ਖੁੱਲ੍ਹ ਕੇ ਸਵੀਕਾਰ ਕਰਨ ਤੋਂ ਗੁਰੇਜ਼ ਕੀਤਾ ਜਾ ਰਿਹਾ ਸੀ: ਉਹ ਇੰਜਣ ਜਿਸ ਨੇ ਤਿੰਨ ਦਹਾਕਿਆਂ ਤੱਕ ਦੇਸ਼ ਦੇ ਆਰਥਿਕ ਵਿਕਾਸ ਨੂੰ ਰਫ਼ਤਾਰ ਦਿੱਤੀ, ਹੁਣ ਹੌਲੀ ਪੈਂਦਾ ਜਾ ਰਿਹਾ ਹੈ। ਭਾਰਤ ਦੀ ਸਭ ਤੋਂ ਵੱਡੀ ਆਈ ਟੀ ਕੰਪਨੀ 'ਟਾਟਾ ਕੰਸਲਟੈਂਸੀ ਸਰਵਿਸਿਜ਼' ਨੇ ਮਾਰਚ 2026 ਨੂੰ ਖ਼ਤਮ ਹੋਏ ਵਿੱਤੀ ਵਰ੍ਹੇ ਦੌਰਾਨ 23,400 ਤੋਂ ਵੱਧ ਨੌਕਰੀਆਂ ਘਟਾਈਆਂ ਹਨ। ਇਸੇ ਤਰ੍ਹਾਂ 'ਇਨਫੋਸਿਸ' ਨੇ ਆਪਣੇ ਮੁਲਾਜ਼ਮਾਂ ਦੀ ਗਿਣਤੀ ਵਿੱਚ ਲਗਭਗ 20,000 ਦੀ ਕਟੌਤੀ ਕੀਤੀ ਹੈ। ਕੁੱਲ ਮਿਲਾ ਕੇ ਇੱਕ ਸਾਲ ਦੇ ਅੰਦਰ-ਅੰਦਰ ਇਸ ਖੇਤਰ ਵਿੱਚ ਲਗਪਗ 40,000 ਮੁਲਾਜ਼ਮਾਂ ਦੀ ਛਾਂਟੀ ਹੋ ਚੁੱਕੀ ਹੈ। ਇਸ ਦਾ ਮੁੱਖ ਕਾਰਨ ਆਰਥਿਕ ਮੰਦੀ ਨਹੀਂ ਸਗੋਂ ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ) ਹੈ। ਉਹੀ ਤਕਨਾਲੋਜੀ ਜਿਸ ਨੂੰ ਅਪਣਾਉਣ ਲਈ ਹੁਣ ਭਾਰਤੀ ਲੀਡਰਸ਼ਿਪ ਪੂਰੀ ਵਾਹ ਲਾ ਰਹੀ ਹੈ।

ਪ੍ਰਧਾਨ ਮੰਤਰੀ ਦਾ ਬੀਤੇ ਦਿਨੀਂ ਪੰਜ ਦੇਸ਼ਾਂ (ਸੰਯੁਕਤ ਅਰਬ ਅਮੀਰਾਤ, ਨੀਦਰਲੈਂਡ, ਸਵੀਡਨ, ਨੌਰਵੇ ਅਤੇ ਇਟਲੀ) ਦਾ ਦੌਰਾ ਕਾਫ਼ੀ ਹੱਦ ਤੱਕ ਇਸੇ ਬਦਲਦੀ ਸਥਿਤੀ ਦੇ ਮੱਦੇਨਜ਼ਰ ਉਲੀਕਿਆ ਗਿਆ ਸੀ। ਇਹ ਸਮਝਣਾ ਬੇਹੱਦ ਅਹਿਮ ਹੈ ਕਿ ਇਨ੍ਹਾਂ ਵਿੱਚੋਂ ਹਰੇਕ ਸਮਝੌਤਾ ਕੀ ਮਾਅਨੇ ਰੱਖਦਾ ਹੈ ਅਤੇ ਤਕਨਾਲੋਜੀ ਦੇ ਬਦਲਦੇ ਦੌਰ ਵਿੱਚ ਦੇਸ਼ ਨੂੰ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ? ਭਾਰਤ ਦਾ ਆਈ ਟੀ ਸਰਵਿਸਿਜ਼ ਖੇਤਰ ਇੱਕ ਸਰਲ ਫਾਰਮੂਲੇ 'ਤੇ ਖੜ੍ਹਾ ਸੀ: ਵੱਡੀ ਗਿਣਤੀ ਵਿੱਚ ਇੰਜੀਨੀਅਰਾਂ ਨੂੰ ਨੌਕਰੀ 'ਤੇ ਰੱਖਣਾ, ਉਨ੍ਹਾਂ ਨੂੰ ਘੱਟ ਲਾਗਤ 'ਤੇ ਸਿਖਲਾਈ ਦੇਣਾ ਅਤੇ ਉਨ੍ਹਾਂ ਦੀ ਮਿਹਨਤ (ਲੇਬਰ) ਨੂੰ ਪੱਛਮੀ ਦੇਸ਼ਾਂ ਦੀਆਂ ਕੰਪਨੀਆਂ ਨੂੰ ਵੇਚਣਾ। ਇਸ ਮਾਡਲ ਨੇ ਇੱਕ ਪੀੜ੍ਹੀ ਤੱਕ ਬਿਹਤਰੀਨ ਕੰਮ ਕੀਤਾ, ਪਰ ਫਿਰ 'ਜੈਨਰੇਟਿਵ ਏ ਆਈ' ਦੇ ਆਉਣ ਨਾਲ ਰੋਜ਼ਾਨਾ ਦੇ ਕੋਡਿੰਗ, ਟੈਸਟਿੰਗ ਅਤੇ ਬੈਕ-ਆਫਿਸ ਕੰਮਾਂ ਦਾ ਮਸ਼ੀਨੀਕਰਨ (ਆਟੋਮੇਸ਼ਨ) ਸ਼ੁਰੂ ਹੋ ਗਿਆ, ਜੋ ਇਸ ਪੂਰੇ ਢਾਂਚੇ ਦੀ ਨੀਂਹ ਸਨ। ਅੰਦਾਜ਼ਾ ਹੈ ਕਿ Agentic 19 ਸਾਲ 2030 ਤੱਕ 1 ਕਰੋੜ ਤੋਂ ਵੱਧ ਭਾਰਤੀ ਨੌਕਰੀਆਂ ਦੇ ਸਰੂਪ ਨੂੰ ਬਦਲ ਕੇ ਰੱਖ ਦੇਵੇਗਾ। ਨਤੀਜੇ ਵਜੋਂ, ਰਵਾਇਤੀ ਰਾਹ ਯਾਨੀ ਗ੍ਰੈਜੂਏਸ਼ਨ ਕਰਨ, ਕਿਸੇ ਕੰਪਨੀ ਨਾਲ ਜੁੜਨ ਅਤੇ ਅਮਰੀਕੀ ਕਲਾਇੰਟ ਲਈ ਘੰਟਿਆਂ ਦੇ ਹਿਸਾਬ ਨਾਲ ਕੰਮ ਕਰਨ ਦਾ ਤਰੀਕਾ ਹੁਣ ਤੇਜ਼ੀ ਨਾਲ ਘਟ ਰਿਹਾ ਹੈ।

ਭਾਰਤ ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੁਆਰਾ ਪੈਦਾ ਕੀਤੇ ਜਾਣ ਵਾਲੇ ਬਦਲਵੇਂ ਰੁਜ਼ਗਾਰ ਦੇ ਭਰੋਸੇ ਹੱਥ 'ਤੇ ਹੱਥ ਧਰ ਕੇ ਨਹੀਂ ਬੈਠ ਸਕਦਾ। ਦੇਸ਼ ਨੂੰ ਆਲਮੀ ਏ ਆਈ ਆਰਥਿਕਤਾ ਵਿੱਚ ਸਿਰਫ਼ ਸੇਵਾਵਾਂ ਪ੍ਰਦਾਨ ਕਰਨ ਵਾਲੇ ਵਜੋਂ ਨਹੀਂ, ਸਗੋਂ ਇਸ ਦੇ ਵੱਡੇ ਹਿੱਸੇ ਦੇ ਮਾਲਕ ਵਜੋਂ ਉੱਭਰਨਾ ਪਵੇਗਾ। ਇਸ ਦਾ ਮਤਲਬ ਹੈ ਕਿ ਦੇਸ਼ ਨੂੰ ਉਹ ਹਾਰਡਵੇਅਰ ਖ਼ੁਦ ਤਿਆਰ ਕਰਨਾ ਪਵੇਗਾ ਜਿਸ 'ਤੇ ਏ ਆਈ ਚੱਲਦਾ ਹੈ, ਉਹ ਬੁਨਿਆਦੀ ਢਾਂਚਾ ਖੜ੍ਹਾ ਕਰਨਾ ਪਵੇਗਾ ਜੋ ਇਸ ਨੂੰ ਊਰਜਾ ਦਿੰਦਾ ਹੈ ਅਤੇ ਖੋਜ ਦੇ ਅਜਿਹੇ ਰਾਹ ਤਿਆਰ ਕਰਨੇ ਪੈਣਗੇ ਜੋ ਇਸ ਨੂੰ ਅੱਗੇ ਲੈ ਕੇ ਜਾਣ।

ਇਸ ਦੌਰੇ ਦੌਰਾਨ ਅਬੂ ਧਾਬਪ੍ਰਧਾਨ ਮੰਤਰੀ ਮੋਦੀ ਅਤੇ ਯੂ ਏ ਈ ਦੇ ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜ਼ਾਇਦ ਅਲ ਨਾਹਯਾਨ ਦੀ ਅਗਵਾਈ ਹੇਠ 'ਜੀ-42 ਗਰੁੱਪ', 'ਮੁਹੰਮਦ ਬਿਨ ਜ਼ਾਇਦ ਯੂਨੀਵਰਸਿਟੀ ਔਫ ਆਰਟੀਫੀਸ਼ੀਅਲ ਇੰਟੈਲੀਜੈਂਸ' ਅਤੇ ਭਾਰਤ ਦੇ 'ਸੈਂਟਰ ਫਾਰ ਡਿਵੈਲਪਮੈਂਟ ਔਫ ਐਡਵਾਂਸਡ ਕੰਪਿਊਟਿੰਗ' ਵਿਚਕਾਰ ਇੱਕ ਅਹਿਮ ਸਮਝੌਤਾ ਸਹੀਬੰਦ ਕੀਤਾ ਗਿਆ। ਇਸ ਤਹਿਤ ਭਾਰਤ ਵਿੱਚ 8-ਐਕਸਾਫਲੌਪ ਦੀ ਸਮਰੱਥਾ ਵਾਲਾ ਸੁਪਰਕੰਪਿਊਟਿੰਗ ਕਲੱਸਟਰ ਸਥਾਪਿਤ ਕੀਤਾ ਜਾਵੇਗਾ, ਜੋ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਕੰਪਿਊਟਿੰਗ ਬੁਨਿਆਦੀ ਢਾਂਚਿਆਂ ਵਿੱਚੋਂ ਇੱਕ ਹੋਵੇਗਾ।

ਦਰਅਸਲ, ਏ ਆਈ ਦੀ ਬੁਨਿਆਦ ਕੰਪਿਊਟਿੰਗ ਹੈ। ਬੁਨਿਆਦੀ ਢਾਂਚਾ ਜਿੰਨਾ ਜ਼ਿਆਦਾ ਸ਼ਕਤੀਸ਼ਾਲੀ ਹੋਵੇਗਾ ਤੁਸੀਂ ਓਨੇ ਹੀ ਉੱਨਤ ਅਤੇ ਗੁੰਝਲਦਾਰ ਏ ਆਈ ਮਾਡਲ ਤਿਆਰ ਕਰ ਸਕੋਗੇ। ਹਾਲੇ ਭਾਰਤ ਦੇ ਖੋਜਕਰਤਾਵਾਂ ਅਤੇ ਸਟਾਰਟ-ਅੱਪਸ ਨੂੰ ਅਮਰੀਕੀ ਕਲਾਊਡ ਕੰਪਨੀਆਂ ਜਿਵੇਂ ਕਿ ਮਾਈਕ੍ਰੋਸਾਫਟ, ਐਮਾਜ਼ੋਨ ਅਤੇ ਗੂਗਲ ਤੋਂ ਮਹਿੰਗੀ ਕੰਪਿਊਟਿੰਗ ਸਮਰੱਥਾ ਕਿਰਾਏ 'ਤੇ ਲੈਣੀ ਪੈਂਦੀ ਹੈ। ਇਸ ਨਾਲ ਉਨ੍ਹਾਂ ਦੀ ਸਿਰਜਣਾਤਮਕ ਸਮਰੱਥਾ ਸੀਮਤ ਹੁੰਦੀ ਹੈ ਅਤੇ ਇਸ ਦਾ ਨਿਯੰਤਰਣ ਵੀ ਦੂਜਿਆਂ ਦੇ ਹੱਥਾਂ ਵਿੱਚ ਰਹਿੰਦਾ ਹੈ। ਯੂ ਏ ਈ ਨਾਲ ਹੋਏ ਸਮਝੌਤੇ ਸਦਕਾ ਭਾਰਤ ਆਪਣੀ 'ਡਿਜੀਟਲ ਪ੍ਰਭੂਸੱਤਾ' ਮਜ਼ਬੂਤ ਕਰਨ ਦੇ ਸਮਰੱਥ ਹੋਵੇਗਾ ਤਾਂ ਜੋ ਭਾਰਤੀ ਭਾਸ਼ਾਵਾਂ ਅਤੇ ਲੋੜਾਂ ਨੂੰ ਮੁੱਖ ਰੱਖਦਿਆਂ ਦੇਸ਼ ਦੇ ਅੰਦਰ ਹੀ ਏ ਆਈ ਮਾਡਲ ਤਿਆਰ ਕੀਤੇ ਜਾ ਸਕਣ।

ਹਰੇਕ ਏ ਆਈ ਮਾਡਲ ਸਮਾਰਟਫੋਨ ਅਤੇ ਇਲੈਕਟ੍ਰਿਕ ਵਾਹਨ ਚਿਪਸ 'ਤੇ ਹੀ ਚੱਲਦੇ ਹਨ। ਭਾਰਤ ਕੋਲ ਕੁਆਲਕਾਮ, ਇੰਟੈੱਲ ਅਤੇ ਐਨਵੀਡੀਆ ਵਰਗੀਆਂ ਕੰਪਨੀਆਂ ਵਿੱਚ ਵਿਸ਼ਵ ਪੱਧਰ ਦੇ ਚਿੱਪ ਡਿਜ਼ਾਈਨਰ ਤਾਂ ਮੌਜੂਦ ਹਨ, ਪਰ ਭਾਰਤ ਨੇ ਕਦੇ ਵੀ ਆਪਣੇ ਪੱਧਰ 'ਤੇ ਚਿਪਸ ਦਾ ਉਤਪਾਦਨ ਨਹੀਂ ਕੀਤਾ। ਇਸ ਮਾਮਲੇ ਵਿੱਚ ਦੇਸ਼ ਹਮੇਸ਼ਾ ਤਾਇਵਾਨ ਅਤੇ ਦੱਖਣੀ ਕੋਰੀਆ 'ਤੇ ਨਿਰਭਰ ਰਿਹਾ ਹੈ। ਕੋਰੋਨਾ ਕਾਲ ਦੌਰਾਨ ਚਿੱਪ ਦੀ ਭਾਰੀ ਕਿੱਲਤ ਕਾਰਨ ਇਸ ਕਮਜ਼ੋਰੀ ਦਾ ਖ਼ੁਲਾਸਾ ਹੋਇਆ ਸੀ। ਇਸੇ ਸੰਦਰਭ ਵਿੱਚ 16 ਮਈ ਨੂੰ 'ਦਿ ਹੇਗ' (ਨੀਦਰਲੈਂਡ) ਵਿਖੇ ਟਾਟਾ ਇਲੈਕਟ੍ਰਾਨਿਕਸ ਅਤੇ ਡੱਚ ਕੰਪਨੀ 'ਏ ਐੱਸ ਐੱਮ' ਵਿਚਕਾਰ ਇੱਕ ਸਮਝੌਤਾ ਸਹੀਬੰਦ ਹੋਇਆ। ਜ਼ਿਕਰਯੋਗ ਹੈ ਕਿ ਇਸ ਡੱਚ ਕੰਪਨੀ ਦੀ ਉਨ੍ਹਾਂ ਲਿਥੋਗ੍ਰਾਫੀ ਮਸ਼ੀਨਾਂ 'ਤੇ ਵਿਸ਼ਵਵਿਆਪੀ ਅਜਾਰੇਦਾਰੀ ਹੈ, ਜਿਨ੍ਹਾਂ ਤੋਂ ਬਿਨਾਂ ਕਿਸੇ ਵੀ ਆਧੁਨਿਕ ਚਿੱਪ ਦਾ ਨਿਰਮਾਣ ਅਸੰਭਵ ਹੈ। ਇਸ ਸਮਝੌਤੇ ਤਹਿਤ ਏ ਐੱਸ ਐੱਮ ਐੱਲ ਗੁਜਰਾਤ ਦੇ ਧੋਲੇਰਾ ਵਿੱਚ ਸਥਾਪਿਤ ਕੀਤੇ ਜਾ ਰਹੇ ਟਾਟਾ ਦੇ 11 ਅਰਬ ਡਾਲਰ ਦੀ ਲਾਗਤ ਵਾਲੇ 300-ਐੱਮ ਐੱਮ ਸੈਮੀਕੰਡਕਟਰ ਫੈਬਰੀਕੇਸ਼ਨ ਪਲਾਂਟ ਲਈ ਉਪਕਰਣ ਅਤੇ ਤਕਨੀਕੀ ਮੁਹਾਰਤ ਪ੍ਰਦਾਨ ਕਰੇਗੀ। ਇਹ ਪਲਾਂਟ ਭਾਰਤ ਦਾ ਪਹਿਲਾ ਚਿੱਪ ਉਤਪਾਦਨ ਕੇਂਦਰ ਹੈ, ਜਿਸ ਵਿੱਚ ਕਰਮਚਾਰੀਆਂ ਦੀ ਸਿਖਲਾਈ ਅਤੇ ਸਪਲਾਈ ਲੜੀ ਦਾ ਵਿਕਾਸ ਵੀ ਸ਼ਾਮਿਲ ਹੈ। ਸੈਮੀਕੰਡਕਟਰ ਫੈਬਰੀਕੇਸ਼ਨ ਮਨੁੱਖੀ ਇਤਿਹਾਸ ਦੇ ਸਭ ਤੋਂ ਗੁੰਝਲਦਾਰ ਉਦਯੋਗਿਕ ਕਾਰਜਾਂ ਵਿੱਚੋਂ ਇੱਕ ਹੈ। ਧੋਲੇਰਾ ਪਲਾਂਟ ਵਿੱਚ ਖ਼ਾਸ ਤੌਰ 'ਤੇ ਏ ਆਈ, ਆਟੋਮੋਟਿਵ ਅਤੇ ਮੋਬਾਈਲ ਐਪਲੀਕੇਸ਼ਨਾਂ ਲਈ ਚਿੱਪਸ ਤਿਆਰ ਕੀਤੀਆਂ ਜਾਣਗੀਆਂ।

ਆਈ ਟੀ ਦੇ ਪੁਰਾਣੇ ਮਾਡਲ ਦਾ ਸਾਰਾ ਜ਼ੋਰ 'ਗਿਣਤੀ' 'ਤੇ ਸੀ, ਜਿੱਥੇ ਵੱਡੀ ਤਾਦਾਦ ਵਿੱਚ ਮੁਲਾਜ਼ਮਾਂ ਤੋਂ ਇੱਕੋ ਜਿਹਾ ਰਵਾਇਤੀ ਕੰਮ ਲਿਆ ਜਾਂਦਾ ਸੀ। ਇਸ ਦੇ ਉਲਟ ਏ ਆਈ ਵਿੱਚ ਸਾਰੀ ਖੇਡ 'ਗੁਣਵੱਤਾ' ਦੀ ਹੈ। ਹੁਣ ਉਦਯੋਗ ਨੂੰ ਸਿਰਫ਼ ਲਕੀਰ ਦੇ ਫ਼ਕੀਰ ਬਣਨ ਵਾਲੇ ਮੁਲਾਜ਼ਮਾਂ ਦੀ ਨਹੀਂ ਸਗੋਂ ਅਜਿਹੇ ਖੋਜਕਾਰਾਂ ਦੀ ਲੋੜ ਹੈ, ਜੋ ਖ਼ੁਦ ਨਵੀਂ ਤਕਨਾਲੋਜੀ ਦੀ ਸਿਰਜਣਾ ਕਰ ਸਕਣ। ਇਸੇ ਮਕਸਦ ਲਈ 18 ਮਈ ਨੂੰ ਸਟਾਕਹੋਮ ਵਿੱਚ ਭਾਰਤ ਅਤੇ ਸਵੀਡਨ ਨੇ ਆਪਣੇ ਸਬੰਧਾਂ ਨੂੰ 'ਰਣਨੀਤਕ ਭਾਈਵਾਲੀ' ਵਿੱਚ ਤਬਦੀਲ ਕੀਤਾ। ਇਸ ਦੇ ਨਾਲ ਹੀ ਅਗਲੇ ਪੰਜ ਸਾਲਾਂ ਵਿੱਚ ਦੁਵੱਲੇ ਵਪਾਰ ਨੂੰ ਦੁੱਗਣਾ ਕਰਨ ਦੇ ਉਦੇਸ਼ ਨਾਲ 'ਇੰਡੀਆ-ਸਵੀਡਨ ਟੈਕਨਾਲੋਜੀ ਐਂਡ ਆਰਟੀਫੀਸ਼ੀਅਲ ਇੰਟੈਲੀਜੈਂਸ ਕੌਰੀਡੋਰ' ਅਤੇ 'ਜੁਆਇੰਟ ਇਨੋਵੇਸ਼ਨ ਪਾਰਟਨਰਸ਼ਿਪ 2.0' ਦੀ ਸ਼ੁਰੂਆਤ ਕੀਤੀ ਗਈ।

ਇਸ ਪੂਰੀ ਕਵਾਇਦ ਵਿੱਚ 'ਏ ਆਈ ਕੌਰੀਡੋਰ' ਸਭ ਤੋਂ ਮਹੱਤਵਪੂਰਨ ਕੜੀ ਹੈ। ਐਰਿਕਸਨ ਵਰਗੀ ਦਿੱਗਜ ਕੰਪਨੀ ਅਤੇ ਵਿਸ਼ਵ ਪੱਧਰੀ 5ਜੀ/6ਜੀ ਖੋਜ ਕੇਂਦਰ ਸਵੀਡਨ ਕੋਲ ਉਹ ਡੂੰਘੀ ਤਕਨੀਕੀ ਸਾਂਝ ਮੌਜੂਦ ਹੈ, ਜਿਸ ਦੀ ਭਾਰਤ ਨੂੰ ਆਪਣੀ ਪ੍ਰਤਿਭਾ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸਖ਼ਤ ਲੋੜ ਹੈ। ਇਸ ਰਾਹੀਂ ਭਾਰਤੀ ਇੰਜੀਨੀਅਰਾਂ ਦੀ ਪਹੁੰਚ ਸਵੀਡਨ ਦੇ ਖੋਜ ਸੰਸਥਾਨਾਂ ਤੱਕ ਹੋਵੇਗੀ ਅਤੇ ਸਵੀਡਿਸ਼ ਕੰਪਨੀਆਂ ਨੂੰ ਭਾਰਤ ਦਾ ਵੱਡਾ ਬਾਜ਼ਾਰ ਤੇ ਵਿਸਤਾਰ ਮਿਲੇਗਾ। ਇਸ ਦੇ ਨਾਲ ਹੀ ਭਾਰਤ ਦੇ 6ਜੀ ਤਕਨਾਲੋਜੀ ਦੇ ਸੁਪਨਿਆਂ ਨੂੰ ਐਰਿਕਸਨ ਦੇ ਰੂਪ ਵਿੱਚ ਭਰੋਸੇਮੰਦ ਉਦਯੋਗਿਕ ਭਾਈਵਾਲ ਮਿਲ ਗਿਆ ਹੈ।

ਏ ਆਈ ਨਾਲ ਜੁੜੀ ਊਰਜਾ ਦੀ ਵੱਡੀ ਸਮੱਸਿਆ ਵੱਲ ਬਹੁਤ ਘੱਟ ਧਿਆਨ ਦਿੱਤਾ ਜਾ ਰਿਹਾ ਹੈ। ਏ ਆਈ ਮਾਡਲਾਂ ਨੂੰ ਚਲਾਉਣ ਵਾਲੇ ਡੇਟਾ ਸੈਂਟਰ ਦੁਨੀਆ ਵਿੱਚ ਸਭ ਤੋਂ ਤੇਜ਼ੀ ਨਾਲ ਬਿਜਲੀ ਦੀ ਖਪਤ ਕਰਨ ਵਾਲੇ ਸਰੋਤ ਬਣ ਰਹੇ ਹਨ। ਜਿਉਂ-ਜਿਉਂ ਭਾਰਤ 8-ਐਕਸਾਫਲੌਪ ਕਲੱਸਟਰ ਵਰਗੇ ਆਪਣੇ ਵੱਡੇ ਸੁਪਨਿਆਂ ਵੱਲ ਵਧ ਰਿਹਾ ਹੈ ਇਸ ਨੂੰ ਵੱਡੇ ਪੱਧਰ 'ਤੇ ਸਵੱਛ ਊਰਜਾ ਦੀ ਲੋੜ ਪਵੇਗੀ। ਓਸਲੋ ਵਿੱਚ ਹੋਏ ਤੀਜੇ 'ਭਾਰਤ-ਨੌਰਡਿਕ ਸੰਮੇਲਨ' ਦੌਰਾਨ ਆਗੂਆਂ ਨੇ ਆਪਸੀ ਸਬੰਧਾਂ ਨੂੰ ਮਜ਼ਬੂਤ ਬਣਾਉਂਦਿਆਂ ਗ੍ਰੀਨ ਟੈਕਨਾਲੋਜੀ ਐਂਡ ਇਨੋਵੇਸ਼ਨ ਸਟ੍ਰੈਟੇਜਿਕ ਪਾਰਟਨਰਸ਼ਿਪ ਦਾ ਰੂਪ ਦਿੱਤਾ ਹੈ। ਨੌਰਵੇ ਦੀ ਪਣ-ਬਿਜਲੀ ਅਤੇ ਡੈਨਮਾਰਕ ਦੀ ਪੌਣ-ਊਰਜਾ ਨੌਰਡਿਕ ਦੇਸ਼ਾਂ ਨੂੰ ਭਾਰਤ ਦੇ ਡੇਟਾ ਬੁਨਿਆਦੀ ਢਾਂਚੇ ਲਈ ਸਵੱਛ ਊਰਜਾ ਪ੍ਰਦਾਨ ਕਰਨ ਵਾਲੇ ਕੁਦਰਤੀ ਭਾਈਵਾਲ ਬਣਾਉਂਦੇ ਹਨ। ਦੂਜੇ ਪਾਸੇ 'ਭਾਰਤ ਸਟੈਕ' ਜੋ ਕਿ ਯੂ ਪੀ ਆਈ ਅਤੇ ਡਿਜੀਟਲ ਪਛਾਣ ਆਧਾਰਿਤ ਦੇਸ਼ ਦਾ ਆਪਣਾ ਡਿਜੀਟਲ ਪਬਲਿਕ ਇਨਫਰਾ ਸਟਰੱਕਚਰ ਹੈ, ਵਿੱਚ ਨੌਰਵੇ ਦੀ ਦਿਲਚਸਪੀ ਇੱਕ ਵੱਡਾ ਸੰਕੇਤ ਹੈ ਕਿ ਭਾਰਤ ਦਾ ਇਹ ਘਰੇਲੂ ਡਿਜੀਟਲ ਮਾਡਲ ਹੁਣ ਦੁਨੀਆ ਨੂੰ ਦਿੱਤਾ ਜਾਣ ਵਾਲਾ ਇੱਕ ਅਹਿਮ ਤਕਨੀਕੀ ਉਤਪਾਦ ਬਣ ਰਿਹਾ ਹੈ।

ਇਟਲੀ ਸ਼ਾਇਦ ਪਹਿਲੀ ਨਜ਼ਰੇ ਇੱਕ ਰਵਾਇਤੀ ਤਕਨੀਕੀ ਭਾਈਵਾਲ ਨਾ ਲੱਗੇ ਪਰ ਏਅਰੋਸਪੇਸ, ਐਡਵਾਂਸਡ ਇੰਜੀਨੀਅਰਿੰਗ ਅਤੇ ਉਦਯੋਗਿਕ ਰੋਬੋਟਿਕਸ ਵਿੱਚ ਉਸ ਦੀ ਮੁਹਾਰਤ ਭਾਰਤ ਲਈ ਬੇਹੱਦ ਮਹੱਤਵਪੂਰਨ ਹੈ। ਰੋਮ ਵਿੱਚ ਹੋਈ 'ਵਿਸ਼ੇਸ਼ ਰਣਨੀਤਕ ਭਾਈਵਾਲੀ' ਦੇ ਕੇਂਦਰ ਵਿੱਚ ਏ ਆਈ ਅਤੇ ਸਵੱਛ ਊਰਜਾ ਹਨ। ਭਾਰਤ ਜਿੱਥੇ ਇੱਕ ਪਾਸੇ ਆਪਣੇ ਕਾਰਖਾਨਿਆਂ ਦਾ ਮਸ਼ੀਨੀਕਰਨ ਕਰਨਾ ਚਾਹੁੰਦਾ ਹੈ, ਉੱਥੇ ਹੀ ਉਹ ਇਲੈਕਟ ?ਰਾਨਿਕਸ ਅਤੇ ਵਾਹਨ ਨਿਰਮਾਣ ਦੇ ਖੇਤਰ ਵਿੱਚ ਉੱਚੇ ਮੁਕਾਮ 'ਤੇ ਪਹੁੰਚਣ ਦਾ ਚਾਹਵਾਨ ਵੀ ਹੈ। ਅਜਿਹੇ ਵਿੱਚ ਇਟਲੀ ਦੀ ਉਦਯੋਗਿਕ ਮੁਹਾਰਤ ਇੱਕ ਅਹਿਮ ਪੁਲ ਦਾ ਕੰਮ ਕਰੇਗੀ। ਭਾਰਤ-ਯੂਰੋਪੀਅਨ ਯੂਨੀਅਨ ਮੁਕਤ ਵਪਾਰ ਸਮਝੌਤੇ ਨੇ ਇਸ ਸਾਂਝ ਨੂੰ ਹੋਰ ਮਜ਼ਬੂਤ ਕੀਤਾ ਹੈ। ਜੇਕਰ ਇਨ੍ਹਾਂ ਸਾਰੇ ਸਮਝੌਤਿਆਂ ਨੂੰ ਇੱਕ ਕੜੀ ਵਿੱਚ ਪਰੋ ਕੇ ਦੇਖਿਆ ਜਾਵੇ ਤਾਂ ਇੱਕ ਸਪੱਸ਼ਟ ਰਣਨੀਤੀ ਉੱਭਰ ਕੇ ਸਾਹਮਣੇ ਆਉਂਦੀ ਹੈ। ਭਾਰਤ ਇਹ ਮੰਨ ਕੇ ਚੱਲ ਰਿਹਾ ਹੈ ਕਿ ਏ ਆਈ ਕਾਰਨ ਉਸ ਦੇ ਪੁਰਾਣੇ ਆਈ ਟੀ ਮਾਡਲ ਨੂੰ ਪਹੁੰਚ ਰਹੀ ਸੱਟ ਸਿਰਫ਼ ਇੱਕ ਖ਼ਤਰਾ ਨਹੀਂ, ਸਗੋਂ ਆਪਣੇ-ਆਪ ਨੂੰ ਹੋਰ ਉੱਚੇ ਪੱਧਰ 'ਤੇ ਖੜ੍ਹਾ ਕਰਨ ਦਾ ਸੁਨਹਿਰੀ ਮੌਕਾ ਹੈ। ਇਸ ਤਹਿਤ ਭਾਰਤ ਖ਼ੁਦ ਏ ਆਈ ਲਈ ਚਿੱਪਸ ਬਣਾਉਣ, ਕੰਪਿਊਟਿੰਗ ਸਮਰੱਥਾ 'ਤੇ ਆਪਣਾ ਅਧਿਕਾਰ ਰੱਖਣ, ਏ ਆਈ ਪ੍ਰਤਿਭਾ ਪੈਦਾ ਕਰਨ ਵਾਲੇ ਖੋਜ ਕੌਰੀਡੋਰ ਸਥਾਪਿਤ ਕਰਨ, ਡੇਟਾ ਸੈਂਟਰਾਂ ਨੂੰ ਸਵੱਛ ਊਰਜਾ ਦੇਣ ਅਤੇ ਆਪਣੇ ਆਪ ਨੂੰ ਉਨ੍ਹਾਂ ਨਿਰਮਾਣ ਨੈੱਟਵਰਕਾਂ ਦਾ ਹਿੱਸਾ ਬਣਾਉਣ ਵੱਲ ਵਧ ਰਿਹਾ ਹੈ, ਜਿਨ੍ਹਾਂ ਨੂੰ ਏ ਆਈ ਬਦਲ ਰਹੀ ਹੈ। ਇਹ ਬਿਲਕੁਲ ਸਹੀ ਕਦਮ ਹੈ, ਪਰ ਸਮਝੌਤੇ ਆਪਣੇ-ਆਪ ਵਿੱਚ ਅੰਤਿਮ ਨਤੀਜਾ ਨਹੀਂ ਹੁੰਦੇ। ਨੌਕਰੀਆਂ ਅਜੇ ਵੀ ਜਾ ਰਹੀਆਂ ਹਨ। ਧੋਲੇਰਾ ਦੇ ਚਿੱਪ ਪਲਾਂਟ ਨੂੰ ਆਪਣੀ ਪਹਿਲੀ ਚਿੱਪ ਤਿਆਰ ਕਰਨ ਵਿੱਚ ਅਜੇ ਕਈ ਸਾਲ ਲੱਗਣਗੇ। ਸਿਆਸੀ ਇੱਛਾ-ਸ਼ਕਤੀ ਨੂੰ ਉਦਯੋਗਿਕ ਹਕੀਕਤ ਵਿੱਚ ਬਦਲਣਾ ਪਵੇਗਾ ਅਤੇ ਉਹ ਵੀ ਏ ਆਈ ਦੀ ਰਫ਼ਤਾਰ ਨਾਲੋਂ ਜ਼ਿਆਦਾ ਤੇਜ਼ੀ ਨਾਲ। ਇਹੋ ਭਾਰਤ ਦੀ ਅਸਲ ਪ੍ਰੀਖਿਆ ਹੈ। ਤਕਨਾਲੋਜੀ ਦੇ ਇਸ ਪੂਰੇ ਢਾਂਚੇ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਅਜੇ ਹੋਰ ਠੋਸ ਅਤੇ ਸਾਰਥਕ ਕਦਮ ਚੁੱਕਣ ਦੀ ਲੋੜ ਹੈ। ਇਹ ਸਮਝੌਤੇ ਉਸ ਲੰਮੇ ਸਫ਼ਰ ਦੇ ਪਹਿਲੇ ਕਦਮ ਹਨ, ਜਿਸ ਦੇ ਤਹਿਤ ਆਉਣ ਵਾਲੇ ਸਮੇਂ ਵਿੱਚ ਬਿਨਾਂ ਰੁਕਿਆਂ ਬਹੁਤ ਤੇਜ਼ੀ ਨਾਲ ਅੱਗੇ ਵਧਣਾ ਹੋਵੇਗਾ।

### ਕਸ਼ਮੀਰ ’ਚ ਖ਼ੁਸ਼ਬੂਦਾਰ ਕ੍ਰਾਂਤੀ

# ਅਨੰਤਨਾਗ ’ਚ ਕੀਮਤੀ ਗੁਲਾਬ ਦੇ ਤੇਲ ਲਈ ਕਿਸਾਨਾਂ ਨੇ ਸ਼ੁਰੂ ਕੀਤੀ ‘ਡੈਮਸਕ ਰੋਜ਼’ ਦੀ ਕਟਾਈ








ਅਨੰਤਨਾਗ (ਜੰਮੂ-ਕਸ਼ਮੀਰ): ਦੱਖਣੀ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਵਿੱਚ ਇਨੀਂ ਦਿਨੀਂ ਰਵਾਇਤੀ ਖੇਤੀਬਾੜੀ ਦੇ ਨਾਲ-ਨਾਲ ਖ਼ੁਸ਼ਬੂਦਾਰ ਫੁੱਲਾਂ ਦੀ ਖੇਤੀ (Floriculture) ਖਿੱਚ ਦਾ ਕੇਂਦਰ ਬਣੀ ਹੋਈ ਹੈ। ਇਲਾਕੇ ਵਿੱਚ ਵਿਸ਼ਵ ਪ੍ਰਸਿੱਧ ‘ਡੈਮਸਕ ਗੁਲਾਬ’ (Damask Rose) ਦੇ ਖੇਤ ਪੂਰੀ ਤਰ੍ਹਾਂ ਮਹਿਕ ਉੱਠੇ ਹਨ। ਸ਼ੁੱਕਰਵਾਰ ਨੂੰ ਅਨੰਤਨਾਗ ਦੇ ਵੱਖ-ਵੱਖ ਪਿੰਡਾਂ ਵਿੱਚ ਸਥਾਨਕ ਕਿਸਾਨਾਂ ਵੱਲੋਂ ਇਨ੍ਹਾਂ ਕੀਮਤੀ ਗੁਲਾਬਾਂ ਨੂੰ ਤੋੜਨ (Plucking) ਦਾ ਕੰਮ ਬੜੇ ਉਤਸ਼ਾਹ ਨਾਲ ਸ਼ੁਰੂ ਕੀਤਾ ਗਿਆ।

ਇਨ੍ਹਾਂ ਗੁਲਾਬਾਂ ਦੀ ਵਰਤੋਂ ਖ਼ਾਸ ਤੌਰ ’ਤੇ ਡਿਸਟੀਲੇਸ਼ਨ (Distillation - ਅਰਕ ਕੱਢਣ ਦੀ ਵਿਧੀ) ਪ੍ਰਕਿਰਿਆ ਰਾਹੀਂ ਦੁਨੀਆ ਦੇ ਸਭ ਤੋਂ ਮਹਿੰਗੇ ਅਤੇ ਸ਼ੁੱਧ ‘ਰੋਜ਼ ਆਇਲ’ (ਗੁਲਾਬ ਦੇ ਤੇਲ) ਅਤੇ ਗੁਲਾਬ ਜਲ ਨੂੰ ਤਿਆਰ ਕਰਨ ਲਈ ਕੀਤੀ ਜਾਂਦੀ ਹੈ। ਕਿਸਾਨਾਂ ਵੱਲੋਂ ਤੜਕੇ ਸਵੇਰੇ ਹੀ ਫੁੱਲਾਂ ਦੀ ਤਾਜ਼ਗੀ ਬਣਾਈ ਰੱਖਣ ਲਈ ਇਨ੍ਹਾਂ ਨੂੰ ਬੜੀ ਸਾਵਧਾਨੀ ਨਾਲ ਚੁਣਿਆ ਜਾ ਰਿਹਾ ਹੈ। ਕਿਸਾਨਾਂ ਲਈ ਮੁਨਾਫ਼ੇ ਦਾ ਸੌਦਾ ਬਣੀ ਫੁੱਲਾਂ ਦੀ ਖੇਤੀ ਡੈਮਸਕ ਗੁਲਾਬ ਤੋਂ ਨਿਕਲਣ ਵਾਲੇ ਤੇਲ ਦੀ ਮੰਗ ਕੌਮਾਂਤਰੀ ਬਾਜ਼ਾਰ ਵਿੱਚ ਬਹੁਤ ਜ਼ਿਆਦਾ ਹੈ, ਜਿਸ ਦੀ ਵਰਤੋਂ ਮਹਿੰਗੇ ਪਰਫ਼ਿਊਮ (ਇੱਤਰ), ਕਾਸਮੈਟਿਕਸ ਅਤੇ ਦਵਾਈਆਂ ਵਿੱਚ ਕੀਤੀ ਜਾਂਦੀ ਹੈ। ਘਾਟੀ ਦੇ ਕਿਸਾਨਾਂ ਮੁਤਾਬਕ, ਰਵਾਇਤੀ ਫ਼ਸਲਾਂ ਦੇ ਮੁਕਾਬਲੇ ਇਸ ਖ਼ੁਸ਼ਬੂਦਾਰ ਖੇਤੀ ਤੋਂ ਕਈ ਗੁਣਾ ਵੱਧ ਮੁਨਾਫ਼ਾ ਮਿਲ ਰਿਹਾ ਹੈ।

ਸਥਾਨਕ ਉਤਪਾਦਕਾਂ ਨੇ ਉਮੀਦ ਜਤਾਈ ਹੈ ਕਿ ਇਸ ਵਾਰ ਫੁੱਲਾਂ ਦੀ ਗੁਣਵੱਤਾ ਬਹੁਤ ਵਧੀਆ ਹੈ, ਜਿਸ ਨਾਲ ਰਿਕਾਰਡ ਮਾਤਰਾ ਵਿੱਚ ਤੇਲ ਦਾ ਉਤਪਾਦਨ ਹੋਵੇਗਾ। ਕਸ਼ਮੀਰ ਦਾ ਇਹ ਖੇਤਰ ਹੁਣ ਹੌਲੀ-ਹੌਲੀ ਸੁਗੰਧਿਤ ਤੇਲ ਉਦਯੋਗ ਦੇ ਇੱਕ ਵੱਡੇ ਹੱਬ ਵਜੋਂ ਉੱਭਰ ਰਿਹਾ ਹੈ, ਜੋ ਸਥਾਨਕ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹ ਰਿਹਾ ਹੈ।

### ਵਿਸ਼ਵ ਸਾਈਕਲ ਦਿਵਸ 2026

# ਦੇਸ਼ ’ਚ ਤੇਲ ਸੰਕਟ ਦਰਮਿਆਨ ਰਾਜਕੋਟ ਸਾਈਕਲ ਕਲੱਬ ਨੇ ਦਿਖਾਇਆ ਰਾਹ; ਸਿਹਤ ਅਤੇ ਪੈਟਰੋਲ ਬਚਾਉਣ ਲਈ ਨੌਜਵਾਨਾਂ ਨੂੰ ਸਾਈਕਲ ਅਪਣਾਉਣ ਦੀ ਅਪੀਲ










ਰਾਜਕੋਟ : ਦੇਸ਼ ਭਰ ਵਿੱਚ ਅੱਜ ‘ਵਿਸ਼ਵ ਸਾਈਕਲ ਦਿਵਸ 2026’ (World Bicycle Day 2026) ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਮੌਜੂਦਾ ਸਮੇਂ ਦੇਸ਼ ਵਿੱਚ ਚੱਲ ਰਹੇ ਤੇਲ (ਈਂਧਨ) ਦੇ ਗੰਭੀਰ ਸੰਕਟ ਦੇ ਦਰਮਿਆਨ, ਸਾਈਕਲ ਚਲਾਉਣਾ ਪੈਟਰੋਲ-ਡੀਜ਼ਲ ਦੀ ਬਚਤ ਕਰਨ ਅਤੇ ਸਿਹਤ ਨੂੰ ਤੰਦਰੁਸਤ ਰੱਖਣ ਲਈ ਇੱਕ ਸਭ ਤੋਂ ਵੱਡੇ ਅਤੇ ਪ੍ਰਭਾਵਸ਼ਾਲੀ ਵਿਕਲਪ ਵਜੋਂ ਉੱਭਰਿਆ ਹੈ।

ਇਸ ਮੌਕੇ ‘ਰਾਜਕੋਟ ਸਾਈਕਲ ਕਲੱਬ’ ਦੇ ਸੰਸਥਾਪਕ ਦਿਵਯੇਸ਼ ਅਘੇਰੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਹਿੱਤ ਵਿੱਚ ਤੇਲ ਬਚਾਉਣ ਦੇ ਕੀਤੇ ਗਏ ਸੱਦੇ ਤੋਂ ਪ੍ਰੇਰਿਤ ਹੋ ਕੇ, ਉਨ੍ਹਾਂ ਦਾ ਕਲੱਬ ਪਿਛਲੇ 10 ਸਾਲਾਂ ਤੋਂ ਲਗਾਤਾਰ ਸਾਈਕਲਿੰਗ ਨੂੰ ਉਤਸ਼ਾਹਿਤ ਕਰ ਰਿਹਾ ਹੈ। ਮੌਜੂਦਾ ਸਮੇਂ ਇਸ ਕਲੱਬ ਵਿੱਚ 60 ਤੋਂ 170 ਦੇ ਕਰੀਬ ਸਰਗਰਮ ਮੈਂਬਰ ਸ਼ਾਮਲ ਹਨ, ਜੋ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਸਾਈਕਲ ਦੀ ਵਰਤੋਂ ਕਰਦੇ ਹਨ।

ਪੈਟਰੋਲ ਦੀ ਬਚਤ ਅਤੇ ਵਾਤਾਵਰਨ ਦੀ ਸੰਭਾਲ ਦਿਵਯੇਸ਼ ਅਘੇਰੀ ਨੇ ਆਪਣੀ ਮਿਸਾਲ ਦਿੰਦਿਆਂ ਦੱਸਿਆ ਕਿ ਉਹ ਰੋਜ਼ਾਨਾ ਦੇ ਨੇੜਲੇ ਕੰਮਾਂ ਲਈ ਕਾਰ ਜਾਂ ਮੋਟਰਸਾਈਕਲ ਦੀ ਬਜਾਏ ਸਾਈਕਲ ਦੀ ਵਰਤੋਂ ਕਰਦੇ ਹਨ, ਜਿਸ ਨਾਲ ਉਹ ਹਰ ਹਫ਼ਤੇ ਲਗਭਗ 2 ਲੀਟਰ ਪੈਟਰੋਲ ਬਚਾ ਰਹੇ ਹਨ। ਉਨ੍ਹਾਂ ਨੇ ਦੇਸ਼ ਦੇ ਹਰ ਨਾਗਰਿਕ ਨੂੰ ਅਪੀਲ ਕੀਤੀ ਕਿ ਜੇਕਰ ਹਰ ਵਿਅਕਤੀ ਦੇਸ਼ ਅਤੇ ਵਾਤਾਵਰਨ ਦੀ ਖ਼ਾਤਰ ਹਫ਼ਤੇ ਵਿੱਚ ਸਿਰਫ਼ 1 ਲੀਟਰ ਪੈਟਰੋਲ ਵੀ ਬਚਾਵੇ, ਤਾਂ ਇਹ ਦੇਸ਼ ਦੀ ਆਰਥਿਕਤਾ ਲਈ ਬਹੁਤ ਵੱਡਾ ਯੋਗਦਾਨ ਹੋਵੇਗਾ।


ਸਿਹਤ ਵਿੱਚ ਸੁਧਾਰ ਅਤੇ ਨੌਜਵਾਨਾਂ ਨੂੰ ਅਪੀਲ ਸਮਾਰੋਹ ਦੌਰਾਨ ਮੌਜੂਦ ਸੀਨੀਅਰ ਆਡਿਟ ਅਫ਼ਸਰ ਆਕਾਸ਼ ਸਾਹੂ ਅਤੇ ਸਰਗਰਮ ਮਹਿਲਾ ਸਾਈਕਲਿਸਟ ਊਸ਼ਾਬੇਨ ਰਾਜਦੇਵ ਨੇ ਵੀ ਸਾਈਕਲ ਚਲਾਉਣ ਦੇ ਕਈ ਵੱਡੇ ਫ਼ਾਇਦਿਆਂ ’ਤੇ ਚਾਨਣਾ ਪਾਇਆ:

**ਮੋਟਾਪੇ ਅਤੇ ਬਿਮਾਰੀਆਂ ਤੋਂ ਮੁਕਤੀ:** ਉਨ੍ਹਾਂ ਨੇ ਦੇਸ਼ ਦੇ ਨੌਜਵਾਨਾਂ ਨੂੰ ਖ਼ਾਸ ਅਪੀਲ ਕੀਤੀ ਕਿ ਉਹ ਦਫ਼ਤਰਾਂ, ਕਾਲਜਾਂ ਜਾਂ ਨੇੜਲੀਆਂ ਥਾਵਾਂ ’ਤੇ ਜਾਣ ਲਈ ਸਾਈਕਲ ਦੀ ਵਰਤੋਂ ਕਰਨ। ਇਸ ਨਾਲ ਜਿੱਥੇ ਮਹਿੰਗੇ ਪੈਟਰੋਲ ਦਾ ਖ਼ਰਚਾ ਬਚੇਗਾ, ਉੱਥੇ ਹੀ ਨੌਜਵਾਨ ਪੀੜ੍ਹੀ ਮੋਟਾਪੇ ਅਤੇ ਦਿਲ ਦੀਆਂ ਬਿਮਾਰੀਆਂ ਤੋਂ ਮੁਕਤ ਹੋ ਕੇ ਸਰੀਰਕ ਤੌਰ ’ਤੇ ਫਿੱਟ ਰਹੇਗੀ।

**ਸੜਕ ਸੁਰੱਖਿਆ ਦੀ ਮੰਗ:** ਕਲੱਬ ਦੇ ਮੈਂਬਰਾਂ ਨੇ ਪ੍ਰਸ਼ਾਸਨ ਅਤੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸ਼ਹਿਰਾਂ ਵਿੱਚ ਸਾਈਕਲ ਚਲਾਉਣ ਵਾਲਿਆਂ ਲਈ ਇੱਕ ਸੁਰੱਖਿਅਤ ਮਾਹੌਲ ਸਿਰਜਿਆ ਜਾਵੇ। ਸੜਕਾਂ ’ਤੇ ਸਾਈਕਲ ਸਵਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵੱਖਰੇ ’ਸਾਈਕਲ ਟ ?ਰੈਕ’ ਬਣਾਏ ਜਾਣੇ ਚਾਹੀਦੇ ਹਨ ਤਾਂ ਜੋ ਬਿਨਾਂ ਕਿਸੇ ਡਰ ਦੇ ਲੋਕ ਇਸ ਨੂੰ ਆਪਣੀ ਰੋਜ਼ਾਨਾ ਜੀਵਨ ਸ਼ੈਲੀ ਦਾ ਹਿੱਸਾ ਬਣਾ ਸਕਣ।

# ਦੇਸ਼ ਦਾ ਸਭ ਤੋਂ ਤੇਜ਼ ਫਰਾਟਾ ਦੌੜਾਕ ਬਣਿਆ ਗੁਰਿੰਦਰਵੀਰ ਸਿੰਘ




**ਹਰਜੀਤ ਸਿੰਘ ਜੋਗਾ**

ਬੁਲੰਦ ਹੌਸਲੇ, ਯਕੀਨ ਤੇ ਦ੍ਰਿੜ੍ਹਤਾ ਦੀ ਇਸ ਤੋਂ ਵੱਡੀ ਮਿਸਾਲ ਹੋਰ ਕੀ ਹੋ ਸਕਦੀ ਹੈ ਕਿ ਇਕ ਅਥਲੀਟ 100 ਮੀਟਰ ਦੇ ਫਾਈਨਲ ਮੁਕਾਬਲੇ ਲਈ ਟਰੈਕ ਵਿਚ ਉਤਰਨ ਤੋਂ ਪਹਿਲਾਂ ਹੀ ਆਪਣੀ ਬਿਬ ਵਿਚ ਇਹ ਪਰਚੀ ਲਿਖ ਕੇ ਪਾ ਲਵੇ ਕਿ ਮੁਕਾਬਲਾ ਵੀ ਜਿੱਤਣਾ ਹੈ ਤੇ ਉਹ ਵੀ 10.10 ਸੈਕਿੰਡ ਤੋਂ ਘੱਟ ਸਮੇਂ ਵਿਚ। ਇਸ ਤਰ੍ਹਾਂ ਦੇ ਧਾਕੜ ਅਥਲੀਟ ਵਿਲੱਖਣ ਹੀ ਮਿਲਦੇ ਹਨ। ਕੁਝ ਇਸੇ ਤਰ੍ਹਾਂ ਦਾ ਵਰਤਾਰਾ 29ਵੇਂ ਸੀਨੀਅਰ ਨੈਸ਼ਨਲ ਫੈਡਰੇਸ਼ਨ ਕੱਪ ਵਿਚ 100 ਮੀਟਰ ਸਪਰਿਟ ਦੇ ਫਾਈਨਲ ਮੁਕਾਬਲੇ ਮੌਕੇ ਵੇਖਣ ਨੂੰ ਮਿਲਿਆ। ਪੰਜਾਬੀ ਸ਼ੇਰ ਗੁਰਿੰਦਰਵੀਰ ਸਿੰਘ ਨੇ ਫਿਨਿਸ਼ ਲਾਈਨ ਨੂੰ ਪਾਰ ਕਰਨ ਤੋਂ ਬਾਅਦ ਆਪਣੀ ਬਿਬ ਉਤਾਰ ਕੇ ਉਸ ਦਾ ਪਿਛਲਾ ਹਿੱਸਾ ਦਿਖਾਇਆ, ਉਸ 'ਤੇ ਇਕ ਸਿੱਧਾ ਤੇ ਸਪੱਸ਼ਟ ਸੁਨੇਹਾ ਲਿਖਿਆ ਹੋਇਆ ਸੀ, 'ਕੰਮ ਅਜੇ ਮੁੱਕਿਆ ਨਹੀਂ। ਮੈਂ 10.10 ਸੈਕਿੰਡ 'ਤੇ ਰੁਕਣ ਵਾਲਾ ਨਹੀਂ, ਉਡੀਕ ਕਰੋ, ਮੈਂ ਅਜੇ ਹੈਗਾਂ।'

ਝਾਰਖੰਡ ਦੇ ਸ਼ਹਿਰ ਰਾਂਚੀ ਦੇ ਬਿਰਸਾ ਮੁੰਡਾ ਸਟੇਡੀਅਮ ਵਿਚ ਹੋਏ 29ਵੇਂ ਸੀਨੀਅਰ ਨੈਸ਼ਨਲ ਫੈਡਰੇਸ਼ਨ ਕੱਪ ਵਿਚ ਗੁਰਿੰਦਰਵੀਰ ਸਿੰਘ ਨੇ 10.09 ਸੈਕਿੰਡ ਦੇ ਸ਼ਾਨਦਾਰ ਸਮੇਂ ਨਾਲ ਨਵਾਂ ਕੌਮੀ ਰਿਕਾਰਡ ਸਥਾਪਤ ਕਰਦਿਆਂ 100 ਮੀਟਰ ਫਰਾਟਾ ਦੌੜ ਵਿਚ ਚੈਂਪੀਅਨ ਬਣ ਕੇ ਭਾਰਤੀ ਅਥਲੈਟਿਕਸ ਲਈ ਆਸ ਦੀ ਨਵੀਂ ਕਿਰਨ ਜਗਾਈ ਹੈ। ਉਹ 10.10 ਸੈਕਿੰਡ ਦਾ ਬੈਰੀਅਰ ਤੋੜਨ ਵਾਲਾ ਭਾਰਤ ਦਾ ਪਹਿਲਾ ਤੇ ਸਭ ਤੋਂ ਤੇਜ਼ ਦੌੜਾਕ ਵੀ ਬਣ ਗਿਆ ਹੈ।

ਗੁਰਿੰਦਰਵੀਰ ਸਿੰਘ ਦਾ ਜਨਮ 24 ਦਸੰਬਰ 2000 ਨੂੰ ਜਲੰਧਰ ਜਿਲ੍ਹੇ ਦੇ ਕਸਬਾ ਭੋਗਪੁਰ ਦੇ ਪਿੰਡ ਪਟਿਆਲ ਵਿਖੇ ਪਿਤਾ ਕਮਲਜੀਤ ਸਿੰਘ ਅਤੇ ਮਾਤਾ ਰੁਪਿੰਦਰ ਕੌਰ ਦੇ ਘਰ ਹੋਇਆ। ਪੰਜਾਬ ਪੁਲਿਸ ਵਿਚੋਂ ਸੇਵਾਮੁਕਤ ਹੋਏ ਉਸ ਦੇ ਪਿਤਾ ਖੁਦ ਵੀ ਵਾਲੀਬਾਲ ਦੇ ਕੌਮੀ ਪੱਧਰ ਦੇ ਖਿਡਾਰੀ ਰਹੇ ਹਨ। ਉਸ ਦੇ ਦਾਦਾ ਜੀ ਵੀ ਭਾਰਤੀ ਫੌਜ ਵਿਚ ਸੇਵਾਵਾਂ ਨਿਭਾਅ ਚੁੱਕੇ ਹਨ। ਘਰ ਵਿਚ ਅਨੁਸ਼ਾਸ਼ਨ ਤੇ ਖੇਡਾਂ ਵਾਲਾ ਮਾਹੌਲ ਹੋਣ ਕਾਰਨ ਗੁਰਿੰਦਰਵੀਰ ਨੂੰ ਵੀ ਬਚਪਨ ਤੋਂ ਹੀ ਖੇਡਾਂ ਖੇਡਣ ਦੀ ਚੇਟਕ ਲੱਗ ਗਈ। ਇਸ ਚੇਟਕ ਦਾ ਹੀ ਨਤੀਜਾ ਹੈ ਕਿ ਉਸ ਨੇ ਇਕ ਛੋਟੇ ਜਿਹੇ ਪਿੰਡ ਪਟਿਆਲ ਤੋਂ ਉੱਠ ਕੇ ਕੌਮੀ ਪੱਧਰ ਦਾ ਰਿਕਾਰਡ ਆਪਣੇ ਨਾਮ ਲਿਖਵਾਇਆ ਹੈ।

ਲਗਭਗ ਦਸ ਸਾਲ ਦੀ ਉਮਰ ਵਿਚ ਗੁਰਿੰਦਰਵੀਰ ਸਿੰਘ ਨੇ ਆਪਣੇ ਪਿਤਾ ਦੀ ਟ੍ਰੇਨਿੰਗ ਹੇਠ ਟਰੈਕ ਵਿਚ ਦੌੜਨਾ ਸ਼ੁਰੂ ਕਰ ਦਿੱਤਾ ਸੀ ਅਤੇ ਦੋ ਸਾਲਾਂ ਦੇ ਅੰਦਰ ਹੀ ਉਹ ਆਪਣੇ ਪਿਤਾ ਤੋਂ ਤੇਜ਼ ਦੌੜਨ ਲੱਗ ਪਿਆ ਸੀ। ਉਸ ਦੀ ਟਰੈਕ ਵਿਚ ਦੌੜਨ ਦੀ ਲਗਨ ਨੇ ਉਸ ਨੂੰ ਭੋਗਪੁਰ ਵਿਖੇ ਅਥਲੈਟਿਕਸ ਕੋਚ ਸਰਵਣ ਸਿੰਘ ਕੋਲ ਖਿੱਚ ਲਿਆਂਦਾ। ਉਦੋਂ ਅਜੇ ਉਹ ਛੇਵੀਂ ਜਮਾਤ ਵਿਚ ਹੀ ਪੜ੍ਹਦਾ ਸੀ, ਜਦੋਂ ਕੋਚ ਸਰਵਣ ਸਿੰਘ ਨੇ ਇਹ ਭਵਿੱਖਬਾਣੀ ਕਰ ਦਿੱਤੀ ਸੀ ਕਿ ਇਹ ਮੁੰਡਾ ਚੋਟੀ ਦਾ ਅਥਲੀਟ ਬਣੇਗਾ। ਗੁਰਿੰਦਰਵੀਰ ਨੇ ਆਪਣੀ ਪੜ੍ਹਾਈ ਗੁਰੂ ਨਾਨਕ ਮਿਸ਼ਨ ਸਕੂਲ ਡੱਲਾ ਅਤੇ ਕੈਂਬਰਿਜ ਸਕੂਲ ਜਲੰਧਰ ਤੋਂ ਕੀਤੀ। ਉਸ ਨੇ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਤੋਂ ਬੀ.ਏ. ਅਤੇ ਪੀਜੀਡੀਸੀਏ ਦੀ ਪੜ੍ਹਾਈ ਕੀਤੀ। ਉਸ ਦੀ ਖੇਡ ਨੂੰ ਨਿਖਾਰਨ ਵਿਚ ਸਪੋਰਟਸ ਕਾਲਜ ਜਲੰਧਰ ਦੇ ਕੋਚ ਸਰਬਜੀਤ ਸਿੰਘ ਹੈਪੀ ਦਾ ਵੀ ਵੱਡਾ ਯੋਗਦਾਨ ਹੈ, ਜਿਸ ਨੇ ਗੁਰਿੰਦਰਵੀਰ ਨੂੰ ਵਧੀਆ ਕੋਚਿੰਗ ਦੇ ਕੇ ਵੱਡੇ ਮੁਕਾਬਲਿਆਂ ਲਈ ਤਿਆਰ ਕੀਤਾ। ਜਿਸ ਦੇ ਨਤੀਜੇ ਵਜੋਂ ਉਸ ਨੇ ਅੰਤਰ ਰਾਸ਼ਟਰੀ ਪੱਧਰ 'ਤੇ ਅਥਲੈਟਿਕਸ ਵਿਚ ਆਪਣੀ ਚੰਗੀ ਭੱਲ ਬਣਾ ਲਈ।

2017 ਵਿਚ ਬੈਂਕਾਕ (ਥਾਈਲੈਂਡ) ਵਿਚ ਹੋਈ ਏਸ਼ੀਅਨ ਅੰਡਰ 18 ਅਥਲੈਟਿਕਸ ਚੈਂਪੀਅਨਸ਼ਿਪ ਵਿਚ 10.77 ਸੈਕਿੰਡ ਦੇ ਸਮੇਂ ਨਾਲ 100 ਮੀਟਰ ਦੌੜ ਵਿਚ ਗੋਲਡ ਮੈਡਲ ਹਾਸਲ ਕੀਤਾ। 2019 ਵਿਚ ਕਜ਼ਾਕਿਸਤਾਨ ਦੇ ਅਲਮਾਟੀ ਵਿਚ ਹੋਏ ਯੂਰੇਸ਼ੀਅਨ ਅਥਲੈਟਿਕਸ ਅੰਡਰ 20 ਮੁਕਾਬਲੇ ਵਿਚ 10.42 ਸੈਕਿੰਡ ਦੇ ਸਮੇਂ ਨਾਲ ਪਹਿਲਾ ਸਥਾਨ ਹਾਸਲ ਕੀਤਾ। 2025 ਵਿਚ ਇੰਡੀਅਨ ਗ੍ਰੈਂਡ ਪ੍ਰਿਕਸ 1 ਵਿਚ ਗੁਰਿੰਦਰਵੀਰ ਸਿੰਘ ਨੇ 10.20 ਸੈਕਿੰਡ ਦਾ ਸਮਾਂ ਕੱਢ ਕੇ ਕੌਮੀ ਰਿਕਾਰਡ ਆਪਣੇ ਨਾਮ ਕੀਤਾ ਜਦਕਿ 2021 ਵਿਚ ਉਸ ਨੇ ਆਪਣਾ ਸਭ ਤੋਂ ਵਧੀਆ ਸਮਾਂ 10.27 ਸੈਕਿੰਡ ਦਾ ਕੱਢਿਆ ਸੀ।

ਸਿਹਤ ਦੀ ਖਰਾਬੀ ਕਾਰਨ ਉਸ ਨੂੰ ਕਾਫੀ ਸਮਾਂ ਟਰੈਕ ਤੋਂ ਦੂਰ ਵੀ ਰਹਿਣਾ ਪਿਆ। ਪਰ ਉਸ ਨੇ ਬਿਮਾਰੀ ਨੂੰ ਇਕ ਚੁਣੌਤੀ ਵਜੋਂ ਲਿਆ ਅਤੇ ਹਰ ਪੱਖ ਤੋਂ ਸਿਹਤਯਾਬ ਹੋ ਕੇ ਦੁਬਾਰਾ ਟਰੈਕ ਵਿਚ ਧਮਾਕੇਦਾਰ ਵਾਪਸੀ ਕਰਕੇ ਆਪਣੇ ਇਰਾਦੇ ਜ਼ਾਹਰ ਕਰ ਦਿੱਤੇ। ਅੰਤਰ ਰਾਸ਼ਟਰੀ ਪੱਧਰ ਦੀ ਸਿਖਲਾਈ ਲੈਣ ਲਈ ਗੁਰਿੰਦਰਵੀਰ ਨੇ ਰਿਲਾਇੰਸ ਫਾਊਂਡੇਸ਼ਨ ਓਡੀਸ਼ਾ ਅਥਲੈਟਿਕਸ ਹਾਈ ਪਰਫਾਰਮੈਂਸ ਸੈਂਟਰ ਵਿਚ ਅਥਲੈਟਿਕਸ ਕੋਚ ਜੇਮਸ ਹਿਲੀਅਰ ਦੀ ਨਿਗਰਾਨੀ ਹੇਠ ਖੂਬ ਪਸੀਨਾ ਵਹਾਇਆ ਅਤੇ ਆਪਣੀ ਦੌੜ ਵਿਚ ਹੋਰ ਨਿਖਾਰ ਲਿਆਂਦਾ।

ਗੁਰਿੰਦਰਵੀਰ ਸਿੰਘ ਦੀਆਂ ਪ੍ਰਾਪਤੀਆਂ ਨੂੰ ਦੇਖਦਿਆਂ ਭਾਰਤੀ ਹਵਾਈ ਸੈਨਾ ਵਿਚ ਉਸ ਨੂੰ ਬਤੌਰ ਪੈਟੀ ਅਫਸਰ ਭਰਤੀ ਕਰ ਲਿਆ ਗਿਆ। ਆਪਣੇ ਆਲੋਚਕਾਂ ਨਾਲ ਬਹਿਸ ਕਰਨ ਦੀ ਥਾਂ ਉਸ ਨੇ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਕਰਦਿਆਂ ਆਪਣੀ ਖੇਡ ਵਿਚ ਹੋਰ ਸੁਧਾਰ ਕੀਤਾ ਅਤੇ ਆਲੋਚਕਾਂ ਨੂੰ ਟਰੈਕ ਵਿਚ ਆਪਣੀ ਕਾਬਲੀਅਤ ਦਿਖਾ ਦੇ ਜਵਾਬ ਦੇਣਾ ਉਚਿਤ ਸਮਝਿਆ।

ਗੁਰਿੰਦਰਵੀਰ ਸਿੰਘ ਦੇ ਅਥਲੈਟਿਕਸ ਦੇ ਸਫਰ ਦੀ ਸ਼ੁਰੂਆਤ ਤੋਂ ਲੈ ਕੇ ਕੌਮੀ ਰਿਕਾਰਡ ਤੋੜਨ ਤੱਕ ਦਾ ਰਸਤਾ ਕੋਈ ਸੁਖਾਲਾ ਨਹੀਂ ਹੈ। ਇਸ ਪਿੱਛੇ ਜਿੱਥੇ ਉਸ ਨੇ ਆਪਣਾ ਪਸੀਨਾ ਵਹਾਇਆ ਹੈ, ਉੱਥੇ ਦੂਜੇ ਪਾਸੇ ਉਸ ਦੇ ਪਰਿਵਾਰ ਦੀ ਸਾਲਾਂ ਬੱਧੀ ਘਾਲਣਾ ਵੀ ਕੋਈ ਘੱਟ ਮਹੱਤਵਪੂਰਨ ਨਹੀਂ ਹੈ। ਉਸ ਦੇ ਪਿਤਾ ਕਮਲਜੀਤ ਸਿੰਘ ਨੇ ਆਪਣੇ ਆਰਥਿਕ ਹਾਲਾਤ ਸਾਜ਼ਗਾਰ ਨਾ ਹੋਣ ਦੇ ਬਾਵਜੂਦ ਵੀ ਆਪਣੇ ਪੁੱਤਰ ਨੂੰ ਵਧੀਆ ਟਰੇਨਿੰਗ ਦਿਵਾਈ। ਉਸ ਲਈ ਚੰਗੀ ਖੁਰਾਕ ਦਾ ਪ੍ਰਬੰਧ ਕੀਤਾ। ਉਸ ਦਾ ਪਿਤਾ ਮਿਲਖਾ ਸਿੰਘ ਤੋਂ ਬੜਾ ਪ੍ਰਭਾਵਿਤ ਸੀ ਅਤੇ ਆਪਣੇ ਪੁੱਤਰ ਨੂੰ ਵੀ ਉਹ ਮਿਲਖਾ ਸਿੰਘ ਵਾਂਗ ਇਕ ਉੱਚ ਕੋਟੀ ਦਾ ਅਥਲੀਟ ਦੇਖਣਾ ਚਾਹੁੰਦਾ ਸੀ। ਜਦੋਂ ਉਹ ਆਪਣੇ ਪੁੱਤਰ ਨੂੰ ਓਸੇਨ ਬੋਲਟ ਦੀਆਂ ਪ੍ਰਾਪਤੀਆਂ ਬਾਰੇ ਦੱਸਦਾ ਤਾਂ ਗੁਰਿੰਦਰਵੀਰ ਵੀ ਅੱਗੋਂ ਓਸੇਨ ਬੋਲਟ ਵਾਂਗ ਤੇਜ ਦੌੜ ਕੇ ਪ੍ਰਾਪਤੀਆਂ ਕਰਨ ਦੀ ਗੱਲ ਕਰਦਾ।

22 ਮਈ 2026 ਨੂੰ ਰਾਂਚੀ ਦੇ ਬਿਰਸਾ ਮੁੰਡਾ ਸਟੇਡੀਅਮ ਵਿਚ ਹੋਏ ਸੈਮੀਫਾਈਨਲ ਮੁਕਾਬਲੇ ਵਿਚ ਗੁਰਿੰਦਰਵੀਰ ਸਿੰਘ ਨੇ ਪਹਿਲੇ ਸੈਮੀਫਾਈਨਲ ਵਿਚ 10.17 ਸੈਕਿੰਡ ਦੇ ਸਮੇਂ ਨਾਲ ਦੌੜ ਪੂਰੀ ਕਰਕੇ ਅਨਿਮੇਸ਼ ਕੁਜੂਰ ਦਾ 100 ਮੀਟਰ ਫਰਾਟਾ ਦੌੜ ਦਾ ਰਿਕਾਰਡ ਤੋੜ ਦਿੱਤਾ ਸੀ। ਪਰ ਅਗਲੇ ਪੰਜ ਮਿੰਟ ਬਾਅਦ ਹੀ ਦੂਸਰੇ ਸੈਮੀਫਾਈਨਲ ਵਿਚ ਅਨਿਮੇਸ਼ ਨੇ 10.15 ਸੈਕਿੰਡ ਦੇ ਸਮੇਂ ਨਾਲ ਨਵਾਂ ਕੌਮੀ ਰਿਕਾਰਡ ਬਣਾ ਕੇ ਆਪਣਾ ਤਾਜ ਵਾਪਸ ਲੈ ਲਿਆ ਸੀ।

ਅਗਲੇ ਦਿਨ 23 ਮਈ ਨੂੰ ਜਦੋਂ ਫਾਈਨਲ ਦੌੜ ਦੀ ਅਨਾਊਂਸਮੈਂਟ ਹੋਈ ਤਾਂ ਸਾਰੇ ਦਰਸ਼ਕਾਂ ਨੇ ਆਪਣੇ ਦਿਮਾਗ ਵਿਚ ਇਸ ਦੌੜ ਦਾ ਰਿਜ਼ਲਟ ਪਹਿਲਾਂ ਹੀ ਤੈਅ ਕਰ ਲਿਆ ਸੀ ਅਤੇ ਅਨਿਮੇਸ਼ ਨੂੰ ਜੇਤੂ ਮੰਨਿਆ ਜਾ ਰਿਹਾ ਸੀ ਪਰ ਗੁਰਿੰਦਰਵੀਰ ਸਿੰਘ ਦੇ ਮਨ ਵਿਚ ਕੁਝ ਹੋਰ ਹੀ ਚਲਦਾ ਸੀ। ਉਸ ਨੇ ਆਪਣੇ ਮਨ ਵਿਚ ਨਵਾਂ ਕੌਮੀ ਰਿਕਾਰਡ ਬਣਾ ਲਿਆ ਸੀ। ਜਿਉਂ ਹੀ ਦੌੜ ਸ਼ੁਰੂ ਹੋਈ ਗੁਰਿੰਦਰਵੀਰ ਧੂੜਾਂ ਪੱਟਦਾ ਜਾ ਰਿਹਾ ਸੀ, ਮਹਾਂਭਾਰਤ ਦੇ ਅਰਜਨ ਵਾਂਗ ਉਸ ਦਾ ਧਿਆਨ ਮੱਛੀ ਦੀ ਅੱਖ (ਰਿਕਾਰਡ) 'ਤੇ ਸੀ। ਉਸ ਨੇ ਜਿਉਂ ਹੀ ਦੌੜ ਖਤਮ ਕੀਤੀ ਸਾਰਾ ਸਟੇਡੀਅਮ ਪੱਬਾਂ ਭਾਰ ਖੜ੍ਹਾ ਹੋ ਕੇ ਉਸ ਦਾ ਸਵਾਗਤ ਕਰ ਰਿਹਾ ਸੀ। ਉਸ ਨੇ ਦੂਜੇ ਦਿਨ ਹੀ ਭਾਜੀ ਮੋੜ ਕੇ 100 ਮੀਟਰ ਦਾ ਕੌਮੀ ਰਿਕਾਰਡ 10.09 ਦੇ ਸਮੇਂ ਨਾਲ ਆਪਣੇ ਨਾਂਅ ਕਰ ਲਿਆ। ਇਸ ਤਰ੍ਹਾਂ ਉਹ 100 ਮੀਟਰ ਦੌੜ ਵਿਚ 10.10 ਸੈਕਿੰਡ ਦਾ ਬੈਰੀਅਰ ਤੋੜਨ ਵਾਲਾ ਪਹਿਲਾ ਖਿਡਾਰੀ ਬਣਿਆ। ਹੁਣ ਉਹ ਦਿਨ ਵੀ ਦੂਰ ਨਹੀਂ ਜਦੋਂ 9 ਸੈਕਿੰਡ ਵਾਲੀ ਲਾਈਨ ਵਿਚ ਉਸ ਦਾ ਨਾਮ ਗੂੰਜੇਗਾ।






# ਬੁੱਝ ਮੇਰੀ ਬੁਝਾਰਤ...

ਡਾ. ਹਰਨੇਕ ਸਿੰਘ ਕਲੇਰ

ਇੱਕ ਸਮਾਂ ਸੀ ਜਦੋਂ ਰਾਤ ਵੇਲੇ ਤਾਰਿਆਂ ਵੱਲ ਦੇਖਦਿਆਂ 'ਬੁੱਝ ਮੇਰੀ ਬੁਝਾਰਤ' ਦੀ ਆਵਾਜ਼ ਸੁਣਦਿਆਂ ਹੀ ਹਰ ਬਾਲ, ਜੁਆਨ, ਬੁੱਢਾ, ਇਸਤਰੀ, ਪੁਰਸ਼ ਦਾ ਮਨ ਜਗਿਆਸਾ ਨਾਲ ਭਰ ਜਾਂਦਾ ਸੀ। ਦਾਦੀ-ਦਾਦਾ, ਨਾਨੀ-ਨਾਨਾ, ਬੇਬੇ-ਬਾਪੂ ਜਾਂ ਫਿਰ ਭੈਣ-ਭਰਾ ਵੱਲੋਂ ਪਾਈ ਬੁਝਾਰਤ ਬੁੱਝਣ ਲਈ ਹਰ ਇੱਕ ਦਾ ਮਨ ਉਤਸੁਕਤਾ ਨਾਲ ਭਰ ਜਾਂਦਾ ਸੀ। ਹਰ ਕੋਈ ਪਾਈ ਜਾਣ ਵਾਲੀ ਬੁਝਾਰਤ ਦਾ ਉੱਤਰ ਦੇਣ ਲਈ ਤਿਆਰ ਹੋ ਜਾਂਦਾ। ਕਈ ਵਾਰ ਬੁਝਾਰਤਾਂ ਪਾਉਣ ਤੇ ਸੁਣਨ ਲਈ ਸਾਰਾ ਪਰਿਵਾਰ ਹੀ ਜੁੜ ਜਾਂਦਾ ਸੀ। ਸਮੁੱਚਾ ਪਰਿਵਾਰ ਖ਼ੂਬ ਹਾਸਾ-ਠੱਠਾ ਕਰਦਿਆਂ ਖ਼ੁਸ਼ੀ-ਖ਼ੁਸ਼ੀ ਸੌਂ ਜਾਂਦਾ। ਮਨ ਵਿੱਚ ਖ਼ੁਸ਼ੀ ਦੀਆਂ ਇਹ ਲਹਿਰਾਂ ਸਰੀਰ ਦੇ ਵਿਕਾਸ ਵਿੱਚ ਖ਼ੂਬ ਸਹਾਇਤਾ ਕਰਦੀਆਂ ਸਨ। ਅਜੋਕੇ ਯੁੱਗ ਵਿੱਚ ਟੀਵੀ ਤੇ ਮੋਬਾਈਲ ਨੇ ਸਾਡੀ ਨਵੀਂ ਪੀੜ੍ਹੀ ਤੋਂ ਇਹ ਖ਼ੁਸ਼ੀਆਂ ਖੋਹ ਲਈਆਂ ਹਨ।

'ਬੁਝਾਰਤ' ਤੋਂ ਭਾਵ ਗੁੰਝਲ ਹੈ ਜਿਸ ਨੂੰ ਸੁਲਝਾਉਣਾ ਹੁੰਦਾ ਹੈ। ਬੁਝਾਰਤ ਪਾਉਣ ਵਾਲਾ ਸੁਣਨ ਵਾਲੇ ਦੇ ਬੌਧਿਕ ਪੱਧਰ ਦੀ ਪ੍ਰੀਖਿਆ ਲੈਂਦਾ ਹੈ। ਬੁਝਾਰਤਾਂ, ਬੁਝਾਰਤ ਦਾ ਉੱਤਰ ਦੇਣ ਵਾਲੇ ਨੂੰ ਇਮਤਿਹਾਨ ਵਿੱਚ ਪਾ ਕੇ ਉਸ ਦੀ ਬੁੱਧੀ ਦਾ ਵਿਕਾਸ ਕਰਨ ਵਿੱਚ ਸਹਾਈ ਹੁੰਦੀਆਂ ਹਨ। ਹਰ 'ਬੁਝਾਰਤ' ਪ੍ਰਸ਼ਨ ਰੂਪ ਵਿੱਚ ਬੁੱਝੀ ਜਾਣ ਵਾਲੀ ਵਸਤੂ ਦਾ ਚਿੱਤਰ ਪੇਸ਼ ਕਰਦੀ ਹੈ, ਜਿਸ ਤੋਂ ਬੁੱਝਣ ਵਾਲਾ ਉਸ ਦੇ ਉੱਤਰ ਦਾ ਅਨੁਮਾਨ ਲਾਉਂਦਾ ਹੈ। ਉਹ ਬੁਝਾਰਤ ਵਿੱਚ ਦਿੱਤੇ ਗਏ ਚਿੱਤਰਾਂ 'ਤੇ ਧਿਆਨ ਕੇਂਦਰਿਤ ਕਰਕੇ ਬੁਝਾਰਤ ਦਾ ਸਹੀ ਉੱਤਰ ਦੇਣ ਦਾ ਯਤਨ ਕਰਦਾ ਹੈ।

ਮੁੱਢ ਕਦੀਮ ਤੋਂ ਹੀ ਬੁਝਾਰਤਾਂ ਲੋਕਾਂ ਦੇ ਮਨੋਰੰਜਨ ਦਾ ਸਾਧਨ ਹਨ। ਲੋਕ-ਸਾਹਿਤ ਵਿੱਚ ਮਨੁੱਖੀ ਜੀਵਨ ਨਾਲ ਸਬੰਧਤ ਹਜ਼ਾਰਾਂ ਦੀ ਗਿਣਤੀ ਵਿੱਚ ਬੁਝਾਰਤਾਂ ਹਨ ਜੋ ਹਰ ਮਨੁੱਖ ਨੂੰ ਜੀਵਨ ਦੇ ਮੁੱਢਲੇ ਸਬਕ ਪੜ੍ਹਾਉਂਦੀਆਂ ਹਨ। ਬੁਝਾਰਤਾਂ ਮਨੁੱਖ ਦੀ ਸੋਚ-ਸ਼ਕਤੀ ਵਿੱਚ ਵਾਧਾ ਕਰਕੇ ਉਸ ਨੂੰ ਖੋਜੀ ਬਿਰਤੀ ਦਾ ਬਣਾਉਂਦੀਆਂ ਹਨ। ਬੁੱਧੀ ਦਾ ਵਿਕਾਸ ਕਰਦੀਆਂ ਹਨ। ਬੁਝਾਰਤਾਂ, ਬਿੰਬ ਤੇ ਰੂਪਕਾਂ ਰਾਹੀਂ ਸਾਕਾਰ ਚਿੱਤਰ ਬਣਾਉਂਦੀਆਂ ਹਨ। ਲੋਕ-ਸਾਹਿਤ ਵਿੱਚ ਬੁਝਾਰਤਾਂ ਦਾ ਮਹੱਤਵਪੂਰਨ ਸਥਾਨ ਹੈ। ਮੇਰਾ ਮੰਨਣਾ ਹੈ ਕਿ ਬੁਝਾਰਤ ਨੂੰ ਮੌਖਿਕ ਸਾਹਿਤ ਦਾ ਰੌਚਕ ਤੇ ਕਲਪਨਾਮਈ, ਸਮਾਜ ਲਈ ਲਾਹੇਵੰਦ ਸਾਹਿਤ-ਰੂਪ ਕਹਿਣਾ ਬਿਲਕੁਲ ਠੀਕ ਹੈ।

ਅਜੋਕੇ ਯੁੱਗ ਵਿੱਚ ਬੁਝਾਰਤਾਂ ਭੁੱਲ-ਭੁਲਾ ਗਈਆਂ ਹਨ ਜਦੋਂਕਿ ਇਹ ਸਮਾਜ ਲਈ ਬਹੁਤ ਲਾਭਦਾਇਕ ਹਨ। ਇਨ੍ਹਾਂ ਨੂੰ ਪ੍ਰਚੱਲਿਤ ਕਰ ਕੇ ਅਸੀਂ ਬੱਚਿਆਂ ਵਿੱਚ ਬਿਮਾਰੀ ਬਣਦੀ ਜਾ ਰਹੀ ਮੋਬਾਈਲ ਤੇ ਟੈਲੀਵਿਜ਼ਨ ਦੀ ਰੁਚੀ ਨੂੰ ਠੱਲ੍ਹ ਪਾ ਸਕਦੇ ਹਾਂ। ਬੁਝਾਰਤਾਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਕਿਸੇ ਸਮੇਂ ਰਾਜਕੁਮਾਰੀਆਂ ਵਰ ਦੀ ਚੋਣ ਕਰਨ ਲਈ ਬੁਝਾਰਤਾਂ ਦੀ ਵਰਤੋਂ ਕਰਦੀਆਂ ਸਨ। ਜਿਹੜਾ ਵਿਅਕਤੀ ਰਾਜਕੁਮਾਰੀ ਦੀ ਪਾਈ ਬੁਝਾਰਤ ਬੁੱਝ ਲੈਂਦਾ, ਰਾਜਕੁਮਾਰੀ ਉਸ ਨਾਲ ਵਿਆਹ ਕਰਵਾ ਲੈਂਦੀ ਅਤੇ ਜਿਹੜਾ ਵਿਅਕਤੀ ਬੁਝਾਰਤ ਨਾ ਬੁੱਝ ਸਕਦਾ, ਉਸ ਨੂੰ ਸਖ਼ਤ ਸਜ਼ਾ, ਇੱਥੋਂ ਤੱਕ ਕਿ ਕਈ ਵਾਰ ਮੌਤ ਦੀ ਸਜ਼ਾ ਵੀ ਦੇ ਦਿੱਤੀ ਜਾਂਦੀ ਸੀ। ਕਈ ਲੋਕ-ਬਾਤਾਂ ਵਿੱਚ ਜ਼ਿਕਰ ਆਉਂਦਾ ਹੈ ਕਿ ਰਾਜਕੁਮਾਰੀਆਂ ਨੇ ਆਪਣੇ ਧੌਲਰਾਂ ਵਿੱਚ ਤਿੰਨ ਸੌ ਸੱਠ ਪੌੜੀਆਂ ਵਾਲੇ ਤਲਾਅ ਬਣਾਏ ਹੋਏ ਸਨ ਜੋ ਵੱਖ- ਵੱਖ ਤਰ੍ਹਾਂ ਦੇ ਫੁੱਲਾਂ ਨਾਲ ਭਰੇ ਹੋਏ ਹੁੰਦੇ ਸਨ ਜਿਨ੍ਹਾਂ ਦੀ ਸਿਫਤ ਸਲਾਹ ਨਾਲ ਸਬੰਧਤ ਬੁਝਾਰਤਾਂ ਬੁੱਝਣੀਆਂ ਹੁੰਦੀਆਂ ਸਨ। ਹਰ ਪੌੜੀ 'ਤੇ ਇੱਕ ਸੁੰਦਰੀ ਤਲਵਾਰ ਲੈ ਕੇ ਖੜ੍ਹੀ ਹੁੰਦੀ ਸੀ। ਹਰ ਇੱਕ ਪੌੜੀ 'ਤੇ ਬੁਝਾਰਤ ਬੁੱਝ ਕੇ ਵਿਅਕਤੀ ਰਾਜਕੁਮਾਰੀ ਤੱਕ ਪਹੁੰਚ ਕੇ ਉਸ ਦੀ ਬੁਝਾਰਤ ਬੁੱਝ ਕੇ ਉਸ ਨਾਲ ਵਿਆਹ ਕਰਵਾ ਸਕਦਾ ਸੀ। ਬੁਝਾਰਤਾਂ ਰਾਹੀਂ ਵਰ ਚੁਣਨ ਦਾ ਭਾਵ ਵਿਅਕਤੀ ਦੀ ਬੌਧਿਕ ਪਰਖ ਹੀ ਸੀ।

ਇਸ ਸਬੰਧੀ ਇੱਕ ਕਥਾ ਪ੍ਰਚੱਲਿਤ ਹੈ ਕਿ ਇੱਕ ਰਾਜਕੁਮਾਰੀ ਵੱਲੋਂ ਲਾਈ ਵਿਆਹ ਦੀ ਸ਼ਰਤ ਜਿੱਤਣ ਲਈ ਇੱਕ ਸਾਧਾਰਨ ਵਿਅਕਤੀ ਤੁਰ ਪਿਆ ਤਾਂ ਰਸਤੇ ਵਿੱਚ ਉਸ ਨੂੰ ਕੋਈ ਜਾਣ-ਪਛਾਣ ਵਾਲਾ ਮਿਲ ਗਿਆ। ਉਸ ਨੇ ਪੁੱਛਿਆ ਕਿ ਉਹ ਕਿੱਥੇ ਜਾ ਰਿਹਾ ਹੈ ? ਘਰ ਉਸ ਦੀ ਮਾਂ ਉਡੀਕ ਰਹੀ ਹੈ। ਤਾਂ ਉਸ ਨੇ ਉਸ ਵਿਅਕਤੀ ਦੀ ਪੁੱਛ ਦਾ ਜਵਾਬ ਬੁਝਾਰਤ ਵਿੱਚ ਦਿੱਤਾ;

**ਚੁਪਾਏ ਉੱਤੇ, ਦੁਪਾਇਆ ਬੈਠਾ**
**ਮੂੰਹ ਵਿੱਚ ਉਸ ਦੇ ਮੀਨ।**
**ਜਾਂ ਫਿਰ ਬੇਬੇ ਰਹਿਗੀ 'ਕੱਲੀ**
**ਜਾਂ ਹੋ ਗੇ ਦੋ ਸੇ ਤੀਨ।**

ਅਸਲ ਵਿੱਚ ਉਹ ਵਿਅਕਤੀ ਆਪਣੇ ਪਸ਼ੂ ਚਾਰ ਰਿਹਾ ਸੀ। ਲੋਕਾਂ ਤੋਂ ਰਾਜਕੁਮਾਰੀ ਵੱਲੋਂ ਵਿਆਹ ਕਰਵਾਉਣ ਦੀ ਸ਼ਰਤ ਸੁਣ ਕੇ ਉਹ ਵੀ ਵਿਆਹ ਦੀ ਲਾਲਸਾ ਹਿੱਤ ਤੁਰ ਪਿਆ, ਭਾਵੇਂ ਕਿ ਉਸ ਨੂੰ ਪਤਾ ਸੀ ਕਿ ਜੇਕਰ ਉਹ ਰਾਜਕੁਮਾਰੀ ਦੀ ਬੁਝਾਰਤ ਨਾ ਬੁੱਝ ਸਕਿਆ ਤਾਂ ਉਸ ਦਾ ਸਿਰ ਲਹਿ ਜਾਏਗਾ ਤੇ ਉਸ ਦੀ ਮਾਂ ਇਕੱਲੀ ਰਹਿ ਜਾਵੇਗੀ, ਪਰ ਫਿਰ ਵੀ ਉਹ ਰਾਜਕੁਮਾਰੀ ਨਾਲ ਵਿਆਹ ਕਰਵਾਉਣ ਦੀ ਲਾਲਸਾ ਹਿੱਤ ਜਿੱਤ ਦੇ ਵਿਸ਼ਵਾਸ ਨਾਲ ਮੁਕਾਬਲੇ ਲਈ ਚੱਲ ਪਿਆ। ਉਸ ਦੇ ਦ੍ਰਿੜ ਇਰਾਦੇ ਤੋਂ ਜਾਪਦਾ ਹੈ ਕਿ ਉਸ ਨੇ ਆਪਣੀ ਮਾਂ ਤੋਂ ਬੁਝਾਰਤਾਂ ਪਾਉਣ ਤੇ ਬੁੱਝਣ ਦੀ ਮੁਹਾਰਤ ਹਾਸਲ ਕੀਤੀ ਹੋਵੇਗੀ।

ਬੁਝਾਰਤਾਂ ਬਾਰੇ ਅਨੇਕਾਂ ਕਿੱਸੇ-ਕਹਾਣੀਆਂ ਹਨ ਜੋ ਜਨ ਸਧਾਰਨ ਨੂੰ ਜ਼ਿੰਦਗੀ ਜਿਉਣ ਦੇ ਨੁਕਤੇ ਸਮਝਾਉਂਦੀਆਂ ਹਨ। ਬੁਝਾਰਤਾਂ, ਬਾਲਾਂ ਲਈ ਮਨੋਰੰਜਨ ਦਾ ਸਾਧਨ ਹਨ। ਪੁਰਾਣੇ ਸਮਿਆਂ ਵਿੱਚ ਬੁਝਾਰਤਾਂ ਹੀ ਬੱਚਿਆਂ ਦੇ ਮੁੱਢਲੇ ਗਿਆਨ ਦਾ ਸੋਮਾ ਸਨ। ਬਾਲਾਂ ਨੂੰ ਘਰ ਦੀਆਂ ਵਸਤੂਆਂ ਬਾਰੇ ਬੁਝਾਰਤਾਂ ਰਾਹੀਂ ਜਾਣਕਾਰੀ ਦਿੱਤੀ ਜਾਂਦੀ ਸੀ। ਇਹ ਸਰਲ ਜਿਹੀਆਂ ਬੁਝਾਰਤਾਂ ਬਾਲਾਂ ਨੂੰ ਸਹਿਜ-ਸੁਭਾਅ ਹੀ ਜੀਵਨ ਵਿੱਚ ਵਰਤੋਂ ਦੀਆਂ ਚੀਜ਼ਾਂ ਦੀ ਸੋਝੀ ਕਰਵਾ ਦਿੰਦੀਆਂ ਸਨ;

**ਓਲਣੀ ਮੋਲਣੀ, ਦਰ ਵਿੱਚ ਘੋਲ੍ਹਣੀ**

ਇਸ ਬੁਝਾਰਤ ਦਾ ਉੱਤਰ 'ਜੁੱਤੀ' ਹੈ। ਇਸ ਬੁਝਾਰਤ ਨਾਲ ਛੋਟੇ ਬੱਚਿਆਂ ਨੂੰ ਇਹ ਸਮਝਾਇਆ ਜਾਂਦਾ ਹੈ ਕਿ ਜੁੱਤੀ ਘਰ ਦੇ ਅੰਦਰ ਨਹੀਂ ਲੈ ਕੇ ਜਾਣੀ ਕਿਉਂਕਿ ਉਸ ਨਾਲ ਬਹੁਤ ਮਲ-ਮਿੱਟੀ ਲੱਗੀ ਹੋਈ ਹੁੰਦੀ ਹੈ। ਘਰ ਗੰਦਾ ਹੋ ਜਾਂਦਾ ਹੈ। ਅਜਿਹੀਆਂ ਕੁਝ ਹੋਰ ਵੀ ਬੁਝਾਰਤਾਂ ਹਨ। ਜਿਸ ਤਰ੍ਹਾਂ ਪੁਰਾਣੀ ਹੋ ਗਈ ਜੁੱਤੀ ਨੂੰ ਬਦਲਣ ਬਾਰੇ ਇੱਕ ਹੋਰ ਬਹੁਤ ਹੀ ਰੌਚਕ ਬੁਝਾਰਤ ਹੈ;

**ਤੁਰਦੇ ਨੂੰ ਮੈਂ ਰੋਕਾਂ ਪਾਵਾਂ**
**ਉਹਦੇ ਹੁਣ ਪਸੰਦ ਨਾ ਆਵਾਂ।**
**ਉਸ ਨੇ ਕੀਤਾ ਹੋਰ ਵਿਆਹ**
**ਮੈਨੂੰ ਦਿੱਤਾ ਮਗਰੋਂ ਲਾਹ।**

ਬੁਝਾਰਤਾਂ ਜੀਵਨ ਦੇ ਹਰ ਪਹਿਲੂ ਨੂੰ ਆਪਣੇ ਕਲਾਵੇ ਵਿੱਚ ਲੈਂਦੀਆਂ ਹਨ। ਇਹ ਘਰ-ਪਰਿਵਾਰ, ਰਿਸ਼ਤੇ, ਰਹੁ-ਰੀਤਾਂ, ਬਨਸਪਤੀ, ਖੇਤੀ ਦਾ ਸੰਦ-ਸੰਦੇੜਾ, ਫਲ-ਫੁੱਲ, ਸਬਜ਼ੀਆਂ, ਆਵਾਜਾਈ ਦੇ ਸਾਧਨ, ਧਰਤੀ, ਆਕਾਸ਼-ਮੰਡਲ ਆਦਿ ਬਾਰੇ ਜਾਣਕਾਰੀ ਦਿੰਦੀਆਂ ਹਨ। ਇਸ ਸਬੰਧ ਵਿੱਚ ਜੀਵਨ ਨਾਲ ਜੁੜੀਆਂ ਕੁਝ ਬੁਝਾਰਤਾਂ ਨਾਲ ਸਾਂਝ ਪਾਉਂਦੇ ਹਾਂ। ਘਰਾਂ ਦੀ ਕੁੱਟ ਬਾਰੇ ਸਿੱਖਿਆ ਦਿੰਦੀ ਇੱਕ ਬੁਝਾਰਤ ਹੈ;

**ਵੱਡੀ ਭੈਣ ਕਰੇ ਲੰਗਾਰ**
**ਛੋਟੀ ਜੋੜੇ ਬਾਰਮ ਬਾਰ।**

ਇਸ ਬੁਝਾਰਤ ਦਾ ਉੱਤਰ 'ਸੂਈ-ਧਾਗਾ ਤੇ ਕੈਂਚੀ' ਹੈ। ਇਸ ਬੁਝਾਰਤ ਤੋਂ ਬੱਚਿਆਂ ਨੂੰ ਘਰੇਲੂ ਵਰਤੋਂ ਵਿੱਚ ਆਉਣ ਵਾਲੀਆਂ ਤਿੰਨ ਚੀਜ਼ਾਂ ਦੀ ਜਾਣਕਾਰੀ ਮਿਲ ਜਾਂਦੀ ਹੈ। ਇਸ ਤਰ੍ਹਾਂ ਹੀ ਚੁੱਲ੍ਹਾ, ਤਵਾ ਤੇ ਰੋਟੀ ਬਾਰੇ ਜਾਣਕਾਰੀ ਦਿੰਦੀ ਹੇਠ ਲਿਖੀ ਬੁਝਾਰਤ ਹੈ;

**ਹੇਠ ਮਿੱਟੀ ਦਾ ਮਟੁੰਨ**
**ਤਪੇ ਲੋਹੇ ਦਾ ਘਸੁੰਨ**
**ਉੱਤੇ ਗੁਦਗੁਦੀਆ।**

ਬਹੁਤ ਸਾਰੀਆਂ ਬੁਝਾਰਤਾਂ ਫ਼ਸਲਾਂ, ਖੇਤੀ ਦੇ ਸੰਦਾਂ ਤੇ ਬਨਸਪਤੀ ਬਾਰੇ ਮਿਲਦੀਆਂ ਹਨ ਜਿਨ੍ਹਾਂ ਤੋਂ ਰੌਚਕ ਜਾਣਕਾਰੀ ਪ੍ਰਾਪਤ ਹੁੰਦੀ ਹੈ। ਅਜਿਹੀ ਹੀ ਬੁਝਾਰਤ ਹੈ;

**ਬੀਜੇ ਰੋੜ, ਜੰਮੇ ਝਾੜ।**
**ਉੱਗੇ ਨਿੰਬੂ, ਖਿੜੇ ਅਨਾਰ।**

ਇਸ ਦਾ ਉੱਤਰ 'ਕਪਾਹ' ਹੈ। ਇਸ ਨਾਲ ਮਿਲਦੀ-ਜੁਲਦੀ ਕਪਾਹ ਬਾਰੇ ਇੱਕ ਹੋਰ ਬੁਝਾਰਤ ਹੈ;

**ਨਿਆਈਂ ਆਲੇ ਖੂਹ,**
**ਮੇਰੀ ਮਾਸੀ ਵੱਸੇ।**
**ਜਦ ਮਿਲਦੀ ਤਾਂ ਖਿੜ-ਖਿੜ**
**ਹੱਸੇ।**
**ਮੁੜਾਂ ਜਦ ਘਰ ਨੂੰ,**
**ਉਹਦਾ ਕਾਲਜਾ ਖੱਸੇ।**

ਲੋਕ ਸਾਹਿਤ ਵਿੱਚ ਬੁਝਾਰਤਾਂ ਦਾ ਵਿਸ਼ਾ-ਖੇਤਰ ਬਹੁਤ ਵਿਸ਼ਾਲ ਹੈ। ਮਾਨਵੀ ਰਿਸ਼ਤਿਆਂ ਨੂੰ ਸਮਝਣ ਲਈ ਵੀ ਬਹੁਤ ਸਾਰੀਆਂ ਬੁਝਾਰਤਾਂ ਪ੍ਰਚੱਲਿਤ ਹਨ। ਇਸ ਸਬੰਧ ਵਿੱਚ ਪ੍ਰਸ਼ਨ-ਉੱਤਰ ਵਿੱਚ ਹੇਠ ਲਿਖੀ ਹੋਈ ਬੁਝਾਰਤ ਦੇ ਅਰਥ ਬਹੁਤ ਗਹਿਰੇ ਹਨ;



**ਊਠ 'ਤੇ ਚੜ੍ਹੇਂਦੀਏ**
**ਮੁਹਾਰ ਫੜੇਂਦਾ, ਤੇਰਾ ਕੀ ਲੱਗਦਾ ?**
**ਉਹਦਾ ਤਾਂ ਮੈਂ ਨਾਂ ਨ੍ਹੀਂ ਜਾਣਦੀ !**
**ਮੇਰਾ ਨਾਂ ਹੈ ਜੀਆਂ, ਇਹਦੀ ਸੱਸ ਤੇ**
**ਮੇਰੀ ਸੱਸ, ਦੋਨੋਂ ਮਾਵਾਂ ਧੀਆਂ।**

ਇਸ ਸਬੰਧੀ ਇੱਕ ਕਹਾਣੀ ਰਾਹੀਂ ਜਾਣਕਾਰੀ ਦੇ ਕੇ ਰਿਸ਼ਤਿਆਂ ਦੀ ਮਹੱਤਤਾ ਸਮਝਾਈ ਗਈ ਹੈ। ਜਦ ਇਹ ਬੁਝਾਰਤ ਰਚੀ ਗਈ ਹੋਵੇਗੀ, ਉਨ੍ਹਾਂ ਦਿਨਾਂ ਵਿੱਚ ਰਿਸ਼ਤੇ ਵਿੱਚ ਛੋਟੇ, ਸਤਿਕਾਰ ਵਜੋਂ ਆਪ ਤੋਂ ਵੱਡਿਆਂ ਦਾ ਨਾਂ ਨਹੀਂ ਲੈਂਦੇ ਸੀ। ਇਸ ਸੰਦਰਭ ਵਿੱਚ ਇਹ ਬੁਝਾਰਤ ਹੈ। ਵਡੇਰੀ ਉਮਰ ਦਾ ਵਿਅਕਤੀ ਇੱਕ ਔਰਤ ਨੂੰ ਊਠ 'ਤੇ ਬਿਠਾ ਕੇ, ਆਪ ਊਠ ਦੀ ਮੁਹਾਰ ਫੜ ਕੇ ਤੁਰਿਆ ਜਾ ਰਿਹਾ ਸੀ। ਰਸਤੇ ਵਿੱਚ ਕਿਸੇ ਨੇ ਪ੍ਰਸ਼ਨ ਕਰਕੇ ਔਰਤ ਨੂੰ ਪੁੱਛਿਆ ਕਿ ਊਠ ਦੀ ਮੁਹਾਰ ਫੜ ਕੇ ਜਾ ਰਿਹਾ ਵਿਅਕਤੀ ਰਿਸ਼ਤੇ ਤੋਂ ਉਸ ਦਾ ਕੀ ਲੱਗਦਾ ਹੈ ? ਊਠ 'ਤੇ ਬੈਠੀ ਔਰਤ ਨੇ ਪੁੱਛਣ ਵਾਲੇ ਨੂੰ ਬੁਝਾਰਤ ਰਾਹੀਂ ਗੁੱਝੇ ਸ਼ਬਦਾਂ ਵਿੱਚ ਉੱਤਰ ਦਿੱਤਾ। ਇਸ ਬੁਝਾਰਤ ਦਾ ਉੱਤਰ 'ਨੂੰਹ ਤੇ ਸਹੁਰਾ' ਹੈ।

ਇਨ੍ਹਾਂ ਬੁਝਾਰਤਾਂ ਦੇ ਰਚੇਤਾ ਸਾਡੇ ਪੁਰਖੇ ਹਨ। ਇਨ੍ਹਾਂ ਦਾ ਰਚਨਾਕਾਰ ਕੋਈ ਇੱਕ ਨਹੀਂ ਸਗੋਂ ਇਹ ਸਦੀਆਂ ਤੋਂ ਘੜੀਆਂ ਜਾਂਦੀਆਂ ਰਹੀਆਂ ਹਨ। ਹਰ ਪੀੜ੍ਹੀ ਨੇ ਆਪਣੀ ਸਮਰੱਥਾ ਅਨੁਸਾਰ ਇਨ੍ਹਾਂ ਵਿੱਚ ਵਾਧਾ ਕੀਤਾ ਹੈ। ਯੁੱਗ ਬਦਲੀ ਤੇ ਨਵੀਆਂ ਖੋਜਾਂ ਦਾ ਇਤਿਹਾਸ ਬੁਝਾਰਤਾਂ ਨੇ ਸੰਭਾਲਿਆ ਹੋਇਆ ਹੈ। ਉਦਹਾਰਨ ਵਜੋਂ ਰੇਲ ਗੱਡੀ ਨਾਲ ਸਬੰਧਤ ਇੱਕ ਬੁਝਾਰਤ ਹੈ;

**ਨਿੱਕੇ ਨਿੱਕੇ ਟੇਟੂਏ, ਸੰਦੂਕ ਚੁੱਕੀ ਜਾਂਦੇ ਨੇ।**
**ਰਾਜਾ ਪੁੱਛੇ ਰਾਣੀ ਨੂੰ, ਕੀ ਜਨੌਰ ਜਾਂਦੇ ਨੇ ?**

ਆਓ, ਆਪਾਂ ਸਾਰੇ ਰਲਕੇ ਆਪਣੀ ਇਸ ਕੀਮਤੀ ਵਿਰਾਸਤ ਨੂੰ ਸੰਭਾਲੀਏ। ਹਰ ਰਾਤ ਆਪਣੇ ਬਾਲਾਂ ਨੂੰ ਬੁਝਾਰਤਾਂ ਪਾ ਕੇ ਜੀਵਨ ਦੇ ਅਰਥ ਸਮਝਣ ਤੇ ਸਮਝਾਉਣ ਦਾ ਵਸੀਲਾ ਬਣਾਈਏ ਤਾਂ ਜੋ ਬੁਝਾਰਤਾਂ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸਫ਼ਰ ਕਰਦੀਆਂ ਰਹਿਣ। ਸਾਡੀਆਂ ਆਉਣ ਵਾਲੀਆਂ ਨਸਲਾਂ ਵੀ ਇਨ੍ਹਾਂ ਦਾ ਆਨੰਦ ਮਾਣਦੀਆਂ ਰਹਿਣ;

**ਬੁੱਝ ਮੇਰੀ ਬਾਤ, ਤੈਨੂੰ ਮਿਲੇਗੀ ਸੁਗਾਤ।**
**ਮੇਰੀ ਬਾਤ ਹੈ ਸਬੂਤ, ਸੱਚੋ-ਸੱਚ ਨਾਹੀਂ ਝੂਠ।**

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment
e-file

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA





Amarjit S Bir
amarjit@uscipp.org
Lic#0I15593CA
Ph: (925)318-1247

## ਖ਼ਲਾਅ

ਉਖੜੇ ਪੈੜ ਜ਼ਿੰਦਗੀ ਦੇ ਦੇਖ ਰਿਹਾ ਹਾਂ,
ਤਿੜਕੇ ਸ਼ੀਸ਼ੇ ਵਿਚ ਕਿਰਦਾਰ ਦੇਖ ਰਿਹਾ ਹਾਂ,
ਧੁੱਪ ਬਿਨਾਂ ਤਪਸ਼ ਤੇ ਬੱਦਲ ਬਿਨਾਂ ਬਿਜਲੀ,
ਮੌਸਮ ਦੇ ਅਜਬ ਇਸ਼ਾਰੇ ਦੇਖ ਰਿਹਾ ਹਾਂ,
ਮੈਂ ਰੱਬ ਦਾ ਪੱਥਰ ਆਪ ਤਰਾਸ਼ਿਆ ਸੀ ,
ਹੁਣ ਬੰਜਰ ਹੋਈ ਜ਼ਮੀਰ ਦੇਖ ਰਿਹਾ ਹਾਂ,
ਦੋ ਪਰਛਾਵੇਂ ਇਕ ਬੰਦੇ ਦੇ ਦਿਸਦੇ ਨੇ,
ਬੰਦੇ ਨੇ ਬੰਦਾ ਖਾਂਦਾ ਦੇਖ ਰਿਹਾ ਹਾਂ,
ਮੇਰੇ ਕੱਖ ਡੁੱਬ ਗਏ ਵਿੱਚ ਪਾਣੀ ਦੇ,
ਪੱਥਰ ਤੇਰੇ ਤਰਦੇ ਮੈਂ ਦੇਖ ਰਿਹਾ ਹਾਂ,
ਰਾਤ ਪਰਛਾਵੇਂ ਦਿਨੇ ਘੁੱਪ ਹਨੇਰਾ ਹੈ,
ਪਾਣੀ ਨਾਲ ਤ੍ਰੇਹ ਲੜਦੇ ਦੇਖ ਰਿਹਾ ਹਾਂ,
ਉੱਚੇ ਹੋ ਰਹੇ ਮਹਿਲ ਮਕਾਨ ਪਿੰਡਾਂ ਦੇ,
ਮਰੇ ਹੋਏ ਕਿਰਦਾਰ ਮੈਂ ਦੇਖ ਰਿਹਾ ਹਾਂ,
ਜ਼ਾਲਮ ਰੱਤ ਪੀਹੀ ਉਬਾਲੇ ਮਾਰ ਰਹੀ,
ਮਜ਼ਲੂਮ ਢਿੱਡੀ ਅੱਗ ਮੈਂ ਦੇਖ ਰਿਹਾ ਹਾਂ,
ਲੋਕ ਸੋਣੋਂ ਮੁਨਕਰ ਡਰਦੇ ਸੁਪਨਿਆਂ ਤੋਂ,
ਸੁੰਨੀਆਂ ਅੱਖੀ ਹੰਝੂ ਦੇਖ ਰਿਹਾ ਹਾਂ,
'ਅਮਰ' ਖਾਹਿਸ਼ਾਂ ਦੇ ਬੂਟੇ ਪਾਲ ਰਿਹਾ ਹੈ,
ਹੁਸੀਨ ਰੁੱਤਾਂ ਉਡੀਕਦਾ ਦੇਖ ਰਿਹਾ ਹਾਂ।

**ਅਮਰਜੀਤ ਦਸੂਹਾ**
8968933711

## ਕਦੇ - ਕਦੇ



ਮੈਂ ਸੋਚਦਾ ਹਾਂ
ਇਨਸਾਨ ਨੇ ਪਹਾੜ ਵੰਡ ਲਏ
ਨਦੀਆਂ-ਨਾਲ਼ੇ ਵੰਡ ਲਏ
ਹਰੀਆਂ-ਭਰੀਆਂ
ਘਾਟੀਆਂ ਨੂੰ ਵੰਡ ਲਿਆ
ਧਰਤੀ ਵੰਡ ਲਈ
ਤੇ ਸਰਹੱਦਾਂ ਬਣਾ ਦਿੱਤੀਆਂ,
ਪਰ
ਮਾਨਵ ਦੀਆਂ ਭਾਵਨਾਵਾਂ
ਪਿਆਰ, ਅਹਿਸਾਸ ਤੇ
ਭਾਈਚਾਰਕ - ਸਾਂਝ ਨਹੀਂ ਵੰਡ ਹੋਈ
ਤੇ ਨਾ ਹੀ ਵੰਡ ਹੁੰਦੀ ਹੈ ,
ਪਰ ਪੰਛੀ-ਪਰਿੰਦਿਆਂ ਨੇ
ਕਦੇ ਵੀ ਧਰਤੀ,
ਨਦੀਆਂ, ਪਹਾੜਾਂ
ਤੇ ਘਾਟੀਆਂ ਨੂੰ
ਨਹੀਂ ਵੰਡਿਆ
ਤੇ ਸ਼ਾਇਦ ਕੁਦਰਤ, ਕਾਇਨਾਤ
ਤੇ ਸਿਰਜਣਹਾਰੇ ਦੀ ਸਿਰਜਣਾ ਨੂੰ
ਕਦੇ ਵੰਡਣਾ ਵੀ ਨਹੀਂ ਚਾਹੀਦਾ,
ਸ਼ਾਇਦ!
ਇਹੋ ਇਨਸਾਨੀਅਤ ਹੈ
ਤੇ ਪਰਮਾਤਮਾ ਪ੍ਰਤੀ ਪ੍ਰੇਮ ਵੀ।



**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
9478561356

## ਕਬਿੱਤ

ਕਿਵੇਂ ਓਸ ਫਿਜ਼ਾ ਉੱਤੇ ਮਾਣ ਭਲਾ ਕਰੀਏ ਜੀ,
ਜਿਹੜੀ ਫਿਜ਼ਾ ਵਿੱਚ ਰਹਿਣ ਸਾਹ ਸਾਡੇ ਘੁੱਟਦੇ।

ਧੀਆਂ ਗਊਆਂ ਕਾਮਿਆਂ ਨੂੰ ਮਿਲੇ ਸਤਿਕਾਰ ਹੈ ਨਾ,
ਕੁੱਤੇ ਬਿੱਲੇ ਫਿਰਦੇ ਨਜ਼ਾਰੇ ਖ਼ੂਬ ਲੁੱਟਦੇ।

ਹੱਦਾਂ ਸਰਹੱਦਾਂ ਕੁੱਲ ਟੱਪੀਆਂ ਸੁਆਰਥ ਨੇ,
ਮਾਣਦੇ ਨੇ ਛਾਂ ਜਿਹੜੇ ਉਹੀਓ ਜੜ੍ਹੋਂ ਪੁੱਟਦੇ।

ਤਕੜੇ ਦਾ ਸੱਤੀਂ ਵੀਹੀਂ ਸੌ 'ਰੌਡੇ' ਹੌਂਵਦਾ ਏ,
ਮਾੜੇ ਉੱਤੇ ਦੁੱਖਾਂ ਦੇ ਪਹਾੜ ਰਹਿਣ ਟੁੱਟਦੇ।

-ਹਰਵਿੰਦਰ ਸਿੰਘ ਰੋਡੇ

## ਗ਼ਜ਼ਲ

ਜ਼ਿੰਦਗੀ ਤੇ ਮੌਤ ਦੇ ਵਿਚਕਾਰ ਕੁਝ।
ਅਗਰ ਜ਼ਿੰਦਾ ਹੈ ਤਾਂ ਜ਼ਿੰਦਾ ਪਿਆਰ ਕੁਝ।
ਯੋਧਿਆਂ ਨੂੰ ਪਾ ਕੇ ਲੱਖਾਂ ਲਾਹਨਤਾਂ,
ਖ਼ੂਨ ਭਿਜੀ ਕਹਿ ਗਈ ਤਲਵਾਰ ਕੁਝ।
ਨੀਤੀਆਂ ਨੂੰ ਕੌਣ ਪੁਛਦਾ ਦੋਸਤੋ,
ਦੇਸ਼ ਕੁਝ ਸਵਰਾਜ ਕੁਝ ਸਰਕਾਰ ਕੁਝ।
ਜੇ ਵਿਹਾਰਕ ਜ਼ਿੰਦਗੀ ਨੂੰ ਜੀਵਣਾ,
ਆਦਮੀ ਸਿੱਖੇ ਤਾਂ ਸ਼ਿਸ਼ਟਾਚਾਰ ਕੁਝ।
ਤੇਰੀ ਨੀਅਤ ਦੇ ਖਜ਼ਾਨੇ ਵੇਖ ਲਏ,
ਆਰ ਕੁਝ ਵਿਚਕਾਰ ਕੁਝ ਤੇ ਪਾਰ ਕੁਝ।
ਯਾਦ ਦੇ ਤਾਰੇ ਚਮਕਦੇ ਰਹਿਣਗੇ,
ਕਰ ਸਕੇ ਤਾਂ ਕਰ ਲਵੀਂ ਇਕਰਾਰ ਕੁਝ।
ਇਕ ਕਿਨਾਰੇ ਨੂੰ ਪਤਾ ਕੀ ਬੀਤਦੀ,
ਲਹਿਰ ਦਾ ਹੁੰਦਾ ਜਦੋਂ ਦੀਦਾਰ ਕੁਝ।
ਜੀਣ ਦਾ ਕੁਝ ਹੋਰ ਉਪਰਾਲਾ ਬਣੇ,
ਲਬ ਤੇਰੇ ਤੇ ਸ਼ੋਭਦੇ ਇਨਕਾਰ ਕੁਝ।
ਸਬਰ ਤੇ ਸੰਤੋਖ ਵਿਚ ਕੁਰਬਾਨੀਆਂ,
ਦਸ ਰਹੀ ਇਤਿਹਾਸ ਵਿਚ ਦਸਤਾਰ ਕੁਝ।
ਤੀਰ ਸਿੱਧੇ ਹਿਕ 'ਚ ਆ ਕੇ ਵੱਜਦੇ,
ਆਖਦਾ ਤੈਨੂੰ ਜਦੋਂ ਸੰਸਾਰ ਕੁਝ।
ਦਿਲ ਦੇ ਗੁਲਸ਼ਨ ਵਿਚ ਹਜ਼ਾਰਾਂ ਫੁਲ ਖਿੜਨ,
ਆਖਦਾ ਹੌਲੀ ਜਿਹੀ ਦਿਲਦਾਰ ਕੁਝ।
ਮਾਪਿਆਂ ਦਾ ਸਿਰ ਤੋਂ ਸਾਇਆ ਉਠਿਆ,
ਰਿਸ਼ਤਿਆਂ ਨੂੰ ਆਖਦੀ ਦੀਵਾਰ ਕੁਝ।
ਜ਼ੁਲਫ ਤੇਰੀ ਇਸ ਤਰ੍ਹਾਂ ਲਹਿਰਾ ਰਹੀ,
ਇਧਰ ਮਾਰੂਥਲ ਉਧਰ ਗੁਲਜ਼ਾਰ ਕੁਝ।
ਸਫਲਤਾ ਦੇ ਖ਼ੂਬਸੂਰਤ ਗਹਿਣੇ ਨੇ।
ਫ਼ਰਜ਼ ਸ਼ਿਸ਼ਟਾਚਾਰ ਤੇ ਅਧਿਕਾਰ ਕੁਝ।
ਦੀਵਿਆਂ ਨੇ ਨੇਰ੍ਹੀ ਨੂੰ ਵੰਗਾਰ ਕੇ,
ਸਾਂਭ ਕੇ ਰੱਖੇ ਅਜੇ ਪਰਿਵਾਰ ਕੁਝ।
ਸਾਂਭ ਕੇ ਰੱਖੀਂ ਗੁਣਾਂ ਵਿਚ ਬਾਲਮਾ,
ਯਾਰ ਕੁਝ ਦਿਲਦਾਰ ਕੁਝ ਇਕਰਾਰ ਕੁਝ।

**ਬਲਵਿੰਦਰ ਬਾਲਮ ਗੁਰਦਾਸਪੁਰ**
ਮੋ. 98156-25409

## ਟੱਪੇ

ਧੀਆਂ ਕੋਮਲ ਕਲੀਆਂ ਹੁੰਦੀਆਂ ਨੇ,
ਉਹ ਘਰ ਨਰਕ ਬਣ ਜਾਂਦੇ ਨੇ
ਜਿਨ੍ਹਾਂ 'ਚ ਧੀਆਂ ਰੋਂਦੀਆਂ ਨੇ।
ਮੰਨਿਆਂ ਪੁੱਤ ਮਿੱਠੇ ਮੇਵੇ ਹੁੰਦੇ ਨੇ,
ਪਰ ਧੀਆਂ ਤੋਂ ਬਿਨਾਂ ਮਿੱਤਰੋ
ਵੰਸ਼ ਅੱਗੇ ਨਾ ਚੱਲਦੇ ਨੇ।
ਖੁਦਕੁਸ਼ੀ ਮਸਲੇ ਦਾ ਹੱਲ ਨਹੀਂ,
ਇਹ ਹੋਰ ਗੁੰਝਲਦਾਰ ਹੋ ਜਾਣਾ
ਜੇ ਬੈਠ ਕੇ ਕੀਤੀ ਗੱਲ ਨਹੀਂ।
ਜ਼ਿੰਦਗੀ ਕੋਈ ਫਿਲਮ ਨਹੀਂ,
ਇਸ ਵਿੱਚ ਅੱਗੇ ਕੀ ਹੋਣਾ
ਕਿਸੇ ਨੂੰ ਕੋਈ ਇਲਮ ਨਹੀਂ।
ਕਿਤਾਬਾਂ ਦਿਲ ਲਾ ਕੇ ਪੜ੍ਹੋ ਤਾਂ ਸਹੀ,
ਜਿਨ੍ਹਾਂ ਦਿਲ ਲਾ ਕੇ ਪੜ੍ਹੀਆਂ ਇਹ
ਉਨ੍ਹਾਂ ਦੇ ਰੁਕੇ ਕੰਮ ਹੋ ਗਏ ਕਈ।
ਚਿੜੀਆਂ ਦਿਸੀਆਂ ਨੇ ਚਿਰ ਪਿੱਛੋਂ,
ਜੇ ਨਾ ਇਨ੍ਹਾਂ ਦਾ ਖਿਆਲ ਰੱਖਿਆ
ਫਿਰ ਇਨ੍ਹਾਂ ਨੂੰ ਭਾਲੋਗੇ ਕਿੱਥੋਂ ?
ਮਾੜਾ ਆਖੋ ਨਾ ਕੰਡਿਆਂ ਨੂੰ,
ਇਹ ਪਹਿਰੇਦਾਰ ਬਣ ਕੇ
ਸੁਰੱਖਿਅਤ ਰੱਖਦੇ ਨੇ ਫੁੱਲਾਂ ਨੂੰ।



**ਮਹਿੰਦਰ ਸਿੰਘ ਮਾਨ**

## ਫ਼ੋਟੋ ਸੰਗ ਸੰਵਾਦ !

ਨਹੀਂ! ਨਹੀਂ!
ਇਹ ਕੱਚਾ ਨਹੀਂ,
ਇਸ 'ਤੇ,
ਤਰ ਸਕਦਾ ਕੋਈ।
ਤਰ ਕੇ, ਇਸ 'ਤੇ,
ਨਹੀਂ, ਮਰ ਸਕਦਾ ਕੋਈ।
ਰੂਹਾਂ ਦੇ ਰੰਗ,
ਜ਼ਖ਼ਮ ਵੀ,
ਨਾਲ ਨੇ ਰਿਸਦੇ।
ਭਰੇ ਨੇ, ਜੋ ਖੁਣ ਕੇ,
ਨਹੀਂ, ਭਰ ਸਕਦਾ ਕੋਈ।
ਟਿਕੀ ਹੈ ਨਜ਼ਰ,
ਦਰਾਂ 'ਤੇ 'ਜੱਸੀ'।
ਮਿੱਠੜੇ ਜੇ,
ਬੋਲਾਂ ਨੂੰ ਅਜੇ ਤੱਕ,
ਹੈ ਤਰਸਦਾ ਕੋਈ।

**ਜਸਪਾਲ ਜੱਸੀ**

## ਜੂਨ

ਐਤਕੀਂ 2023 ਦਾ ਜੂਨ ਮਹੀਨਾ ਐਸਾ ਚੜ੍ਹਿਆ,
ਬੱਦਲ ਗਰਜਦੇ ਵੀ ਨੇ, ਬਰਸਦੇ ਵੀ ਨੇ।
ਬਾਹਰ ਕੋਈ ਨਿਕਲਦਾ ਨ੍ਹੀਂ, ਬੁਖ਼ਾਰ ਚੜ੍ਹਿਆ ਕਿ ਚੜ੍ਹਿਆ,
ਕਿਤੇ ਪੈਂਦੀਆਂ ਬੁਛਾੜਾਂ,ਗੜ੍ਹੇ, ਕਿਤੇ ਬੂੰਦ ਬੂੰਦ ਨੂੰ ਤਰਸਦੇ ਨੇ।

ਜੂਨ ਬੰਦੇ ਦੀ ਕੈਸੀ ਹੋਗੀ,ਘਰ ਘਰ ਹੋਗੇ ਰੋਗੀ,
ਮੋਬਾਈਲ ਕੰਨਾਂ ਨਾਲ ਚਿਮਟੇ ਰਹਿੰਦੇ।
ਖ਼ੁਦਗਰਜ਼ੀ ਦੇ ਪੁਤਲੇ ਬਣਗੇ,ਕੰਮ ਕਰਨ ਘਰੋਗੀ ,
ਦੂਜੇ ਦੀ ਗੱਲ ਕਦੇ ਨੀਂ ਸੁਣਦੇ,
ਆਪਣੀਆਂ ਜੱਭਲੀਆਂ ਤੇ ਸਿਮਟੇ ਰਹਿੰਦੇ।

ਕਹਾਵਤ ਹੈ ਕਿ ਬੰਦਿਆ ਤੇਰੀ ਜੂਨ ਬੁਰੀ,
ਮਰਦੇ ਨੂੰ ਅੱਕ ਚੱਬਣਾ ਪੈਂਦਾ।
ਧੰਨ ਦੌਲਤ ਤੇ ਫਾਹਲਿਆ ਬੈਠਾ, ਚਲਦਾ ਵਾਂਗ ਛੁਰੀ,
ਬਹਾਨਾ ਕੋਈ ਨਾ ਕੋਈ ਲੱਭਣਾ ਪੈਂਦਾ।

ਜੂਨ ਮਹੀਨਾ ਗਰਮੀ ਦਾ, ਅੱਧਾ ਜੇਠ ਤੇ ਅੱਧਾ ਹਾੜ,
ਹੁਣ ਬੰਦੇ ਨਾ ਗਰਮੀ ਨਾ ਠੰਡ ਸਕਦੇ ਝੱਲ।
ਨਾਲੇ ਰਾਮ ਰਾਮ ਕਰੀ ਜਾਂਦੇ,ਨਾਲੇ ਰੱਬ ਨੂੰ ਕੋਸੀ ਜਾਂਦੇ,
ਇਹੋ ਜਿਹੇ ਮਾਹੌਲ 'ਚ ਕਿਵੇਂ ਬਣੂ ਕੋਈ ਗੱਲ।

**ਅਮਰਜੀਤ ਸਿੰਘ ਤੂਰ**
9878469639

## ਜੂਨ 84

ਬਹੁਤੇ ਸੀ ਆਪਣੇ ਥੋੜ੍ਹੇ ਸੀ ਗੈਰ
ਕਿਸੇ ਆਣ ਕੇ ਪਾ ਲਿਆ
ਸਿੱਖਾਂ ਦੇ ਮੱਕੇ ਨਾਲ ਵੈਰ।

ਚਲਦੇ ਬਾਣੀ ਦੇ ਪ੍ਰਵਾਹ ਤੇ,
ਢਾਹਿਆ ਸੀ ਟੈਂਕਾ ਨਾਲ ਕਹਿਰ।

ਖੂਨ ਇਉਂ ਵਗਿਆ,
ਜਿਵੇਂ ਵਗੇ ਕੋਈ ਨਹਿਰ।

ਦੁਨੀਆ ਨਾਲੋਂ ਤੋੜਤਾ ਸੀ,
ਨਗਰੀ ਗੁਰੂ ਦੀ ਅੰਮ੍ਰਿਤਸਰ ਸ਼ਹਿਰ।

ਅਣਖੀ ਸਿੱਖ ਸੂਰਮੇ ਕਦੇ
ਪਹਿਲਾਂ ਨਾ ਪਾਉਂਦੇ ਵੈਰ

'ਕਾਂਝਲਿਆ' ਥਾਪੜਾ ਹੈ ਗੁਰੂ ਦਾ,
ਸਦਾ ਪਾਪੀਆਂ ਨੂੰ ਕਰਾਉਂਦੇ
ਨਰਕਾਂ ਦੀ ਸੈਰ।



**ਬਲੌਰ ਸਿੰਘ ਕਾਂਝਲਾ**
94643-91194

## ਹੱਕਾਂ ਦੀ ਦਸਤਾਨ

ਹੱਕਾਂ ਖਾਤਰ ਧਰਨੇਂ ਤੇ ਬੈਠਣ ਵਾਲਿਓ ਓ
ਅੱਜ ਤੁਹਾਡਾ ਏਨ ਬੁਰਾਂ ਕਿਉਂ ਹਾਲ, ਹੋਇਆ
ਖਿੱਚ ਧੂ ਪੈਦੀਆਂ ਵੇਖ ਚੀਕਾਂ
ਵੇਖ ਤੁਹਾਨੂੰ ਅੱਜ ਸਾਰਾ ਸੰਸਾਰ, ਰੋਇਆ

ਤੁਸੀ ਨਾਂ ਉੱਚਾ ਕੀਤਾ ਦੇਸ਼ ਆਪਣੇ ਦਾ
ਉਚੀਆਂ ਖੇਡ ਜਗਤ ਚ ਮੱਲਾਂ,ਮਾਰੀਆਂ ਨੇਂ
ਅੱਜ ਹੱਕ ਮੰਗਣੇ ਗੁਨਾਹ ਹੋ ਗਏ
ਅੱਜ ਪਤਾ ਲੱਗਾ ਨੀਤਾਂ, ਹੰਕਾਰੀਆਂ ਨੇਂ

ਚੰਗਾਂ ਕੰਮ ਸੀ ਖੇਡਾਂ ਨਾਲ ਤੁਸੀ ਜੁੜੇ
ਗੱਲਾਂ ਰੁਜਗਾਰ ਦੀਆਂ ਬਹੁਤ, ਕੀਤੀਆਂ ਸੀ
ਧੂ ਧੂ ਕੇ ਚੀਕਾਂ ਪੈਦੀਆਂ ਸੀ
ਅੱਖਾਂ ਵੇਖ ਰੋਈਆਂ ਚੁੱਪ, ਚਪੀਤੀਆਂ ਸੀ

ਗੱਲ ਧਿਆਨ ਨਾਲ ਸੁਣ ਲਵੋ ਸਤਾ ਦਿਓ ਕਾਬਜੋ ਓ
ਜੁਵਾਨੀ ਨਸ਼ੇ ਵੱਲ ਤੇ ਵਿਦੇਸ਼ਾ ਨੂੰ, ਜਾ ਰਹੀ ਏ
ਚੰਗਾਂ ਰਾਹ ਚੁਣਿਆ ਸੀ ਖਿਡਾਰੀਆਂ ਨੇਂ
ਏਹਨਾਂ ਨੂੰ ਭਵਿੱਖ ਦੀ ਚਿੰਤਾਂ ਸਤਾ ਰਹੀ ਏ

ਜੁਵਾਨੀ ਦੇਸ਼ ਦਾ ਭਵਿੱਖ ਹੁੰਦੀਂ ਕਹਿੰਦੇਂ ਸਿਆਣੇ
ਗੱਲਬਾਤ ਨਾਲ ਮਸਲਾ ਸੁਲਜਾ ਲਵੋ
ਕਾਹਨੂੰ ਰੋਲਦੇ ਖੇਡ ਦਿਆਂ ਹੀਰਿਆਂ ਨੂੰ
ਸਮਾਂ ਅਜੇ ਵੀ ਗਲ ਨਾਲ ਲਾ ਲਵੋ

**ਗੁਰਚਰਨ ਸਿੰਘ ਧੰਜੂ**
**ਪਟਿਆਲਾ**

## ਇਕ-ਇਕ ਰੁੱਖ

ਮਾਂਵਾਂ ਵਾਂਗ ਉੱਚੀ ਕੋਈ ਥਾਂ ਨ੍ਹੀਂ ਲੱਭਣੀ
ਪਿੱਪਲ ਬੋਹੜ ਜਿਹੀ ਛਾਂ ਨ੍ਹੀਂ ਲੱਭਣੀ
ਨਿੰਮ ਪੂਰਾ ਲੱਗੇ ਦਰਵੇਸ਼-ਪੀਰ ਜੀ
ਇੱਕ ਇੱਕ ਰੁੱਖ ਸਾਰੇ ਲਾਓ ਵੀਰ ਜੀ

ਧੀਆਂ ਅਤੇ ਧ੍ਰੇਕਾਂ ਹੋਣ ਸ਼ਾਨ ਵਿਹੜੇ ਦੀ
ਬਣ ਦੀਆਂ ਸਦਾ ਨੇ ਸਰੋਤ ਖਿਹੜੇ ਦੀ
ਸਮੇਂ ਨੇ ਪਿਆਰ ਕਰ ਦਿੱਤਾ ਲੀਰ ਜੀ
ਇੱਕ ਇੱਕ ਰੁੱਖ ਸਾਰੇ ਲਾਓ ਵੀਰ ਜੀ

ਜੋ ਲੋਕ ਰੁੱਖਾਂ ਨਾਲ ਲਾਉਣ ਯਾਰੀਆਂ
ਇੱਛਾ ਪੂਰੀ ਹੋਣ ਉਨ੍ਹਾਂ ਦੀਆਂ ਸਾਰੀਆਂ
ਰੁੱਖਾਂ ਹੇਠ ਬਹਿ ਗਾਉਣ ਉਹ ਹੀਰ ਜੀ
ਇੱਕ ਇੱਕ ਰੁੱਖ ਸਾਰੇ ਲਾਓ ਵੀਰ ਜੀ

ਇਨ੍ਹਾਂ ਹੇਠ ਕੱਟ ਲਓ ਭਾਵੇਂ ਜੇਠ ਜੀ
ਹਾੜ ਵੀ ਬਿਤਾ ਲਓ ਭਾਵੇਂ ਰੁੱਖਾਂ ਹੇਠ ਜੀ
ਪੱਤਲਾਂ 'ਤੇ ਰੱਖ ਖਾਓ ਪੂੜੇ ਖੀਰ ਜੀ
ਇੱਕ-ਇੱਕ ਰੁੱਖ ਸਾਰੇ ਲਾਓ ਵੀਰ ਜੀ

ਕਰੋਨੇ ਨੇ ਦੱਸਿਆ ਜਹਾਨ ਨੂੰ ਸਾਰੇ
ਰੁੱਖਾਂ ਬਿਨ ਬੰਦਾ ਜਿੱਤੀ ਬਾਜੀ ਵੀ ਹਾਰੇ
ਹੁਣ ਹੀ ਤੂੰ ਕਰਲੈ ਖਿਆਲ ਬੀਰ ਜੀ
ਇੱਕ ਇੱਕ ਰੁੱਖ ਸਾਰੇ ਲਾਓ ਵੀਰ ਜੀ

ਰੁੱਖਾਂ ਦੀ ਕਟਾਈ ਬੜੀ ਭਾਰੀ ਪੈ ਗਈ
ਭੂਮੀ-ਖੋਰ ਧਰਤੀ ਬਹਾ ਕੇ ਲੈ ਗਈ
ਮੁੱਕ ਚੱਲਿਆ ਏ ਧਰਤੀ ਦਾ ਨੀਰ ਜੀ
ਇੱਕ-ਇੱਕ ਰੁੱਖ ਸਾਰੇ ਲਾਓ ਵੀਰ ਜੀ

ਕੰਦ-ਮੂਲ ਫ਼ਲ ਸਾਰੇ ਰੁੱਖ ਨੇ ਦਿੰਦੇ
ਰੁੱਖਾਂ 'ਤੇ ਕੁਹਾੜੀ ਪਰ ਕੋਈ ਨਾ ਨਿੰਦੇ
ਰੋਕ ਦਿਓ ਚੱਲ ਰਹੀ ਸ਼ਮਸ਼ੀਰ ਜੀ
ਇੱਕ-ਇੱਕ ਰੁੱਖ ਸਾਰੇ ਲਾਓ ਵੀਰ ਜੀ

**ਵੀਨਾ ਬਟਾਲਵੀ**
**ਸ ਸ ਸ ਸਕੂਲ ਕਿਲ੍ਹਾ ਟੇਕ ਸਿੰਘ-ਬਟਾਲਾ**

## ਔਰਤ ਅਬਲਾ ਨਹੀਂ ਨਾਰੀ

ਔਰਤਾਂ ਕਿੱਸੇ ਅਤੇ ਕਹਾਣੀਆਂ ਦੀਆਂ
ਦੁਖਾਂਤਕ ਪਾਤਰ ਹੀ ਨਹੀਂ ਹੁੰਦੀਆਂ
ਲਿਖਾਰੀ ਵੀ ਹੁੰਦੀਆਂ
ਜੋ ਵਾਲਮੀਕ ਦੇ ਹੱਥੋਂ ਕਲਮ ਫੜ
ਨਿਰਧਾਰਿਤ ਕਰ ਸਕਦੀਆਂ
ਇਸ ਮਰਦ-ਪ੍ਰਧਾਨ ਸਮਾਜ ਲਈ ਵੀ
ਇਕ ਲਕਸ਼ਮਣ ਰੇਖਾ

ਔਰਤਾਂ ਦੇਵ-ਦਾਸੀਆਂ ਹੀ ਨਹੀਂ ਹੁੰਦੀਆਂ
ਖਿਡਾਰੀ ਵੀ ਹੁੰਦੀਆਂ
ਜੋ ਧੋਬੀ ਪਛਾੜ ਲਾ
ਹਵਸ ਵਿੱਚ ਅੰਨ੍ਹੇ
ਵੱਡੇ-ਵੱਡੇ ਮਹਾਂਰਥੀਆਂ ਨੂੰ
ਪਟਕਾ ਦਿੰਦੀਆਂ
ਅਸਮਾਨ ਤੋਂ ਧਰਤੀ ਉੱਤੇ
ਇਕ ਹੀ ਝਟਕੇ ਵਿੱਚ

ਔਰਤਾਂ ਅਬਲਾ ਹੀ ਨਹੀਂ ਹੁੰਦੀਆਂ
ਨਾਰੀ ਵੀ ਹੁੰਦੀਆਂ
ਜੋ ਦੁਰਗਾ ਦਾ ਰੂਪ ਧਾਰ
ਮਹਿਖਾਸੁਰ ਸੁੰਭ ਨਿਸੁੰਭ
ਦੈਂਤਾਂ ਦਾ ਵਧ ਕਰ
ਸਿਉਂ ਲੈਂਦੀਆਂ
ਆਪਣਾ ਰੱਤਾ ਸਾਲੂ

ਔਰਤਾਂ ਸੂਖ਼ਮ ਸੋਹਲ
ਪੱਤੀਆਂ ਹੀ ਨਹੀਂ ਹੁੰਦੀਆਂ
ਗੁਲਾਬ ਕੰਰ ਵੀ ਹੁੰਦੀਆਂ
ਜੋ ਖੜ੍ਹ ਜਾਂਦੀਆਂ ਹਕੂਮਤ ਅੱਗੇ
ਸਰਾਭੇ ਦੀਆਂ ਵਾਰਿਸ ਹੋ

ਔਰਤਾਂ ਬਲਬੀਰੋ ਭਾਬੀ ਹੀ ਨਹੀਂ ਹੁੰਦੀਆਂ
ਦੁਰਗਾ ਭਾਬੀ ਵੀ ਹੁੰਦੀਆਂ
ਜੋ ਉਡਾ ਦਿੰਦੀਆਂ
ਕਿਸੇ ਸਾਂਡਰਸ ਦੇ ਸਿਰ ਦਾ ਤਾਜ

ਔਰਤਾਂ ਹਮੇਸ਼ਾਂ ਸਰਾਪੀ
ਅਹੱਲਿਆ ਹੀ ਨਹੀਂ ਹੁੰਦੀਆਂ
ਸਗੋਂ ਖ਼ੁਦ ਰਿਸ਼ੀਵਰ ਹੋ
ਬਣ ਸਕਦੀਆਂ ਕਿਸੇ
ਸਿਰ ਫਿਰੇ ਇੰਦਰ ਦਾ ਕਾਲ

ਜੇਕਰ ਮਰਦ ਸ਼ੈਤਾਨ ਹੋ ਜਾਵੇ
ਔਰਤ ਅਬਲਾ ਨਹੀਂ ਰਹਿੰਦੀ
ਤਿੱਖੀ ਸ਼ਮਸ਼ੀਰ ਹੋ ਜਾਂਦੀ।

**ਵਿਰਕ ਪੁਸ਼ਪਿੰਦਰ**

# ਸਪੋਰਟਸ ਯੂਨੀਵਰਸਿਟੀ: ਚੈਂਪੀਅਨ, ਨੇਤਾ ਅਤੇ ਇੱਕ ਸਿਹਤਮੰਦ ਰਾਸ਼ਟਰ ਬਣਾਉਣਾ

ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ



ਖੇਡਾਂ ਮਨੁੱਖੀ ਜੀਵਨ ਦਾ ਅਟੁੱਟ ਹਿੱਸਾ ਹਨ। ਇਹ ਸਿਰਫ਼ ਸਰੀਰਕ ਤੰਦਰੁਸਤੀ ਹੀ ਨਹੀਂ ਦਿੰਦੀਆਂ, ਸਗੋਂ ਅਨੁਸ਼ਾਸਨ, ਆਤਮਵਿਸ਼ਵਾਸ, ਟੀਮ ਭਾਵਨਾ ਅਤੇ ਨੇਤ੍ਰਿਤਵ ਦੇ ਗੁਣ ਵੀ ਵਿਕਸਿਤ ਕਰਦੀਆਂ ਹਨ। ਅੱਜ ਦੇ ਸਮੇਂ ਵਿੱਚ ਜਦੋਂ ਨੌਜਵਾਨਾਂ ਵਿੱਚ ਤਣਾਅ, ਬਿਮਾਰੀਆਂ ਅਤੇ ਗੈਰ-ਸਰਗਰਮ ਜੀਵਨਸ਼ੈਲੀ ਵਧ ਰਹੀ ਹੈ, ਖੇਡਾਂ ਦੀ ਮਹੱਤਤਾ ਹੋਰ ਵੀ ਵੱਧ ਗਈ ਹੈ। ਇਸ ਪ੍ਰਸੰਗ ਵਿੱਚ ਸਪੋਰਟਸ ਯੂਨੀਵਰਸਿਟੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਬਣ ਜਾਂਦੀ ਹੈ।

ਸਪੋਰਟਸ ਯੂਨੀਵਰਸਿਟੀਆਂ ਸਿਰਫ਼ ਖਿਡਾਰੀ ਤਿਆਰ ਕਰਨ ਵਾਲੇ ਸੰਸਥਾਨ ਨਹੀਂ ਹੁੰਦੀਆਂ, ਸਗੋਂ ਇਹ ਚੈਂਪੀਅਨ, ਨੇਤਾ ਅਤੇ ਇੱਕ ਸਿਹਤਮੰਦ ਰਾਸ਼ਟਰ ਦੀ ਨੀਂਹ ਰੱਖਣ ਵਾਲੇ ਕੇਂਦਰ ਹੁੰਦੇ ਹਨ। ਇਹ ਯੂਨੀਵਰਸਿਟੀਆਂ ਖੇਡਾਂ ਨੂੰ ਸਿੱਖਿਆ, ਵਿਗਿਆਨ ਅਤੇ ਰਾਸ਼ਟਰੀ ਵਿਕਾਸ ਨਾਲ ਜੋੜਦੀਆਂ ਹਨ।

**ਖੇਡ ਅਤੇ ਸਿੱਖਿਆ ਦਾ ਸੁੰਦਰ ਮੇਲ :** ਪਹਿਲਾਂ ਅਕਸਰ ਇਹ ਸੋਚਿਆ ਜਾਂਦਾ ਸੀ ਕਿ ਖੇਡਾਂ ਅਤੇ ਪੜ੍ਹਾਈ ਇੱਕ-ਦੂਜੇ ਤੋਂ ਵੱਖ ਹਨ। ਪਰ ਅੱਜ ਦੁਨੀਆ ਸਮਝ ਰਹੀ ਹੈ ਕਿ ਖੇਡਾਂ ਵੀ ਸਿੱਖਿਆ ਦਾ ਮਹੱਤਵਪੂਰਨ ਹਿੱਸਾ ਹਨ। ਸਪੋਰਟਸ ਯੂਨੀਵਰਸਿਟੀਆਂ ਇਸ ਸੋਚ ਨੂੰ ਮਜ਼ਬੂਤ ਕਰਦੀਆਂ ਹਨ।

ਇਨ੍ਹਾਂ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਸਿਰਫ਼ ਮੈਦਾਨੀ ਸਿਖਲਾਈ ਹੀ ਨਹੀਂ ਮਿਲਦੀ, ਸਗੋਂ ਸਪੋਰਟਸ ਸਾਇੰਸ, ਫਿਜ਼ੀਓਥੈਰੇਪੀ, ਸਪੋਰਟਸ ਮੈਨੇਜਮੈਂਟ, ਪੋਸ਼ਣ, ਮਨੋਵਿਗਿਆਨ ਅਤੇ ਫਿਟਨੈੱਸ ਨਾਲ ਜੁੜੀ ਸਿੱਖਿਆ ਵੀ ਦਿੱਤੀ ਜਾਂਦੀ ਹੈ। ਇਸ ਨਾਲ ਖਿਡਾਰੀਆਂ ਦਾ ਸਰਵਪੱਖੀ ਵਿਕਾਸ ਹੁੰਦਾ ਹੈ।

**ਚੈਂਪੀਅਨ ਤਿਆਰ ਕਰਨ ਦਾ ਕੇਂਦਰ :** ਹਰ ਮਹਾਨ ਖਿਡਾਰੀ ਦੇ ਪਿੱਛੇ ਉੱਚ ਪੱਧਰੀ ਸਿਖਲਾਈ, ਵਿਗਿਆਨਕ ਤਿਆਰੀ ਅਤੇ ਸਹੀ ਮਾਰਗਦਰਸ਼ਨ ਹੁੰਦਾ ਹੈ। ਸਪੋਰਟਸ ਯੂਨੀਵਰਸਿਟੀਆਂ ਨੌਜਵਾਨਾਂ ਨੂੰ ਇਹ ਸਾਰੇ ਮੌਕੇ ਪ੍ਰਦਾਨ ਕਰਦੀਆਂ ਹਨ।

ਇੱਥੇ ਵਿਦਿਆਰਥੀਆਂ ਨੂੰ ਆਧੁਨਿਕ ਖੇਡ ਸਹੂਲਤਾਂ, ਪ੍ਰਸ਼ਿਕਸ਼ਕ, ਫਿਟਨੈੱਸ ਪ੍ਰੋਗਰਾਮ ਅਤੇ ਅੰਤਰਰਾਸ਼ਟਰੀ ਮਿਆਰ ਦੀ ਟ੍ਰੇਨਿੰਗ ਮਿਲਦੀ ਹੈ। ਇਸ ਨਾਲ ਉਹ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ ਦਾ ਨਾਮ ਰੌਸ਼ਨ ਕਰ ਸਕਦੇ ਹਨ।

ਓਲੰਪਿਕ, ਏਸ਼ੀਆਈ ਖੇਡਾਂ ਅਤੇ ਵਿਸ਼ਵ ਕੱਪ ਵਰਗੀਆਂ ਮੁਕਾਬਲਿਆਂ ਵਿੱਚ ਸਫਲਤਾ ਲਈ ਮਜ਼ਬੂਤ ਖੇਡ ਸਿੱਖਿਆ ਸੰਸਥਾਵਾਂ ਦੀ ਬਹੁਤ ਲੋੜ ਹੁੰਦੀ ਹੈ।



**ਨੇਤ੍ਰਿਤਵ ਅਤੇ ਜੀਵਨ ਮੁੱਲਾਂ ਦਾ ਵਿਕਾਸ :** ਖੇਡਾਂ ਮਨੁੱਖ ਨੂੰ ਜਿੱਤ ਅਤੇ ਹਾਰ ਦੋਵਾਂ ਨੂੰ ਸਵੀਕਾਰ ਕਰਨਾ ਸਿਖਾਉਂਦੀਆਂ ਹਨ। ਇਹ ਸਬਰ, ਅਨੁਸ਼ਾਸਨ, ਟੀਮਵਰਕ ਅਤੇ ਨੇਤ੍ਰਿਤਵ ਦੇ ਗੁਣ ਵਿਕਸਿਤ ਕਰਦੀਆਂ ਹਨ।

ਸਪੋਰਟਸ ਯੂਨੀਵਰਸਿਟੀਆਂ ਵਿੱਚ ਵਿਦਿਆਰਥੀ ਸਿਰਫ਼ ਖਿਡਾਰੀ ਹੀ ਨਹੀਂ ਬਣਦੇ, ਸਗੋਂ ਉਹ ਆਤਮਵਿਸ਼ਵਾਸੀ ਅਤੇ ਜ਼ਿੰਮੇਵਾਰ ਨਾਗਰਿਕ ਵੀ ਬਣਦੇ ਹਨ। ਮੈਦਾਨ ਵਿੱਚ ਸਿੱਖੀਆਂ ਕਦਰਾਂ ਜੀਵਨ ਦੇ ਹਰ ਖੇਤਰ ਵਿੱਚ ਉਨ੍ਹਾਂ ਦੀ ਮਦਦ ਕਰਦੀਆਂ ਹਨ।

ਇਸ ਲਈ ਕਈ ਦੇਸ਼ ਖੇਡਾਂ ਨੂੰ ਰਾਸ਼ਟਰ ਨਿਰਮਾਣ ਦਾ ਮਹੱਤਵਪੂਰਨ ਸਾਧਨ ਮੰਨਦੇ ਹਨ।

**ਸਿਹਤਮੰਦ ਰਾਸ਼ਟਰ ਦੀ ਨੀਂਹ :** ਅੱਜ ਦੀ ਸਭ ਤੋਂ ਵੱਡੀ ਚੁਣੌਤੀ ਗੈਰ-ਸਰਗਰਮ ਜੀਵਨਸ਼ੈਲੀ ਹੈ। ਮੋਬਾਈਲ, ਕੰਪਿਊਟਰ ਅਤੇ ਤਕਨਾਲੋਜੀ ਨੇ ਸਰੀਰਕ ਗਤੀਵਿਧੀਆਂ ਨੂੰ ਘਟਾ ਦਿੱਤਾ ਹੈ। ਇਸ ਕਾਰਨ ਮੋਟਾਪਾ, ਸ਼ੂਗਰ, ਦਿਲ ਦੀਆਂ ਬਿਮਾਰੀਆਂ ਅਤੇ ਮਾਨਸਿਕ ਤਣਾਅ ਵਧ ਰਹੇ ਹਨ।

ਸਪੋਰਟਸ ਯੂਨੀਵਰਸਿਟੀਆਂ ਲੋਕਾਂ ਵਿੱਚ ਫਿਟਨੈੱਸ ਅਤੇ ਖੇਡ ਸੰਸਕ੍ਰਿਤੀ ਨੂੰ ਉਤਸ਼ਾਹਿਤ ਕਰਦੀਆਂ ਹਨ। ਇਹ ਨੌਜਵਾਨਾਂ ਨੂੰ ਸਿਹਤਮੰਦ ਜੀਵਨਸ਼ੈਲੀ ਵੱਲ ਪ੍ਰੇਰਿਤ ਕਰਦੀਆਂ ਹਨ। ਇੱਕ ਅਜਿਹਾ ਸਮਾਜ ਜੋ ਖੇਡਾਂ ਨਾਲ ਜੁੜਿਆ ਹੋਵੇ, ਉਹ ਸਰੀਰਕ ਅਤੇ ਮਾਨਸਿਕ ਤੌਰ 'ਤੇ ਵੱਧ ਮਜ਼ਬੂਤ ਹੁੰਦਾ ਹੈ।

**ਰੋਜ਼ਗਾਰ ਅਤੇ ਨਵੇਂ ਮੌਕੇ :** ਸਪੋਰਟਸ ਯੂਨੀਵਰਸਿਟੀਆਂ ਸਿਰਫ਼ ਖਿਡਾਰੀ ਹੀ ਨਹੀਂ ਤਿਆਰ ਕਰਦੀਆਂ, ਸਗੋਂ ਖੇਡਾਂ ਨਾਲ ਜੁੜੇ ਕਈ ਖੇਤਰਾਂ ਵਿੱਚ ਰੋਜ਼ਗਾਰ ਦੇ ਮੌਕੇ ਵੀ ਪੈਦਾ ਕਰਦੀਆਂ ਹਨ। ਅੱਜ ਸਪੋਰਟਸ ਕੋਚਿੰਗ, ਫਿਟਨੈੱਸ ਟ੍ਰੇਨਿੰਗ, ਸਪੋਰਟਸ ਮੀਡੀਆ, ਸਪੋਰਟਸ ਮੈਨੇਜਮੈਂਟ, ਫਿਜ਼ੀਓਥੈਰੇਪੀ ਅਤੇ ਸਪੋਰਟਸ ਸਾਇੰਸ ਵਰਗੇ ਖੇਤਰ ਤੇਜ਼ੀ ਨਾਲ ਵਧ ਰਹੇ ਹਨ। ਇਸ ਨਾਲ ਨੌਜਵਾਨਾਂ ਲਈ ਨਵੀਆਂ ਕਰੀਅਰ ਸੰਭਾਵਨਾਵਾਂ ਖੁੱਲ ਰਹੀਆਂ ਹਨ।

**ਪਿੰਡਾਂ ਦੀ ਪ੍ਰਤਿਭਾ ਨੂੰ ਮੌਕਾ :** ਭਾਰਤ ਦੇ ਪਿੰਡਾਂ ਵਿੱਚ ਬੇਅੰਤ ਖੇਡ ਪ੍ਰਤਿਭਾ ਮੌਜੂਦ ਹੈ, ਪਰ ਸਹੂਲਤਾਂ ਅਤੇ ਮਾਰਗਦਰਸ਼ਨ ਦੀ ਕਮੀ ਕਾਰਨ ਕਈ ਪ੍ਰਤਿਭਾਵਾਂ ਅੱਗੇ ਨਹੀਂ ਆ ਸਕਦੀਆਂ। ਸਪੋਰਟਸ ਯੂਨੀਵਰਸਿਟੀਆਂ ਇਨ੍ਹਾਂ ਨੌਜਵਾਨਾਂ ਨੂੰ ਮੰਚ ਅਤੇ ਮੌਕੇ ਪ੍ਰਦਾਨ ਕਰ ਸਕਦੀਆਂ ਹਨ।

ਜੇ ਪਿੰਡਾਂ ਅਤੇ ਛੋਟੇ ਸ਼ਹਿਰਾਂ ਦੇ ਖਿਡਾਰੀਆਂ ਨੂੰ ਸਹੀ ਸਿਖਲਾਈ ਅਤੇ ਸਹੂਲਤਾਂ ਮਿਲਣ, ਤਾਂ ਉਹ ਅੰਤਰਰਾਸ਼ਟਰੀ ਪੱਧਰ 'ਤੇ ਵੱਡੀਆਂ ਉਪਲਬਧੀਆਂ ਹਾਸਲ ਕਰ ਸਕਦੇ ਹਨ।

**ਨਤੀਜਾ :** ਸਪੋਰਟਸ ਯੂਨੀਵਰਸਿਟੀਆਂ ਸਿਰਫ਼ ਸਿੱਖਿਆ ਸੰਸਥਾਵਾਂ ਨਹੀਂ, ਸਗੋਂ ਇੱਕ ਸਿਹਤਮੰਦ, ਅਨੁਸ਼ਾਸਿਤ ਅਤੇ ਉਤਸ਼ਾਹੀ ਰਾਸ਼ਟਰ ਦੀ ਨਿਰਮਾਤਾ ਹਨ। ਇਹ ਖਿਡਾਰੀਆਂ ਨੂੰ ਚੈਂਪੀਅਨ ਬਣਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਨੇਤ੍ਰਿਤਵ, ਸੰਘਰਸ਼ ਅਤੇ ਜ਼ਿੰਮੇਵਾਰੀ ਦੀ ਸਿੱਖਿਆ ਵੀ ਦਿੰਦੀਆਂ ਹਨ।

ਅੱਜ ਦੇ ਯੁੱਗ ਵਿੱਚ ਜਦੋਂ ਨੌਜਵਾਨਾਂ ਨੂੰ ਸਹੀ ਦਿਸ਼ਾ ਅਤੇ ਸਿਹਤਮੰਦ ਜੀਵਨਸ਼ੈਲੀ ਦੀ ਬਹੁਤ ਲੋੜ ਹੈ, ਸਪੋਰਟਸ ਯੂਨੀਵਰਸਿਟੀਆਂ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਇੱਕ ਮਜ਼ਬੂਤ ਖੇਡ ਸੰਸਕ੍ਰਿਤੀ ਵਾਲਾ ਦੇਸ਼ ਹੀ ਤੰਦਰੁਸਤ, ਆਤਮਵਿਸ਼ਵਾਸੀ ਅਤੇ ਵਿਕਸਿਤ ਰਾਸ਼ਟਰ ਬਣ ਸਕਦਾ ਹੈ।

# ਆਖਰ ਪਿੰਡਾਂ ਨੂੰ ਨਿਗਲ ਜਾਵੇਗਾ ਪ੍ਰਵਾਸ

ਵਿਜੈ ਬੰਬੇਲੀ

ਪੰਜਾਬ ਤੋਂ ਪ੍ਰਵਾਸ ਤੇ ਪੰਜਾਬ ਵੱਲ ਪ੍ਰਵਾਸ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। ਇਸ ਦੋ ਤਰਫ਼ੇ ਪ੍ਰਵਾਸ ਨੇ ਪੰਜਾਬ ਨੂੰ ਸਦਾ ਹੀ ਅਨੇਕਾਂ ਪੱਖਾਂ ਤੋਂ ਪ੍ਰਭਾਵਿਤ ਤੇ ਪੀੜਤ ਕੀਤਾ ਹੈ। ਇਸ ਨੇ ਪੰਜਾਬ ਦਾ ਮੂੰਹ-ਮੁਹਾਂਦਰਾ ਤੱਕ ਬਦਲ ਦਿੱਤਾ ਹੈ/ਦੇਵੇਗਾ। ਹੁਣ ਕਈ ਜ਼ਾਹਿਰਾ ਤੇ ਲੁਕਵੇਂ ਕਾਰਨਾਂ ਕਰਕੇ ਪ੍ਰਵਾਸ ਦੀ ਆਮਦ ਤੇ ਜਾਮਦ ਦੀ ਗਤੀ ਤਿੱਖੀ ਹੋ ਗਈ ਹੈ। ਭਾਵੇਂ ਨਵੀਂ ਵਿਸ਼ਵਵਿਆਪੀ ਵਿਵਸਥਾ ਨੇ 'ਗਲੋਬਲ ਵਿਲੇਜ' ਦਾ ਨਾਮਕਰਨ ਕੀਤਾ ਹੈ, ਪਰ ਅਸਲ ਵਿਚ ਇਹ ਏਨਾ ਭਰਮਾਊ ਤੇ ਭੁਲੇਖਾ ਪਾਊ ਅਮਲ ਹੈ ਕਿ ਇਸ ਵਿਵਸਥਾ ਨੇ ਪੇਂਡੂ ਜੀਵਨ ਨੂੰ ਸਹਿਜ ਨਹੀਂ ਰਹਿਣ ਦਿੱਤਾ। ਮਜਬੂਰੀਵੱਸ ਹੀ ਸਹੀ, ਕੌਮਾਂਤਰੀ ਪ੍ਰਵਾਸ ਤਹਿਤ ਆਪਣੀਆਂ ਜੜ੍ਹਾਂ ਨੂੰ ਖ਼ੁਦ ਪੁੱਟਣ ਦੇ ਸਿੱਟੇ ਬੜੇ ਹੀ ਮਾਰੂ ਨਿਕਲਣਗੇ।

ਦਰ-ਹਕੀਕਤ, ਸਦੀਵੀ ਪ੍ਰਵਾਸ ਪੰਜਾਬੀਆਂ ਦੇ ਸੁਭਾਅ ਵਿਚ ਸੀ ਤੇ ਹੈ ਪਰ ਪਹਿਲਾਂ ਘਰ ਦਾ ਇਕ-ਅੱਧ ਜੀਅ ਹੀ ਸਮੁੰਦਰੋਂ ਪਾਰ ਜਾਂਦਾ ਸੀ। ਖੱਟੀ-ਕਮਾਈ ਘਰ ਭੇਜਦਾ ਜਾਂ ਲੈ ਕੇ ਵਾਪਸ ਆ ਜਾਂਦਾ। ਪੰਜਾਬ ਦੀ ਤਰੱਕੀ ਤੇ ਇਸ ਦੀ ਉਮਦਾ ਰਹਿਤਲ-ਵਹਿਤਲ ਵਿਚ ਪ੍ਰਵਾਸੀ ਪੰਜਾਬੀਆਂ ਦਾ ਅਣਮਿਣਵਾਂ ਯੋਗਦਾਨ ਸੀ। ਪਰ ਹੁਣ ਕਮਾਈ ਸਮੇਤ ਬੜਾ ਕੁਝ ਹੋਰ ਵੀ ਪ੍ਰਵਾਸ ਕਰ ਰਿਹਾ ਹੈ। ਹਾਲਾਤ ਮੂਜ਼ਬ, ਹੁਣ ਬਹੁਤੇ ਬਹੁ-ਪਰਤੀ ਕਾਰਨਾਂ ਕਰਕੇ 'ਖੱਟੀ' ਵੀ ਨਹੀਂ ਭੇਜਣਗੇ, ਸਗੋਂ ਬਚੀ-ਖੁਚੀ ਪਿਤਾ-ਪੁਰਖੀ ਜਾਇਦਾਦ ਵੀ ਵੇਚ-ਵੱਟ ਕੇ ਉੱਧਰ ਲੈ ਜਾਣਗੇ।

ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਹਨ। ਇਕ ਕਨਸੋਅ ਮੁਤਾਬਿਕ, ਬੀਤੇ ਦਹਾਕੇ ਵਿਚ ਬਾਹਰਲੇ ਮੁਲਕੀਂ ਗਏ ਸਾਡੇ ਪਾੜ੍ਹੇ 27000 ਕਰੋੜ ਦੇ ਅਸਾਸੇ ਆਪਣੇ ਨਾਲ ਲੈ ਗਏ ਹਨ। ਮਗਰੇ ਹੀ ਕਿਸੇ ਕਾਰਨ ਵੱਸ ਕਈਆਂ ਦੇ ਮਾਪੇ ਤੁਰ ਗਏ ਜਾਂ ਤੁਰ ਜਾਣਗੇ। ਖਾਲੀ ਮਕਾਨਾਂ ਵਿਚ ਪ੍ਰਵਾਸੀ ਟਿਕਾਏ ਜਾ ਰਹੇ ਹਨ। ਸਿੱਟਾ ਆਪਣਿਆਂ ਦੀਆਂ ਅਗਲੇਰੀਆਂ ਪੀੜ੍ਹੀਆਂ ਦੀ ਆਮਦ ਨੂੰ ਖੇਤ-ਖਲਿਆਣ ਉਡੀਕਦੇ ਰਹਿ ਜਾਣਗੇ।

ਅਫਸੋਸ! ਪਰਾਈਆਂ ਧਰਤੀਆਂ 'ਤੇ ਪਹੁੰਚੀ ਹੁਣ ਵਾਲੀ ਪੀੜ੍ਹੀ ਦੀ ਦੂਜੀ, ਹੱਦ ਤੀਜੀ ਪੋਦ ਆਪਣਾ ਪਿਤਾ-ਪੁਰਖੀ ਘਰ ਨੂੰ ਖੋਲਾ ਬਣਾਉਣ ਜਾਂ ਸੇਲ 'ਤੇ ਲਾ ਕੇ ਦੂਜੇ ਰਾਜਾਂ ਤੋਂ ਆਏ ਬਾਸ਼ਿੰਦਿਆ ਦਾ ਰਾਹ ਹੋਰ ਮੋਕਲਾ ਕਰ ਦੇਵੇਗੀ, ਜਿਸ ਨਾਲ ਪੰਜਾਬੀ ਰਹੁ-ਰੀਤਾਂ ਡਗਮਗਾਉਣਗੀਆਂ। ਇਕ ਸਰਵੇਖਣ ਅਨੁਸਾਰ ਪੰਜਾਬ ਦਰਅਸਲ ਪਿੰਡਾਂ 'ਚੋਂ ਕੌਮਾਂਤਰੀ ਪ੍ਰਵਾਸ ਕੌਮੀ ਬੌਧਿਕਤਾ ਅਤੇ ਸਰਮਾਇਆ ਤੇ ਨੌਜਵਾਨੀ ਹੂੰਝਣ ਤੋਂ ਬਿਨਾਂ ਹੋਰ ਵੀ ਕਈ ਤਰਾਂ ਦੇ ਲਾਭਅੰਸ਼ ਹੂੰਝ ਕੇ ਲਿਜਾ ਰਿਹਾ ਹੈ। ਇਨ੍ਹਾਂ ਹੂੰਝਿਆਂ ਦੇ ਨਾਲ-ਨਾਲ ਕੁਝ ਖ਼ਤਰਨਾਕ ਪੂੰਝਿਆਂ ਦਾ ਵੀ ਚਲਣ ਸ਼ੁਰੂ ਹੋ ਗਿਆ ਹੈ। ਇਨ੍ਹਾਂ ਪੂੰਝਿਆਂ ਨਾਲ ਸਿਰਫ਼ ਪੰਜਾਬ ਦੀ ਸਾਹ-ਰਗ ਜ਼ਮੀਨ ਹੀ ਨਹੀਂ ਵਿਕਦੀ, ਖੇਤੀ ਵੀ ਵੱਡੇ ਹੱਥਾਂ ਵਿਚ ਹੀ ਨਹੀਂ ਜਾਂਦੀ, ਸਗੋਂ ਬਹੁਤੇ ਟੱਬਰਾਂ ਦੀ ਬਜਾਏ ਕੁਝ ਇਕ ਟੱਬਰਾਂ ਦੀ ਕਮਾਈ ਦਾ ਸਾਧਨ ਬਣ ਰਹੀ ਹੈ। ਇਹੀ ਨਹੀਂ, ਇਸ ਚਲਨ ਨਾਲ ਖੂਹਾਂ ਉਤਲੇ ਤੌੜ, ਢੇਰਾਂ ਦੇ ਕੁਰੇ ਅਤੇ ਪਹੀਆਂ-ਰਸਤੇ 'ਤੇ ਢੇਰ ਤੱਕ ਵਿਕ ਜਾਂਦੇ ਹਨ। ਸਿੱਟਾ, ਬੰਦਾ (ਪੇਂਡੂ) ਆਪਣੀਆਂ ਜੜ੍ਹਾਂ ਨਾਲੋਂ ਹੀ ਕੱਟਿਆ ਜਾਂਦਾ ਹੈ।

ਹਾਂ, ਕਿਸੇ ਵਿਅਕਤੀ ਨੂੰ ਵੱਖ-ਵੱਖ ਕਾਰਨ ਆਪਣਾ ਮੂਲ ਸਥਾਨ ਛੱਡਣ ਅਤੇ ਕਿਸੇ ਹੋਰ ਥਾਂ 'ਤੇ ਜਾਣ ਲਈ ਮਜਬੂਰ ਕਰਦੇ ਹਨ। ਦੂਜੇ ਪਾਸੇ ਬਾਹਰ ਖਿੱਚਣ ਵਾਲੇ ਉਨ੍ਹਾਂ ਕਾਰਕਾਂ 'ਚ ਵਿੱਦਿਆ ਦਾ ਸਮੇਂ ਦੀ ਹਾਣੀ ਤੇ ਰੁਜ਼ਗਾਰਮੁਖੀ ਨਾ ਹੋਣਾ, ਵਧਦੀ ਬੇਰੁਜ਼ਗਾਰੀ, ਦੂਸ਼ਿਤ ਆਬੋ-ਹਵਾ ਅਤੇ ਆਰਥਿਕ ਸਥਿਤੀਆਂ ਦਾ ਵਿਗੜਨਾ ਤੇ ਸਮਾਜਿਕ ਮੁੱਦੇ ਨਸ਼ਾਖੋਰੀ, ਅਪਰਾਧ ਆਦਿ ਸ਼ਾਮਿਲ ਹਨ। ਦੂਜੇ ਦੇਸ਼ਾਂ ਦੀ ਚਕਾਚੌਂਧ, ਸਹੂਲਤਾਂ ਤੇ ਅਨੁਸ਼ਾਸਨ ਵੀ ਖਿੱਚ ਦਾ ਕਾਰਨ ਹਨ। ਪਰ ਵੱਡੇ ਕਾਰਨਾਂ 'ਚ ਰੁਜ਼ਗਾਰ, ਜ਼ਿਆਦਾ ਕਮਾਈ, ਸੁਰੱਖਿਆ, ਬਿਹਤਰ ਸਹੂਲਤਾਂ ਅਤੇ ਨਿੱਜੀ ਆਜ਼ਾਦੀ ਜ਼ਿਆਦਾ ਭਰਮਾਊ ਹੈ। ਪ੍ਰਵਾਸ ਨੂੰ ਸਿਰਫ਼ ਕੁੱਲੀ-ਗੁੱਲੀ-ਜੁੱਲੀ ਦੀ ਗਰੰਟੀ ਅਤੇ ਸਸਤੀ ਪੜ੍ਹਾਈ, ਸਿਹਤ ਸਹੂਲਤਾਂ, ਸ਼ੁੱਧ-ਵਾਤਾਵਰਨ, ਢੁਕਵਾਂ ਰੁਜ਼ਗਾਰ, ਸਮਾਜਿਕ ਸੁਰੱਖਿਆ ਤੇ ਨਸ਼ੇ ਰਹਿਤ ਮਾਹੌਲ ਤਹਿਤ ਹੀ ਠੱਲ੍ਹਿਆ ਜਾ ਸਕਦਾ ਹੈ। ਅਫ਼ਸੋਸ! ਇਹ ਮੁੱਦੇ ਹਾਕਮ ਜਮਾਤਾਂ ਦੇ ਏਜੰਡੇ 'ਚ ਨਹੀਂ ਹਨ। ਦਰ-ਹਕੀਕਤ, ਸਦੀਵੀ ਪ੍ਰਵਾਸ ਦਾ ਦੋਸ਼ੀ ਮੌਜੂਦਾ ਸਿਸਟਮ ਤੇ ਭ੍ਰਿਸ਼ਟ ਨਿਜ਼ਾਮ ਹੈ। ਲੋਕਾਂ ਨੂੰ ਨੇਮਬੱਧ ਕਰਨਾ ਸਿਸਟਮ ਦਾ ਫ਼ਰਜ਼ ਹੁੰਦਾ ਹੈ। ਭਾਵ 'ਚੋਰ ਬਣਾਉਣਾ ਜਾਂ ਸਾਧ'? ਇਹ ਸਭ ਸਿਸਟਮ ਜਾਂ ਰਾਜ-ਭਾਗ ਦੇ ਹੱਥ-ਵੱਸ ਹੁੰਦਾ ਹੈ। ਲੋਕਾਂ ਨੂੰ ਜਿਸ ਤਰਜੀਹ 'ਤੇ ਤੋਰਿਆ ਜਾਂਦਾ ਹੈ, ਉਹ ਉੱਧਰ ਤੁਰ ਪੈਂਦੇ ਹਨ। ਪਿੰਡਾਂ ਨੂੰ ਵੀ ਬਾਜ਼ਾਰ ਮਗਰ ਭਜਾ ਲਿਆ ਗਿਆ ਹੈ। ਕੀ ਖਾਣਾ ਹੈ, ਕੀ ਪਹਿਨਣਾ ਹੈ, ਖੇਤਾਂ 'ਚ ਕੀ ਵਰਤਣਾ ਤੇ ਬੀਜਣਾ ਹੈ, ਇਹ ਹੁਣ ਮੀਡੀਆ, ਇਸ਼ਤਿਹਾਰ, ਸਰਕਾਰ ਤੇ ਕਾਰਪੋਰੇਟ ਤੈਅ ਕਰਦਾ ਹੈ। 'ਸੰਸਾਰ ਵਪਾਰ ਸੰਸਥਾ' ਤੇ ਕਾਰਪੋਰੇਟ ਪੱਖੀ ਹਾਕਮ ਧਿਰਾਂ ਤਾਂ ਬੜੀ ਦੇਰ ਤੋਂ ਇਸ ਹਰਕਤ ਵਿਚ ਹਨ ਕਿ ਕਿਵੇਂ ਨਾ ਕਿਵੇਂ ਗਰੀਨ ਬੈਲਟਾਂ (ਹਰੀ ਪੱਟੀ) ਉਨ੍ਹਾਂ ਦੇ ਹੱਥਾਂ 'ਚ ਚਲੀਆਂ ਜਾਣ। ਜਿੱਥੇ ਵੱਡੀਆਂ ਮਸ਼ੀਨਾਂ ਕੰਮ ਕਰਨ 'ਹਾਈਵੇਜ਼' 'ਤੇ 'ਹਾਈ ਸਪੀਡ' ਗੱਡੀਆਂ ਨਿਰਵਿਘਨ ਦੌੜਨ। ਜ਼ਮੀਨ ਹਥਿਆਉਣ ਲਈ ਉਹ ਹਰ ਹਰਬਾ ਵਰਤਦੇ ਹਨ, ਪੈਸਿਆਂ ਦਾ ਛੱਟਾ ਦਿੰਦੇ ਹਨ। ਹਾਲ ਦੀ ਘੜੀ ਮਹਿੰਗੇ ਭਾਅ ਹੀ ਸਹੀ, ਉਨ੍ਹੀਂ ਸਾਡੀ ਭੋਂਇ 'ਹਾਈਵੇਜ਼ਾਂ ਤੇ ਰੀਅਲ ਅਸਟੇਟਾਂ' ਦੇ ਅਖੌਤੀ ਸੁਪਨਿਆਂ ਹੇਠ ਨੱਪ ਜਾਣੀ ਹੈ। ਇੰਝ ਮਿਲਿਆ ਬੇਸ਼ੁਮਾਰ ਪੈਸਾ ਬਹੁਤਿਆਂ ਦੀਆਂ ਔਲਾਦਾਂ ਨੇ ਖੜਮਸਤੀਆਂ ਜਾਂ ਪ੍ਰਵਾਸ ਦੇ ਲੇਖੇ ਲਾ ਬੈਠਣਾ ਹੈ।

ਦਰਅਸਲ, ਇਸ ਚਲਣ ਹੇਠ ਵੱਟੀ ਗਈ ਇਹ ਰਕਮ ਖ਼ਰੀਦੋ-ਫ਼ਰੋਖ਼ਤ ਤਹਿਤ ਮੁੜ ਧਨ-ਕੁਬੇਰਾਂ ਨੇ ਹੀ ਵੱਟ ਲੈਣੀ ਹੈ ਅਤੇ ਅਸੀਂ ਸਦੀਵੀ ਆਮਦਨ ਤੋਂ ਹੱਥ ਧੋ ਬੈਠਣਾ ਹੈ। ਇਸ ਨਾਲ ਖੇਤਾਂ ਦੀ ਹੀ ਹਿਜਰਤ ਨਹੀਂ ਹੋਵੇਗੀ, ਸਗੋਂ ਪਿੰਡ ਵੀ ਸ਼ਹਿਰਾਂ ਨੂੰ ਹਿਜਰਤ ਕਰ ਜਾਣਗੇ। ਇਹੀ ਧਨ-ਕੁਬੇਰ ਚਾਹੁੰਦੇ ਹਨ। ਮਤਲਬ, ਕਿਰਸਾਨੀ ਮਾਲਕੀ ਨਾ ਕਰੇ ਕਾਮਾ-ਗਿਰੀ ਕਰੇ। ਜੇ ਇਹੀ ਡਗਰ ਰਹੀ, ਜੇ ਅਸੀਂ ਨਾ ਸੰਭਲੇ ਤਾਂ ਵਾੜ ਲੱਗੇ ਵੱਡੇ-ਵੱਡੇ ਫਾਰਮ-ਹਾਊਸਾਂ ਤੇ ਧੜਵੈਲ ਕਾਰਖਾਨਿਆਂ ਵਿਚ ਪੇਂਡੂ ਲੋਕ, ਦੇਰ-ਸਵੇਰ, ਡੱਬੇ ਲੈ ਕੇ ਉਜਰਤ (ਗੋਲਾਪਨ) ਕਰਨ ਜਾਇਆ ਕਰਨਗੇ। ਉਨ੍ਹਾਂ ਦੀ ਇਹ ਮਨਸ਼ਾ ਤਦ ਹੀ ਪੂਰੀ ਹੋ ਸਕਦੀ ਹੈ, ਜੇ ਛੋਟੀ ਖੇਤੀ, ਜਾਣੀ ਪਿੰਡ ਮਰਨ।



ਪੰਜਾਬ ਦੇ ਸਾਰੇ ਪਿੰਡ ਕਦੇ ਬੁਨਿਆਦੀ ਤੌਰ 'ਤੇ ਉਦੋਂ ਸਵੈ-ਸੰਪਨ ਇਕਾਈਆਂ ਸਨ, ਜਦੋਂ ਨਿੱਤ ਵਰਤੋਂ ਦੀ ਕਰੀਬ ਹਰ ਵਸਤ ਪੈਦਾ ਕਰ ਲਈ ਜਾਂਦੀ ਸੀ। ਬਹੁਤੇ ਖੇਤੀ ਕਰਦੇ ਜਾਂ ਖੇਤੀ 'ਤੇ ਨਿਰਭਰ ਹੁੰਦੇ ਸਨ। ਅਰਥਾਤ, ਕੋਈ ਵਾਹੀ-ਬੀਜੀ ਜਾਂ ਪਸ਼ੂ-ਪਾਲਕ ਹੁੰਦਾ, ਕੋਈ ਸੰਦ ਬਣਾਉਂਦਾ, ਕੋਈ ਚਮੜੇ ਦੀਆਂ ਵਸਤਾਂ, ਕੋਈ ਭਾਂਡੇ ਤ੍ਰਾਸ਼ਦਾ ਤੇ ਕੋਈ ਕੱਪੜਾ ਉਣਦਾ। ਸ਼ਾਇਦ, ਹੁਣ ਇੰਨ-ਬਿੰਨ ਨਹੀਂ ਹੋ ਸਕਦਾ। ਪਰ ਅਖੀਰ ਕਰਨਾ ਇਵੇਂ ਹੀ ਪੈਣਾ, ਨਹੀਂ ਤਾਂ ਕੁਦਰਤ ਮਜਬੂਰ ਕਰ ਦੇਵੇਗੀ ਪਰ ਉਦੋਂ ਤੱਕ ਅਸੀਂ ਬੇਹੱਦ ਨੁਕਸਾਨ ਕਰ ਤੇ ਕਰਾ ਚੁੱਕੇ ਹੋਵਾਂਗੇ। ਆਪਣਾ ਵੀ, ਖ਼ਾਸ ਕਰਕੇ ਵਾਰਸਾਂ ਤੇ ਆਉਣ ਵਾਲੀਆਂ ਨਸਲਾਂ ਦਾ ਵੀ।

ਭਾਵੇਂ ਹੁਣ ਕਿਰਤ-ਵਿਰਤ ਅਤੇ ਕੰਮ-ਧੰਦਿਆ ਦਾ ਰੁਖ਼ ਬਦਲ ਗਿਆ ਪਰ ਜੇ ਕਿਰਸਾਨੀ (ਕਿਰਤ+ਇਨਸਾਨ: ਕਿਰਤੀ ਇਨਸਾਨ: ਕਿਰਸਾਨ) ਮਰ ਗਈ ਤਦ ਪਿੰਡ ਮਰ ਜਾਵੇਗਾ। ਅਰਥਾਤ, ਭਾਰਤ ਦੀ ਸਲਾਮਤੀ ਖੇਤੀ (ਕਿਰਸਾਨੀ) ਬਨਾਮ ਪਿੰਡ ਦੀ ਹੋਣੀ ਨਾਲ ਬੱਝੀ ਹੋਈ ਹੈ। ਸੋ, ਜੇ ਕੁਦਰਤ-ਪੱਖੀ ਖੇਤੀ (ਕਿਰਸਾਨੀ) ਮਰ ਗਈ ਤਾਂ ਪਿੰਡ ਮਰ ਜਾਣਗੇ। ਜੇ ਪਿੰਡ ਮਰ ਗਏ ਤਦ ਭਾਰਤ ਮਰ ਜਾਵੇਗਾ, ਭਾਰਤ ਜੋ ਪਿੰਡਾਂ ਦਾ ਦੇਸ਼ ਹੈ। ਇਹੀ ਉਹ ਗੱਲ ਹੈ, ਜਿਹੜੀ ਹਾਕਮ-ਜਮਾਤਾਂ ਦੇ ਖੋਪੜ 'ਚ ਨਹੀਂ ਪੈਂਦੀ।

ਪਿੰਡਾਂ ਵਿਚ ਰਹਿ ਰਹੇ ਲੋਕ ਭੁੱਲਦੀਆਂ-ਵਿਸਰਦੀਆਂ ਜਾ ਰਹੀਆਂ ਕਿਰਤਾਂ ਨੂੰ ਮੁੜ ਸਰਗਰਮ ਕਰ ਕੇ ਪਹਿਲਾਂ ਵਰਗੀ ਅਰਥ ਭਰਪੂਰ ਜ਼ਿੰਦਗੀ ਵੱਲ ਪਰਤ ਸਕਦੇ ਹਨ। ਅਖੀਰ ਦਿਹਾਤੀ ਢਾਂਚੇ 'ਚ ਲਘੂ ਤੇ ਹੱਥ ਉਦਯੋਗਾਂ ਨੂੰ ਮੋੜਾ ਦੇਣਾ ਹੀ ਪਵੇਗਾ, ਇਹ ਚਲਣ ਕੁਦਰਤ ਪੱਖੀ ਵੀ ਹੈ। ਇੰਝ ਅਸੀਂ ਪੇਂਡੂ ਸਵੱਛਤਾ ਦਾ ਵੀ ਅਨੰਦ ਮਾਣ ਸਕਾਂਗੇ। ਆਪਸੀ ਸਦਭਾਵਨਾ ਤੇ ਇਸ ਨਾਲ ਇਕ-ਦੂਜੇ 'ਤੇ ਨਿਰਭਰਤਾ ਵਧੇਗੀ। ਆਪਸੀ ਨਿਰਭਰਤਾ ਤੇ ਮਿਲਵਰਤਨ ਨਾਲ ਪਿੰਡਾਂ ਦੀ ਰੂਹ ਵੀ ਤ੍ਰਿਪਤ ਹੋ ਜਾਵੇਗੀ। ਹੁਣ ਪਿੰਡਾਂ 'ਚ ਆਪਸੀ ਤਾਲਮੇਲ ਬਿਹਤਰ ਹੋਣ ਕਾਰਨ ਇਹ ਕਾਰਜ ਪਹਿਲਾਂ ਨਾਲੋਂ ਕਿਤੇ ਸੌਖਾ ਤੇ ਲਾਹੇਵੰਦਾ ਹੈ। ਇਹ ਕਾਰਜ ਸਿਆਸੀ ਨੇਤਾਵਾਂ, ਨੌਕਰਸ਼ਾਹਾਂ ਤੇ ਅਰਥਸਾਸ਼ਤਰੀਆਂ ਨੇ ਨਹੀਂ ਕਰਨਾ, ਲੋਕਾਂ ਨੂੰ ਸ਼ਹਿਰਾਂ ਤੇ ਪਰਾਈਆਂ ਧਰਤੀਆਂ ਵੱਲ ਪ੍ਰਵਾਸ 'ਤੇ ਵਿਰਾਮ ਲਾ ਕੇ ਖ਼ੁਦ ਕਰਨਾ ਪੈਣਾ ਹੈ। ਪਰ ਇਸ ਸਭ ਲਈ ਸਾਨੂੰ ਲੋਕ ਤੇ ਕੁਦਰਤ ਪੱਖੀ ਨਿਜ਼ਾਮ ਵੀ ਸਿਰਜਣਾ ਪੈਣਾ ਹੈ। ਆਖਰ ਅਸੀਂ ਜਿਊਣਾ ਕਿਉਂ ਚਾਹੁੰਦੇ ਹਾਂ, ਪੈਸੇ ਲਈ ਜਾਂ ਰੂਹ ਲਈ? ਮੁੱਕਦੀ ਗੱਲ ਪ੍ਰਵਾਸ ਨੇ ਪਿੰਡਾਂ ਨੂੰ ਨਿਗਲ ਜਾਣਾ ਹੈ।

Dosanjh Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET
FREMONT CHEVROLET
CONCORD CHEVROLET

DUBLIN CADILLAC
FREMONT CADILLAC
ACURA OF CONCORD

DUBLIN BUICK GMC
FREMONT BUICK GMC
CONCORD NISSAN

DUBLIN KIA
STEVENS CREEK CHEVROLET
LIVERMORE TOYOTA

DUBLIN NISSAN
STEVENS CREEK CADILLAC
FREMONT FORD

DUBLIN INFINITI
FREMONT HYUNDAI